*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-9, ਅੰਕ-3, ਮਾਰਚ 2019 Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਪੂੰਜੀਵਾਦੀ ਸਿਸਟਮ-ਲੋਕਾਂ ਦੀ ਤਬਾਹੀ



ਅਸੀਂ ਜਿਸ ਯੁੱਗ ਵਿੱਚ ਰਹਿ ਰਹੇ ਹਾਂ, ਇਹ ਯੁਗ ਸਰਮਾਏਦਾਰੀ ਦਾ ਸ਼ਿਖਰ ਹੈ। ਇਸ ਯੁਗ ਵਿੱਚ ਹਰ ਗੱਲ ਨਫ਼ੇ ਜਾਂ ਨੁਕਸਾਨ ਦੀ ਹੋ ਰਹੀ ਹੈ। ਹਰ ਰੋਜ਼ ਦੀਆਂ ਖਬਰਾਂ ਕੰਪਨੀਆ ਦੇ ਨਫੇ ਜਾ ਨੁਕਸਾਨ ਦੀਆਂ ਹੀ ਹਨ। ਆਮ ਲੋਕਾਂ ਦੇ ਰਿਸ਼ਤਿਆਂ ਦੀ ਹੋਂਦ ਅਣਹੋਂਦ ਆਰਥਿਕਤਾ ਤੇ ਅਧਾਰਿਤ ਹੋ ਗਈ ਹੈ। ਪੈਸੇ ਦੀ ਖਾਤਿਰ ਮਾਂ, ਪਿਉ, ਭੈਣਾਂ, ਭਾਈਆਂ ਦੇ ਰਿਸ਼ਤੇ ਤਬਾਹ ਹੋ ਰਹੇ ਹਨ। ਪੂੰਜੀਵਾਦੀ ਵਿਕਾਸ ਆਪਦੀ ਉਸ ਸਟੇਜ ਤੇ ਪਹੁੰਚ ਗਿਆ ਹੈ , ਜਿੱਥੇ ਪਹੁੰਚ ਕੇ ਇਹ ਧਰਤੀ ਹਵਾ ਪਾਣੀ ਤੇ ਜੀਵ ਜੰਤੂ ਦੀ ਤਬਾਹੀ ਕਰ ਰਿਹਾ ਹੈ। ਇਹ ਲੁੱਟ ਖਸੁੱਟ ਮੁਨਾਫ਼ਾਖੋਰੀ ਹਰ ਤਰਾਂ ਦੇ ਰਾਜ-ਪਲਟੇ ਯੁੱਧ ਲੜਾਈਆਂ ਪੈਦਾ ਕਰਦੀ ਰਹੇਗੀ। ਇਸ ਧਰਤੀ ਤੇ ਸਭ ਬੰਦਿਆਂ ਅਤੇ ਔਰਤਾਂ ਦੀ ਜਿੰਦਗੀ ,ਧਰਤੀ ਤੇ ਹੋਣ ਵਾਲ਼ੇ ਉਤਪਾਦਨ ਤੇ ਨਿਰਭਰ ਹੈ। ਪੂੰਜੀਵਾਦ ਦਾ ਮੁਨਾਫਾ, ਕਾਮਿਆਂ ਦੀ ਲੁੱਟ, ਕਿਸਾਨੀ ਦੀ ਤਬਾਹੀ, ਫਿਰਕਾਪ੍ਰਸਤੀ ਦੀਆਂ ਲੜਾਈਆਂ, ਲੋਕਾਂ ਨੂੰ ਆਰਥਿਕ ਤੇ ਗੁਲਾਮ ਰੱਖਣ ਤੇ ਨਿਰਭਰ ਹੈ । ਕੈਨੇਡਾ ਵਿੱਚ ਵੀ ਕੁਦਰਤੀ ਸਾਧਨਾਂ ਦੀ ਲੁੱਟ, ਬਦੇਸ਼ੀ ਸਟੂਡੈਂਟਾਂ ਦੀ ਲੁੱਟ ਅਤੇ ਆਰਜ਼ੀ ਕਾਮਿਆਂ ਦੀ ਲੁੱਟ ਜਾਰੀ ਹੈ। ਇਹਨਾਂ ਲੁੱਟਾਂ ਦੇ ਆਸਰੇ ਕੈਨੇਡਾ ਵੀ ਇੱਕ ਸਾਮਰਾਜੀ ਮੁਲਕ ਬਣਦਾ ਜਾ ਰਿਹਾ ਹੈ। ਇਸਦੀਆਂ ਤਾਜ਼ਾ ਉਦਾਹਰਣਾਂ ਅਮਰੀਕਾ ਦੀਆਂ ਬਦੇਸ਼ ਨੀਤੀਆਂ ਦੀ ਅੰਨੇਵਾਹ ਪਰੋੜਤਾ, ਯੂਕਰੇਨ ਵਿੱਚ ਕੈਨੇਡੀਅਨ ਫੌਜੀ ਭੇਜਣੇ ਜਾਂ ਹੁਣੇ ਹੁਣੇ ਵੈਂਜ਼ੇਲਾ ਵਿੱਚ ਇੱਕ ਗੈਰ-ਕਾਨੂੰਨੀ ਪਰਧਾਨ ਨੂੰ ਮਾਨਤਾ ਦੇਣੀ ਆਦਿ । ਕੈਨੇਡੀਅਨ ਨੂੰ ਇਸਦਾ ਨੋਟਿਸ ਲੈਣਾ ਚਾਹੀਦਾ ਹੈ ।

**ਗਰੀਬੀ ਦਾ ਕਾਰਨ ਪੂੰਜੀਵਾਦ :-**

ਸਾਰੀ ਦੁਨੀਆਂ ਵਿੱਚ ਪੈਸਾ ਸਿਰਫ ਕੁੱਝ ਹੱਥਾਂ ਵਿੱਚ ਇਕੱਠਾ ਹੁੰਦਾ ਜਾ ਰਿਹਾ ਹੈ । ਇਹਨਾਂ ਲੋਕਾਂ ਦੀਆਂ ਕੰਪਨੀਆਂ ਪੈਸੇ ਦੇ ਜੋਰ ਨਾਲ਼ ਸਾਇੰਸ ਅਤੇ ਟੈਕਨਾਲੋਜੀ ਤੇ ਕੰਟਰੋਲ ਕਰਕੇ, ਆਟੋਮੇਸ਼ਨ ਤੇ ਜ਼ੋਰ ਲਗਾ ਰਹੀਆਂ ਹਨ ਅਤੇ ਮਜ਼ਦੂਰਾਂ ਦੀ ਛਾਂਟੀ ਕਰ ਰਹੀਆਂ ਹਨ। ਮਜ਼ਦੂਰ ਦਿਨੋ ਦਿਨ ਇਹਨਾ ਕਾਰਪੋਰੇਸ਼ਨਾਂ ਦੇ ਰਹਿਮੋ ਕਰਮ ਤੇ ਹੁੰਦੇ ਜਾ ਰਹੇ ਹਨ। ਜੇ ਕਰ ਮਜ਼ਦੂਰ ਵੱਧ ਉਜਰਤ ਮੰਗਦੇ ਹਨ ਤਾਂ ਬੇ-ਰੁਜ਼ਗਾਰੀ ਦਾ ਸੱਪ ਦਿਖਾ ਕੇ ਉਹਨਾਂ ਨੂੰ ਡਰਾ ਦਿੱਤਾ ਜਾਂਦਾ ਹੈ । ਅੰਤਰਾਸ਼ਟਰੀ ਤੌਰ ਤੇ ਜਿਸ ਦੇਸ਼ ਕੋਲ਼ ਵੱਧ ਟੈਕਨਾਲੋਜੀ ਹੁੰਦੀ ਹੈ, ਉਹ ਦੂਜੇ ਅਣਵਿਕਸਤ ਮੁਲਕਾਂ ਨੂੰ ਗੁਲਾਮ ਬਣਾ ਕੇ ਰੱਖਦਾ ਚਾਂਹੁੰਦਾ ਹੈ । ਇਹ ਸਾਇੰਸ ਅਤੇ ਟੈਕਨਾਲੋਜੀ ਦੀ ਅਮੀਰੀ, ਇਹਨਾਂ ਅਮੀਰ ਮੁਲਕਾਂ ਨੂੰ ਗਰੀਬ ਮੁਲਕਾਂ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰਨ ਦੀ ਸਹੂਲਤ ਬਖਸ਼ਦੀ ਹੈ । ਜਿਹਨਾਂ ਮੁਲਕਾਂ ਦੇ ਲੋਕ ਰੋਜ਼ੀ ਰੋਟੀ ਲਈ ਭੱਜੇ ਫਿਰਦੇ ਹਨ, ਉਹਨਾਂ ਮੁਲਕਾਂ ਦੇ ਕੁਦਰਤੀ ਸਾਧਨਾਂ ਨੂੰ ਲੁੱਟ ਕੇ ਇਹ ਅਮੀਰ ਮੁਲਕ ਹੋਰ ਅਮੀਰ ਹੋ ਰਹੇ ਹਨ । ਇਸ ਅੰਨੀ ਲੁੱਟ ਨੇ ਗਰੀਬ ਅਮੀਰ ਦਾ ਪਾੜਾ ਇਸ ਕਦਰ ਵਧਾ ਦਿੱਤਾ ਹੈ ਕਿ ਅੱਧੇ ਪਰਸੈਂਟ ਲੋਕਾਂ ਕੋਲ਼ ਦੁਨੀਆਂ ਦੀ 65 ਪਰਸੈਂਟ ਦੌਲਤ ਇਕੱਠੀ ਹੋ ਗਈ ਹੈ । ਦੁਨੀਆਂ ਦੀ ਅੱਧੀ ਤੋਂ ਵੱਧ ਅਬਾਦੀ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੀ ਹੈ । ਜੇਕਰ ਸਿਰਫ ਚਾਰ ਕਾਰਪੋਰੇਸ਼ਨਾਂ ਕੋਲ਼ੇ ਦੁਨੀਆਂ ਦੇ ਅਨਾਜ ਦਾ 90 ਪਰਸੈਂਟ ਕੰਟਰੋਲ਼ ਹੈ ਤਾਂ 800 ਮਿਲੀਅਨ ਲੋਕ ਏਸ਼ੀਆ ਅਤੇ ਅਫਰੀਕਾ ਦੇ ਰੱਜਵੀਂ ਰੋਟੀ ਵੀ ਨਹੀਂ ਖਾ ਰਹੇ । ਗਰੀਬ ਮੁਲਕਾਂ ਦੇ 20 ਲੱਖ ਬੱਚੇ ਸਿਰਫ ਸਾਫ ਪਾਣੀ ਨਾਂ ਮਿਲਣ ਕਰਕੇ ਮਰ ਜਾਂਦੇ ਹਨ । ਜੇਕਰ ਹਾਲਾਤ ਇਹੀ ਰਹੇ ਤਾ ਆਂਉਦੇ ਕੁੱਝ ਸਾਲਾਂ ਵਿੱਚ ਚਾਰ ਅਰਬ ਲੋਕਾਂ ਨੂੰ ਪਾਣੀ ਦੀ ਸਮੱਸਿਆ ਖੜੀ ਹੋ ਜਾਵੇਗੀ । ਦੁਨੀਆਂ ਦੇ ਗਰੀਬ ਮੁਲਕਾਂ ਦੇ 70 ਲੱਖ ਬੱਚੇ ਸਿਰਫ ਇਸ ਕਰਕੇ ਮਰ ਜਾਂਦੇ ਹਨ ਕਿ ਉਹਨਾਂ ਦੇ ਮਾਪੇ ਬੇ-ਹੱਦ ਗਰੀਬ ਹਨ, ਜੋ ਉਹਨਾਂ ਨੂੰ ਪਰੌਪਰ ਖਾਣਾਂ ਪਾਣੀ ਅਤੇ ਦੁਆਈ ਬੂਟੀ ਨਹੀਂ ਦੇ ਸਕਦੇ । ਅਮੀਰ ਤੇ ਗਰੀਬ ਦਾ ਪਾੜਾ ਇੰਨੀ ਬੁਰੀ ਤਰਾਂ ਵਧ ਰਿਹਾ ਹੈ ਕਿ ਜੇਕਰ ਇੱਕ ਬੰਦਾ ਕਰੋੜਪਤੀ ਬਣਦਾ ਹੈ ਤਾਂ ਉਸਦੇ ਮੁਨਾਫੇ ਕਾਰਨ ਕਿੰਨੇ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਧੱਕੇ ਜਾਂਦੇ ਹਨ ਇਸਦਾ ਅੰਦਾਜਾ ਲਾਉਣਾ ਵੀ ਮੁਸ਼ਕਲ ਹੈ । ਗਰੀਬ ਮੁਲਕਾਂ ਦੇ ਲੱਖਾਂ ਲੋਕ ਦਵਾਈਆਂ ਦੀ ਘਾਟ ਕਾਰਨ ਮਰ ਜਾਂਦੇ ਹਨ । ਛਿਆਲ਼ੀ ਹਜ਼ਾਰ ਬੱਚੇ ਹਰ ਰੋਜ਼ ਉਹਨਾਂ ਬਿਮਾਰੀਆਂ ਨਾਲ਼ ਮਰ ਜਾਂਦੇ ਹਨ ਜਿਹਨਾਂ ਦਾ ਇਲਾਜ ਸੰਭਵ ਹੈ ਪਰ ਪੈਸੇ ਦੀ ਕਮੀਂ ਕਾਰਨ ਉਹ ਦਵਾਈਆਂ ਖਰੀਦ ਨਹੀਂ ਸਕਦੇ। ਹਜ਼ਾਰਾਂ ਲੱਖਾਂ ਲੋਕ ਸੱਟ ਲੱਗੀ ਤੋਂ ਕੰਮ

(ਬਾਕੀ ਸਫ਼ਾ 5 'ਤੇ)



ਹਰੀਪਾਲ
403-714-4816

CONGRATULATIONS
TEAM OVER 450 REALTORS
HomeLife Silvercity
905-913-8500
11775 Bramalea Rd #201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

Call for your home BUYING & SELLING needs
BALJINDER SANGHA B.Com
Real Estate Associate
403-680-3212
baljindersangha@urban-realty.ca
REALTOR MLS urban Real Estate Services Ltd.

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans
SAVE UPTO 35%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010



Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500




For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.liangcommercial.ca




Tiwana Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com




Si SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:
Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-5



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

- ਉਡਣੀ ਜੁੱਤੀ

**"ਛੇ ਸਾਲਾਂ ਦੀ ਮੇਰੀ ਭਤੀਜੀ ਮਿਸ ਰੌਣਟਆਇਜ਼।**
**ਤਿੰਨ ਸਾਲਾਂ ਦੀ ਮੇਰੀ ਕੁੜੀ - ਸਮਰ ਡਰੈੱਸ।**
**ਪਹਿਲੀ ਗੀਤ ਅਤੇ ਕਵਿਤਾ ਗਾਉਂ ਸਕਦੀਆ,**
**ਪਰ ਦੂਜੀ ਅਜੇ ਬੋਲਣਾ ਅਤੇ ਮਖੌਲ ਕਰਨਾ ਸਿੱਖਦੀ ਆ**
**ਦਿਨ ਵੇਲੇ ਤਾਂ ਉਹ ਮੇਰੀਆਂ ਲੱਤਾਂ ਨੂੰ ਚਿੰਬੜ ਖੇਡਦੀਆਂ,**
**ਰਾਤ ਵੇਲੇ ਮੇਰੀਆਂ ਬਾਹਵਾਂ ਦਾ ਸਿਰਹਾਣਾ ਲਾ ਸੌਂਦੀਆਂ।**
**ਬੱਚਿਓ ਤੁਸੀਂ ਦੁਨੀਆਂ ਤੇ ਐਨੇ ਲੇਟ ਕਿਉਂ ਆਏ,**
**ਮੇਰੇ ਤਾਂ ਸਾਲ ਪੁੱਗਣ ਵਾਲੇ ਨੇ।**
**ਬੱਚੇ ਵੱਡਿਆਂ ਦਾ ਮਨ ਮੋਹ ਹੀ ਲੈਂਦੇ ਆਂ।**
**ਢਲਦੀ ਉਮਰੇ ਖੁਸ਼ੀਆਂ ਦੇ ਸੁਆਦ**
**ਘੱਟੇ ਪੈ ਜਾਂਦੇ ਨੇ,**
**ਅਤੇ ਚਾਨਣੀ ਵੀ ਫਿੱਕੀ।**
**ਮੋਹ ਪਿਆਰ ਵੀ ਬੋਝਲ ਹੋ ਜਾਂਦਾ।**
**ਪਿਆਰ ਦੀਆਂ ਕੜੀਆਂ ਸੰਸਾਰ ਨੂੰ ਜਕੜੀ ਰੱਖਦੀਆਂ।**
**ਫਿਰ ਮੈਂ ਕਿਹੜਾ ਵੱਖਰਾ..ਪੋਊ।**

ਕਿਸਾਨ ਲੀ ਦੇ ਮਰਨ ਤੋਂ ਕੁਝ ਹਫਤੇ ਬਾਅਦ, ਆਪਣੇ 40ਵੇਂ ਜਾਨਮ ਦਿਨ 'ਤੇ, ਬੋਲਡ ਟੇਲੈਂਟ ਉਦਾਸ, ਬੰਸਰੀ ਦੇ ਬਾਗ ਵਿਚ ਤਲਾਅ ਕਿਨਾਰੇ ਬੈਠਾ। ਫੁੱਲਾਂ 'ਤੇ ਉੱਡਦੀ ਸੁਨਹਿਰੀ ਤਿੱਤਲੀ ਨਿਹਾਰ ਰਿਹੈ। ਸੋਚਦਾ, ਚੰਗਾ ਹੋਇਆ। ਜੇ ਅੱਜ ਅਮਰੀਕਾ ਹੁੰਦਾ; ਜਨਮ ਦਿਨ ਦੀਆਂ ਵਧਾਈਆਂ ਨੇ ਘੇਰੀ ਰੱਖਣਾ ਸੀ। ਚੀਨ ਵਿਚ ਜਨਮ ਦਿਨ ਦੀ ਰਸਮ ਕਿੰਨੀ ਵਧੀਆ-ਸਾਰਿਆਂ ਦਾ ਜਨਮ ਦਿਨ, ਇਕੱਠਾ ਚੰਦਰਮਾ ਦੀ ਸੱਤਵੀਂ ਨੂੰ ਮਨਾਇਆ ਜਾਂਦੈ। ਉਹ ਝੁੰਝਲਾ ਗਿਆ। ਇਹ ਚੰਗਾ ਜਾਂ ਉਹ। ਕਿਸਾਨ ਲੀ ਦੀ ਮੌਤ ਤੋਂ ਬਾਅਦ ਉਹ ਉਖੜਿਆ ਮਹਿਸੂਸ ਕਰਦਾ। ਉਸਦੇ ਸੁਧਾਰਾਂ ਦੀ ਮੁਹਿਮ ਬਾਰੇ ਬੜੇ ਦੋਸਤਾਂ ਦੀਆਂ ਚਿੱਠੀਆਂ ਆਈਆਂ ਪਈਆਂ ਨੇ। ਕਿਸੇ ਦਾ ਜਵਾਬ ਨਾ ਦੇ ਸਕਿਆ।

ਕਿਸਾਨ ਲੀ ਦਾ ਟਿਊਬਵੈਲ ਪੰਪ ਵੀ ਟੁੱਟ ਗਿਆ ਅਤੇ ਕੁਹਾੜ ਮੁੰਡੇ ਦੀ ਲੱਤ ਵੀ ਟੁੱਟ ਗਈ। ਲੀ ਦੀ ਮੌਤ ਤੋਂ ਬਾਅਦ ਉਸ ਦੀ ਕੁੜੀ ਵੀ ਬਿਮਾਰ ਹੋ ਗਈ। ਬੋਲਡ ਟੇਲੈਂਟ ਨੇ, ਲੀ ਦੇ ਗੁਆਂਢੀ ਕਿਸਾਨ ਨੂੰ ਬੜਾ ਜ਼ੋਰ ਲਾਇਆ ਕਿ ਉਸ ਨੂੰ ਹਸਪਤਾਲ ਲੈ ਜਾਵੇ। "ਭਲਿਆ ਮਾਨਸਾ ਮੈਨੂੰ ਦੱਸ, ਇਹਦੀ ਲੱਤ ਤਾਂ ਗਲੀ ਪਈ ਆ-ਗੈਂਗਰੀਨ ਨਾਲ। ਇਹ ਨੂੰ ਲੰਗੜੀ ਨੂੰ ਭਲਾ ਕੌਣ ਵਿਆਹੂ-ਮੰਗਤੀ ਬਣੂ ਸਾਰੀ ਉਮਰ, ਮੰਗਤੀ। ਇਦੂੰ ਤਾਂ ਚੰਗਾ ਅਗਲੇ ਜਹਾਨ ਚਲੀ ਜਾਵੇ" ਸੋ ਕੁੜੀ ਵਿਚਾਰੀ ਵੀ ਲੀ ਦੇ ਨਾਲ ਜਾ ਰਲੀ। ਕੁੜੀ ਦੀ ਮੌਤ ਤੋਂ ਬਾਅਦ ਬੋਲਡ ਟੇਲੈਂਟ, ਸਿਨ ਚੂ ਲਿਨ ਦਾ ਇਕ ਕਾਵਿ ਪੱਤਰ, "ਆਪਣੀ ਮੋਈ ਕੁੜੀ ਨੂੰ" ਉਚਾਰਦਾ ਰਹਿੰਦਾ। ਪੱਤਰ ਦੇ ਬੋਲ ਉਸ ਦਾ ਖਹਿੜਾ ਨਾ ਛੱਡਦੇ।

**"ਜਦੋਂ ਤੈਨੂੰ ਜਮਦੂਤ ਦੇ ਪੇਸ਼ ਕੀਤਾ,**
**ਹੱਥ ਜੋੜ ਉਸਨੂੰ ਬੇਨਤੀ ਕਰੀਂ।**
**ਮੈਂ ਤਾਂ ਨਿੱਕੀ ਜਿੰਦ ਆਂ ਅਜੇ,**
**ਮੈਂ ਬੇਕਸੂਰ ਆਂ,**
**ਗਰੀਬ ਘਰ ਜੰਮੀਂ ਆਂ,**
**ਮੈਨੂੰ ਖਾਣ ਨੂੰ ਘੱਟ ਈ ਨਸੀਬ ਹੁੰਦਾ।**
**ਮੈਂ ਅਨਾਜ ਦਾ ਭੋਰਾ ਵੀ ਵਿਅਰਥ ਨਾ ਸੀ ਕਰਦੀ।**
**ਮੇਰੇ ਕੱਪੜਿਆਂ ਦੀਆਂ ਟਾਕੀਆਂ**
**ਅਤੇ ਘਸੀ ਜੁੱਤੀ....**
**ਦੇਖ, ਮੈਂ ਤੇਰੇ ਲਈ ਕਾਵਿ ਪੱਤਰ ਪਿਆ ਲਿਖਦਾਂ**
**ਪਰ ਤੂੰ ਅਜੇ ਪੜ੍ਹ ਵੀ ਨੀ ਸਕਦੀ।**
**ਬੱਸ ਤੇਰੇ ਜਾਣ 'ਤੇ ਮੈਂ ਰੋਂਦਾ ਰਹਿਨਾ।"**

ਕਾਵਿ-ਪੱਤਰ ਤਾਂ ਤਿੰਨ ਸੌ ਸਾਲ ਪਹਿਲਾਂ ਦਾ ਲਿਖਿਆ, ਪਰ ਇਸ ਦੀ ਸਿਆਹੀ ਅਜੇ ਤੱਕ ਕਿਹੜਾ ਸੁੱਕੀ ਆ। ਅਜੇ ਵੀ ਤਾਂ ਨਿੱਕੀਆਂ ਜਿੰਦਾਂ ਮਰ ਰਹੀਆਂ।

ਅਚਾਨਕ ਨੇੜਿਓਂ ਆਵਾਜ਼ ਸੁਣਾਈ ਦਿੱਤੀ, ਊਂ ਊਂ, ਊਂ ਊਂ, ਕਿਥੋਂ ਆਈ ਆ, ਕਿਸਦੀ ਆਵਾਜ਼ ਆ, ਉਹ ਚੌਂਕ ਗਿਆ। ਊਂ ਊਂ, ਊਂ ਊਂ। "ਕੌਣ ਆ ਬਈ" "ਮੈਂ ਆਂ" "ਮੈਂ ਕੌਣ" ਆਵਾਜ਼ ਤਾਂ ਜਿਊਂਦੇ ਦੀ ਲੱਗਦੀ ਸੀ। "ਸਪਰਿੰਗ ਮੂਨ" ਵੱਡੀ ਚਟਾਨ ਦੇ ਪਿਛਿਓਂ ਸਪਰਿੰਗ ਮੂਨ ਨੇ ਆਖਿਆ।

"ਤੂੰ ਤਾਂ ਮੈਨੂੰ ਡਰਾ ਦਿੱਤਾ, ਜੇ ਮੈਂ ਤਲਾਅ ਵਿਚ ਡਿੱਗ ਪੈਂਦਾ।"

"ਫਿਰ ਮੈਂ ਭੱਜ ਜਾਂਦੀ"

"ਤੇ ਤੈਨੂੰ ਤਲਾਅ ਵਿਚ ਡਿੱਗ ਕੇ ਮਰਨ ਵਾਸਤੇ ਛੱਡ ਜਾਂਦੀ" "ਭਲੇ ਤੇਰੇ ਕੋਲ ਅਮਰੀਕਾ ਤੋਂ ਆਂਦੀ ਪੈਂਟ ਨੀ, ਜਿਹੜੀ ਤੈਨੂੰ ਤਾਰ ਕੇ ਕਿਨਾਰੇ ਲਾ ਦਿੰਦੀ।" ਸਪਰਿੰਗ ਮੂਨ ਨੇ ਉਸ ਨੂੰ ਕਰੜਾ ਜਵਾਬ ਦਿੱਤਾ। ਇਸ ਪੁਰਾਣੇ ਸਾਈਪਰੱਸ ਵਾਲੇ ਬਾਗ ਵਿਚ, ਸਕੂਲ ਦੀ ਕੰਧ ਨਾਲ, ਚਟਾਨ ਤੇ ਬੈਠੀ ਨੂੰ, ਬੋਲਡ ਟੇਲੈਂਟ ਨੇ ਸਪਰਿੰਗ ਮੂਨ ਨੂੰ ਕਈ ਵਾਰ ਦੇਖਿਆ ਸੀ। ਸ਼ਾਇਦ ਕੱਲ੍ਹ ਵੀ ਹੋਵੇਗੀ, ਜਦੋਂ ਉਹ ਵਿਦਿਆਰਥੀਆਂ ਨੂੰ ਹਿਸਾਬ ਪੜ੍ਹਾ ਰਿਹਾ ਸੀ। ਸਪਰਿੰਗ ਮੂਨ ਨੇ ਉਸ ਨੂੰ ਰੋਟੀਆਂ ਦੇ ਭੋਰਿਆਂ ਦੀ ਮੁੱਠ ਦਿੱਤੀ। ਉਨ੍ਹਾਂ ਨੇ ਇਕੱਠਿਆਂ ਮੱਛੀਆਂ ਨੂੰ ਭੋਰੇ ਪਾਏ। ਕਿੰਨੀ ਖੁਸ਼, ਕਿੰਨਾ ਜਿੰਦਾ ਦਿਲ ਕੁੜੀ ਆ। ਉਸ ਨੇ ਸੋਚਿਆ। ਦੂਜੀਆਂ ਹਮ ਉਮਰ ਕੁੜੀਆਂ ਤੋਂ ਕਿੰਨੀ ਵੱਖਰੀ। ਸਪਰਿੰਗ ਮੂਨ ਨੇ ਉਸ ਦੀ ਕਮੀਜ਼ ਦੀ ਬਾਂਹ ਖਿੱਚ ਕੇ ਆਖਿਆ।

"ਅੰਕਲ, ਅੰਕਲ ਦੇਖ ਉਹ ਵੱਡੀਆਂ ਆਂਦਲ ਅੱਖਾਂ ਵਲੀ ਮੱਛੀ....ਮੈਂ ਉਹਦਾ ਨਾਂਓ, ਤੇਰੇ ਨਾਂਓ 'ਤੇ ਰੱਖਿਆ ਵੱਡਾ ਅੰਕਲ"

"ਕਿਉਂ"

ਸਪਰਿੰਗ ਮੂਨ ਨੇ ਉਤਾਂਹ ਦੇਖ ਕੇ ਆਖਿਆ। "ਸੁਣ ਕੇ ਤੈਨੂੰ ਚੰਗਾ ਨੀ ਲੱਗਣਾ" "ਹਾਂ ਹਾਂ ਇਉਂ ਤਾਂ ਹੈ। ਨਹੀਂ ਤਾਂ ਤੂੰ ਰੱਖਣਾ ਨੀ ਸੀ" "ਸੱਚ ਦੱਸਾਂ, ਇਹ ਮੱਛੀ, ਜਦੋਂ ਦੂਜੀਆ ਆਉਂਦੀਆਂ ਨੇ ਤਾਂ ਪੱਥਰਾਂ ਪਿਛੇ ਜਾ ਲੁਕਦੀ ਆ। ਪਰ ਜਦੋਂ ਕੱਲੀ ਹੋਵੇ ਤਾਂ ਬਾਹਰ ਆ ਕੇ ਤਰਦੀ ਫਿਰਦੀ, ਸਿਰ ਮਾਰਦੀ ਆ ਤੇਰੇ ਵਾਂਗ।" ਬੋਲਡ ਟੇਲੈਂਟ ਹੱਸ ਪਿਆ "ਤੇਰੀ ਮਾਂ ਠੀਕ ਆਖਦੀ ਆ ਤੂੰ ਆਫ਼ਤ ਆਂ ਆਫ਼ਤ"

"ਪਰ ਫਿਰ ਵੀ ਤੂੰ ਮੈਨੂੰ ਚੰਗੀ ਸਮਝਦਾ" ਬੋਲਡ ਟੇਲੈਂਟ ਨੇ ਹਾਂ ਵਿਚ ਸਿਰ ਹਿਲਾਇਆ। ਪਰਿਵਾਰ ਦੇ ਸਾਰੇ ਮੈਂਬਰਾਂ ਵਿਚੋਂ, ਉਹ ਉਸਦੇ ਸਾਥ ਵਿਚ ਖੁਸ਼ ਹੁੰਦਾ ਸੀ। ਭਾਵੇਂ ਉਹ ਕਦੇ ਕਦਾਈਂ ਹੀ ਉਸ ਨੂੰ ਇਸ ਬਾਗ ਵਿਚ ਬੈਠੀ ਮਿਲੀ ਪੈਂਦੀ ਸੀ। ਕਿਸਾਨ ਲੀ ਦੀ ਮੌਤ ਤੱਕ ਤਾਂ ਉਹ ਸੁਧਾਰ ਮੁਹਿਮ ਵਿਚ ਈ ਲੱਗਿਆ ਰਹਿੰਦਾ ਸੀ ਅਤੇ ਸਪਰਿੰਗ ਮੂਨ ਵੀ ਮਜਬੂਰੀ ਵੱਸ ਕਸੀਦਾਕਾਰੀ ਵਿਚ, ਕਿਉਂ ਜੁ ਦੂਜੀਆਂ ਕੁੜੀਆਂ ਕਰਦੀਆ ਸਨ।

"ਕੀ ਮੈਂ ਤੇਰੀ ਤਸਵੀਰਾਂ ਵਾਲੀ ਕਿਤਾਬ ਲੈ ਸਕਦੀ ਆਂ"

ਕਿਹੜੀ ਜਿਹਦੇ ਵਿਚ ਰੇਲ ਇੰਜਣਾਂ ਦੀਆਂ ਮੂਰਤਾਂ"

"ਹਾਂ" "ਤੈਨੂੰ ਦੂਜੀਆਂ ਨਾਲੋਂ ਉਹੀ ਕਿਉਂ ਪਸੰਦ ਆ" ਸ਼ਾਇਦ ਸਪਰਿੰਗ ਮੂਨ ਨੇ ਉਸ ਦਾ ਸਵਾਲ ਅਣਸੁਣਿਆ ਕਰਕੇ ਆਖਿਆ।

"ਵੱਡੇ ਅੰਕਲ ਜੇ ਭਾਫ਼ ਵਾਲੇ ਇੰਜਣ ਕਿਸ਼ਤੀਆਂ ਚਲਾ ਸਕਦੇ ਆ ਅਤੇ ਕਾਰਾਂ ਵੀ ਜਿਹੜੀਆਂ ਪਟੜੀਆਂ 'ਤੇ ਚਲਦੀਆਂ ਤਾਂ ਕੋਈ ਜੁੱਤੀ ਨੀ ਐਸੀ ਬਣਦੀ ਜਿਹੜੀ ਪਾ ਕੇ ਜੇ ਤੁਰਾਂ, ਤਾਂ ਪੈਰ ਨਾ ਦੁਖਣ"

ਉਸ ਨੇ ਨੀਝ ਲਾ ਕੇ, ਉਸ ਦੇ ਕੱਸ ਕੇ ਬੰਨੇ ਪੈਰਾਂ ਵੱਲ ਦੇਖਿਆ।


"ਅਜੇ ਵੀ ਦੁੱਖਦੇ ਨੇ ਸਪਰਿੰਗ ਮੂਨ" "ਹੁਣ ਐਨੇ ਨੀ ਦੁੱਖਦੇ, ਹੁਣ ਮੈਂ ਬੱਚੀ ਥੋੜੀ ਆਂ" ਸਪਰਿੰਗ ਮੂਨ ਨੇ ਦ੍ਰਿੜਤਾ ਨਾਲ ਆਖਿਆ। "ਵੱਡੇ ਅੰਕਲ" "ਹਾਂ" "ਦਾਦੀ ਮਾਂ ਆਖਦਾਂ ਆ, ਇਹ ਜਿਹੜੀਆਂ ਟੈਲੀਗ੍ਰਾਫ਼ ਤਾਰਾਂ ਨੇ, ਇਹ ਡਰੈਗਨ ਨੂੰ ਡਰਾ ਦਿੰਦੀਆਂ ਨੇ, ਤੇ ਉਹ ਫਸਲਾਂ ਨੂੰ ਤਬਾਹ ਕਰ ਦਿੰਦੀਆਂ। ਪਰ ਮੈਂ ਤੇਰੇ ਨਾਲ ਸਹਿਮਤ ਆਂ। ਸਾਨੂੰ ਟੈਲੀਗ੍ਰਾਫ਼ ਦੀਆਂ ਆਪਣੀਆਂ ਤਾਰਾਂ ਲਾਉਣੀਆਂ ਚਾਹੀਦੀਆਂ ਹਨ। ਬੋਲਡ ਟੇਲੈਂਟ ਨੇ ਹੈਰਾਨ ਹੋ ਕੇ ਪੁੱਛਿਆ "ਉਹ ਕਿਵੇਂ"

"ਦੇਖ ਮੈਂ ਇਕ ਰੱਸੀ ਲੈ ਕੇ ਤੇਰੇ ਮੰਜੇ ਦੇ ਪਾਵੇ ਨੂੰ ਬੰਨ ਦੂੰ ਅਤੇ ਰੱਸੀ ਦਾ ਦੂਜਾ ਸਿਰਾ, ਆਪਣੇ ਮੰਜੇ ਦੇ ਪਾਵੇ ਨਾਲ। ਦੋਵਾਂ ਸਿਰਿਆਂ 'ਤੇ ਦੋ ਘੰਟੀਆਂ। ਜਦੋਂ ਰਾਤ ਨੂੰ ਤੂਤਾਂ, ਆਉਣਗੀਆਂ, ਤਾਂ ਮੈਂ ਰੱਸੀ ਖਿੱਚ ਕੇ ਘੰਟੀਆਂ ਖੜਕਾ ਦੂੰ, ਭੂਤਾਂ ਡਰ ਕੇ ਭੱਜ ਜਾਣਗੀਆਂ।"

"ਇਉਂ ਕਰਨ ਨਾਲੋਂ ਤਾਂ ਚੰਗਾ ਜਦੋਂ ਡਰ ਲੱਗੇ, ਆਪਣੀ ਦਾਸੀ ਕੁੜੀ ਨੂੰ ਜਗ੍ਹਾ ਦਿਆ ਕਰ" ਇਹ ਸੁਣ ਕੇ ਸਪਰਿੰਗ ਮੂਨ ਦਾ ਚਿਹਰਾ ਉਦਾਸ ਹੋ ਗਿਆ, ਅੱਖਾਂ ਭਰ ਆਈਆਂ ਤੇ ਉਸ ਨੇ ਨਾਂਹ ਵਿਚ ਸਿਰ ਫੇਰਿਆ।

"ਪਰ ਕਿਉਂ"

"ਕਿਉਂਕਿ ਹੁਣ ਮੇਰੀ ਕੋਈ ਦਾਸੀ ਕੁੜੀ ਨਹੀਂ ਹੈ।"




"ਨਹੀਂ ਨਹੀਂ ਇਹ ਗੱਲ ਨਹੀਂ, ਜੇ ਮੈਂ ਚਾਹੁੰਦੀ ਤਾਂ ਲੈ ਸਕਦੀ ਸੀ। ਮੇਰੀ ਮਾਂ ਨੇ ਅਤੇ ਦਾਦੀ ਮਾਂ ਨੇ ਵੀ ਬੜਾ ਜ਼ੋਰ ਲਾਇਆ। ਉਹ ਮੇਰੇ ਵਾਸਤੇ ਕਈਆਂ ਨੂੰ ਭੇਜਦੀਆਂ ਵੀ ਰਹੀਆਂ। ਮੈਂ ਸਭ ਨੂੰ ਮੋੜ ਦਿੰਦੀ ਰਹੀ। ਮੈਂ ਸਭ ਨੂੰ ਆਖ ਦਿੱਤਾ ਕਿ ਮੈਨੂੰ ਕਦੇ ਵੀ ਦਾਸੀ ਕੁੜੀ ਨਹੀਂ ਚਾਹੀਦੀ--ਨਾ ਹੁਣ ਨਾ ਫੇਰ ਕਦੇ"

ਬੋਲਡ ਟੇਲੈਂਟ ਨੇ ਨਰਮੀ ਨਾਲ ਪੁੱਛਿਆ। "ਕੋਈ ਪਾਣਾ ਵਾਪਰਿਆ ਸਪਰਿੰਗ ਮੂਨ" ਕਾਫ਼ੀ ਚਿਰ ਤਾਂ ਸਪਰਿੰਗ ਮੂਨ ਕੂਈ ਨਾ। ਮੂੰਹ ਲਟਕਾ ਕੇ ਨੀਵੀਂ ਪਾ ਰੱਖੀ। ਬੋਲਡ ਟੇਲੈਂਟ ਨੇ ਵੀ ਕੋਈ ਜਿੰਦ ਨਾ ਕੀਤੀ। ਆਖਰ ਦਲੇਰੀ ਕਰਕੇ ਉਹ ਬੋਲ ਉੱਠੀ, "ਤੇਰੇ ਆਉਣ ਤੋਂ ਪਹਿਲਾਂ ਬੜਾ ਮਾੜਾ ਹੋਇਆ ਪਲੱਸ ਬਲਾਜ਼ਮ, ਮੇਰੀ ਦਾਸੀ ਕੁੜੀ ਨੇ ਇਥੇ, ਇਸੇ ਬਾਗ ਵਿਚ ਫਾਹਾ ਲੈ ਲਿਆ। ਹੁਣ ਹੋਰ ਕੋਈ ਵੀ ਦਾਸੀ ਉਸਦੀ ਥਾਂ ਨਹੀਂ ਲੈ ਸਕਦੀ। ਮੈਨੂੰ ਰਾਤਾਂ ਨੂੰ ਡਰ ਭਾਵੇਂ ਲੱਗਦਾ ਰਵੇ ਪਰ ਉਸਦੇ ਬਿਸਤਰੇ ਵਿਚ ਮੈਂ ਹੋਰ ਕਿਸੇ ਨੂੰ ਸੌਂਦੀ ਨਹੀਂ ਦੇਖ ਸਕਦੀ।" ਸਪਰਿੰਗ ਮੂਨ ਦੇ ਬਾਪ ਸਟਰਲਿੰਗ ਟੇਲੈਂਟ ਨੇ, ਜਦੋਂ ਉਸ ਨੂੰ ਪਲੱਸ ਬਲਾਜ਼ਮ ਦੇ ਮਰਨ ਦੀ ਗੱਲ ਦੱਸੀ, ਤਾਂ ਉਹ ਇਕ ਲੁਕੋ ਗਿਆ ਕਿ ਉਹ ਸਪਰਿੰਗ ਮੂਨ ਦੀ ਦਾਸੀ ਸੀ।

"ਮੈਨੂੰ ਬੜਾ ਅਫ਼ਸੋਸ ਹੈ ਸਪਰਿੰਗ ਮੂਨ ਘਟਨਾ ਤੇਰੇ ਲਈ ਬੜੀ ਦੁਖਦਾਈ ਹੋਵੇਗੀ। ਬੜਾ ਮਾੜਾ ਹੋਇਆ ਸਪਰਿੰਗ ਮੂਨ"

ਉਸ ਨੇ ਸਿਰ ਹਿਲਾ ਕੇ ਹਾਉਕਾ ਭਰਿਆ। ਬੋਲਡ ਟੇਲੈਂਟ ਨੇ ਉਸਦਾ ਹੱਥ ਫੜ ਕੇ ਦਿਲਾਸਾ ਦੇਣ ਦਾ ਯਤਨ ਕੀਤਾ।

"ਹੁਣ ਇਸ ਬਾਰੇ ਬਹੁਤਾ ਨਾ ਸੋਚ, ਬੜਾ ਚਿਰ ਬੀਤ ਗਿਆ ਘਟਨਾ ਹੋਈ ਨੂੰ"

"ਮੈਂ..ਮੈਂ ਕਦੇ ਵੀ ਭੁੱਲ ਨੀ ਸਕਦੀ।"

"ਹਾਂ...ਹਾਂ ਤੂੰ ਠੀਕ ਆਖਦੀ ਏਂ" ਪਿਤਾਮਾ ਨੇ ਸੋਚਿਆ ਕਿੰਨੇ ਜਝੇ ਵਾਲੀ ਕੁੜੀ ਆਂ। ਰਾਜ ਮਾਂ ਅਤੇ ਆਪਣੀ ਮਾਂ ਦੀ ਵੀ ਪੁੱਗਣ ਨੂੰ ਦਿੱਤੀ। ਉਹ ਸੋਚਣ ਲੱਗਿਆ, ਹੁਣ ਸਪਰਿੰਗ ਮੂਨ ਨੂੰ ਹੋਰ ਕੀ ਆਖਿਆ ਜਾਵੇ। ਵਿਚਾਰੀ ਨਿੱਕੀ ਆ ਇਹਨੂੰ ਭੂਤਾਂ ਪਰੇਤਾਂ ਦਾ ਕੀ ਗਿਆਨ।

"ਮੈਂ ਨਿੱਕੀ ਜਿੰਦ ਆਂ,
ਅਤੇ ਮੈਂ ਅਣਭੋਲ ਆਂ"

ਮੈਂ ਜੰਮੀ ਆਂ....ਇਕ ਦਮ ਅਗਲੇ ਬੋਲ ਬੋਲਡ ਟੇਲੈਂਟ ਨੇ ਪੂਰੇ ਕੀਤੇ...."ਸਪਰਿੰਗ ਮੂਨ"। ਸਪਰਿੰਗ ਮੂਨ ਨੇ ਉਤਾਂਹ ਉਸਦੇ ਮੂੰਹ ਵੱਲ ਤੱਕਿਆ। "ਜੇ ਤੂੰ ਪੜਨਾ ਲਿਖਣਾ ਸਿੱਖੇ ਤੈਨੂੰ ਕਿਵੇਂ ਲੱਗੂ" "ਮੈਂ ਪੜ੍ਹ ਸਕਦੀਆਂ" "ਹਾਂ ਤੂੰ ਪੜ੍ਹ ਸਕਦੀ ਏਂ" "ਪਰ ਮੁੰਡੇ ਮੈਨੂੰ ਪੜ੍ਹਦੀ ਦੇਖ ਕੇ ਹੱਸਿਆ ਕਰਨਗੇ ਅਤੇ ਮਾਸਟਰ ਵੀ ਅਸਤੀਫ਼ਾ ਦੇ ਕੇ ਚਲਾ ਜਾਊ।" ਉਹ ਬੋਲਿਆ "ਨਹੀਂ ਤੈਨੂੰ ਮੈਂ ਆਪ ਪੜ੍ਹਾਊ" "ਰਾਜ ਮਾਂ ਕੀ ਆਖੂ" "ਤੂੰ ਇਹਦੀ ਚਿੰਤਾ ਨਾ ਕਰ।" "ਪਰ" "ਦੇਖ ਰਾਜਾਂ ਤਾਂ ਮੈਂ ਆਪ ਆਂ ਹੁਣ" ਆਖਦੇ ਨੇ ਉਸ ਨੇ ਪਹਿਲੇ ਰਾਜਿਆਂ ਵਰਗਾ ਪੋਜ਼ ਬਣਾ ਲਿਆ, ਜਿਵੇਂ ਸਾਰੇ ਪਿਤਾਮਾ ਦਾ ਤਸਵੀਰ ਵਿਚ ਸੀ। ਸਪਰਿੰਗ ਮੂਨ ਝਟਕੇ ਨਾਲ ਉਠੀ, ਨਵੇਂ ਰਾਜੇ ਨੂੰ ਸੀਸ ਨਵਾਇਆ, ਸਿਰ ਦਾ ਝਟਕਾ ਮਾਰ ਕੇ ਸ਼ਰਾਰਤੀ ਅੱਖਾਂ ਨਾਲ ਆਖਿਆ "ਓ ਵੱਡੇ ਅੰਕਲ ਮੈਨੂੰ ਤਾਂ ਇਉਂ ਲੱਗਦਾ, ਜਿਵੇਂ ਮੈਨੂੰ ਆਫ਼ਤ ਆਖਦੇ ਨੇ, ਤੂੰ ਵੀ ਤਾਂ ਆਫ਼ਤ ਆਂ ਮੇਰੇ ਵਰਗੀ।"

ਇਸ ਤੋਂ ਰੋਜ਼ਾਨਾ ਸਪਰਿੰਗ ਮੂਨ ਦੀ ਪੜ੍ਹਾਈ ਸ਼ੁਰੂ ਹੋ ਗਈ। ਸੁਬਹ ਸਵੇਰੇ, ਸਾਰੇ ਵੱਡਿਆਂ ਨੂੰ ਸ਼ੁੱਭ ਸਵੇਰ ਆਖ ਸਪਰਿੰਗ ਮੂਨ ਬੋਲਡ ਟੇਲੈਂਟ ਦੀ ਲਾਇਬ੍ਰੇਰੀ ਵਿਚ ਪਹੁੰਚ ਜਾਂਦੀ। ਦੋ ਵੱਡੀਆਂ ਅਲਮਾਰੀਆਂ ਦੇ ਵਿਚਕਾਰ, ਉਸ ਵਾਸਤੇ ਇਕ ਮੇਜ਼ ਅਤੇ ਸਟੂਲ ਲਾ ਦਿੱਤਾ ਗਿਆ। ਇਥੇ ਬੈਠ ਕੇ ਉਹ ਲਿਖਣਾ ਪੜ੍ਹਨਾ ਸਿੱਖਦੀ ਰਹੀ। ਬੋਲਡ ਟੇਲੈਂਟ ਬੈਠਾ ਆਈਆਂ ਚਿੱਠੀਆਂ ਦੇ ਜਵਾਬ ਲਿਖਦਾ ਰਹਿੰਦਾ। ਸ਼ਾਮ ਵੇਲੇ ਉਹ ਇਕੱਠੇ ਚਾਹ ਪੀਂਦਾ ਜੋ ਸਵਾਲ ਸਪਰਿੰਗ ਮੂਨ ਕਰਦੀ। ਉਨ੍ਹਾਂ ਦੇ ਜਵਾਬ ਵੀ ਉਹ ਦਿੰਦਾ ਅਤੇ ਆਮ ਅਗਲੇ ਦਿਨ ਦੀ ਪੜ੍ਹਾਈ ਬਾਰੇ ਵੀ ਸਮਝਾਉਂਦਾ। ਉਸਦੀ ਤੀਖਣ ਬੁੱਧੀ ਤੇ ਉਹ ਬੜਾ ਹੈਰਾਨ ਹੁੰਦਾ ਅਤੇ ਖੁਸ਼ ਵੀ। ਇਕ ਮਹੀਨੇ ਵਿਚ ਉਸ ਨੇ ਸਾਲ ਦੀ ਪੜ੍ਹਾਈ ਪੂਰੀ ਕਰ ਲਈ ਅਤੇ ਮੁੜਿਆਂ ਦੇ ਉਲਟ, ਉਹ ਜੋ ਪੜ੍ਹਦੀ ਸੀ ਉਸ ਦੀ ਉਸ ਨੂੰ ਸਮਝ ਵੀ ਪੈਂਦੀ ਸੀ।

ਪਰ ਪਰਿਵਾਰ ਵਿਚ ਹਾਹਾਕਾਰ ਮੱਚ ਗਈ।

"ਕੁੜੀਆਂ ਦਾ ਜ਼ਿਆਦਾ ਪੜ੍ਹਨਾ ਅਸ਼ੁੱਭ ਅਤੇ ਖਤਰ ਨਾਲ ਹੈ। ਇਉਂ ਉਨ੍ਹਾਂ ਵਾਸਤੇ ਚੰਗਾ ਵਰ ਲੱਭਣਾ ਔਖਾ ਹੋ ਜਾਂਦਾ ਪੜ੍ਹੀਆਂ ਲਿਖੀਆਂ ਕੁੜੀਆਂ ਘਰਾਂ ਦਾ ਮਾਹੌਲ ਵੀ ਵਿਗਾੜ ਦਿੰਦੀਆਂ ਨੇ"

"ਕੁੜੀਆਂ ਦੀ ਅਸਲ ਥਾਂ ਤਾਂ ਘਰ ਦੇ ਅੰਦਰ ਚੌਂਕੇ ਚੁੱਲ੍ਹੇ ਵਿਚ ਆ। ਉਨ੍ਹਾਂ ਨੂੰ ਘਰ ਗ੍ਰਹਿਸਤੀ ਚਲਾਉਣੀ ਸਿੱਖਣੀ ਚਾਹੀਦੀ ਆ" ਸਭ ਤੋਂ ਔਖੀ ਰਾਜ ਮਾਂ ਹੁੰਦੀ।

"ਮੇਰੀ ਪੋਤਰੀ ਦੇ ਭਵਿੱਖ ਦਾ ਤੈਨੂੰ ਤਾਂ ਭੋਰਾ ਵੀ ਖਿਆਲ ਸੀ। ਆਹ ਕਿਵੇਂ, ਉਹ ਕਿਵੇਂ ਆਖਦੀ ਉਹ ਅੱਗੋਂ ਆਖੂ, ਆਹ ਕਿਉਂ ਉਹ ਕਿਉਂ...ਆਹ ਨੀ ਕਰਨਾ ਉਹਨੀ ਕਰਨਾ...ਨਾਲੇ ਆਕੜਿਆ ਕਰੂ"

ਬੋਲਡ ਟੇਲੈਂਟ ਉਨ੍ਹਾਂ ਦੇ ਤੌਖਲੇ ਸਮਝਦਾ ਸੀ, ਪਰ ਝੁਕਿਆ ਨਾ। ਤਿੰਨ ਸਾਲ ਦਾ ਸੋਗ ਸਮਾਂ ਪੂਰਾ ਹੋਣ ਤੋਂ ਬਾਅਦ ਵੀ ਸਪਰਿੰਗ ਮੂਨ ਪੜ੍ਹਦੀ ਰਹੀ। ਬੋਲਡ ਟੇਲੈਂਟ ਸੋਚਦਾ ਇਹੀ ਇਕ ਤਾਂ ਕੰਮ ਹੈ, ਜਿਸ ਵਿਚ ਮੈਂ ਕਾਮਯਾਬ ਹੋਇਆ ਇਹ ਤਾਂ ਹੈ ਜਿਸ ਨੇ ਉਸਦੀਆਂ ਸੁਧਾਰ ਦੀਆਂ ਇਛਾਵਾਂ ਨੂੰ ਬੂਰ ਪਾਇਆ।

# ਸਾਡੇ ਦੇਸੀ ਲੀਡਰਾਂ ਦਾ ਕਿਰਦਾਰ !

ਜਦੋਂ ਅਸੀਂ ਬਾਹਰ ਕਮਿਊਨਿਟੀ ਦੇ ਕਿਸੇ ਛੋਟੇ ਤੋਂ ਵੱਡੇ ਫੰਕਸ਼ਨ ਤੇ ਜਾਂਦੇ ਹਾਂ, ਕਿਸੇ ਪਰਿਵਾਰ ਦੇ ਨਿੱਜੀ ਪ੍ਰੋਗਰਾਮ ਤੇ ਜਾਂਦੇ ਹਾਂ, ਕਿਸੇ ਦੇ ਵਿਆਹ ਜਾਂ ਫਿਊਨਰਲ ਤੇ ਜਾਂਦੇ ਹਾਂ, ਗਾਇਕਾਂ ਦੇ ਕਿਸੇ ਸ਼ੋਅ ਤੇ ਜਾਂਦੇ ਹਾਂ, ਕਿਸੇ ਸਪੋਰਟਸ ਟੂਰਨਾਮੈਂਟ ਤੇ ਜਾਂਦੇ ਹਾਂ ਜਾਂ ਕਿਸੇ ਵੀ ਤਰ੍ਹਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਕ, ਸਾਹਿਤਕ, ਸਭਿਆਚਾਰਕ, ਸਪੋਰਟਸ ਆਦਿ ਕਹਿਣ ਤੋਂ ਭਾਵ ਕੋਈ ਜਗ੍ਹਾ ਤੁਹਾਨੂੰ ਨਹੀਂ ਮਿਲੇਗੀ, ਜਿਥੇ ਸਾਡੇ ਦੇਸੀ ਲੀਡਰ (ਬਣੇ ਹੋਏ ਜਾਂ ਬਣਨ ਦੇ ਚਾਹਵਾਨ) ਮੂਹਰਲੀ ਕਤਾਰ ਵਿੱਚ ਨਾ ਬੈਠੇ ਮਿਲਣ ਜਾਂ ਸਟੇਜ ਤੇ ਬੋਲਦੇ ਨਾ ਮਿਲਣ ਜਾਂ ਕਿਸੇ ਨੂੰ ਸਨਮਾਨ ਕਰਦੇ ਜਾਂ ਸਨਮਾਨ ਹੁੰਦੇ ਨਾ ਮਿਲਣ ਤਾਂ ਇਸ ਤੋਂ ਦੇਖਣ ਨੂੰ ਪ੍ਰਭਾਵ ਇਹੀ ਮਿਲਦਾ ਹੈ ਕਿ ਇਨ੍ਹਾਂ ਨੂੰ ਸਾਡੇ ਹਰ ਤਰ੍ਹਾਂ ਦੇ ਦੁੱਖ-ਸੁੱਖ ਦਾ ਅਹਿਸਾਸ ਹੈ, ਜੀਵਨ ਦੇ ਹਰ ਮੋੜ ਤੇ ਇਹ ਸਾਡੇ ਨਾਲ ਹਨ, ਸਾਡੀ ਕੇਅਰ ਕਰਦੇ ਹਨ, ਸਭ ਜਗ੍ਹਾ ਸਾਡੇ ਨਾਲ ਖੜੇ ਹਨ। ਪਰ ਅਸਲੀਅਤ ਇਸਦੇ ਬਿਲਕੁਲ ਉਲਟ ਹੈ। ਤੁਹਾਡੇ ਨਿੱਜੀ ਮਸਲਿਆਂ ਤੋਂ ਲੈ ਕੇ ਕਮਿਊਨਿਟੀ ਦੇ ਹਰ ਮਸਲੇ ਤੇ ਇਹ ਪੱਖਪਾਤੀ ਹੁੰਦੇ ਹਨ। ਹਰ ਜਗ੍ਹਾ ਇਹ ਆਪਣੇ ਕੁਝ ਕੁ ਚਾਪਲੂਸਾਂ ਦੇ ਹੀ ਕੰਮ ਆਉਂਦੇ ਹਨ। ਹਰ ਜਗ੍ਹਾ ਇਹ ਆਪਣੀ ਵੋਟ ਰਾਜਨੀਤੀ ਤੇ ਕਮਿਊਨਿਟੀ ਦੇ ਵੱਖ-ਵੱਖ ਧੜਿਆਂ ਜਾਂ ਗਰੁੱਪਾਂ ਦੀ ਅੰਦਰੂਨੀ ਰਾਜਨੀਤੀ ਅਨੁਸਾਰ ਚੱਲਦੇ ਹਨ। ਜੇ ਤੁਸੀਂ ਇਨ੍ਹਾਂ ਨੂੰ ਕਿਸੇ ਪ੍ਰੋਗਰਾਮ ਦੀ ਮੂਹਰਲੀ ਕਤਾਰ ਵਿੱਚ ਬਿਠਾਉਣਾ ਹੈ, ਕੋਈ ਉਦਘਾਟਨ ਕਰਾਉਣਾ ਹੈ, ਇਨ੍ਹਾਂ ਤੋਂ ਸਨਮਾਨ ਦਿਵਾਉਣੇ ਹਨ ਜਾਂ ਇਨ੍ਹਾਂ ਨੂੰ ਸਨਮਾਨਿਤ ਕਰਨਾ ਹੈ ਤਾਂ ਇਹ ਸੱਤੇ ਦਿਨ ਚੌਵੀ ਘੰਟੇ ਹਾਜ਼ਿਰ ਹਨ। ਪਰ ਜਦੋਂ ਕੋਈ ਕਮਿਊਨਿਟੀ ਦਾ ਸਾਂਝਾ ਮਸਲਾ ਹੈ, ਕੋਈ ਸਮੱਸਿਆ ਹੈ, ਇਹ ਕਦੇ ਤੁਹਾਡੇ ਨਾਲ ਨਹੀਂ ਖੜਨਗੇ, ਇਨ੍ਹਾਂ ਕੋਲੋਂ ਕਿਸੇ ਮਸਲੇ ਦੇ ਹੱਕ ਜਾਂ ਵਿਰੋਧ ਵਿੱਚ ਕਦੇ ਦੋ ਸ਼ਬਦ ਮੂੰਹੋਂ ਨਹੀਂ ਨਿਕਲਦੇ। ਮੈਂ ਕਦੇ ਨਹੀਂ ਦੇਖਿਆ ਕਿ ਕਿਸੇ ਦੇਸੀ ਲੀਡਰ ਨੇ ਕਮਿਊਨਿਟੀ ਦਾ ਕੋਈ ਸਾਂਝਾ ਮਸਲਾ ਉਠਾਇਆ ਹੋਵੇ। ਕਿਸੇ ਮਸਲੇ ਤੇ ਮੋਰਚਾ ਲਾਇਆ ਹੋਵੇ। ਜੇ ਕਿਸੇ ਮਸਲੇ ਤੇ ਤੁਸੀਂ ਇਨ੍ਹਾਂ ਨੂੰ ਹੱਕ ਜਾਂ ਵਿਰੋਧ ਵਿੱਚ ਆਉਣ ਲਈ ਕਹੋ ਤਾਂ ਸ਼ਿ?ਦ ਹੀ ਕਦੇ ਬੋਲਣਗੇ ਜਾਂ ਖੜਨਗੇ, ਉਹ ਵੀ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਤੋਂ ਬਾਅਦ। ਜੇ ਕਦੇ ਗਲਤੀ ਨਾਲ ਤੁਹਾਡੇ ਕਿਸੇ ਕੰਮ ਆ ਹੀ ਜਾਣ, ਭਾਵੇਂ ਕਿ ਉਹ ਕੰਮ ਇਨ੍ਹਾਂ ਦੀ ਜੌਬ ਦਾ ਹੀ ਹਿੱਸਾ ਹੋਵੇ ਤਾਂ ਚਾਹੁਣਗੇ ਕਿ ਹੁਣ ਸਾਰੀ ਉਮਰ ਤੁਸੀਂ ਪਰਿਵਾਰ ਤੇ ਦੋਸਤਾਂ ਨਮਿੱਤਰਾਂ ਸਮੇਤ ਉਨ੍ਹਾਂ ਦੇ ਪੱਕੇ ਵੋਟਰ ਤੇ ਸਪੋਟਰ ਬਣੇ ਰਹੋ।

ਅੱਜ ਸਾਡੀ ਕਮਿਊਨਿਟੀ ਨੂੰ ਅਨੇਕਾਂ ਅੰਦਰੂਨੀ ਤੇ ਬਾਹਰੀ ਮਸਲੇ ਦਰਪੇਸ਼ ਹਨ। ਪਰ ਇਹ ਕਿਸੇ ਮਸਲੇ ਤੇ ਕਦੇ ਗੱਲ ਨਹੀਂ ਕਰਦੇ। ਤਕਰੀਬਨ ਸਾਰੇ ਕਨੇਡਾ ਵਿੱਚ ਸਾਡੇ ਆਪਣੇ ਬਹੁਤ ਸਾਰੇ ਦੇਸੀ ਬਿਜਨਸਮੈਨਾਂ (ਸਾਰੇ ਨਹੀਂ) ਵੱਲੋਂ ਆਪਣੇ ਪੰਜਾਬੀ ਨਵੇਂ ਇਮੀਗਰੈਂਟਸ, ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ੇ ਤੇ ਆਉਂਦੇ ਲੋਕਾਂ ਦੀ ਬੁਰੀ ਤਰ੍ਹਾਂ ਲੁੱਟ ਕੀਤੀ ਜਾ ਰਹੀ ਹੈ। ਮਿਨੀਮਮ ਵੇਜ ਤੋਂ ਅੱਧੀ ਪੇਅ ਤੇ ਕੰਮ ਕਰਾਇਆ ਜਾਂਦਾ ਹੈ। ਇੱਥੇ ਹੀ ਬੱਸ ਨਹੀਂ, 12-12 ਘੰਟੇ ਕੰਮ ਕਰਾ ਕੇ ਓਵਰ ਟਾਈਮ ਤਾਂ ਕੀ ਦੇਣਾ, ਮਿਨੀਮਮ ਵੇਜ ਵੀ ਨਹੀਂ ਦਿੱਤੀ ਜਾਂਦੀ। ਲੋਕਾਂ ਦਾ ਖੂਨ ਚੂਸ ਕੇ ਇਹੀ ਬਿਜਨੈਸਮੈਨ ਲੰਗਰ ਲਾਉਂਦੇ ਹਨ, ਟੂਰਨਾਮੈਂਟਾਂ ਜਾਂ ਸ਼ੋਆਂ ਨੂੰ ਸਪੌਂਸਰ ਕਰਦੇ ਹਨ, ਵੱਡੇ-ਵੱਡੇ ਦਾਨ ਦਿੰਦੇ ਹਨ। ਇਨ੍ਹਾਂ ਨੂੰ ਫੰਡ ਦਿੰਦੇ ਹਨ। ਸਾਡੇ ਹੀ ਸਮਾਜਿਕ, ਧਾਰਮਿਕ, ਰਾਜਨੀਤਕ, ਸਪੋਰਟਸ, ਸਾਹਿਤਕ ਆਦਿ ਲੀਡਰ, ਉਨ੍ਹਾਂ ਨੂੰ ਸਿਰੋਪੇ ਦਿੰਦੇ ਹਨ। ਉਨ੍ਹਾਂ ਨੂੰ ਆਪਣੀਆਂ ਸਟੇਜਾਂ ਤੇ ਸਨਮਾਨ ਕਰਦੇ ਹਨ। ਸਾਡੇ ਕਿਸੇ ਲੀਡਰ ਨੂੰ ਉਨ੍ਹਾਂ ਮਲਕ ਭਾਗੋਆਂ ਦੇ ਮਾਲ ਪੂੜਿਆਂ ਵਿੱਚੋਂ ਵਰਕਰਾਂ, ਲੋਅ ਇਨਕਮ ਵਾਲਿਆਂ ਦਾ ਖੂਨ ਨਜ਼ਰ ਨਹੀਂ ਆਉਂਦਾ। ਤਾਜ਼ਾ ਮਿਸਾਲ ਹੈ ਕਿ ਅਸੀਂ ਕੁਝ ਸਾਲਾਂ ਤੋਂ ਅਸੀਂ ਲੱਚਰ ਗਾਇਕੀ ਬਾਰੇ ਹਰ ਪੱਧਰ ਤੇ ਅਵੇਅਰਨੈਸ ਲਈ ਯਤਨ ਕਰ ਰਹੇ ਹਾਂ ਤਾਂ ਕਿ ਸਾਡੇ ਬੱਚੇ ਨਸ਼ਿਆਂ, ਹਿੰਸਾ, ਗੈਂਗਵਾਰ ਆਦਿ ਤੋਂ ਬਚ ਸਕਣ। ਕਦੇ ਕਿਸੇ ਲੀਡਰ ਨੇ ਇਸ ਮਸਲੇ ਤੇ ਹੱਕ ਜਾਂ ਵਿਰੋਧ ਵਿੱਚ ਆਪਣੀ ਰਾਏ ਤੱਕ ਨਹੀਂ ਰੱਖੀ। ਗੈਰ ਕਨੂੰਨੀ ਨਸ਼ਿਆਂ ਦੀ ਮਾਰ ਸਾਡੇ ਕੈਲਗਰੀ ਵਿੱਚ ਕਈ ਨੌਜਵਾਨ ਮਰ ਚੁੱਕੇ ਹਨ, ਘਰੇਲੂ ਹਿੰਸਾ ਨਾਲ ਘਰ ਬਰਬਾਦ ਹੋ ਰਹੇ ਹਨ, ਪਰ ਤੁਸੀਂ ਕਦੇ ਇਨ੍ਹਾਂ ਲੀਡਰਾਂ ਦਾ ਬਿਆਨ ਤੱਕ ਨਹੀਂ ਦੇਖੋਗੇ। ਸਾਡੇ ਸੀਨੀਅਰਜ ਦੀਆਂ ਅਨੇਕਾਂ ਸਮੱਸਿਆਵਾਂ ਹਨ, ਉਨ੍ਹਾਂ ਬਾਰੇ ਕਦੇ ਇਨ੍ਹਾਂ ਕੁਝ ਨਹੀਂ ਕੀਤਾ। ਫਿਰ ਕੀ ਇਹ ਲੀਡਰ ਸਾਡੇ ਸਮਾਗਮਾਂ ਵਿੱਚ ਮੂਹਰਲੀ ਕਤਾਰ ਵਿਚ ਬਿਠਾਉਣ ਲਈ ਸ਼ੋ ਪੀਸ ਹੀ ਹਨ ਜਾਂ ਸਟੇਜਾਂ ਤੇ ਸਰਟੀਫਿਕੇਟ ਵੰਡਣ ਯੋਗੇ ਹੀ ਹਨ। ਦੋਸਤੋ ਸੋਚੋ, ਇਨ੍ਹਾਂ ਲੀਡਰਾਂ ਨੂੰ ਸਵਾਲ ਕਰੋ, ਇਨ੍ਹਾਂ ਨੂੰ ਆਪਣੇ ਮਸਲੇ ਦੱਸੋ, ਜੇ ਇਹ ਕੁਝ ਨਹੀਂ ਕਰਦੇ ਤਾਂ ਮੀਡੀਏ ਦੇ ਧਿਆਨ ਵਿੱਚ ਲਿਆਉ, ਨਹੀਂ ਤਾਂ ਨਵੀਂ ਪੀੜ੍ਹੀ ਵਿੱਚੋਂ ਉਨ੍ਹਾਂ ਬੱਚਿਆਂ ਨੂੰ ਅੱਗੇ ਲਿਆਉ ਜੋ ਸਾਡੇ ਲਈ ਕੁਝ ਕਰ ਸਕਦੇ ਹਨ। ਇਸ ਤਰ੍ਹਾਂ ਅੱਖਾਂ ਮੀਟ ਕੇ, ਮੈਨੂੰ ਕੀ ਵਾਲੀ ਨੀਤੀ ਸਾਡੇ ਸਭ ਲਈ ਨੁਕਸਾਨਦੇਹ ਹੈ।

ਧੰਨਵਾਦ! ਆਪਣੀ ਰਾਏ ਜ਼ਰੂਰ ਦਰਜ ਕਰਾਉ। ਅਸੀਂ ਆਪਣੀ ਰਾਏ ਆਜ਼ਾਦੀ ਨਾਲ ਰੱਖਣ ਦਾ ਹੱਕ ਬੜੀਆਂ ਘਾਲਣਾਵਾਂ ਨਾਲ ਲਿਆ ਹੈ। ਇਹਨੂੰ ਮੂਕ ਦਰਸ਼ਕ ਬਣ ਕੇ ਖ਼ਰਾਬ ਨਾ ਕਰੋ। ਜਾਗੋ ਤੇ ਨੀਂਦ ਤਿਆਗੋ? ਜੇ ਤੁਸੀਂ ਆਪਣੇ ਲਈ ਨਹੀਂ ਬੋਲ ਸਕਦੇ ਤਾਂ ਮੱਤ ਆਸ ਰੱਖੋ ਕਿ ਕੋਈ ਤੁਹਾਡੇ ਲਈ ਬੋਲੇਗਾ ਜਾਂ ਕੁਝ ਕਰੇਗਾ।

-ਹਰਜੀ

# ਵੈਨਜ਼ੂਏਲਾ ਰਾਜਪਲਟੇ ਦੇ ਯਤਨਾਂ 'ਚ ਅਮਰੀਕੀ ਹਕੂਮਤ ਦੀ ਦਖਲਅੰਦਾਜ਼ੀ



ਮਨਦੀਪ
mandeepsaddowal@gmail.com

ਵੈਨਜ਼ੂਏਲਾ ਦੱਖਣੀ ਅਮਰੀਕੀ ਮਹਾਂਦੀਪ ਦਾ ਸਭ ਤੋਂ ਵੱਡਾ ਤੇਲ ਉਤਪਾਦਕ ਦੇਸ਼ ਹੈ। ਤੇਲ ਅਧਾਰਿਤ ਆਰਥਿਕਤਾ ਵਾਲਾ ਇਹ ਮੁਲਕ ਗੈਸ ਭੰਡਾਰਨ ਵਿਚ ਸੰਸਾਰ 'ਚੋਂ ਚੌਥੇ ਨੰਬਰ ਤੇ ਆਉਂਦਾ ਹੈ। ਇਸਤੋਂ ਇਲਾਵਾ ਇੱਥੇ ਸੋਨਾ, ਹੀਰੇ, ਐਲੋਮੀਨੀਅਮ, ਲੋਹਾ, ਪਾਣੀ ਅਤੇ ਕੌਲਟਨ ਦੇ ਵੀ ਬੇਥਾਹ ਭੰਡਾਰ ਹਨ। ਅਰਬ ਦੇਸ਼ਾਂ ਨਾਲੋਂ ਵੀ ਵਾਫਰ ਤੇਲ ਭੰਡਾਰ ਵਾਲਾ ਇਹ ਮੁਲਕ ਅੱਜ ਵਿਦੇਸ਼ੀ ਕਰਜ, ਭੁੱਖਮਰੀ, ਗੈਰ-ਬਰਾਬਰਤਾ, ਬੇਰੁਜਗਾਰੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਵਿੱਚ ਘਿਰਿਆ ਹੋਇਆ ਹੈ। ਸਾਲ 2010 ਤੋਂ ਡੂੰਘੇ ਆਰਥਿਕ ਸੰਕਟ 'ਚ ਫਸਿਆ ਵੈਨਜ਼ੂਏਲਾ ਇਸ ਸਮੇਂ ਵੱਡੇ ਸਿਆਸੀ ਸੰਕਟ ਵਿੱਚ ਘਿਰ ਗਿਆ ਹੈ। ਵੈਨਜ਼ੂਏਲਾ ਇਸ ਸਮੇਂ ਸੰਸਾਰ ਮੰਚ ਤੇ ਦੋ ਵੱਡੀਆਂ ਵਿਚਾਰਧਾਰਾਵਾਂ ਦੇ ਆਪਸੀ ਖਹਿਭੇੜ ਦਾ ਵੱਡਾ ਕੇਂਦਰ ਬਣਿਆ ਹੋਇਆ ਹੈ। ਇਹ ਕਤਾਰਬੰਦੀ ਮੁੱਖ ਤੌਰ ਤੇ ਭਾਵੇਂ ਖੱਬੇਪੱਖੀ ਅਤੇ ਸੱਜੇਪੱਖੀ ਵਿਚਾਰਧਾਰਾ ਦੇ ਬੁਨਿਆਦੀ ਵਖਰੇਵੇਂ ਨੂੰ ਲੈ ਕੇ ਸਾਹਮਣੇ ਆਈ ਹੈ ਪਰੰਤੂ ਇੱਥੇ ਅਮਰੀਕਾ ਦੀ ਸਿੱਧੀ ਦਖਲਅੰਦਾਜੀ ਦੇ ਨਾਲ-ਨਾਲ ਅੰਤਰ-ਸਾਮਰਾਜੀ ਟਕਰਾਅ ਵੀ ਦੇਖਣ ਨੂੰ ਮਿਲ ਰਿਹਾ ਹੈ।

ਵੈਨਜ਼ੂਏਲਾ 'ਚ ਪਿਛਲੇ ਦੋ ਦਹਾਕਿਆਂ ਤੋਂ ਖੱਬੇਪੱਖੀ ਸਰਕਾਰ ਸੱਤਾਸੀਨ ਹੈ। ਤਾਜਾ ਘਟਨਾਕ੍ਰਮ ਇਹ ਹੈ ਕਿ ਵੈਨਜ਼ੂਏਲਾ ਦੇ ਮੌਜੂਦਾ ਖੱਬੇਪੱਖੀ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਵੱਡੇ ਆਰਥਿਕ ਤੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਅਮਰੀਕਾ ਸਰਕਾਰ ਨੇ ਵਾਸ਼ਿੰਗਟਨ ਤੋਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਾਮ ਹੇਠ ਜਾਰੀ ਇਕ ਅਧਿਕਾਰਤ ਬਿਆਨ ਤਹਿਤ ਵੈਨਜ਼ੂਏਲਾ ਦੇ ਮੌਜੂਦਾ ਰਾਸ਼ਟਰਪਤੀ ਨਿਕੋਲਸ ਮਾਦੂਰੋ ਦੇ ਮੁਕਾਬਲੇ ਵਿਰੋਧੀ ਧਿਰ ਦੇ ਆਗੂ ਖ਼ੂਆਨ ਗੁਆਇਦੋ ਨੂੰ ਰਾਸ਼ਟਰਪਤੀ ਘੋਸ਼ਿਤ ਕਰ ਦਿੱਤਾ ਅਤੇ ਅੱਠ ਦਿਨਾਂ ਦੇ ਅੰਦਰ ਰਾਸ਼ਟਰਪਤੀ ਦੀ ਚੋਣ ਦੀ ਰਸਮੀ ਕਰਵਾਈ ਪੂਰੀ ਕਰਨ ਦਾ ਐਲਾਨ ਕਰ ਦਿੱਤਾ ਗਿਆ। ਖ਼ੂਆਨ ਗੁਆਇਦੋ ਨੇ ਅਮਰੀਕੀ ਪ੍ਰਸ਼ਾਸ਼ਨ ਦੀ ਪ੍ਰਵਾਨਗੀ ਲੈ ਕੇ ਇੱਕ ਵੱਡਾ ਜਨਤਕ ਇਕੱਠ ਕਰਕੇ ਆਪਣੇ ਆਪ ਨੂੰ ਵੈਨਜ਼ੂਏਲਾ ਦਾ ਨਵਾਂ ਰਾਸ਼ਟਰਪਤੀ ਐਲਾਨ ਦਿੱਤਾ। ਇਸ ਦੌਰਾਨ ਵੈਨਜ਼ੂਏਲਾ ਦੇ ਲੋਕਾਂ ਦੀ ਰਾਇ ਅਤੇ ਕਿਸੇ ਵੀ ਤਰ੍ਹਾਂ ਦੀ ਲੋਕਤੰਤਰਿਕ ਵਿਧੀ ਨੂੰ ਅੱਖੋਂ-ਪਰੋਖੇ ਕਰਕੇ ਲੋਕਾਂ ਨੂੰ ਮਾਦੂਰੋ ਸਰਕਾਰ ਖਿਲਾਫ ਭੜਕਾ ਕੇ ਕੁਝ ਹਿੰਸਕ ਤੇ ਬਗਾਵਤੀ ਕਾਰਵਾਈਆਂ ਨੂੰ ਵੀ ਅੰਜਾਮ ਦਿੱਤਾ ਗਿਆ।ਇਸ ਪਿੱਛੇ ਮਕਸਦ ਇਹ ਸੀ ਕਿ ਸਰਕਾਰ ਅਤੇ ਹਜੂਮ ਵਿਚਕਾਰ ਟਕਰਾਅ ਪੈਦਾ ਕਰਕੇ ਸਰਕਾਰ ਖਿਲਾਫ ਆਮ ਬਗਾਵਤ ਦਾ ਮਹੌਲ ਸਿਰਜਿਆ ਜਾ ਸਕੇ ਅਤੇ ਅੰਤਰਰਾਸ਼ਟਰੀ ਮੀਡੀਆ ਅਤੇ ਸੰਸਥਾਵਾਂ-ਸੰਗਠਨਾਂ ਦੀ ਰਾਇ ਨੂੰ ਮਾਦੂਰੋ ਸਰਕਾਰ ਖਿਲਾਫ ਅਤੇ ਆਪਣੇ ਪੱਖ 'ਚ ਭੁਗਤਾਇਆ ਜਾ ਸਕੇ। ਮਾਦੂਰੋ ਸਰਕਾਰ ਵੱਲੋਂ ਹਿੰਸਕ ਭੀੜ ਨੂੰ ਦਬਾਉਣ ਲਈ ਕੀਤੀ ਗਈ ਪੁਲਿਸ ਤੇ ਫੌਜੀ ਕਾਰਵਾਈ ਵਿਚ ਕਈ ਮੌਤਾਂ ਤੇ ਗ੍ਰਿਫਤਾਰੀਆਂ ਹੋਈਆਂ। ਸਰਕਾਰ ਦੀ ਇਸ ਕਾਰਵਾਈ ਨੂੰ ਤਾਨਾਸ਼ਾਹ ਕਰਾਰ ਦੇ ਕੇ ਯੂਨਾਈਟਿਡ ਨੇਸ਼ਨ ਸਕਿਊਰਟੀ ਕੌਂਸਲ (ਸ਼ਛ) ਦੀ ਐਮਰਜੈਂਸੀ ਮੀਟਿੰਗ ਬੁਲਾਕੇ ਅਮਰੀਕਾ ਪੱਖੀ ਮੁਲਕਾਂ ਦੀ ਬਹੁਸੰਮਤੀ ਨੂੰ ਆਪਣੇ ਪੱਖ 'ਚ ਭੁਗਤਾ ਕੇ 9/4 ਦੇ ਫਰਕ ਨਾਲ ਵੈਨਜ਼ੂਏਲਾ ਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ ਗਿਆ। ਅਮਰੀਕਾ ਨੇ ਵੈਨਜ਼ੂਏਲਾ ਨੂੰ ਮਾਫੀਆ ਸਟੇਟ ਘੋਸ਼ਿਤ ਕਰਦਿਆਂ ਲਾਤੀਨੀ ਅਮਰੀਕਾ ਦੇ ਚਿੱਲੀ, ਬਰਾਜੀਲ, ਅਰਜਨਟੀਨਾ ਆਦਿ ਦੇਸ਼ਾਂ ਦੀਆਂ ਅਮਰੀਕਾ ਪੱਖੀ ਸੱਜੇਪੱਖੀ ਸਰਕਾਰਾਂ ਨੂੰ ਵੈਨਜ਼ੂਏਲਾ ਦੇ ਵਿਰੁੱਧ ਸ਼ਰੀਕ ਬਣਾਕੇ ਖੜੇ ਕਰ ਦਿੱਤਾ। ਬੈਂਕ ਆਫ ਇੰਗਲੈਂਡ ਜਿਸ ਕੋਲ ਵੈਨਜ਼ੂਏਲਾ ਦਾ 1.2 ਬਿਲੀਅਲ ਡਾਲਰ ਦਾ ਸੋਨਾ ਅਮਾਨਤ ਵਜੋਂ ਪਿਆ ਸੀ, ਨੇ ਅਮਰੀਕਾ ਦੇ ਇਸ਼ਾਰੇ ਤੇ ਉਹ ਸੋਨਾ ਮਦੂਰੋ ਸਰਕਾਰ ਨੂੰ ਵਾਪਸ ਦੇਣ ਤੋਂ ਨਾਂਹ ਕਰ ਦਿੱਤੀ। ਅਮਰੀਕਾ ਦੀ ਵੈਨਜ਼ੂਏਲਾ 'ਚ ਸਿੱਧੀ ਦਖਲਅੰਦਾਜੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵੈਨਜ਼ੂਏਲਾ ਖਿਲਾਫ ਕੀਤੀ ਜਾ ਰਹੀ ਕਤਾਰਬੰਦੀ ਵੈਨਜ਼ੂਏਲਾ ਸਰਕਾਰ ਦਾ ਤਖਤਾ ਪਲਟਕੇ ਗੋਆਇਦੋ ਦੇ ਪ੍ਰਭਾਵ ਨੂੰ ਮਜਬੂਤ ਕਰਨ ਦੀਆਂ ਕਾਰਵਾਈਆਂ ਹਨ।

ਅਮਰੀਕਾ-ਵੈਨਜ਼ੂਏਲਾ ਵਿਚਕਾਰ ਦੋ ਦਹਾਕਿਆਂ ਤੋਂ ਸੁਲਗਦੇ ਆ ਰਹੇ ਸਬੰਧਾਂ ਪਿੱਛੇ ਮੁੱਖ ਕਾਰਨ ਵੈਨਜ਼ੂਏਲਾ ਦੇ ਤੇਲ ਸਰੋਤ ਹਨ। ਮੌਜੂਦਾ ਸਮੇਂ ਤੇਲ ਨੂੰ ਤੀਲੀ ਡੋਨਲਡ ਟਰੰਪ ਪ੍ਰਸ਼ਾਸ਼ਨ ਨੇ ਲਾਈ ਹੈ। ਵੈਨਜ਼ੂਏਲਾ ਅਮਰੀਕਾ ਦੇ ਸਭ ਤੋਂ ਵੱਡੇ ਦੋ ਸ਼ਰੀਕ ਰੂਸ ਅਤੇ ਚੀਨ ਨੂੰ ਤੇਲ ਨਿਰਯਾਤ ਕਰਦਾ ਹੈ। ਵੈਨਜ਼ੂਏਲਾ ਅਮਰੀਕਾ ਨੂੰ ਵੀ ਕੱਚਾ ਤੇਲ ਵੇਚਦਾ ਹੈ ਪਰੰਤੂ ਅਮਰੀਕਾ ਨੂੰ ਤੇਲ ਨਿਰਯਾਤ ਕਰਨ ਦੀਆਂ ਸੀਮਤਾਈਆਂ ਅਤੇ ਅਮਰੀਕਾ ਦੇ ਕੁਝ ਪੁਰਾਣੇ ਖਾਤੇ ਵੈਨਜ਼ੂਏਲਾ ਸਰਕਾਰ ਦੁਆਰਾ ਬਲੌਕ ਕੀਤੇ ਹੋਣ ਕਾਰਨ ਸਾਲ 2017 'ਚ ਟਰੰਪ ਪ੍ਰਸ਼ਾਸ਼ਨ ਨੇ ਵੈਨਜ਼ੂਏਲਾ ਸਰਕਾਰ ਖਿਲਾਫ ਆਰਥਿਕ ਨਾਕਾਬੰਦੀ ਦਾ ਐਲਾਨ ਕਰ ਦਿੱਤਾ। ਦੂਸਰਾ ਆਰਥਿਕ ਸੰਕਟ 'ਚ ਘਿਰੀ ਮਦੂਰੋ ਸਰਕਾਰ ਤੇ ਦਬਾਅ ਪਾਉਣ ਲਈ ਇਹ ਸ਼ਰਤ ਰੱਖ ਦਿੱਤੀ ਗਈ ਕਿ ਜੇਕਰ ਵੈਨਜ਼ੂਏਲਾ ਬਲੌਕ ਹੋਏ ਖਾਤਿਆਂ 'ਚ ਪੈਸੇ ਜਮਾ ਕਰਵਾਉਂਦਾ ਹੈ ਤਾਂ ਅੱਗੋਂ ਤੇਲ ਦੀ ਖਰੀਦ ਜਾਰੀ ਰਹੇਗੀ ਨਹੀਂ ਤਾਂ ਉਹ ਵੈਨਜ਼ੂਏਲਾ ਤੋਂ ਤੇਲ ਨਹੀਂ ਖਰੀਦਣਗੇ। ਅਜਿਹੇ 'ਚ ਮਾਦੂਰੋ ਸਰਕਾਰ ਬੁਰੀ ਤਰ੍ਹਾਂ ਘਿਰ ਗਈ। ਜੇਕਰ ਉਹ ਟਰੰਪ ਪ੍ਰਸ਼ਾਸ਼ਨ ਦੀਆਂ ਸ਼ਰਤਾਂ ਨੂੰ ਲਾਗੂ ਕਰਦੀ ਤਾਂ ਵੈਨਜ਼ੂਏਲਾ ਸਰਕਾਰ ਨੂੰ 11 ਮਿਲੀਅਨ ਡਾਲਰ ਦਾ ਨਿਰਯਾਤ ਕਰਨਾ ਪੈਣਾ ਸੀ ਅਤੇ 7 ਅਰਬ ਡਾਲਰ ਦੀ ਜਾਇਦਾਦ ਵੇਚਣੀ ਪੈਣੀ ਸੀ। ਪਰੰਤੂ ਪਹਿਲਾਂ ਹੀ 150 ਮਿਲੀਅਨ ਡਾਲਰ ਦੇ ਵਿਦੇਸ਼ੀ ਕਰਜ 'ਚ ਡੁੱਬੀ ਸਰਕਾਰ ਲਈ ਇਹ ਸ਼ਰਤਾਂ ਮੰਨਣੀਆਂ ਆਤਮਘਾਤੀ ਕਦਮ ਬਰਾਬਰ ਸੀ। ਇਸ ਲਈ ਮਾਦੂਰੋ ਸਰਕਾਰ ਨੇ ਰੂਸ ਅਤੇ ਚੀਨ ਨਾਲ ਹੋਰ ਵੱਧ ਨੇੜਤਾ ਕਰ ਲਈ। ਇਹ ਨੇੜਤਾਂ ਅਮਰੀਕਾ ਲਈ ਨਾਬਰਦਾਸਤ ਕਰਨ ਯੋਗ ਸੀ ।ਇਸ ਲਈ ਉਹ ਲਗਾਤਾਰ ਮਾਦੂਰੋ ਸਰਕਾਰ ਖਿਲਾਫ ਵੈਨਜ਼ੂਏਲਾ 'ਚ ਤਾਇਨਾਤ ਕੀਤੇ ਆਪਣੇ ਸੀਆਈਏ ਦੇ ਏਜੰਟਾਂ ਰਾਹੀਂ ਸਾਜਿਸ਼ਾਂ ਰਚ ਰਹੇ ਸਨ।।ਅਮਰੀਕੀ ਪ੍ਰਸ਼ਾਸ਼ਨ ਦੀ ਮਿਲੀਭੁਗਤ ਨਾਲ 4 ਅਗਸਤ 2018 'ਚ ਇਕ ਜਨਤਕ ਇਕੱਠ ਨੂੰ ਸੰਬੋਧਨ ਕਰਦੇ ਸਮੇਂ ਨਿਕੋਲਸ ਮਾਦੂਰੋ ਉਪਰ ਵਿਸਫੋਟਕ ਡਰੋਨ ਰਾਹੀਂ ਜਾਨਲੇਵਾ ਹਮਲਾ ਕਰਵਾਇਆ ਗਿਆ ਜਿਸ ਵਿਚੋਂ ਉਹ ਵਾਲ-ਵਾਲ ਬਚੇ। ਇਸੇ ਲੜੀ ਤਹਿਤ ਚਾਲੂ ਸਾਲ ਦੇ ਜਨਵਰੀ ਮਹੀਨੇ 'ਚ ਅਮਰੀਕਾ ਨੇ ਵੈਨਜ਼ੂਏਲਾ ਦੇ ਆਰਥਿਕ ਸੰਕਟ 'ਚ ਘਿਰੇ ਹੋਣ ਦਾ ਲਾਹਾ ਲੈਂਦਿਆਂ ਆਪਣੀ ਕੱਠਪੁਤਲੀ ਸਰਕਾਰ ਰਾਹੀਂ ਰਾਜਪਲਟਾ ਕਰਵਾਉਣ ਦੀ ਕੋਸ਼ਿਸ਼ ਕੀਤੀ।

ਵੈਨਜ਼ੂਏਲਾ 'ਚ ਅਮਰੀਕਾ ਸਰਕਾਰ ਦੀ ਮੌਜੂਦਾ ਦਖਲਅੰਦਾਜੀ ਅਸਲ ਵਿਚ ਪੂਰੇ ਲਾਤੀਨੀ ਮਹਾਂਦੀਪ ਵਿਚ ਅਮਰੀਕੀ ਸਾਮਰਾਜ ਦੀ ਦਖਲਅੰਦਾਜੀ ਦੀ ਅਹਿਮ ਨੀਤੀ ਦਾ ਇਕ ਅੰਗ ਹੈ। ਅਮਰੀਕਾ ਨੇ ਹੁਣ ਤੱਕ ਲਾਤੀਨੀ ਮਹਾਂਦੀਪ ਦੇ ਵੱਖ-ਵੱਖ ਮੁਲਕਾਂ 'ਚ 56 ਵਾਰ ਸਿੱਧੀ ਫੌਜੀ ਦਖਲਅੰਦਾਜੀ ਨਾਲ ਰਾਜਪਲਟੇ, ਕੱਠਪੁੱਤਲੀ ਸਰਕਾਰਾਂ ਅਤੇ ਆਮ ਬਗਾਵਤਾਂ ਕਰਵਾਈਆਂ ਹਨ ।ਅਮਰੀਕਾ ਅਤੇ ਵੈਨਜ਼ੂਏਲਾ ਦੇ ਆਪਸੀ ਸਬੰਧ ਉਸ ਸਮੇਂ ਤੋਂ ਵਿਗੜਣੇ ਸ਼ੁਰੂ ਹੋਏ ਜਦੋਂ ਵੈਨਜ਼ੂਏਲਾ ਅੰਦਰ ਹੂਗੋ ਚਾਵੇਜ ਲਾਤੀਨੀ ਅਮਰੀਕੀ ਸਿਆਸੀ ਮੰਚ ਤੇ ਇਕ ਜਾਦੂਈ ਸ਼ਖਸੀਅਤ ਬਣਕੇ ਉਭਰਣ ਲੱਗਾ। ਉਗੋ ਚਾਵੇਜ ਇਕ ਉੱਘਾ ਟਰੇਡ ਯੂਨੀਅਨ ਆਗੂ ਸੀ। ਉਹ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ਅਤੇ ਉਹ ਲਗਾਤਾਰ ਤੇਲ ਦੀਆਂ ਕੀਮਤਾਂ ਘਟਾਉਣ, ਗੈਰਕਾਨੂੰਨੀ ਮਾਇਨਿੰਗ ਬੰਦ ਕਰਨ, ਅਮਰੀਕੀ ਤੇਲ ਕੰਪਨੀ ਸਟੈਂਡਰਡ ਆਇਲ ਕੰਪਨੀ ਨੂੰ ਦੇਸ਼ ਚੋਂ ਬਾਹਰ ਕੱਢਕੇ ਰਾਸ਼ਟਰੀ ਤੇਲ ਕੰਪਨੀ ਬਣਾਕੇ ਉਸਦਾ ਕੌਮੀਕਰਨ ਕਰਨ, ਖੇਤੀ ਸੁਧਾਰ ਲਾਗੂ ਕਰਨ, ਸਰਕਾਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਆਦਿ ਬੁਨਿਆਦੀ ਮੁੱਦਿਆਂ ਨੂੰ ਉਭਾਰਦਾ ਰਿਹਾ। 1999 'ਚ ਉਸਦੀ ਜਿੱਤ ਤੋਂ ਬਾਅਦ ਉਗੋ ਚਾਵੇਜ ਨੇ ਆਪਣੇ ਕਿਊਬਾ ਦੌਰੇ ਤੋਂ ਬਾਅਦ ਕਿਊਬਾ ਸਰਕਾਰ ਦੇ ਸਹਿਯੋਗ ਨਾਲ ਵੈਨਜ਼ੂਏਲਾ 'ਚ 'ਸਮਾਜਵਾਦੀ ਕਿਸਮ' ਦਾ ਮਾਡਲ ਅਮਲੀ ਤੌਰ ਤੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ। 2002 'ਚ ਜਾਰਜ ਬੁਸ਼ ਦੀ ਹਕੂਮਤ ਸਮੇਂ ਉਗੋ ਚਾਵੇਜ ਨੂੰ ਅੰਤਰਰਾਸ਼ਟਰੀ ਮੀਡੀਆ 'ਚ 'ਰਾਖਸ਼ਸ਼' ਦੇ ਰੂਪ 'ਚ ਪੇਸ਼ ਕਰਕੇ ਉਸਦੇ ਖਿਲਾਫ ਫੌਜੀ ਕਾਰਵਾਈ ਕਰਕੇ ਗੱਦੀ ਤੋਂ ਲਾਹ ਦਿੱਤਾ ਗਿਆ ਪ੍ਰੰਤੂ ਲੋਕਾਂ ਦੇ ਤਿੱਖੇ ਵਿਰੋਧ ਕਾਰਨ 48 ਘੰਟਿਆਂ ਦੇ ਅੰਦਰ ਹੀ ਉਗੋ ਚਾਵੇਜ ਫਿਰ ਸੱਤਾ 'ਚ ਆ ਗਿਆ। ਅਮਰੀਕਾ ਦੀ ਇਸ ਫੌਜੀ ਦਖਲਅੰਦਾਜੀ ਨੂੰ ਚਾਵੇਜ ਨੇ ਆਪਣੀ ਫੌਜੀ ਕੂਟਨੀਤੀ ਅਤੇ ਸੰਗੀ ਖੱਬੇਪੱਖੀ ਦੇਸ਼ਾਂ ਦੇ ਸਹਿਯੋਗ ਨਾਲ ਬਿਫਲ ਕਰ ਦਿੱਤਾ ਸੀ। ਵੈਨਜ਼ੂਏਲਾ ਕਿਊਬਾ ਤੋਂ ਬਾਅਦ ਦੂਜਾ ਅਜਿਹਾ ਮੁਲਕ ਸੀ ਜੋ ਅਮਰੀਕੀ ਸਾਮਰਾਜ ਨੂੰ ਤਿੱਖੀ ਚੁਣੌਤੀ ਪੇਸ਼ ਕਰ ਰਿਹਾ ਸੀ ਅਤੇ ਹੂਗੋ ਚਾਵੇਜ ਬਾਕੀ ਦੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਖੱਬੇਪੱਖੀਆਂ ਨੂੰ ਇਕਜੁੱਟ ਕਰਨ ਵਿਚ ਸਭ ਤੋਂ ਅਹਿਮ ਭੂਮਿਕਾ ਨਿਭਾ ਰਿਹਾ ਸੀ। ਅਮਰੀਕਾ ਲਈ ਇਹ ਇਕ ਵੱਡੀ ਚੁਣੌਤੀ ਸੀ ਅਤੇ ਉਹ ਵੈਨਜ਼ੂਏਲਾ ਨੂੰ ਚਿੱਲੀ ਵਾਲਾ ਸਬਕ ਸਿਖਾਉਣ ਦੀ ਤਾਕ 'ਚ ਸੀ। ਇਸ ਲਈ ਆਪਣੀ ਫੌਜੀ ਕਾਰਵਾਈ ਦੀ ਨਾਕਾਮੀ ਤੋਂ ਬਾਅਦ ਅਮਰੀਕਾ ਨੇ ਵੈਨਜ਼ੂਏਲਾ ਦੀ ਆਰਥਿਕ ਨਾਕਾਬੰਦੀ ਸ਼ੁਰੂ ਕਰ ਦਿੱਤੀ। ਇਸ ਆਰਥਿਕ ਨਾਕਾਬੰਦੀ ਅਤੇ ਉਗੋ ਚਾਵੇਜ ਦੇ ਅਸਪੱਸ਼ਟ ਵਿਚਾਰਧਾਰਕ-ਸਿਆਸੀ ਪ੍ਰੋਗਰਾਮ ਦੇ ਸਿੱਟੇ ਵਜੋਂ ਵੈਨਜ਼ੂਏਲਾ ਦੀ ਆਰਥਿਕਤਾ 'ਚ ਤੇਲ ਕੀਮਤਾਂ ਨੂੰ ਕੰਟਰੋਲ ਕਰਨ ਅਤੇ ਉਸ ਦੁਆਰਾ ਹੋਰਨਾ ਖੇਤਰਾਂ 'ਚ ਕੀਤੇ ਸੁਧਾਰਾਂ ਨਾਲ ਜੋ ਵਕਤੀ ਤੇਜੀ ਆਈ ਸੀ ਜਲਦੀ ਹੀ ਉਸਦਾ ਪਤਨ ਹੋਣਾ ਸ਼ੁਰੂ ਹੋ ਗਿਆ। ਉਗੋ ਚਾਵੇਜ ਭਾਵੇਂ ਸਮਾਜਵਾਦੀ ਵਿਚਾਰਧਾਰਾ ਦਾ ਧਾਰਨੀ ਸੀ ਪ੍ਰੰਤੂ ਉਹ ਵੈਨਜ਼ੂਏਲਾ ਦੀ ਆਰਥਿਕਤਾ 'ਚ ਕੁਝ ਕੁ ਕ੍ਰਾਂਤੀਕਾਰੀ ਸੁਧਾਰ ਕਰਨ ਤੋਂ ਇਲਾਵਾ ਇੱਥੇ ਬੁਨਿਆਦੀ ਤੌਰ ਤੇ ਸਮਾਜਵਾਦੀ ਆਰਥਿਕਤਾ ਦਾ ਮਾਡਲ ਕਾਇਮ ਨਹੀਂ ਕਰ ਸਕਿਆ। ਉਸਨੇ ਸਮਾਜਵਾਦੀ ਰੂਸ ਅਤੇ ਚੀਨ ਵਾਂਗ ਵੈਨਜ਼ੂਏਲਾ ਅੰਦਰ ਪੈਦਾਵਰੀ ਸਾਧਨਾਂ ਅਤੇ ਪੈਦਾਵਰੀ ਸਬੰਧਾਂ ਨੂੰ ਸਮਾਜਵਾਦੀ ਲੀਹਾਂ ਉੱਤੇ ਉਸਾਰਨ ਦੀ ਕੋਈ ਬੁਨਿਆਦੀ ਜੱਦੋਜਹਿਦ ਨਹੀਂ ਕੀਤੀ। ਇਸ ਲਈ ਮੌਜੂਦਾ ਸੰਕਟ ਕੇਵਲ ਅਮਰੀਕਾ ਦੁਆਰਾ ਵੈਨਜ਼ੂਏਲਾ ਦੀ ਕੀਤੀ ਆਰਥਿਕ ਨਾਕਾਬੰਦੀ ਕਾਰਨ ਹੀ ਪੈਦਾ ਨਹੀਂ ਹੋਇਆ ਬਲਕਿ ਇਸਦੇ ਪਿੱਛੇ ਬੁਨਿਆਦੀ ਕਾਰਨ ਵੈਨਜ਼ੂਏਲਾ ਅੰਦਰ ਸਮਾਜਵਾਦ ਅਤੇ ਸ਼ੋਸ਼ਲ ਡੈਮੋਕਰੇਸੀ ਦੇ ਨਾਂ ਹੇਠ ਪੂੰਜੀਵਾਦੀ ਵਿਵਸਥਾ ਦਾ ਸਦਾ ਕਾਇਮ ਅਤੇ ਵੱਧਦੇ-ਫੁਲਦੇ ਰਹਿਣਾ ਹੈ।ਮੌਜੂਦਾ ਰਾਸ਼ਟਰਪਤੀ ਨਿਕੋਲਸ ਮਾਦੂਰੋ, ਚਾਵੇਜ ਦਾ ਪੈਰੋਕਾਰ ਹੈ ਅਤੇ ਉਸਨੇ ਵੀ ਵੈਨਜ਼ੂਏਲਾ ਨੂੰ ਰਵਾਇਤੀ ਲੀਹਾਂ ਉੱਤੇ ਹੀ ਅੱਗੇ ਵਧਾਇਆ ਹੈ।

ਤੇਲ ਦੇ ਅਥਾਹ ਭੰਡਾਰ ਜਿੱਥੇ ਵੈਨਜ਼ੂਏਲਾ ਦੀ ਆਰਥਿਕਤਾ ਦੀ ਰੀੜ ਹਨ ਉੱਥੇ ਇਹ ਤੇਲ ਇਸ ਦੇਸ਼ ਦੀ ਬਰਬਾਦੀ ਦਾ ਵੀ ਵੱਡਾ ਕਾਰਨ ਬਣਿਆ ਹੋਇਆ ਹੈ। ਤੇਲ ਨੂੰ ਲੈ ਕੇ ਸਪੇਨੀ ਸਾਮਰਾਜ ਤੋਂ ਲੈਕੇ ਅਮਰੀਕਾ, ਚੀਨ ਅਤੇ ਰੂਸ ਦੀ ਇਸ ਖਿੱਤੇ ਉੱਤੇ ਲਗਾਤਾਰ ਬਾਜ ਅੱਖ ਹੈ। ਤੇਲ ਦੇ ਭੰਡਾਰ ਨੂੰ ਲੈ ਕੇ ਚੱਲਦੇ ਆ ਰਹੇ ਅੰਤਰ-ਸਾਮਰਾਜੀ ਖਹਿਭੇੜ ਚੋਂ ਅਮਰੀਕੀ ਸਾਮਰਾਜ ਇਸ ਖਿੱਤੇ ਨੂੰ ਲੈ ਕੇ ਸਭ ਤੋਂ ਵੱਧ ਉਤਾਵਲਾ ਹੈ। ਇੱਕ ਤਾਂ ਇਹ ਖਿੱਤਾ ਉਸਦੀ ਬਗਲ 'ਚ ਹੋਣ ਕਰਕੇ ਉਸਨੂੰ ਕੱਚਾ ਤੇਲ ਦਰਾਮਦ ਕਰਨ, ਸਸਤੀ ਢੋਆ-ਢੁਹਾਈ, ਰਾਸ਼ਟਰੀ ਤੇ ਅੰਤਰਰਾਸ਼ਟਰੀ ਟੈਕਸ ਅਤੇ ਬਿਨਾਂ ਜੰਗ ਲੜੇ ਹਾਸਲ ਕਰਨਾ ਬੇਹੱਦ ਸੌਖਾ ਹੈ। ਅਰਬ ਦੇ ਤੇਲ ਪ੍ਰਧਾਨ ਖਾੜੀ ਮੁਲਕਾਂ ਦੇ ਮੁਕਾਬਲੇ ਉਸਨੂੰ ਇਸ ਖਿੱਤੇ ਅੰਦਰ ਤਿੱਖੇ ਵਿਰੋਧ ਅਤੇ ਵੱਡੀਆਂ ਬਗਾਬਤਾਂ ਦਾ ਵੀ ਸਾਹਮਣਾ ਨਹੀਂ ਕਰਨਾ ਪੈ ਰਿਹਾ। ਅਮਰੀਕੀ ਪ੍ਰਸ਼ਾਸ਼ਨ ਵਾਸ਼ਿਗਟਨ ਅਤੇ ਵਾਲ ਸਟਰੀਟ ਦੇ ਪੂੰਜੀਪਤੀ ਘਰਾਣਿਆਂ ਦੇ ਹਿੱਤਾਂ ਲਈ ਵੈਨਜ਼ੂਏਲਾ ਅੰਦਰ ਕਠਪੁਤਲੀ ਸਰਕਾਰ ਸਥਾਪਿਤ ਕਰਕੇ ਤੇਲ ਬਲੌਕਾਂ ਉੱਤੇ ਕਬਜਾ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਤੇਲ ਟੈਕਸਾਂ ਵਿਚ ਕਟੌਤੀ ਕਰਕੇ ਵੈਨਜ਼ੂਏਲਾ ਨੂੰ ਖੁੱਲ੍ਹੀ ਮੰਡੀ 'ਚ ਤਬਦੀਲ ਕੀਤਾ ਜਾਵੇ। ਉੱਧਰ ਰੂਸ ਅਤੇ ਚੀਨ ਆਪਣੇ ਸਸਤਾ ਤੇਲ ਹਾਸਲ ਕਰਨ ਦੇ ਨਿੱਜੀ ਹਿੱਤਾਂ ਅਤੇ ਅਮਰੀਕੀ ਸਾਮਰਾਜ ਨਾਲ ਵਿਰੋਧ 'ਚੋਂ ਵੈਨਜ਼ੂਏਲਾ ਦੀ ਪੋਲੀ-ਪਤਲੀ ਪਿੱਠ ਥਾਪੜ ਰਹੇ ਹਨ। ਅਜਿਹੀ ਹਾਲਤ 'ਚ ਅਮਰੀਕਾ, ਰੂਸ ਅਤੇ ਚੀਨ ਦੇ ਹਾਕਮ ਵੈਨਜ਼ੂਏਲਾ ਦੇ ਲੋਕਾਂ ਦੇ ਸਕੇ ਨਹੀਂ ਹਨ। ਉਧਰ ਵੈਨਜ਼ੂਏਲਾ ਦੀ ਖੱਬੇਪੱਖੀ ਸਰਕਾਰ ਵੀ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਤੋਂ ਨਾਕਾਮ ਰਹਿ ਰਹੀ ਹੈ। ਅਜਿਹੇ 'ਚ ਅਮਰੀਕੀ ਹਕੂਮਤ ਸੰਕਟ 'ਚ ਘਿਰੇ ਵੈਨਜ਼ੂਏਲਾ ਦੇ ਲੋਕਾਂ ਦੀ ਮੱਦਦ ਦੀ ਬਜਾਏ ਸੰਕਟ ਦਾ ਲਾਹਾ ਲੈਣ ਦੀ ਤਾਕ 'ਚੋਂ ਹਾਲਤ ਨੂੰ ਹੋਰ ਵਿਗਾੜ ਰਹੀ ਹੈ ਅਤੇ ਵੈਨਜ਼ੂਏਲਾ ਦੇ ਲੋਕਾਂ ਉੱਪਰ ਪਰੌਕਸੀ ਜੰਗ ਦਾ ਪ੍ਰਯੋਗ ਕਰ ਰਹੀ ਹੈ। ਵੈਨਜ਼ੂਏਲਾ ਦੇ ਅੰਦਰੂਨੀ ਆਰਥਿਕ-ਸਿਆਸੀ ਮਾਮਲਿਆਂ 'ਚ ਅਮਰੀਕੀ ਸਾਮਰਾਜ ਦੀ ਦਖਲਅੰਦਾਜੀ ਇਕ ਗੈਰ-ਜਮਹੂਰੀ ਅਤੇ ਤਾਨਾਸ਼ਾਹ ਕਾਰਵਾਈ ਹੈ। ਵੈਨਜ਼ੂਏਲਾ ਦੀ ਕਿਸਮਤ ਦੇ ਮਾਲਕ ਵੈਨਜ਼ੂਏਲਾ ਦੇ ਲੋਕ ਹਨ, ਉਹਨਾਂ ਉਪਰ ਬਾਹਰੋਂ ਜੰਗੀ ਕਾਰਵਾਈਆਂ ਥੋਪਣਾਂ ਅਤੇ ਵੈਨਜ਼ੂਏਲਾ 'ਚ ਬੈਠੇ ਆਪਣੇ ਸੀਆਈਏ ਏਜੰਟਾਂ ਤੇ ਕੱਠਪੁੱਤਲੀ ਸ਼ਕਤੀਆਂ ਦੁਆਰਾ ਸਾਜਿਸ਼ਾਂ ਰਚਾਉਣੀਆਂ ਨਿੰਦਣਯੋਗ ਕਾਰਵਾਈ ਹੈ।

# ਪੂੰਜੀਵਾਦੀ ਸਿਸਟਮ-ਲੋਕਾਂ ਦੀ ਤਬਾਹੀ

ਸਫ਼ਾ 1 ਦੀ ਬਾਕੀ

ਤੇ ਨਹੀਂ ਜਾ ਸਕਦੇ, (ਨਾਂ ਹੀ ਉਹਨਾਂ ਲਈ ਕੋਈ ਕੰਪਨਸੇਸ਼ਨ ਦੀ ਸੁਵਿੱਧਾ ਹੈ) ਇਸ ਕਰਕੇ ਇਹ ਲੋਕ ਦਿਨੋਂ ਦਿਨ ਹੋਰ ਗਰੀਬ ਹੁੰਦੇ ਜਾ ਰਹੇ ਹਨ। ਰੋਟੀ ਰੋਜ਼ੀ ਦੀ ਖਾਤਿਰ ਭੱਜੇ ਫਿਰਦੇ ਲੋਕ ਵਿੱਦਿਆ ਤੋਂ ਵੀ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਉਹਨਾਂ ਦਾ ਸਾਰਾ ਦਿਨ ਤਾਂ ਢਿੱਡ ਦੇ ਆਲ਼ੇ ਦੁਆਲ਼ੇ ਹੀ ਚੱਕਰ ਕੱਟਦਾ ਰਹਿੰਦਾ ਹੈ ।ਸਰਕਾਰਾਂ ਦਾ ਇਹ ਹਾਲ ਹੈ ਕਿ ਸਰਕਾਰੀ ਸਕੂਲ ਦੁਨੀਆਂ ਭਰ ਵਿੱਚ ਹੀ ਬੰਦ ਹੋ ਰਹੇ ਹਨ ਜਾਂ ਬੰਦ ਕੀਤੇ ਜਾ ਰਹੇ ਹਨ ਕਿਉਂਕਿ ਸਰਕਾਰਾਂ ਕਹਿੰਦੀਆਂ ਹਨ ਕਿ ਇਹ ਸਰਕਾਰੀ ਸਕੂਲ ਮਾਰਕਸਵਾਦੀ ਪੈਦਾ ਕਰ ਰਹੇ ਹਨ ਜਿਹੜੇ ਕਿ ਕਿਸੇ ਦਿਨ ਇਸ ਲੁੱਟ-ਖਸੁੱਟ ਦੇ ਖਿਲਾਫ ਬਗਾਵਤ ਕਰਨਗੇ।

**ਪੂੰਜੀਵਾਦ ਇੱਕ ਲੁੱਟ ਖਸੁੱਟ ਦਾ ਸਿਸਟਮ :** ਅਮੀਰ ਮੁਲਕਾਂ ਵਿੱਚ ਵੀ ਆਮ ਲੋਕਾਂ ਦੀ ਲੁੱਟ ਖਸੁੱਟ ਸਾਰੀਆਂ ਹੱਦਾਂ ਪਾਰ ਕਰ ਗਈ ਹੈ, ਇਥੋਂ ਤੱਕ ਕੇ ਅਮੀਰ ਮੁਲਕਾਂ ਵਿੱਚ ਵੀ 10 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਸਨ 1990 ਵਿੱਚ ਅਮੀਰ ਮੁਲਕਾਂ ਦੇ 25 ਲੱਖ ਲੋਕ ਬੇਰੁਜ਼ਗਾਰ ਸਨ ਅਤੇ 2001 ਵਿੱਚ ਅਮੀਰ ਮੁਲਕਾਂ ਦੇ ਬੇਰੁਜ਼ਗਾਰਾਂ ਦੀ ਗਿਣਤੀ 40 ਲੱਖ ਤੋਂ ਵੀ ਵੱਧ ਸੀ । ਕੈਨੇਡਾ ਵਿੱਚ 20 ਪਰਸੈਂਟ ਲੋਕਾਂ ਨੂੰ ਸਿਰਫ ਤੇ ਸਿਰਫ ਢਿੱਡ ਦਾ ਫਿਕਰ ਹੈ । ਅਮਰੀਕਾ ਵਿੱਚ 3 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ 13 ਮਿਲੀਅਨ ਬੱਚੇ ਭੁੱਖ ਮਰੀ ਦਾ ਸ਼ਿਕਾਰ ਹਨ। ਇਕੱਲੇ ਅਮਰੀਕਾ ਵਿੱਚ 15 ਲੱਖ ਲੋਕਾਂ ਕੋਲ਼ ਖਾਣ ਲਈ ਰੱਜਵਾਂ ਖਾਣਾ ਨਹੀਂ ਹੈ। ਜਰਮਨ ਵਿੱਚ 60 ਲੱਖ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਕੈਨੇਡਾ ਵਿੱਚ ਲੱਖਾਂ ਹੀ ਆਦੀਵਾਸੀ ਅਤੇ ਇੰਮੀਗਰੈਂਟ ਬਹੁਤ ਹੀ ਘੱਟ ਤਨਖ਼ਾਹ ਤੇ ਕੰਮ ਕਰ ਰਹੇ ਹਨ। ਦੁਨੀਆਂ ਤੇ ਗਰੀਬ ਅਮੀਰ ਦਾ ਪਾੜਾ ਇਸ ਕਦਰ ਵੱਧ ਰਿਹਾ ਹੈ ਕਿ ਸਿਰਫ 5 ਪਰਸੈਂਟ ਅਮੀਰ ਲੋਕ ਪੈਦਾ ਹੋ ਰਹੀ ਕੁੱਲ ਦੌਲਤ ਦਾ ਬਹੁੱਤ ਵੱਡਾ ਹਿੱਸਾ ਹੜੱਪ ਰਹੇ ਹਨ। ਪੂੰਜੀਵਾਦੀ ਸਿਸਟਮ ਦੀਆਂ ਕਾਰਪੋਰੇਟ ਫੈਕਟਰੀਆਂ ਹੋਰ ਕੁੱਝ ਨਹੀਂ ਸਿਰਫ ਜੇਲ਼ਾ ਹਨ, ਜਿੱਥੇ ਕਿ ਕਾਮਿਆਂ ਦੀ ਕਿਰਤ ਦੀ ਲੁੱਟ ਕੀਤੀ ਜਾਂਦੀ ਹੈ ਤਾਂ ਕਿ ਵੱਧ ਤੋਂ ਵੱਧ ਨਫਾ ਕਮਾਇਆ ਜਾ ਸਕੇ। ਇਹਨਾਂ ਫੈਕਟਰੀਆਂ ਵਿੱਚ ਕਾਮਿਆਂ ਨੂੰ ਮਾਨਸਿਕ ਅਤੇ ਸਰੀਰਿਕ ਬਿਮਾਰੀਆਂ ਵੀ ਲੱਗਦੀਆਂ ਹਨ, ਪਰ ਕੋਈ ਇਸਦੀ ਪਰਵਾਹ ਨਹੀਂ ਕਰਦਾ ਕਾਮਿਆਂ ਨੂੰ ਕੋਈ ਸ਼ਕਾਇਤ ਕਰਨ ਦਾ ਅਧਿਕਾਰ ਵੀ ਨਹੀਂ ਹੈ, ਸਗੋਂ ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਮਾਲਕ ਦਾ ਹੁਕਮ ਮੰਨਣਾ ਪੈਣਾ ਹੈ, ਨਹੀਂ ਤਾਂ ਕੰਮ ਤੋਂ ਛੁੱਟੀ। ਇਹੋ ਜਿਹੀ ਹਾਲਤ ਵਿੱਚ ਕਾਮਿਆਂ ਨੂੰ ਆਪਦੇ ਕੰਮ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ ਸਗੋਂ ਉਹ ਰੋਬਾਟ ਦੀ ਤਰਾਂ ਕੰਮ ਕਰਦੇ ਹਨ । ਜੇਕਰ ਕੋਈ ਕਾਮਾ ਕੰਮ ਤੇ ਮਰ ਵੀ ਜਾਂਦਾ ਹੈ ਤਾਂ ਉਸਨੂੰ ਮਸ਼ੀਨ ਦੇ ਪੁਰਜੇ ਦੀ ਤਰਾਂ ਰੀਪਲੇਸ ਕਰ ਦਿੱਤਾ ਜਾਂਦਾ ਹੈ। ਕਿਸਾਨਾਂ ਨੂੰ ਫਸਲਾਂ ਦੇ ਭਾਅ ਵੀ ਪਰੌਪਰ ਨਹੀਂ ਦਿੱਤੇ ਜਾਂਦੇ, ਸਗੋਂ ਉਹਨਾਂ ਨੂੰ ਵੱਧ ਤੋਂ ਵੱਧ ਕਰਜ਼ਾ ਦਿੱਤਾ ਜਾਂਦਾ ਹੈ, ਜਦ ਫਾਰਮਰ ਇਹ ਕਰਜ਼ਾ ਨਹੀਂ ਚੁਕਾ ਸਕਦਾ ਤਾਂ ਇਹ ਜ਼ਮੀਨ ਕਾਰਪੋਰੇਸ਼ਨ ਕੋਲ਼ ਚਲੀ ਜਾਂਦੀ ਹੈ ਅਤੇ ਫਾਹਾ ਲੈ ਲੈਂਦਾ ਹੈ। ਕਾਰਪੋਰੇਸ਼ਨਾਂ ਖੇਤੀ ਨੂੰ ਵੀ ਕਾਰਪੋਰੇਟ ਕਰਕੇ ਕਿਸਾਨਾਂ ਨੂੰ ਦਿਹਾੜੀਏ ਬਨਾਉਣਾਂ ਚਾਂਹੁਦੀਆਂ ਹਨ। ਜੇਕਰ ਕਿਸੇ ਫਰਮ ਦਾ ਪਰੌਫਿਟ ਘਟ ਜਾਂਦਾ ਹੈ ਤਾਂ ਫਰਮਾਂ ਮਰਜ ਹੋ ਜਾਂਦੀਆਂ ਹਨ ਤੇ ਇਸਤਰਾਂ ਵਾਧੂ ਕਾਮਿਆਂ ਦੀ ਛੁੱਟੀ ਕੀਤੀ ਜਾਂਦੀ ਹੈ। ਹਮੇਸ਼ਾਂ ਹੀ ਸਾਇੰਸ ਦੀਆਂ ਕਾਢਾਂ ਨੂੰ ਆਟੋਮੇਸ਼ਨ ਲਈ ਵਰਤਿਆ ਜਾਂਦਾ ਹੈ ਤਾਂ ਕਿ ਘੱਟ ਤੋਂ ਘੱਟ ਕਾਮਿਆਂ ਤੋਂ ਵੱਧ ਤੋਂ ਵੱਧ ਕੰਮ ਲਿਆ ਜਾ ਸਕੇ।

**ਵਾਤਾਵਰਣ ਦੀ ਤਬਾਹੀ :** ਹੁਣ ਜੇਕਰ ਵਾਤਾਵਰਣ ਦੀ ਤਬਾਹੀ ਦੀ ਗੱਲ ਕਰੀਏ ਤਾਂ ਇਸਦੇ ਲਈ ਗਰੀਬ ਲੋਕ ਤਾਂ ਜਿੰਮੇਵਾਰ ਨਹੀਂ ਹਨ, ਸਗੋਂ ਇਸਦੇ ਲਈ ਫੈਕਟਰੀਆਂ ਦੇ ਲਾਲਚੀ ਮਾਲਕ ਜਿੰਮੇਵਾਰ ਹਨ। ਵੱਧ ਤੋਂ ਵੱਧ ਕੈਮੀਕਲ ਗੰਦ ਦਰਿਆਂਵਾਂ ਵਿੱਚ ਪਾਇਆ ਜਾ ਰਿਹਾ ਹੈ, ਜੇਕਰ ਪੰਜਾਬ ਤੇ ਨਜ਼ਰ ਮਾਰੀਏ ਤਾਂ ਪੰਜਾਬ ਦੀਆਂ ਨਹਿਰਾਂ ਇਸਦਾ ਸਬੂਤ ਹਨ। ਇਕੱਲੇ ਪੰਜਾਬ ਵਿੱਚ 10 ਹਜ਼ਾਰ ਬੋਰ ਫੜੇ ਗਏ ਹਨ ਜਿਹੜੇ ਕਿ ਉਦਯੋਗਿਕ ਗੰਦ ਧਰਤੀ ਦੇ ਢਿੱਡ ਵਿੱਚ ਪਾਉਣ ਲਈ ਵਰਤੇ ਜਾਂਦੇ ਸਨ। ਅਫਰੀਕਾ ਦੇ ਟਿੱਬਿਆਂ ਵਿੱਚ ਵਿਕਸਤ ਦੇਸ਼ਾਂ ਦਾ ਪਰਮਾਣੂ ਵੇਸਟ ਦੱਬਿਆ ਜਾਂਦਾ ਹੈ। ਪਰਮਾਣੂ ਪਲਾਂਟਾਂ ਦਾ ਨਿਊਕਲੀਅਰ ਵੇਸਟ ਜਦ ਲੀਕ ਹੋ ਜਾਂਦਾ ਹੈ ਤਾ ਮਨੁੱਖੀ ਅਤੇ ਜੀਅ ਜੰਤ ਜਾਨਾਂ ਚਲੀਆਂ ਜਾਂਦੀਆਂ ਹਨ। ਲੜਾਈਆਂ ਵਿੱਚ ਵਰਤਿਆ ਗਿਆ ਲੱਖਾਂ ਟਨ ਯੂਰੇਨੀਅਮ ਯੂਗੋਸਲਾਵੀਆ, ਇਰਾਕ, ਲਿਬੀਆ ਦੀ ਧਰਤੀ ਦਾ ਫਾਹਾ ਵੱਡ ਰਿਹਾ ਹੈ। ਪੂੰਜੀਵਾਦ ਨੂੰ ਹਰ ਵੇਲ਼ੇ ਘਾਟੇ ਦਾ ਨਹੀਂ ਸਗੋਂ ਘਟਦੇ ਹੋਏ ਨਫ਼ੇ ਦਾ ਫਿਕਰ ਲੱਗਿਆ ਰਹਿੰਦਾ ਹੈ। ਇਸਦੇ ਲਈ ਕਦੇ ਇਰਾਕ ਦੀ ਤਬਾਹੀ, ਕਦੇ ਲਿੱਬੀਆ ਕਦੇ ਸੀਰੀਆ ਅਤੇ ਅੱਜ ਕੱਲ੍ਹ ਪੂੰਜੀਵਾਦ ਦਾ ਸਾਰਾ ਨਜਲਾ ਵੈਂਜ਼ੂਐਲਾ ਤੇ ਡਿੱਗ ਰਿਹਾ ਹੈ। ਜੇਕਰ ਕੋਈ ਦੇਸ਼ ਕੁਦਰਤੀ ਸਾਧਨਾਂ ਨਾਲ਼ ਭਰਪੂਰ ਹੈ ਅਤੇ ਉਥੋਂ ਦੀ ਸਰਕਾਰ ਸਰਮਾਏਦਾਰ ਦੇਸ਼ਾਂ ਦੇ ਇਸ਼ਾਰਿਆਂ ਤੇ ਨਹੀਂ ਚੱਲ ਰਹੀ ਤਾਂ ਉਥੇ ਇਹ ਆਪਦੇ ਪੱਪਟ ਖੜੇ ਕਰ ਦਿੰਦੇ ਹਨ, ਦੇਸ਼ ਤੇ ਸੈਂਕਸ਼ਨਾਂ ਲਾ ਕੇ ਉਸ ਮੁਲਕ ਦੀ ਆਰਥਿਕਤਾ ਦਾ ਗਲ਼ਾ ਘੁੱਟ ਦਿੱਤਾ ਜਾਂਦਾ ਹੈ, ਲੋਕਾਂ ਨੂੰ ਆਪਦੀ ਸਰਕਾਰ ਦੇ ਗਲ਼ ਪੁਆ ਦਿੱਤਾ ਜਾਂਦਾ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜੌਹਨ ਬਲਟਨ ਵਰਗਾ ਅਮਰੀਕੀ ਸ਼ਰੇਆਮ ਕਹਿ ਰਿਹਾ ਹੈ ਕਿ ਸਾਨੂੰ ਵੈਂਜ਼ੂਐਲਾ ਦਾ ਤੇਲ ਚਾਹੀਦਾ ਹੈ ਪਰ ਲੋਕ ਚੁਗ਼ਲਖੋਰ ਮੀਡੀਏ ਨੇ ਇੰਨੇ ਗੁਮਰਾਹ ਕੀਤੇ ਹੋਏ ਹਨ ਕਿ ਲੋਕ ਅਮਰੀਕਾ ਦੀ ਇਸ ਚਾਲ ਨੂੰ ਸਮਝ ਹੀ ਨਹੀਂ ਰਹੇ। ਪਹਿਲਾਂ ਸੈਂਕਸ਼ਨਾਂ ਲਾ ਕੇ ਲੋਕਾਂ ਨੂੰ ਭੁੱਖੇ ਮਾਰਿਆ ਜਾਂਦਾ ਹੈ , ਫਿਰ ਏਡ ਭੇਜੀ ਜਾਂਦੀ ਹੈ, ਜਿਸ ਤਰ੍ਹਾਂ ਮੱਛੀ ਨੂੰ ਫਸਾਉਣ ਲਈ ਕੁੰਡੀ ਤੇ ਬੇਟ ਲਾਈ ਜਾਂਦੀ।

ਦੁਨੀਆਂ ਭਰ ਦਾ ਮੀਡੀਆ ਇੱਕ ਚੁਗਲਖੋਰ ਬੁੜੀ ਦੀ ਭੂਮਿਕਾ ਨਿਭਾ ਰਿਹਾ ਹੈ। ਮੀਡੀਏ ਨੂੰ ਬੁਰਕੀਆਂ ਸੁੱਟ ਕੇ ਜਿਸਨੂੰ ਮਰਜ਼ੀ ਬਦਨਾਮ ਕੀਤਾ ਜਾਂਦਾ ਹੈ ਅਤੇ ਜਿਸਨੂੰ ਮਰਜ਼ੀ ਹੀਰੋ ਬਣਾ ਦਿੱਤਾ ਜਾਂਦਾ ਹੈ । ਇਹ ਸਰਮਾਏਦਾਰ ਇਹ ਵੀ ਨਹੀਂ ਸੋਚਦੇ ਕਿ ਜਿਸ ਤਰ੍ਹਾਂ ਇਹ ਧਰਤੀ, ਹਵਾ, ਪਾਣੀ ਦੀ ਤਬਾਹੀ ਕਰ ਰਹੇ ਹਨ, ਆਖਰਕਾਰ ਇਹਨਾਂ ਨੇ ਵੀ ਇਸੇ ਧਰਤੀ ਤੇ ਰਹਿਣਾ ਹੈ। ਜਿਹਨਾਂ ਲੋਕਾਂ ਨੂੰ ਇਹਨਾਂ ਪੂੰਜੀਪਤੀਆਂ ਨੇ ਆਪਦਾ ਸਮਾਨ ਵੇਚਣਾ ਹੈ ਜੇਕਰ ਉਹਨਾਂ ਕੋਲ਼ ਕੋਈ ਪੈਸਾ ਹੀ ਨਾਂ ਰਿਹਾ ਤਾਂ ਉਹ ਇਹਨਾਂ ਦਾ ਸਮਾਨ ਕਿਸ ਤਰ੍ਹਾਂ ਖਰੀਦਣਗੇ। ਪਰ ਅੱਜ ਕੱਲ੍ਹ ਤਾਂ ਪੂੰਜੀਪਤੀਆਂ ਨੂੰ ਦੌਲਤ ਦੇ ਨਸ਼ੇ ਵਿੱਚ ਕੁੱਝ ਵੀ ਨਹੀਂ ਦਿਸ ਰਿਹਾ। ਜਦੋਂ ਬਰਲਨ ਵਾਲ ਡਿੱਗੀ ਤਾਂ ਪੂੰਜੀਵਾਦੀਆਂ ਨੇ ਜਸ਼ਨ ਮਨਾਏ ਕਿ ਸਮਾਜਵਾਦ ਮਰ ਗਿਆ ਹੈ ਪਰ ਨੇਪਾਲ ਪੀਰੂ ਫਿਲਪੀਨ ਬੋਲੀਵੀਆ ਦੀਆਂ ਘਟਨਾਂਵਾਂ ਨੇ ਪੂੰਜੀਵਾਦ ਨੂੰ ਇੱਕ ਵਾਰ ਫਿਰ ਡਰਾ ਦਿੱਤਾ ਹੈ। ਇਹ ਸੱਚ ਹੈ ਕਿ ਪੂੰਜੀਵਾਦ ਨੂੰ ਜੇਕਰ ਕੋਈ ਚੈਲੇਂਜ ਕਰ ਸਕਦਾ ਹੈ ਤਾਂ ਇਹ ਕਮਿਊਨਿਸਟ ਹੀ ਹਨ। ਸਮਾਜਵਾਦ ਦੁਨੀਆ ਦਾ ਭਵਿੱਖ ਹੈ। ਲੁੱਟੇ ਲਤਾੜੇ ਭੁੱਖੇ ਲੋਕਾਂ ਨੂੰ ਕੁੱਝ ਚਿਰ ਲਈ ਤਾਂ ਗੁੰਮਰਾਹ ਕੀਤਾ ਜਾ ਸਕਦਾ ਹੈ ਪਰ ਬਹੁਤਾ ਚਿਰ ਨਹੀਂ। ਹੁਣ ਤਾਂ ਦੁਨੀਆਂ ਦੀ ਸੂਪਰ ਪਾਵਰ ਦੀ ਗੱਦੀ ਤੇ ਬੈਠਾ ਟਰੰਪ ਵੀ ਇਹ ਮੰਨ ਰਿਹਾ ਹੈ ਕਿ ਜੇਕਰ ਸਾਨੂੰ ਕੋਈ ਖਤਰਾ ਹੈ ਤਾਂ ਉਹ ਸਮਾਜਵਾਦ ਤੋਂ ਹੈ।

ਮੋਹਨ ਸਿੰਘ

# ਮੋਦੀ ਸਰਕਾਰ ਵੱਲੋਂ ਆਰ.ਬੀ.ਆਈ. ਦੀ ਖ਼ੁਦਮੁਖਤਿਆਰੀ ਦਾ ਜਨਾਜ਼ਾ




ਮੋਦੀ ਸਰਕਾਰ ਨੇ ਆਪਣੀ ਹਕੂਮਤ ਦੇ ਸਾਢੇ ਚਾਰ ਸਾਲਾਂ ਦੌਰਾਨ ਇਸ ਮੌਜੂਦਾ ਪੂੰਜੀਵਾਦੀ-ਸਾਮਰਾਜੀ ਲੁਟੇਰੇ ਪ੍ਰਬੰਧ ਨੂੰ ਸੰਚਾਲਤ ਕਰਨ ਵਾਲੀਆਂ ਹੋਰ ਕੇਂਦਰੀ ਸੰਸਥਾਵਾਂ ਵਾਂਗ ਹੁਣ ਆਰਬੀਆਈ ਦੀ 'ਖੁਦਮੁਖਤਿਅਰੀ' ਦਾ ਵੀ ਜਨਾਜ਼ਾ ਕੱਢ ਕੇ ਰੱਖ ਦਿੱਤਾ ਹੈ। ਜਿਸ ਕਰਕੇ ਆਰਬੀਆਈ ਦੇ ਗਵਰਨਰ ਉਰਜਿੱਤ ਪਟੇਲ ਨੂੰ ਅਸਤੀਫ਼ਾ ਦੇਣਾ ਹੈ। ਅਸਲ ਵਿਚ ਵਿਧਾਨ ਸਭਾਵਾਂ ਅਤੇ ਵਿਸ਼ੇਸ਼ ਕਰਕੇ ਲੋਕ ਸਭਾ ਚੋਣਾਂ ਜਿੱਤ ਕੇ ਰਾਜ ਸੱਤਾ 'ਤੇ ਬਿਰਾਜਮਾਨ ਹੋਣ ਲਈ ਭਾਜਪਾ ਹਰ ਕਿਸਮ ਦੇ ਹਰਬੇ ਵਰਤਣ ਲਈ ਉਤਾਰੂ ਹੈ।ਪਰ ਮੋਦੀ ਸਰਕਾਰ ਨੂੰ ਚੋਣਾਂ ਜਿੱਤਣ ਲਈ ਵੱਡੇ ਪੱਧਰ 'ਤੇ ਸਰਕਾਰੀ ਪੂੰਜੀ ਦੀ ਜ਼ਰੂਰਤ ਹੈ। ਪਰ ਭਾਰਤੀ ਆਰਥਿਕਤਾ ਇਕ ਗੰਭੀਰ ਸੰਕਟ ਵਿਚ ਫਸੀ ਹੋਣ ਕਰਕੇ ਚੋਣਾਂ ਲਈ ਸਰਕਾਰੀ ਬਜਟ ਦਾ ਮੂੰਹ ਖੋਲ੍ਹਣ ਲਈ ਮੋਦੀ ਸਰਕਾਰ ਦਾ ਕਾਫੀਆਂ ਕਾਫੀ ਤੰਗ ਹੈ। ਮੋਦੀ ਸਰਕਾਰ ਦੇ 'ਚੰਗੇ ਦਿਨ ਆਨੇ ਵਾਲੇ', 'ਮੇਕ ਇਨ ਇੰਡੀਆ', 'ਸਕਿਲ ਇੰਡੀਆਂ', 'ਡਿਜੀਟਲ ਇੰਡੀਆ', 'ਨੋਟਬੰਦੀ', 'ਜੀਐਸਟੀ' ਦੇ ਸਭ ਜੁਮਲੇ ਫੇਲ੍ਹ ਹੋ ਚੁੱਕੇ ਹਨ। ਦਸ ਲੱਖ ਕਰੋੜ ਰੁਪਏ ਵੱਟੇ ਦੇ ਖਾਤੇ ਬਣਨ ਕਰਕੇ ਭਾਰਤੀ ਬੈਂਕਾਂ ਦੇ ਜਰਜਰਾ ਹੋ ਚੁੱਕੀਆਂ ਹਨ ਅਤੇ ਇਹਤਿਆਤ ਨਾਲ ਕਰਜ਼ਾ ਦੇਣ ਲਈ 21 ਸਰਕਾਰੀ ਬੈਂਕਾਂ ਵਿਚੋਂ 11 ਬੈਂਕਾਂ ਨੂੰ ਆਰਬੀਆਈ ਵੱਲੋਂ 'ਫੌਰੀ ਦਰੁਸਤੀ ਕਾਰਵਾਈ' ਦੀ ਨਿਗਰਾਨੀ ਅਧੀਨ ਰੱਖਿਆ ਹੋਇਆ ਹੈ। ਮੈਗਾ ਪ੍ਰੋਜੈਕਟਾਂ ਅਤੇ ਰੀਅਲ ਇਸਟੇਟ ਨੂੰ ਕਰਜ਼ਾ ਦੇਣ ਵਾਲੀਆਂ ਗੈਰ-ਬੈਂਕ ਵਿਤੀ ਕੰਪਨੀਆਂ ਦੇ ਪੈਸੇ ਫਸੇ ਹੋਏ ਹਨ ਭਾਰਤ ਦੀ ਵਕਾਰੀ ਗੈਰ-ਬੈਂਕ ਵਿਤੀ ਕੰਪਨੀ 'ਇੰਫਰਾਸਟਰਕਚਰ ਲੀਜਿੰਗ ਅਤੇ ਫਾਈਨੈਂਸ ਸਰਵਿਸ' (ਆਈਐਲ ਅਤੇ ਐਫਐਸ) 94,000 ਕਰੋੜ ਰੁਪਏ ਦੀ ਕਰਜ਼ਈ ਹੋ ਕੇ ਡਿਫਾਲਟਰ ਹੋਣ ਕਰਕੇ ਇਸ ਦੀ ਵਬਾ ਹੋਰ ਗੈਰ-ਵਿੱਤੀ ਕੰਪਨੀਆਂ ਤੱਕ ਫੈਲਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ ਅਤੇ ਕੋਈ ਵੀ ਬੈਂਕ ਇਸ ਵਿਤੀ ਕੰਪਨੀ ਨੂੰ ਕਰਜ਼ਾ ਦੇਣ ਲਈ ਤਿਆਰ ਨਾ ਹੋਣ ਕਰਕੇ ਸਰਕਾਰ ਨੇ ਇਸ ਨੂੰ ਗਲੇ ਲਗਾ ਲਿਆ ਹੈ।

ਲੋਕ ਸਭਾ ਚੋਣਾਂ ਸਮੇਂ ਲੋਕ ਲਭਾਊ ਨਾਅਰੇ ਦੇਣ ਲਈ ਵੱਡੀ ਪੂੰਜੀ ਜਟਾਉਣ ਲਈ ਹੱਥ ਪੱਲਾ ਮਾਰ ਰਹੀ ਮੋਦੀ ਸਰਕਾਰ ਦਾ ਕਿਸੇ ਪਾਸੇ ਹੱਥ ਨਾ ਪੈਣ ਕਰਕੇ ਇਸ ਨੇ ਪੈਸੇ ਬਟੋਰਨ ਲਈ ਆਰਬੀਆਈ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਇਸ ਨੇ ਆਰਬੀਆਈ ਕੋਲ ਆਰਥਿਕ ਮੰਦਵਾੜੇ ਵਰਗੀਆਂ ਹੰਗਾਮੀ ਹਾਲਤਾਂ ਨਾਲ ਨਜਿੱਠਣ ਲਈ ਰੱਖੀ ਰਾਖਵੀਂ 9.7 ਲੱਖ ਕਰੋੜ ਰੁਪਏ ਦੀ ਪੂੰਜੀ 'ਆਰਥਿਕ ਪੂੰਜੀ' ਵਿਚੋਂ 3.2 ਲੱਖ ਕਰੋੜ ਰੁਪਏ ਸਰਕਾਰ ਦੇ ਹਵਾਲੇ ਕਰਨ ਅਤੇ ਆਰਬੀਆਈ ਵੱਲੋਂ ਵੱਟੇ ਖਾਤੇ ਵਿਚ ਫਸੀਆਂ ਬੈਂਕਾਂ ਨੂੰ ਕਰਜ਼ੇ ਸੰਭਲ ਕੇ ਦੇਣ ਲਈ ਇਹਤਿਆਤ ਵਜੋਂ 'ਫੌਰੀ ਦਰੁਸਤੀ ਕਾਰਵਾਈ' ਅਧੀਨ ਰੱਖੇ ਚੌਖਟੇ ਤੋਂ ਬਾਹਰ ਕਰਕੇ ਕਰਜ਼ੇ ਦੇਣ ਦੀ ਖੁਲ੍ਹ ਦੇਣ ਲਈ ਦਬਾਅ ਪਾਉਣਾ ਸ਼ੁਰੂਕਰ ਦਿੱਤਾ। (ਵਿੱਤ ਮੰਤਰਾਲੇ ਨੇ ਇਹ 'ਕਾਰਨਾਮਾ' ਆਰਬੀਆਈ ਦੇ ਕਾਨੂੰਨ 7 (1) ਲਾਗੂ ਕਰਕੇ ਕੀਤਾ ਜੋ ਆਰਬੀਆਈ ਨੂੰਸਰਕਾਰ ਦੀ ਕਿਸੇ ਵੀ ਹਦਾਇਤ ਦਾ ਪਾਲਣ ਕਰਨਲਈ ਮਜਬੂਰ ਕਰ ਸਕਦਾ ਹੈ ਅਤੇ ਆਰਬੀਆਈ ਦੇ 74 ਸਾਲਾਂ ਦੇ ਇਤਿਹਾਸ 'ਚ ਇਸ ਕਾਨੂੰਨ ਦੀ ਹੰਗਾਮੀ ਹਾਲਤ 'ਚ ਵੀ ਵਰਤੋਂ ਨਹੀਂ ਕੀਤੀ ਗਈ )। ਭਾਰਤੀ ਬੈਂਕਾਂ ਦੇ 10 ਲੱਖ ਕਰੋੜ ਵੱਟੇ ਖਾਤਿਆਂ ਵਿਚੋਂ 80 ਪ੍ਰਤੀਸ਼ਤ ਸਰਕਾਰੀ ਬੈਂਕਾਂ ਦੇ ਹਨ। ਇਨ੍ਹਾਂ ਵੱਟੇ ਖਾਤਿਆਂ ਕਾਰਨ ਬੈਂਕਾਂ ਸੰਕਟ ਵਿਚ ਫਸੀਆਂ ਹੋਈਆਂ ਹਨ। ਪਹਿਲਾਂ ਆਰਬੀਆਈ ਦਾ ਸਾਬਕਾ ਗਵਰਨਰ ਰਘੂਰਾਮ ਰਾਜਨ ਅਤੇ ਹੁਣ ਬਾਅਦ ਵਿਚ ਮੌਜੂਦਾ ਗਵਰਨਰ ਉਰਜਿੱਤ ਪਟੇਲ ਬੈਂਕਾਂ ਦੇ ਇਨ੍ਹਾਂ ਵੱਟੇ ਖਾਤਿਆਂ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਹਨ। ਮਾਰਚ 2017 ਵਿਚ ਆਰਬੀਆਈ ਅਤੇ ਸਰਕਾਰ ਵਿਚਕਾਰ 21 ਸਰਕਾਰੀ ਬੈਂਕਾਂ ਵਿਚੋਂ ਵੱਡੇ ਐਨਪੀਏ ਵਾਲੀਆਂ 11 ਸਰਕਾਰੀ ਬੈਂਕਾਂ 'ਤੇ ਵੱਟੇ ਖਾਤੇ ਘਟਾਉਣ ਲਈ ਨਜ਼ਰਸ਼ਾਨੀ ਰੱਖਣ ਲਈ ਸਹਿਮਤੀ ਹੋਈ ਅਤੇ ਇਨ੍ਹਾਂ ਬੈਂਕਾਂ ਨੂੰ 'ਫੌਰੀ ਦਰੁਸਤੀ ਕਾਰਵਾਈ' (ਪ੍ਰਾਮਪਟ ਕੋਰੈਕਸ਼ਨ ਐਕਟ) ਸਕੀਮ ਅਧੀਨ ਰੱਖਿਆ ਗਿਆ ਸੀ। ਪਰ ਬਾਅਦ 'ਚ ਮੋਦੀ ਸਰਕਾਰ ਨੇ ਆਰਥਿਕਤਾ ਵਿਚ ਤਰਲਤਾ ਦੀ ਕਮੀ ਦਾ ਬਹਾਨਾ ਬਣਾ ਕੇ ਜਾਣਬੁੱਝ ਕੇ ਡਿਫਾਲਟਰ ਬਣੇ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਆਰਬੀਆਈ 'ਤੇ 'ਫੌਰੀ ਦਰੁਸਤੀ ਕਾਰਵਾਈ' ਅਧੀਨ ਬੈਂਕਾਂ ਨੂੰ ਇਸ ਤੋਂ ਬਾਹਰ ਕਰਨ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਜਦੋਂ ਆਰਬੀਆਈ ਅਜਿਹਾ ਕਰਨ ਲਈ ਤਿਆਰ ਨਾ ਹੋਈ ਤਾਂ ਮੋਦੀ ਸਰਕਾਰ ਨੇ ਮਨਮਾਨੇ ਢੰਗ ਨਾਲ ਇਸ 'ਚ ਦਖਲ ਦੇਣ ਲਈ 8 ਅਗਸਤ 2018 ਨੂੰ ਆਰਬੀਆਈ ਦੀ ਕਾਰਜ-ਪ੍ਰਣਾਲੀ ਤੋਂ ਕੋਰੇ 'ਸਵਦੇਸ਼ੀ ਜਾਗਰਨ ਮੰਚ' ਦੇ ਕੋ-ਕਨਵੀਨਰ ਸਵਾਮੀਨਾਥ ਗੁਰੂਮੂਰਤੀ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ 'ਚ ਰਹਿ ਚੁੱਕੇ ਕਾਸ਼ੀਨਾਥ ਮਾਰਾਠੇ ਨੂੰ ਆਰਬੀਆਈ ਦੇ ਬੋਰਡ ਦੇ ਪਾਰਟ-ਟਾਈਮਰ ਡਾਇਰੈਕਟਰ ਦੇ ਤੌਰ 'ਤੇ ਨਾਮਜਦ ਕਰ ਦਿੱਤਾ ਜਿਸ ਨਾਲ ਸਰਕਾਰੀ ਨਾਮਜਦ ਡਾਇਰੈਟਰਾਂ ਦੀ ਗਿਣਤੀ 21 ਵਿੱਚੋਂ 10 ਹੋ ਗਈ। ਆਰਬੀਆਈ ਦੇ ਪਰ ਕੁਤਰਨ ਲਈ ਮੋਦੀ ਸਰਕਾਰ ਨੇ 19 ਸਤੰਬਰ 2018 ਨੂੰ ਆਰਬੀਆਈ ਤੋਂ ਆਜ਼ਾਦ 'ਪੇਮੈਂਟ ਰੈਗੂਲੇਟਰੀ ਬੋਰਡ 2018 ਬਿਲ' ਲਿਆਂਦਾ ਜਿਸ ਦੇ ਤਿੰਨ ਮੈਂਬਰਾਂ ਵਿਚੋਂ ਆਰਬੀਆਈ ਦਾ ਇਕ ਅਤੇ ਦੋ ਬਾਹਰੋਂ ਮੈਂਬਰ ਲਏ ਜਾਣੇ ਸਨ ਅਤੇ ਇਸ ਦਾ ਚੈਅਰਮੈਨ ਵੀ ਆਰਬੀਆਈ ਤੋਂ ਬਾਹਰਲਾ ਹੋਣਾ ਸੀ। ਸਰਕਾਰ ਦੇ ਇਸ ਕਦਮ ਦਾ ਆਰਬੀਆਈ ਦੇ ਗਵਰਨਰ ਉਰਜਿਤ ਪਟੇਲ ਨੇ ਸਖ਼ਤ ਵਿਰੋਧ ਕੀਤਾ। (ਆਰਬੀਆਈ ਨੇ ਮਾਰਚ 2018 ਵਿਚ ਬਿਜਲੀ ਕੰਪਨੀਆਂ ਨੂੰ ਬੈਂਕਾਂ ਦੇ 3.8 ਲੱਖ ਕਰੋੜ ਰੁਪਏ ਦੇ ਐਨਪੀਏ ਦੂਰ ਕਰਨ ਲਈ ਇਕ ਸਰਕੂਲਰ ਜਾਰੀ ਕੀਤਾ ਸੀ। ਪਰ ਇਨ੍ਹਾਂ ਕੰਪਨੀਆਂ ਨੇ ਬੈਂਕਾਂ ਦੇ ਕਰਜ਼ੇ ਚੁਕਾਉਣ ਦੀ ਬਜਾਏ ਅਹਿਮਦਾਬਾਦ ਹਾਈ ਕੋਰਟ ਵਿਚ ਆਰਬੀਆਈ 'ਤੇ ਇਨ੍ਹਾਂ ਐਨਪੀਏ ਦਾ ਨਿਪਟਾਰਾ ਕਰਨ ਲਈ ਕੇਸ ਕਰ ਦਿੱਤਾ। ਪਰ ਹਾਈ ਕੋਰਟ ਵੱਲੋਂ ਦਖਲ ਦੇਣ ਤੋਂ ਇਨਕਾਰ ਕਰਨ 'ਤੇ ਇਨ੍ਹਾਂ ਕੰਪਨੀਆਂ ਅੱਗੇ ਕੇਸ ਸੁਪਰੀਮ ਕੋਰਟ ਵਿਚ ਕਰ ਦਿੱਤਾ ਸੀ)। ਆਰਬੀਆਈ ਅਤੇ ਸਰਕਾਰ ਵਿਚਕਾਰ ਵਧਦੇ ਤਨਾਅ ਸਮੇਂ ਵਿਤ ਮੰਤਰਾਲੇ ਨੇ ਮੋਦੀ ਦੇ ਖਾਸਮ-ਖਾਸਅਡਾਨੀ ਪਾਵਰ ਲਿਮਟਿਡ, ਟਾਟਾ ਪਾਵਰ ਕੰਪਨੀ ਅਤੇ ਵੈਦਾਂਤਾ ਵਰਗੀਆਂ ਪਾਵਰ ਕੰਪਨੀਆਂ ਦੇ 3.8 ਲੱਖ ਕਰੋੜ ਰੁਪਏ ਦੇ ਐਨਪੀਏ ਰਫਾ-ਦਫਾ ਕਰਨ ਅਤੇ ਬੈਂਕਾਂ 'ਤੇ 'ਫੌਰੀ ਦਰੁਸਤੀ ਕਾਰਵਾਈ' ਚੌਖਟੇ ਤੋਂ ਬਾਹਰ ਕਰਕੇ ਕਰਜ਼ੇ ਦੇਣਲਈ ਆਰਬੀਆਈ ਨੂੰ ਕਾਨੂੰਨ 7 (1) ਤਹਿਤ ਤਿੰਨ ਪੱਤਰ ਲਿਖੇ ਪਰ ਆਰਬੀਆਈ ਨੇ ਇਨ੍ਹਾਂ ਪੱਤਰਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ।ਇਸ 'ਤੇ ਖ਼ਫ਼ਾ ਹੋਏ ਵਿਤ ਮੰਤਰਾਲੇ ਨੇ ਆਰਬੀਆਈ ਦੇ ਗਵਰਨਰਾਂ ਨੂੰ ਜੱਚ ਕਰਨਾ ਜਾਰੀ ਰੱਖਿਆ ਜਿਸ 'ਤੇ ਗਵਰਨਰਾਂ ਦਾ ਪ੍ਰਤੀਕਰਮ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆਉਣਾ ਹੀ ਸੀ।

ਆਰਬੀਆਈ ਦਾ ਇਹ ਪ੍ਰਤੀਕਰਮ ਜਨਤਕ ਤੌਰ 'ਤੇ ਉਸ ਸਮੇਂ ਸਾਹਮਣੇ ਆਇਆ ਜਦੋਂ ਆਰਬੀਆਈ ਦੇ ਡਿਪਟੀ ਗਵਰਨਰ ਵਿਰਾਲ ਅਚਾਰੀਆ ਨੇ 27 ਅਕਤੂਬਰ 2018 ਨੂੰ ਮੰਬਈ 'ਚ ਏ ਡੀ ਸ਼ਰੌਫ ਮੈਮੋਰੀਅਲ ਲੈਕਚਰ 'ਚ ਚੇਤਾਵਨੀ ਭਰੇ ਲਹਿਜ਼ੇ 'ਚ ਕਿਹਾ ਕਿ ਜੇ ਸਰਕਾਰਾਂ ਕੇਂਦਰੀ ਬੈਂਕ ਦੀ ਆਜ਼ਾਦੀ ਦਾ ਸਤਿਕਾਰ ਨਹੀਂ ਕਰਨਗੀਆਂ ਤਾਂ ਉਨ੍ਹਾਂ ਨੂੰ ਦੇਰ ਸਵੇਰ ਵਿਤੀ ਮੰਡੀ ਦੇ ਕਹਿਰ ਦਾ ਸਾਹਮਣਾ ਕਰਨਾ ਪਵੇਗਾ, ਉਨ੍ਹਾਂ ਨੂੰ ਅਰਜਨਟਾਈਨਾ ਵਾਂਗ ਪਛਤਾਉਣਾ ਪਵੇਗਾ ਕਿ ਉਨ੍ਹਾਂ ਨੇ ਵਿਤੀ ਪੂੰਜੀ ਨੂੰ ਨਿਯਮਤ ਕਰਨ ਵਾਲੀ ਸੰਸਥਾ ਨੂੰ ਕਮਜੋਰ ਕਰਕੇ ਆਰਥਿਕਤਾ 'ਤੇ ਅੱਗ ਦੀ ਤੀਲੀ ਲਾਈ ਹੈ। ਇਸ 'ਤੇ ਆਪੇ ਤੋਂ ਬਾਹਰ ਹੁੰਦਿਆਂ ਵਿਤ ਮੰਤਰੀ ਅਰੁਣ ਜੇਤਲੀ ਨੇ ਦੂਜੇ ਦਿਨ ਭੜਕਾਹਟ ਵਿਚ ਆ ਕੇ ਸਰਵਜਨਕ ਤੌਰ 'ਤੇ ਵਿਰਾਲ ਅਚਾਰੀਆ 'ਤੇ ਜਵਾਬੀ ਹਮਲਾ ਬੋਲਦਿਆਂ ਕਿਹਾ ਕਿ ਸੰਸਥਾਵਾਂ ਦੇਸ਼ ਅਤੇ ਪਬਲਿਕ ਹਿੱਤਾਂ ਤੋਂ ਉਪਰ ਨਹੀਂ ਹੁੰਦੀਆਂ। ਉਸ ਨੇ ਆਰਬੀਆਈ ਦੇ ਗਵਰਨਰਾਂ 'ਤੇ ਤਨਜ਼ ਕਸਦਿਆਂ ਦੋਸ ਲਾਇਆ ਕਿ ਉਨ੍ਹਾਂ ਨੇ ਯੂਪੀਏ ਸਰਕਾਰ ਸਮੇਂ 2008-14 ਤੱਕ ਵੱਡੀ ਪੱਧਰ 'ਤੇ ਬੈਂਕਾਂ ਤੋਂ ਉਧਾਰ ਕਰਜ਼ੇ ਦੁਆ ਕੇ ਐਨਪੀਏਆਂਦੇ ਢੇਰ ਲਾਏ ਹਨ। ਇਸ ਤੋਂ ਅੱਗੇ ਵਧਦਿਆਂ ਕੇਂਦਰੀ ਪ੍ਰਸ਼ਾਸਨ ਨੇ ਆਰਬੀਆਈ ਦੇ ਕਾਨੂੰਨ ਦੀ ਧਾਰਾ 58 ਦੀ ਦੁਰਵਰਤੋਂ ਕਰਕੇ ਆਰਬੀਆਈ ਦੀ 'ਖੁਦਮੁਖਤਿਆਰੀ' ਨੂੰ ਹੋਰ ਖੋਰਾ ਲਾਉਣ ਲਈ ਵਿਤੀ ਸਥਿਰਤਾ 'ਤੇ ਨਿਗਰਾਨੀ ਕਰਨ, ਮੁਦਰਿਕ ਨੀਤੀਆਂ 'ਚ ਪਰਿਵਰਤਨ ਕਰਨ, ਵਿਦੇਸ਼ੀ ਮੁਦਰਾ ਪ੍ਰਬੰਧਨ ਕਰਨ, ਰਾਖਵੀਂ ਪੂੰਜੀ ਨੂੰ ਸਰਕਾਰ ਦੇ ਹਵਾਲੇ ਕਰਨ, ਵੱਟੇ ਖਾਤਿਆਂ ਦੇ ਨਿਯਮਾਂਨੂੰ ਸੋਧਨ ਅਤੇ ਗੈਰ-ਬੈਂਕ ਵਿਤੀ ਕੰਪਨੀਆਂ ਨੂੰ ਤਰਲਤਾ ਪ੍ਰਦਾਨ ਕਰਨ ਲਈਸਰਕਾਰ ਦੇ ਨਾਮਜਦ ਕੀਤੇ ਬੋਰਡ ਦੇ ਦੋ ਜਾਂ ਤਿੰਨ ਮੈਂਬਰਾਂ ਦੀਆਂ ਕਮੇਟੀਆਂ ਬਣਾ ਕੇ ਆਰਬੀਆਈ ਦੇ ਕੰਮਕਾਰ 'ਚ ਹੋਰ ਦਖਲਅੰਦਾਜ਼ੀ ਕਰਨ ਦੇ ਕਦਮ ਪੁਟਣ ਇਰਾਦੇ ਜ਼ਾਹਰ ਕਰ ਦਿੱਤੇ ।

ਇਥੇ ਹੀ ਬਸ ਨਹੀਂ, 31 ਅਕਤੂਬਰ 2018 ਨੂੰ ਵਿਤੀ ਸਥਿਰਤਾ ਅਤੇ ਵਿਕਾਸ ਕੌਂਸਲ ਦੀ ਮੀਟਿੰਗ ਤੋਂ ਕੁਝ ਘੰਟੇ ਪਹਿਲਾਂ ਅਰੁਣ ਜੇਤਲੀ ਨੇ ਰੈਗੂਲੇਟਰ ਵਿਤੀ ਸੰਸਥਾਵਾਂ ਦੇ ਮੁਖੀਆਂ ਦੀ ਹਾਜਰੀ ਵਿਚ ਉਰਜਿਤ ਪਟੇਲ ਨੂੰ ਬੁਰੀ ਤਰ੍ਹਾਂ ਜ਼ਲੀਲ ਕੀਤਾ। ਬਾਅਦ ਵਿਚ ਵਿਤੀ ਸਥਿਰਤਾ ਅਤੇ ਵਿਕਾਸ ਕੌਂਸਲ ਦੀ ਮੀਟਿੰਗ ਵਿਚ ਆਪਣੇ ਜੀ- ਹਜ਼ੂਰੀਆਂ ਸੇਬੀ ਦੇ ਚੈਅਰਮੈਨ ਅਜੈ ਤਿਆਗੀ, ਵਿਤ ਮੰਤਰਾਲੇ ਦੇ ਮੁੱਖ ਆਰਥਿਕ ਸਲਾਹਕਾਰ ਸੰਜੀਵ ਸੰਨਿਆਲ, ਕੇਂਦਰੀ ਸਰਕਾਰ ਦੇ ਆਰਥਿਕ ਮਸਲਿਆਂ ਦੇ ਸਕੱਤਰ ਸੁਭਾਸ਼ ਚੰਦਰ ਗਰਗ, ਨੀਤੀ ਆਯੋਗ ਦੇ ਉਪ-ਚੈਅਰਮੈਨ ਰਾਜੀਵ ਕੁਮਾਰ ਅਤੇ ਰੈਗੂਲੇਟਰ ਵਿਤੀ ਸੰਸਥਾਵਾਂ ਦੇ ਹੋਰ ਚੈਅਰਮੈਨਾਂ ਦੇ ਜਮਘਟਾ ਇਕੱਠਾ ਕਰਕੇ ਕੇ ਆਰਬੀਆਈ ਦੇ ਗਵਰਨਰ ਉਰਜਿਤ ਪਟੇਲ ਤੇ ਚਾਰੇ ਡਿਪਟੀ ਗਵਰਨਰਾਂ ਨੂੰ ਘੇਰ ਕੇ 2008-2014 ਵਿਚਕਾਰ ਵੱਡੇ ਪੱਧਰ 'ਤੇ ਐਨਪੀਏ ਬਣਾਉਣ ਲਈ ਪਾਣੀ ਪੀ ਪੀ ਕੇ ਕੋਸਿਆ ਅਤੇ ਆਰਬੀਆਈ ਰਾਖਵੀ ਪੂੰਜੀ ਨੂੰ ਸਰਕਾਰ ਦੇ ਹਵਾਲੇ ਕਰਨ, ਦਿਵਾਲੀਆ ਹੋਈ ਆਈਐਲ ਅਤੇ ਐਫਐਸ ਅਤੇ ਗੈਰ-ਬੈਂਕ ਵਿਤੀ ਸੰਸਥਾਵਾਂ 'ਚ ਤਰਲਤਾ ਦੀ ਘਾਟ ਦੂਰ ਕਰਨ, ਵੱਟੇ ਖਾਤੇ ਵਾਲੀਆਂ 11 ਸਰਕਾਰੀ ਨੂੰ 'ਤੁਰੰਤ ਦਰੁਸਤੀ ਕਾਰਵਾਈ' ਚੌਖਟੇ ਤੋਂ ਬਾਹਰ ਕਰਨ ਜਾਂ ਇਸ 'ਚ ਨਰਮੀ ਕਰਕੇ ਕਰਜ਼ੇ ਦੇਣ ਦੀ ਇਜਾਜ਼ਤ ਦੇਣ, ਵੱਟੇ ਖਾਤੇ ਵਾਲੀਆਂ ਮੈਕਰੋ ਅਤੇ ਛੋਟੀਆਂ ਸਨਅਤਾਂ ਦੇ ਕਰਜ਼ੇ ਦਾ ਨਿਪਟਾਰਾ ਕਰਕੇ ਕਰਜ਼ੇ ਦੇਣ ਲਈ ਆਰਬੀਆਈ ਦੇ ਗਵਰਨਰਾਂ 'ਤੇ ਦਬਾਅ ਪਾਇਆ ਗਿਆ। ਇਸ ਮੀਟਿੰਗ ਵਿਚ ਡਿਪਟੀ ਗਵਰਨਰ ਵਿਰਾਲ ਅਚਾਰੀਆ ਨੇ ਹੀ ਆਰਬੀਆਈ ਦਾ ਪੱਖ ਰੱਖਦਿਆਂ ਅਰੁਣ ਜੇਤਲੀ ਵੱਲੋਂ ਉਠਾਏ ਸਾਰੇ ਮੁੱਦਿਆ ਦਾ ਜਵਾਬ ਦਿੰਦਿਆਂ ਤਰਲਤਾ ਦੀ ਘਾਟ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਪਰ ਜਿਸ ਦੀ ਲਾਠੀ ਉਸ ਦੀ ਬੈਂਸ ਵਾਂਗ ਅਰੁਣ ਜੇਤਲੀ ਬਿਨਾਂ ਕਿਸੇ ਤਰਕ ਦੇ ਆਰਬੀਆਈ ਦੇ ਪੱਖ ਨੂੰ ਅਣਸੁਣਿਆ ਕਰ ਦਿੱਤਾ। ਉਧਰ ਪ੍ਰਧਾਨ ਮੰਤਰੀ ਮੋਦੀ ਨੇ ਗੈਰ-ਬੈਂਕ ਵਿਤੀ ਕੰਪਨੀਆਂ ਦੇ ਮੁਖੀਆਂ ਨਾਲ ਮੀਟਿੰਗ ਕਰਕੇ 'ਫੌਰੀ ਦਰੁਸਤੀ ਕਾਰਵਾਈ' ਚੌਖਟੇ ਨੂੰ ਹਟਾਉਣ ਲਈ ਸਰਕਾਰ ਦੀ ਮਨਸ਼ੇ ਜ਼ਾਹਰ ਕਰ ਦਿਤੇ। ਰਹਿੰਦੀ ਕਸਰ ਪ੍ਰਧਾਨ ਮੰਤਰੀ ਨੇ ਉਰਜਿਤ ਪਟੇਲ ਨੂੰ ਆਪਣੇ ਕੋਲ ਗੱਲਬਾਤ ਕਰਨ ਲਈ ਬੁਲਾ ਕੇ ਪੂਰੀ ਕਰ ਦਿੱਤੀ।

ਆਰਬੀਆਈ ਦੀ 'ਖੁਦਖਤਆਰੀ' 'ਤੇ ਹਮਲੇ ਵਿਰੁੱਧ ਮੀਡੀਏ, ਅਰਥਸ਼ਾਸਤਰੀਆਂ, ਆਰਬੀਆਈ ਦੇ ਬੈਂਕ ਮੁਲਾਜ਼ਮਾਂ ਦੀ ਫੇਡਰੇਸ਼ਨ, ਵਿਰੋਧੀ ਪਾਰਟੀਆਂ ਅਤੇ ਜਮਹੂਰੀ ਪਸੰਦ ਬੁਧੀਜੀਵੀਆਂ ਵੱਲੋਂ ਵਿਆਪਕ ਨਿੰਦਾ ਕੀਤੀ। ਗੋਦੀ ਮੀਡੀਆ ਵੀ ਮੋਦੀ ਸਰਕਾਰ ਦੇ ਪੱਖ ਵਿਚ ਖੜ੍ਹਨ ਦੀ ਜ਼ੁਅਰਤ ਨਹੀਂ ਕਰ ਸਕਿਆ। ਮੋਦੀ ਸਰਕਾਰ ਦੇ ਆਰਬੀਆਈ ਨਾਲ ਟਕਰਾਅ ਕਾਰਨ ਵੱਡੀ ਪੱਧਰ 'ਤੇ ਬਦਨਾਮੀ ਹੋਣ ਕਾਰਨ ਕੇਂਦਰੀ ਸਰਕਾਰ ਦੇ ਆਰਥਿਕ ਮੰਤਰਾਲੇ ਦੇ ਸਕੱਤਰ ਸੁਭਾਸ਼ ਚੰਦਰ ਗਰਗ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਰਕਾਰ ਦਾ ਰਾਜਕੋਸ਼ੀ ਹਿਸਾਬ ਕਿਤਾਬ ਠੀਕ-ਠਾਕ ਹੈ। ਇਹ ਗੁਮਰਾਹਕੁਨ ਹੈ ਕਿ ਸਰਕਾਰ ਆਰਬੀਆਈ ਦੇ ਰਾਖਵੇਂ ਭੰਡਾਰ 'ਚੋਂ 3.6 ਲੱਖ ਕਰੋੜ ਜਾਂ ਇਕ ਲੱਖ ਕਰੋੜ ਰੁਪਏ ਲੈਣਾ ਚਾਹੁੰਦੀ ਹੈ ਸਗੋਂ ਸਰਕਾਰ ਤਾਂ ਇਹ ਤੈਅ ਕਰਨਾ ਚਾਹੁੰਦੀ ਹੈ ਕਿ ਆਰਬੀਆਈ ਕੋਲ ਰਾਖਵੀਂ ਪੂੰਜੀ (ਆਰਥਿਕ ਪੂੰਜੀ ਢਾਂਚਾ) ਰੱਖਣ ਦਾ ਪੈਮਾਨਾਕੀ ਹੋਵੇ ਜਿਸ ਨਾਲ ਵਿਦੇਸ਼ੀ ਪੂੰਜੀ ਦੇ ਭੰਡਾਰਾਂ ਦੇ ਉਤਰਾਵਾਂ-ਚੜ੍ਹਾਵਾਂ, ਸਰਕਾਰੀ ਸਕਿਉਰਿਟੀਆਂ ਦੀ ਵਧਦੀ ਘਟਦੀ ਕਦਰ ਅਤੇ ਹੋਰ ਅਸਾਸਿਆਂ ਦੀਆਂ ਲਾਗਤਾਂ ਨੂੰ ਨਿਯਮਤ ਕਰਨ ਅਤੇ ਅਣਕਿਆਸੀਆਂ ਹੰਗਾਮੀ ਹਾਲਤਾਂ ਨਾਲ ਨਜਿੱਠਣ ਲਈ ਕਾਫੀ ਹੋਣ। ਮੋਦੀ ਸਰਕਾਰ ਦੇ ਰਾਜਕੋਸ਼ੀ ਹਿਸਾਬ ਕਿਤਾਬ ਕੀ ਹਾਲਤ ਇਹ ਹੈ, ਇਹ ਭਾਰਤੀ ਆਰਥਿਕਤਾ ਦੇ ਜਾਣਕਾਰ ਸਭ ਜਾਣਦੇ ਹਨ।

ਆਰਬੀਆਈ ਦੇ ਬੋਰਡ ਦੀ ਪਿਛਲੀ ਮੀਟਿੰਗ 'ਫੈਸਲਾਕੁਨ ਸੀ ਜਦੋਂ ਮੋਦੀ ਸਰਕਾਰ ਨੇ ਆਰਬੀਆਈ ਤੋਂ ਜਬਰੀ ਮੰਗੇ ਗਏ 3.6 ਲੱਖ ਕਰੋੜ ਰੁਪਏ ਦੀ ਥਾਂ ਬੇਸਲ-3 ਨੂੰ ਲਾਗੂ ਕਰਨ ਦੀ ਸਮਾਂ ਸੀਮਾ ਮਾਰਚ 2019 ਤੋਂ ਮਾਰਚ 2020 ਤੱਕ ਇਕ ਸਾਲ ਵਧਾ ਕੇ 3.7 ਕਰੋੜ ਰੁਪਏ ਪ੍ਰਾਪਤ ਕਰ ਲਏ ਹਨ। (ਬੇਸਲ ਇਕ ਕੌਮਾਂਤਰੀ ਤੌਰ 'ਤੇ ਬੈਂਕਾਂ ਨੂੰ ਨਿਯਮਤ ਕਰਨ ਵਾਲਾ ਕੌਮਾਂਤਰੀ ਤੌਰ 'ਤੇ ਪ੍ਰਵਾਨਤ ਬੜਾ ਹੈ। 2007-08 ਦੀ ਵਿਸ਼ਵ ਆਰਥਿਕ ਮੰਦੀ ਨੂੰ ਧਿਆਨ ਵਿਚ ਰੱਖ ਕੇ ਬੇਸਲ-3 ਨੇ ਸ਼ਰਤਾਂ ਤੈਅ ਕੀਤੀਆਂ ਸਨ ਜਿਸ ਅਨੁਸਾਰ ਭਾਰਤੀ ਬੈਂਕਾਂ ਨੇ ਮਾਰਚ 2016 ਤੋਂ ਮਾਰਚ 2019 ਤੱਕ ਆਪਣੇ ਸ਼ੇਅਰਾਂ ਦੀ 9 ਪ੍ਰਤੀਸ਼ਤ ਰਾਖਵੀਂ ਪੂੰਜੀ ਤੋਂ ਇਲਾਵਾ ਚਾਰ ਸਾਲਾਂ 2.5 ਪ੍ਰਤੀਸ਼ਤ ਹੋਰ ਬੱਫਰ (ਸੁਰੱਖਿਆਤਮਕ) ਪੂੰਜੀ ਰੱਖਣੀਹੈ। ਪਰ ਹੁਣ ਆਰਬੀਆਈ ਦੇ ਬੋਰਡ ਨੇ ਇਸ ਬੱਫਰ ਪੂੰਜੀ ਨੂੰ ਇਕ ਸਾਲ ਅੱਗੇ ਪਾ ਦਿੱਤਾ ਹੈ)। ਕੇਂਦਰ ਸਰਕਾਰ ਅਤੇ ਆਰਬੀਆਈ ਵਿਚਕਾਰ ਟਕਰਾਅ ਦਾ ਸਭ ਤੋਂ ਵੱਡਾ ਮੁੱਦਾ ਆਰਬੀਆਈ ਕੋਲ 9.6 ਲੱਖ ਕਰੋੜ ਰੁਪਏ ਰਾਖਵੀਂ ਪੂੰਜੀ ਵਿਚੋਂ 3.6 ਲੱਖ ਕਰੋੜ ਰੁਪਏ ਵਿੱਤ ਮੰਤਰੀ ਵੱਲੋਂ ਜਬਰੀ ਮੰਗਣ ਬਾਰੇ ਸੀ ਜਿਸ 'ਤੇ ਉਰਜਿਤ ਪਟੇਲ ਨੇ ਸਾਫ਼ ਨਾਂਹ ਕਰ ਦਿੱਤੀ ਸੀ। ਪਰ ਹੁਣ ਮੋਦੀ ਸਰਕਾਰ ਦੇ ਚੌਤਰਫੇ ਦਬਾਅ ਕਾਰਨ ਆਰਬੀਆਈ ਨੂੰ ਝੁਕ ਕੇ ਮਾਹਿਰਾਂ ਦੀ ਕਮੇਟੀ ਬਣਾਉਣ ਬਾਰੇ ਸਹਿਮਤੀ ਕਰਨੀ ਪਈ ਹੈ ਜੋ ਇਹ ਤੈਅ ਕਰੇਗੀ ਕਿ 'ਆਰਥਿਕ ਪੂੰਜੀ ਢਾਂਚੇ' ਅਨੁਸਾਰ ਆਰਬੀਆਈ ਦੇ ਅਸਾਸਿਆਂ ਦਾ ਕਿੰਨਾ ਪ੍ਰਤੀਸ਼ਤ ਰਾਖਵਾਂ ਰੱਖਿਆ ਜਾਵੇਅਤੇ ਇਸ ਵਿਚੋਂ ਕਿੰਨਾ ਆਰਬੀਆਈ ਕੋਲ ਰਹੇ ਅਤੇ ਕਿੰਨਾ ਕੇਦਰ ਸਰਕਾਰ ਕੋਲ ਜਾਵੇ। (ਹਾਲਾਂ ਕਿ 'ਆਰਥਿਕ ਪੂੰਜੀ ਢਾਂਚੇ' ਦੀ ਪ੍ਰਤੀਸ਼ਤਤਾ ਬਾਰੇ ਵਿਸ਼ਵ ਵਿਚ ਕੋਈ ਪੈਮਾਨਾ ਤੈਅ ਨਹੀਂ ਹੈ ਅਤੇ ਨਾ ਹੀ ਤੈਅ ਕੀਤਾ ਜਾ ਸਕਦਾ ਹੈ ਕਿਉਂਕਿ ਭਵਿੱਖਤ ਮੰਦੀ ਦੀ ਸੁਨਾਮੀ ਦੀ ਤੀਬਰਤਾ ਸਮੇਂ ਕਿੰਨੀ ਪੂੰਜੀ ਦੀ ਜ਼ਰੂਰਤ ਹੈ, ਇਸ ਬਾਰੇ ਕੋਈ ਪੇਸ਼ੀਨਗੋਈ ਨਹੀਂ ਕੀਤੀ ਜਾ ਸਕਦੀ)। ਅਗਲਾ ਮੁੱਦਾ ਵਿਤ ਮੰਤਰਾਲੇ ਦੀ ਇਹ ਮੰਗ ਕਿ ਐਨਪੀਏ ਦੀਆਂ ਸ਼ਿਕਾਰ 11 ਸਰਕਾਰੀ ਬੈਂਕਾਂ ਨੂੰ ਆਰਬੀਆਈ ਵੱਲੋਂ 'ਫੌਰੀ

(ਬਾਕੀ ਸਫ਼ਾ 31 'ਤੇ)



ਕੁਲਦੀਪ

# ਕੱਚੇ ਅਧਿਆਪਕਾਂ ਦੇ ਸਿਰ ਚੱਲਦੀ ਦੇਸ਼ ਦੀ ਉੱਚ-ਸਿੱਖਿਆ



ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਦਿਨੋ-ਦਿਨ ਆ ਰਿਹਾ ਨਿਘਾਰ, ਵਿਦਿਆਰਥੀਆਂ ਦੀ ਘੱਟ ਰਹੀ ਗਿਣਤੀ ਅਤੇ ਕੱਚੇ ਅਧਿਆਪਕਾਂ ਦੀ ਵਧ ਰਹੀ ਗਿਣਤੀ, ਫੰਡਾਂ ਦੀ ਘਾਟ ਆਦਿ ਸਭ ਸਮੱਸਿਆਵਾਂ ਦਾ ਕਾਰਨ ਤੇ ਹੱਲ ਵਿੱਦਿਅਕ ਪ੍ਰਬੰਧ ਨੂੰ ਸਮੁੱਚੇ ਸਮਾਜਿਕ-ਆਰਥਿਕ-ਸਿਆਸੀ ਪ੍ਰਬੰਧ ਦੇ ਅੰਗ ਵਜੋਂ ਸਮਝ ਕੇ ਹੀ ਕੱਢਿਆ ਜਾ ਸਕਦਾ ਹੈ।

ਦੇਸ਼ ਦੇ ਮਜ਼ਦੂਰਾਂ-ਕਿਰਤੀਆਂ ਉੱਪਰ 1991 ਤੋਂ ਵਾਹੇ ਜਾ ਰਹੇ ਨਿੱਜੀਕਰਨ ਦੇ ਕੁਹਾੜੇ ਹੇਠ ਮਹਿੰਗਾਈ, ਵਧਦੀ ਗਰੀਬੀ, ਬੇਰੁਜ਼ਗਾਰੀ, ਨਿੱਘਰਦੀਆਂ-ਸਿਹਤ ਸਹੂਲਤਾਂ ਆਦਿ ਦੀ ਮਾਰ ਤਾਂ ਦੇਸ਼ ਦੇ ਗਰੀਬ ਕਿਰਤੀ ਉਦੋਂ ਤੋਂ ਹੀ ਝੱਲ ਰਹੇ ਹਨ। ਪਰ ਜਿਵੇਂ-ਜਿਵੇਂ ਇਸ ਢਾਂਚੇ ਦਾ ਸੰਕਟ ਦਿਨੋ-ਦਿਨ ਡੂੰਘਾ ਹੋ ਰਿਹਾ ਹੈ ਸਰਕਾਰੀ ਸਕੂਲਾਂ ਦੇ ਨਾਲ਼-ਨਾਲ਼ ਸਰਕਾਰੀ ਕਾਲਜ ਤੇ ਯੂਨੀਵਰਸਿਟੀਆਂ ਵੀ ਇਸ ਕੁਹਾੜੇ ਦੀ ਮਾਰ ਹੇਠ ਆ ਰਹੇ ਹਨ। ਦੇਸ਼ ਦੇ ਲਗਭਗ ਸਾਰੇ ਹੀ ਸਰਕਾਰੀ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਅਧਿਆਪਕਾਂ, ਅਸਿਸਟੈਂਟ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ, ਪ੍ਰੋਫੈਸਰਾਂ ਆਦਿ ਦੀਆਂ ਅਸਾਮੀਆਂ ਵਿੱਚੋਂ ਪੱਕੀਆਂ ਅਸਾਮੀਆਂ ਦੇ ਮੁਕਾਬਲੇ ਕੱਚੀਆਂ (ਠੇਕਾ ਅਧਾਰਿਤ, ਐਡਹਾਕ, ਪਾਰਟ-ਟਾਇਮ, ਗੈਸਟ ਫੈਕਲਟੀ ਆਦਿ) ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹਨਾਂ ਕੱਚੇ ਅਧਿਆਪਕਾਂ ਨੂੰ 500-1000 ਰੁਪੈ ਪ੍ਰਤੀ ਲੈਕਚਰ ਜਾਂ ਉੱਕਾ-ਪੁੱਕਾ 15,600-21,600 ਤਨਖਾਹ ਦਿੱਤੀ ਜਾਂਦੀ ਹੈ, ਪਰ ਕੁੱਝ ਥਾਵਾਂ 'ਤੇ ਤਾਂ ਤਨਖਾਹ ਬਹੁਤ ਹੀ ਨਿਗੂਣੀ ਹੈ। ਜਦਕਿ ਇਹ ਵੀ ਬਹੁਤੇ ਅਧਿਆਪਕਾਂ ਨੂੰ ਪੂਰਾ ਸਾਲ ਨਹੀਂ ਮਿਲ਼ਦੀ ਸਗੋਂ ਜਿੰਨਾ-ਚਿਰ ਕਲਾਸਾਂ ਲੱਗਦੀਆਂ ਹਨ, ਓਨਾ ਚਿਰ ਹੀ ਮਿਲ਼ਦੀ ਹੈ। ਬਹੁਤ ਸਾਰੇ ਕਾਲਜਾਂ ਦਾ ਤਾਂ ਇਹ ਹਾਲ ਹੈ ਕਿ ਉਹ ਪੀਟੀਏ (ਮਾਪੇ-ਅਧਿਆਪਕ ਫੰਡ) ਫੰਡਾਂ ਵਿੱਚੋਂ ਇਹਨਾਂ ਕੱਚੇ ਅਧਿਆਪਕਾਂ ਨੂੰ ਤਨਖਾਹ ਦਿੰਦੇ ਹਨ। ਜਾਂ ਕੁੱਝ ਕਾਲਜਾਂ ਵਿੱਚ ਅਧਿਆਪਕਾਂ ਨੂੰ ਅੱਧੀ ਤਨਖਾਹ ਪੀਟੀਏ ਫੰਡ 'ਚੋਂ ਤੇ ਅੱਧੀ ਦੇ ਪੈਸੇ ਸਰਕਾਰ ਦਿੰਦੀ ਹੈ। ਲਗਭਗ ਇਹੀ ਹਾਲ ਦੇਸ਼ ਦੀਆਂ ਯੂਨੀਵਰਸਿਟੀਆਂ ਦਾ ਹੈ।

ਸੂਚਨਾ ਦੇ ਅਧਿਕਾਰ ਤਹਿਤ ਮਿਲ਼ੀ ਇੱਕ ਜਾਣਕਾਰੀ ਅਨੁਸਾਰ ਦੇਸ਼ ਦੀਆਂ 40 ਕੇਂਦਰੀ ਯੂਨੀਵਰਸਿਟੀਆਂ ਵਿੱਚ 33% ਅਧਿਆਪਕਾਂ ਦੀਆਂ ਅਸਾਮੀਆਂ ਖਾਲ਼ੀ ਹਨ। ਜਿਹਨਾਂ ਵਿੱਚ ਇਲਾਹਬਾਦ ਯੂਨੀਵਰਸਿਟੀ ਦੀ ਬਹੁਤ ਹੀ ਮਾੜੀ ਹਾਲਤ ਹੈ ਜਿੱਥੇ 64.44% ਅਸਾਮੀਆਂ ਖਾਲ਼ੀ ਹਨ ਅਤੇ 47.7% ਅਧਿਆਪਕਾਂ ਦੀਆਂ ਅਸਾਮੀਆਂ ਦਿੱਲੀ ਯੂਨੀਵਰਸਿਟੀ ਵਿੱਚ ਖਾਲ਼ੀ ਹਨ ਜਦਕਿ ਇੱਥੇ 4600 ਅਧਿਆਪਕ ਕੱਚੇ ਹਨ ਜੋ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਇਲਾਹਬਾਦ ਯੂਨੀਵਰਸਿਟੀ ਦੇ ਸੰਸਕ੍ਰਿਤ ਵਿਭਾਗ ਵਿੱਚ ਖੋਜਾਰਥੀ ਜ਼ਿਆਦਾਤਰ ਕਲਾਸਾਂ ਲਾਉਂਦੇ ਹਨ। ਵਿਭਾਗ ਵਿੱਚ 1000 ਅੰਡਰ-ਗਰੈਜੂਏਟ, 400 ਪੋਸਟ ਗਰੈਜੂਏਟ ਅਤੇ 120 ਖੋਜਾਰਥੀ ਹਨ ਪਰ ਅਧਿਆਪਕਾਂ ਦੀ ਗਿਣਤੀ 4 ਹੈ। ਦੂਜੇ ਵਿਭਾਗਾਂ ਦਾ ਵੀ ਥੋੜ੍ਹੇ ਬਹੁਤ ਫਰਕ ਨਾਲ਼ ਇਹੀ ਹਾਲ ਹੈ। ਪਿਛਲੇ ਸਾਲ ਦਿੱਲੀ ਯੂਨੀਵਰਸਿਟੀ ਦੇ 45 ਸਾਲਾ ਅਧਿਆਪਕ - ਜਿਸਨੇ ਕਈ ਸਾਲ ਦਿੱਲੀ ਯੂਨੀਵਰਸਿਟੀ ਦੇ ਸ਼ਾਸਤਰੀ ਸੰਗੀਤ ਵਿਭਾਗ ਵਿੱਚ ਪੜ੍ਹਾਇਆ ਸੀ - ਦੀ ਮੌਤ ਹੋ ਜਾਣ ਤੋਂ ਬਾਅਦ ਉਸਦੀ ਕੁੜੀ ਨੇ ਕਿਹਾ, ਮੇਰੇ ਪਿਤਾ ਨੇ ਪੱਕੇ ਹੋਣ ਲਈ ਜੋ ਵੀ ਹੋ ਸਕਦਾ ਸੀ ਉਹ ਕੀਤਾ ਪਰ ਅੰਤਿਮ ਸਮੇਂ ਤੱਕ ਐਡਹਾਕ 'ਤੇ ਹੀ ਰਹੇ।

ਇਹੀ ਹਾਲਤ ਥੋੜ੍ਹੇ ਬਹੁਤੇ ਫਰਕ ਨਾਲ਼ ਦੇਸ਼ ਦੇ ਸਭ ਸੂਬਿਆਂ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਹੈ। 'ਮਹਾਂਰਾਸ਼ਟਰ ਫੈਡਰੇਸ਼ਨ ਆਫ ਯੂਨੀਵਰਸਿਟੀਜ਼ ਅਤੇ ਕਾਲਜ ਟੀਚਰਜ' ਅਨੁਸਾਰ ਸਤੰਬਰ 2018 ਤੱਕ ਪੂਰੇ ਮਹਾਂਰਾਸ਼ਟਰ ਦੇ ਕਾਲਜਾਂ ਵਿੱਚ 20,000 ਕੱਚੇ ਅਧਿਆਪਕ ਸਨ। ਇਹਨਾਂ ਵਿੱਚੋਂ ਜ਼ਿਆਦਾਤਰ ਅਧਿਆਪਕਾਂ ਨੂੰ ਸੈਲਫ ਫਾਇਨਾਂਸਡ ਕੋਰਸਾਂ ਰਾਹੀਂ ਯਾਨੀ ਵਿਦਿਆਰਥੀ ਫੀਸਾਂ ਵਿੱਚੋਂ ਤਨਖਾਹ ਦਿੱਤੀ ਜਾਂਦੀ ਹੈ। ਇਹਨਾਂ ਦੀ ਤਨਖਾਹ 6,000 ਤੋਂ 18,000 ਤੱਕ ਪ੍ਰਤੀ ਮਹੀਨਾ ਜਾਂ 300 ਰੁਪੈ ਪ੍ਰਤੀ ਲੈਕਚਰ ਦੇ ਹਿਸਾਬ ਨਾਲ਼ ਦਿੱਤੀ ਜਾਂਦੀ ਹੈ। 'ਆਲ ਇੰਡੀਆ ਸਰਵੇ ਆਫ ਹਾਇਅਰ ਐਜੂਕੇਸ਼ਨ 2017-18', ਯੂਜੀਸੀ ਦੇ ਸੂਬਾਈ ਅਧਿਐਨ ਅਤੇ 'ਹਾਇਅਰ ਐਜੂਕੇਸ਼ਨ: ਆਲ ਇੰਡੀਆ ਐਂਡ ਸਟੇਟਸ ਪਰੋਫਾਇਲ 2017-18' 'ਤੇ ਅਧਾਰਿਤ ਰਿਪੋਰਟਾਂ ਅਨੁਸਾਰ ਭਾਰਤ ਦੇ ਕੁੱਲ ਉੱਚ-ਸਿੱਖਿਆ ਅਧਿਆਪਕਾਂ ਵਿੱਚੋਂ 5% ਯਾਨੀ 66,858 ਕੱਚੇ ਹਨ। ਜਦਕਿ ਅਧਿਆਪਕ ਜਥੇਬੰਦੀਆਂ ਅਨੁਸਾਰ ਇਹ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਇੱਕ ਰਿਪੋਰਟ ਅਨੁਸਾਰ ਕੇਂਦਰੀ ਯੂਨੀਵਰਸਿਟੀਆਂ ਦੀਆਂ 3 ਪੋਸਟਾਂ ਵਿੱਚੋਂ 1 ਪੋਸਟ ਕੱਚੀ ਹੈ। ਮਨੁੱਖੀ ਸ੍ਰੋਤ ਵਿਕਾਸ ਵਿਭਾਗ ਅਨੁਸਾਰ 23 ਜੁਲਾਈ, 2018 ਵਿੱਚ ਕੇਂਦਰੀ ਯੂਨੀਵਰਸਿਟੀਆਂ ਵਿੱਚ 56.6% ਅਤੇ ਭਾਰਤੀ ਤਕਨੀਕੀ ਸੰਸਥਾ ਅਦਾਰਿਆਂ ਵਿੱਚ 34% ਅਧਿਆਪਕ ਕੱਚੇ ਸਨ।

ਬੰਗਾਲ ਵਿੱਚ 19 ਫੀਸਦੀ ਅਧਿਆਪਕ ਕੱਚੇ ਹਨ ਜਿਹਨਾਂ ਦੀ ਗਿਣਤੀ 10,353 ਹੈ। ਇਸ ਤੋਂ ਇਲਾਵਾ 'ਗੈਸਟ ਅਧਿਆਪਕ ਐਸੋਸੀਏਸ਼ਨ' ਅਨੁਸਾਰ 10,000 ਅਧਿਆਪਕ ਜੋ ਸੇਵਾਮੁਕਤ ਹੋਏ ਹਨ ਉਹਨਾਂ ਦੀ ਥਾਂ ਵੀ ਕੱਚੇ ਅਧਿਆਪਕ ਹੀ ਰੱਖੇ ਹੋਏ ਹਨ। ਉੱਤਰ ਪ੍ਰਦੇਸ਼ ਵਿੱਚ ਇੱਕ ਸੰਸਥਾ ਅਨੁਸਾਰ ਕਾਲਜਾਂ/ਯੂਨੀਵਰਸਿਟੀਆਂ ਵਿੱਚ ਕੱਚੇ ਅਧਿਆਪਕਾਂ ਦੀ ਗਿਣਤੀ 4,537 ਹੈ ਜਦਕਿ 10,000 ਪ੍ਰਵਾਨਿਤ ਪੋਸਟਾਂ ਖਾਲ਼ੀ ਪਈਆਂ ਹਨ। ਪਰ 'ਫੈਡਰੇਸ਼ਨ ਆਫ ਯੂਪੀ ਯੂਨੀਵਰਸਿਟੀ ਟੀਚਰਜ ਐਸੋਸੀਏਸ਼ਨ' ਦੇ ਵਿਵੇਕ ਦਿਵੇਦੀ ਅਨੁਸਾਰ ਇਹ ਗਿਣਤੀ ਗੁੰਮਰਾਹਕੁੰਨ ਹੈ। ਉਹਨਾਂ ਅਨੁਸਾਰ ਇਹ ਅੰਕੜਾ ਸਿਰਫ਼ ਏਡਿਡ ਕਾਲਜਾਂ ਦਾ ਹੈ ਜਿਸ ਵਿੱਚ 150 ਸਰਕਾਰੀ ਅਤੇ ਨਿੱਜੀ ਕਾਲਜ ਸ਼ਾਮਲ ਨਹੀਂ ਹਨ। ਲਗਭਗ ਇਹੀ ਹਾਲਤ ਝਾਰਖੰਡ, ਬਿਹਾਰ, ਗੁਜਰਾਤ ਆਦਿ ਸੂਬਿਆਂ ਦੇ ਸਰਕਾਰੀ ਕਾਲਜਾਂ ਦੀ ਹੈ। ਪੰਜਾਬ ਦੀ ਜੇਕਰ ਗੱਲ ਕਰੀਏ ਤਾਂ 28 ਜਨਵਰੀ, 2019 ਦੇ ਪੰਜਾਬੀ ਟ੍ਰਿਬਿਊਨ ਅਨੁਸਾਰ ਸੂਬੇ ਦੇ ਸਰਕਾਰੀ ਕਾਲਜਾਂ ਵਿੱਚ ਸਿਰਫ਼ 25 ਫੀਸਦੀ ਅਧਿਆਪਨ ਅਮਲਾ ਪੱਕਾ ਹੈ ਜਦਕਿ 75% ਸਟਾਫ ਠੇਕੇ, ਗੈਸਟ ਫਕੈਲਟੀ, ਐਡਹਾਕ ਅਧਾਰਤ ਹਨ। ਜਿਸਦੀ ਮਿਸਾਲ ਲੁਧਿਆਣੇ ਦੇ ਐਸਸੀਡੀ ਸਰਕਾਰੀ ਕਾਲਜ ਰਾਹੀਂ ਉਹਨਾਂ ਨੇ ਦਿੱਤੀ ਹੈ। ਇਸ ਕਾਲਜ ਵਿੱਚ 129 ਅਧਿਆਪਕਾਂ ਵਿੱਚ ਸਿਰਫ਼ 36 ਅਧਿਆਪਕ ਹੀ ਪੱਕੇ ਹਨ ਅਤੇ ਕੁੜੀਆਂ ਦੇ ਕਾਲਜ ਦੇ 89 ਅਧਿਆਪਕਾਂ ਵਿੱਚੋਂ ਸਿਰਫ਼ 26 ਪੱਕੇ ਹਨ ਬਾਕੀ ਸਭ ਕੱਚੇ ਅਧਿਆਪਕ ਹਨ। ਦੂਜੇ ਪਾਸੇ 'ਆਲ ਇੰਡੀਆ ਸਰਵੇ ਆਫ ਹਾਇਅਰ ਐਜੂਕੇਸ਼ਨ' ਦੀ ਰਿਪੋਰਟ ਅਨੁਸਾਰ ਦੇਸ਼ ਦੇ ਕਾਲਜਾਂ/ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਗਿਣਤੀ 2010 ਵਿੱਚ 2.75 ਕਰੋੜ ਤੋਂ ਵਧ ਕੇ 2016 ਵਿੱਚ 3.52 ਕਰੋੜ ਹੋ ਗਈ ਹੈ।

ਇਹ ਉੱਚ ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੀ ਹੁੰਦੀ ਲੁੱਟ ਦਾ ਆਰਥਿਕ ਪੱਖ ਹੀ ਹੈ। ਦੂਜੇ ਪਾਸੇ ਜ਼ਿਆਦਾ ਕੰਮ ਦਾ ਬੋਝ, ਧੁੰਦਲਾ ਭਵਿੱਖ, ਕੰਮ ਥਾਵਾਂ 'ਤੇ ਹੁੰਦਾ ਵਿਤਕਰਾ ਆਦਿ ਗੱਲਾਂ ਅਧਿਆਪਕਾਂ ਨੂੰ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਕਰਦੀਆਂ ਹਨ। ਇੱਥੋਂ ਤੱਕ ਕਿ ਔਰਤ ਅਧਿਆਪਕਾਂ ਨੂੰ ਜਣੇਪੇ ਦੌਰਾਨ ਦਿੱਤੀ ਜਾਂਦੀ ਛੁੱਟੀ ਵੀ ਕਈ ਸੰਸਥਾਵਾਂ ਉਹਨਾਂ ਦੀ ਤਨਖਾਹ ਕੱਟ ਕੇ ਦਿੰਦੀਆਂ ਹਨ। ਤਾਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਿਹੜਾ ਅਧਿਆਪਕ ਖੁਦ ਹੀ ਹਮੇਸ਼ਾ ਪ੍ਰੇਸ਼ਾਨੀ, ਛਾਂਟੀ ਦੇ ਧੁੜਕੂ, ਆਰਥਿਕ ਤੇ ਮਾਨਸਿਕ ਤੌਰ 'ਤੇ ਅਪਮਾਨਿਤ ਤੇ ਲੁੱਟਿਆ ਹੋਇਆ ਮਹਿਸੂਸ ਕਰਦਾ ਉਹਦੇ ਲਈ ਆਪਣੇ ਅਧਿਆਪਨ ਕਾਰਜ ਨੂੰ ਜਾਰੀ ਰੱਖਣ ਕਿੰਨਾ ਵੰਗਾਰਮਈ ਹੋਵੇਗਾ।

ਉਪਰੋਕਤ ਤੱਥਾਂ ਤੋਂ ਉੱਚ ਸਿੱਖਿਆ ਵਿੱਚ ਆ ਰਹੇ ਨਿਘਾਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪਰ ਇਸ ਨਿਘਾਰ ਨੂੰ ਅਸੀਂ ਕਾਲਜ/ਯੂਨੀਵਰਸਿਟੀ ਦੇ ਸੀਮਤ ਘੇਰੇ ਵਿੱਚ ਰੱਖ ਕੇ ਦੇਖਦੇ ਹਾਂ ਤਾਂ ਸਾਨੂੰ ਇਸਦੇ ਅਸਲ ਕਾਰਨਾਂ ਅਤੇ ਹੱਲ ਲੱਭਣ ਵਿੱਚ ਗਲਤ-ਫਹਿਮੀ ਹੋਵੇਗੀ। ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਦਿਨੋ-ਦਿਨ ਆ ਰਿਹਾ ਨਿਘਾਰ, ਵਿਦਿਆਰਥੀਆਂ ਦੀ ਘੱਟ ਰਹੀ ਗਿਣਤੀ ਅਤੇ ਕੱਚੇ ਅਧਿਆਪਕਾਂ ਦੀ ਵਧ ਰਹੀ ਗਿਣਤੀ, ਫੰਡਾਂ ਦੀ ਘਾਟ ਆਦਿ ਸਭ ਸਮੱਸਿਆਵਾਂ ਦਾ ਕਾਰਨ ਤੇ ਹੱਲ ਵਿੱਦਿਅਕ ਪ੍ਰਬੰਧ ਨੂੰ ਸਮੁੱਚੇ ਸਮਾਜਿਕ-ਆਰਥਿਕ-ਸਿਆਸੀ ਪ੍ਰਬੰਧ ਦੇ ਅੰਗ ਵਜੋਂ ਸਮਝ ਕੇ ਹੀ ਕੱਢਿਆ ਜਾ ਸਕਦਾ ਹੈ। ਭਾਵੇਂ ਇਹਦੇ ਲਈ ਇੱਕ ਹੱਦ ਤੱਕ ਨਿੱਜੀਕਰਨ ਦੀਆਂ ਨੀਤੀਆਂ ਜ਼ਿੰਮੇਵਾਰ ਹਨ ਜੋ 1991 ਤੋਂ ਲਗਾਤਾਰ ਦੇਸ਼ ਵਿੱਚ ਜਾਰੀ ਹਨ ਜਿਹਨਾਂ ਤਹਿਤ ਸਿਹਤ, ਸਿੱਖਿਆ ਵਰਗੀਆਂ ਬਹੁਤ ਹੀ ਬੁਨਿਆਦੀ ਸਹੂਲਤਾਂ ਵੀ ਸਮੇਂ ਦੀਆਂ ਸਰਕਾਰਾਂ ਲੋਕਾਂ ਤੋਂ ਖੋਹ ਕੇ ਕੌਡੀਆਂ ਦੇ ਭਾਅ ਸਰਮਾਏਦਾਰਾਂ ਨੂੰ ਵੇਚ ਰਹੀਆਂ ਹਨ। ਪਰ ਇਹ ਨੀਤੀਆਂ ਵੀ ਸਰਮਾਏਦਾਰਾ ਢਾਂਚੇ ਦੀ ਆਪਣੀ ਅੰਦਰੂਨੀ ਗਤੀ ਅਤੇ ਤਰਕ ਦਾ ਨਤੀਜਾ ਸਨ। ਇੱਕ ਸਮੇਂ 'ਤੇ ਆ ਕੇ ਸੰਸਾਰ ਪੱਧਰ 'ਤੇ ਹੀ ਜਦੋਂ ਸਰਮਾਏ ਦਾ ਸਾਹ ਘੁੱਟਣ ਲੱਗਾ - ਕਿਉਂਕਿ ਸਰਮਾਏਦਾਰਾ ਪੈਦਾਵਾਰ ਲਗਾਤਾਰ ਵਿਸਤ੍ਰਿਤ ਹੁੰਦੇ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ - ਤਾਂ ਸਭ ਦੇਸ਼ਾਂ ਦੀਆਂ ਸਰਕਾਰਾਂ ਨੇ ਵਿਦੇਸ਼ੀ ਸਰਮਾਏ ਲਈ ਸਭ ਹੱਦਾਂ/ਰੋਕਾਂ ਚੁੱਕ ਦਿੱਤੀਆਂ। ਜਿਸਦੇ ਤਹਿਤ 1980 ਤੋਂ ਸ਼ੁਰੂ ਹੋਈਆਂ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਭਾਰਤੀ ਸਰਮਾਏ ਦੀਆਂ ਲੋੜਾਂ ਤਹਿਤ 1991 ਵਿੱਚ ਭਾਰਤ ਵਿੱਚ ਵੀ ਲਾਗੂ ਕੀਤਾ ਗਿਆ ਅਤੇ ਦੇਸ਼ਾਂ ਦੇ ਕੁਦਰਤੀ ਤੇ ਮਨੁੱਖੀ ਸਾਧਨਾਂ ਨੂੰ ਦੇਸ਼ੀ-ਵਿਦੇਸ਼ੀ ਸਰਮਾਏਦਾਰਾਂ ਦੁਆਰਾ ਲੁੱਟਣ ਦੀ ਖੁੱਲ੍ਹ ਦੇ ਦਿੱਤੀ ਗਈ। ਪਰ ਇਹ ਨੀਤੀਆਂ ਵੀ ਸਰਮਾਏਦਾਰੀ ਦੇ ਸੰਕਟ ਦਾ ਕੋਈ ਪੱਕਾ ਹੱਲ ਨਾ ਹੋ ਕੇ ਸਗੋਂ ਸੰਕਟ ਨੂੰ ਵਧਾਉਣ ਵਿੱਚ ਹੀ ਅੰਤਿਮ ਰੂਪ ਵਿੱਚ ਸਹਾਈ ਹੋਈਆਂ। ਅੱਜ ਸੰਸਾਰ ਦੇ ਪੋਰ-ਪੋਰ ਵਿੱਚ ਸਰਮਾਇਆ ਰਚ ਜਾਣ ਤੋਂ ਬਾਅਦ ਨਵੇਂ ਸਰਮਾਇਆ ਨਿਵੇਸ਼ਾਂ ਲਈ ਸਰਮਾਏਦਾਰਾਂ ਨੂੰ ਥਾਂ ਨਹੀਂ ਲੱਭ ਰਹੀ ਹੈ। ਇਸ ਕਰਕੇ ਹਾਬੜਿਆ ਹੋਇਆ ਸਰਮਾਇਆ ਹਰ ਉਹ ਖੇਤਰ ਵਿੱਚ ਨਿਵੇਸ਼ ਕਰ ਰਿਹਾ ਹੈ ਜਿਸ ਵਿੱਚੋਂ ਇਹਨੂੰ ਮੁਨਾਫ਼ਾ ਆਵੇ ਅਤੇ ਇਹਦੇ ਸਾਹ ਚੱਲਦੇ ਰਹਿਣ। ਉਹਦੇ ਲਈ ਭਾਵੇਂ ਮੋਟੇ ਨੂੰ ਪਤਲਾ ਕਰਨ, ਪਤਲੇ ਨੂੰ ਮੋਟਾ ਕਰਨ, ਲੰਬੇ ਨੂੰ ਛੋਟਾ ਕਰਨ, ਛੋਟੇ ਨੂੰ ਲੰਬਾ ਕਰਨ, ਪਲਾਸਟਿਕ ਸਰਜਰੀਆਂ ਰਾਹੀਂ ਚਮੜੀ ਦੇ ਰੰਗ ਬਦਲਣ, ਪੋਰਨ ਫਿਲਮਾਂ, ਨਸ਼ੇ, ਤਸਕਰੀ, ਹਥਿਆਰਾਂ ਆਦਿ ਕਿਸੇ ਵੀ ਗੈਰ-ਪੈਦਾਵਾਰੀ ਅਤੇ ਅਣਮਨੁੱਖੀ ਕੰਮ ਵਿੱਚ ਪੈਸਾ ਲਾਉਣਾ ਪਵੇ। ਹਾਬੜੇ ਹੋਏ ਸਰਮਾਏ ਨੂੰ ਜਦੋਂ ਹੋਰ ਕੋਈ ਰਾਹ ਨਹੀਂ ਲੱਭ ਰਿਹਾ ਤਾਂ ਸਾਰੇ ਦੇਸ਼ਾਂ ਦੇ ਸਰਮਾਏਦਾਰ ਸਰਕਾਰਾਂ 'ਤੇ ਦਬਾਅ ਪਾ ਕੇ ਬੁਨਿਆਦੀ ਮਨੁੱਖੀ ਸਹੂਲਤਾਂ - ਸਿੱਖਿਆ, ਸਿਹਤ, ਰਿਹਾਇਸ਼ - ਵਿੱਚ ਵੀ ਨਿਵੇਸ਼ ਕਰ ਰਹੇ ਹਨ। ਇਸੇ ਕਰਕੇ ਸਰਕਾਰੀ ਹਸਪਤਾਲਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਨੂੰ ਰੱਬ ਆਸਰੇ ਛੱਡਿਆ ਜਾ ਰਿਹਾ ਹੈ। ਜਿਵੇਂ ਪੜ੍ਹਾਈ ਚੰਗੀ ਨਾ ਹੋਣ ਦਾ ਬਹਾਨਾ ਲਾ ਕੇ ਸਰਕਾਰੀ ਸਕੂਲਾਂ ਨੂੰ ਭੰਡਿਆ ਗਿਆ ਸੀ ਤਾਂ ਜੋ ਨਿੱਜੀ ਸਕੂਲਾਂ ਦਾ ਧੰਦਾ ਚੱਲ ਸਕੇ ਠੀਕ ਇਹੀ ਕੁੱਝ ਹੁਣ ਕਾਲਜਾਂ/ਯੂਨੀਵਰਸਿਟੀਆਂ ਨਾਲ਼ ਹੋ ਰਿਹਾ ਹੈ ਜਾਂ ਹੋਣ ਜਾ ਰਿਹਾ ਹੈ। ਧੜਾ-ਧੜ ਖੁੱਲ੍ਹ ਰਹੇ ਨਿੱਜੀ ਕਾਲਜਾਂ/ਯੂਨੀਵਰਸਿਟੀਆਂ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ। ਇਸੇ ਕਰਕੇ ਫੰਡਾਂ ਦੀ ਘਾਟ ਦਾ ਰੋਣਾ ਰੋ ਕੇ ਹਰ ਵਾਰ ਸਰਕਾਰਾਂ ਲੋਕਾਂ ਪ੍ਰਤੀ ਬਣਦੇ ਆਪਣੇ ਮਾੜੇ-ਮੋਟੇ ਫਰਜਾਂ ਤੋਂ ਵੀ ਭੱਜ ਰਹੀਆਂ ਹਨ ਅਤੇ ਸਭ ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚਣ 'ਤੇ ਲੱਗੀਆਂ ਹਨ। ਭਾਵੇਂ ਇਹ ਸਰਕਾਰਾਂ ਰਾਫੇਲ, ਚਾਰਾ, ਟੂ ਜੀ ਸਪੈਕਟਰਮ ਆਦਿ ਘੁਟਾਲਿਆਂ, ਚੋਣ ਪ੍ਰਚਾਰਾਂ, ਮੰਤਰੀਆਂ ਦੀਆਂ ਅੱਯਾਸ਼ੀਆਂ, ਸਰਮਾਏਦਾਰਾਂ ਦੇ ਲੱਖਾਂ ਕਰੋੜਾਂ ਦੇ ਕਰਜਾਂ 'ਤੇ ਲੀਕ ਫੇਰਨ ਲਈ ਮਿੰਟ ਨਹੀਂ ਲਾਉਂਦੀਆਂ। ਪਰ ਜਦ ਲੋਕਾਂ ਦੀ ਗੱਲ ਆਉਂਦੀ ਹੈ ਤਾਂ ਇਹਨਾਂ ਸਰਕਾਰਾਂ ਨੂੰ ਸੱਪ ਸੁੰਘ ਜਾਂਦਾ ਹੈ। ਪਿਛਲੇ ਸਮੇਂ ਵਿੱਚ ਯੂਜੀਸੀ, ਸੂਬਈ ਤੇ ਕੇਂਦਰੀ ਸਰਕਾਰਾਂ ਤੋਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਮਿਲ਼ਣ ਵਾਲਾ ਫੰਡ ਨਾ-ਮਾਤਰ ਹੀ ਰਹਿ ਗਿਆ ਹੈ। ਯੂਨੀਵਰਸਿਟੀਆਂ ਤੇ ਕਾਲਜ 'ਸੈਲਫ ਫਾਇਨਾਂਸਡ ਕੋਰਸ' ਲਿਆਉਣ ਲਈ ਮਜ਼ਬੂਰ ਹੋ ਰਹੇ ਹਨ। ਜਿਸ ਕਰਕੇ ਫੀਸਾਂ ਵਧਣ ਕਾਰਨ ਅੰਤਿਮ ਰੂਪ ਵਿੱਚ ਆਮ ਲੋਕਾਂ ਉੱਤੇ ਦਬਾਅ ਵਧ ਰਿਹਾ ਹੈ। ਜੇਕਰ ਇਸ ਪ੍ਰਕਿਰਿਆ ਨੂੰ ਰੋਕਿਆ ਨਾ ਗਿਆ ਤਾਂ ਆਮ ਕਿਰਤੀ/ਮਜ਼ਦੂਰਾਂ/ਛੋਟੇ ਕਿਸਾਨਾਂ ਆਦਿ ਦੇ ਬੱਚੇ ਆਉਣ ਵਾਲ਼ੇ ਸਮੇਂ ਵਿੱਚ ਸਰਕਾਰਾਂ ਦੁਆਰਾ ਬੁੱਤਾ-ਸਾਰੂ ਸਿੱਖਿਆ ਸਹੂਲਤਾਂ ਤੋਂ ਵੀ ਵਾਂਝੇ ਹੋ ਜਾਣਗੇ।

ਇਸ ਲਈ ਸਾਨੂੰ ਜਾਤੀ, ਤਬਕਾਤੀ, ਕਿੱਤਾਈ, ਖੇਤਰੀ ਆਦਿ ਵਖਰੇਵਿਆਂ ਤੋਂ ਉੱਪਰ ਉੱਠ ਕੇ ਇਕੱਠੇ ਹੋ ਕੇ ਸਭ ਸਰਕਾਰੀ ਸੰਸਥਾਵਾਂ ਦਾ ਨਿੱਜੀਕਰਨ ਰੋਕਣ ਲਈ ਸਰਕਾਰਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਸਾਨੂੰ ਸਿਰਫ਼ ਆਪਣੇ ਕਿੱਤੇ, ਤਬਕੇ ਜਾਂ ਸੰਸਥਾ ਅਧਾਰਤ ਇਕੱਠੇ ਹੋ ਕੇ ਹੀ ਘੋਲ਼ ਨਹੀਂ ਲੜਨਾ ਚਾਹੀਦਾ ਸਗੋਂ ਇਸ ਸਮੱਸਿਆ ਤੋਂ ਪੀੜਿਤ ਸਭ ਮੁਲਾਜ਼ਮਾਂ ਨੂੰ ਨਾਲ਼ ਲੈ ਕੇ ਅਤੇ ਆਪਣੇ ਘੋਲ਼ ਨੂੰ ਕਿਰਤੀਆਂ, ਮਜ਼ਦੂਰਾਂ ਦੇ ਘੋਲ਼ ਦੇ ਨਾਲ਼ ਜੋੜ ਕੇ ਇਸ ਸਮੱਸਿਆ ਵਿਰੁੱਧ ਲੜਨਾ ਚਾਹੀਦਾ ਹੈ। ਕਿਉਂਕਿ ਸਿਹਤ-ਸਿੱਖਿਆ-ਰੁਜ਼ਗਾਰ ਲੋਕਾਂ ਦੇ ਬੁਨਿਆਦੀ ਲਾਜ਼ਮੀ ਹੱਕ ਹਨ। ਇਸ ਲਈ ਸਮੂਹ ਮਜ਼ਦੂਰਾਂ, ਕਿਰਤੀਆਂ ਨਾਲ਼ ਏਕਤਾ ਦੇ ਅਧਾਰ 'ਤੇ ਹੀ ਅਸੀਂ ਲੜਾਈ ਨੂੰ ਪ੍ਰਭਾਵੀ ਬਣਾ ਸਕਾਂਗੇ ਤੇ ਜਿੱਤ ਸਕਾਂਗੇ। ਸਾਨੂੰ ਜਿੱਥੇ ਮੁਫਤ ਸਿਹਤ ਤੇ ਸਿੱਖਿਆ ਸਹੂਲਤਾਂ ਅਤੇ ਸਭ ਲਈ ਰੁਜ਼ਗਾਰ ਆਦਿ ਮੰਗਾਂ ਲਈ ਸਰਕਾਰਾਂ ਉੱਤੇ ਦਬਾਅ ਪਾਉਣਾ ਚਾਹੀਦਾ ਹੈ ਉੱਥੇ ਸਭ ਸਰਕਾਰੀ ਅਦਾਰਿਆਂ ਵਿੱਚ ਖਾਲ਼ੀ ਅਸਾਮੀਆਂ ਰੈਗੂਲਰ ਤੇ ਪੂਰੀ ਤਨਖਾਹ ਉੱਤੇ ਭਰਨ, ਲੋੜੀਂਦਾ ਸਾਜ-ਸਮਾਨ, ਤਕਨੀਕ ਅਤੇ ਇਮਾਰਤਾਂ ਮੁਹੱਈਆ ਕਰਵਾਉਣ, ਇਹਨਾਂ ਸੰਸਥਾਵਾਂ ਨੂੰ ਬਣਦੇ ਫੰਡ ਜਾਰੀ ਕਰਨ ਆਦਿ ਮੰਗਾਂ ਉੱਤੇ ਇਕੱਠੇ ਹੋ ਕੇ ਆਪਣੇ ਇਹਨਾਂ ਬੁਨਿਆਦੀ ਹੱਕਾਂ ਲਈ ਅਵਾਜ਼ ਉਠਾਉਣੀ ਹੋਵੇਗੀ। ਲੜਾਈ ਲੰਬੀ ਹੈ ਪਰ ਇਕੱਠੇ ਹੋ ਕੇ ਸਹੀ ਯੁੱਧਨੀਤੀ ਤੇ ਦਾਅਪੇਚਾਂ ਨਾਲ਼ ਲੜਨ ਤੋਂ ਬਿਨ੍ਹਾਂ ਜਿੱਤੀ ਨਹੀਂ ਜਾ ਸਕਦੀ

ਲਲਕਾਰ 'ਚੋਂ ਧੰਨਵਾਦ ਸਹਿਤ

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



# ਮਾਤ ਭਾਸ਼ਾ ਦਿਵਸ



ਨਰਿੰਦਰ ਕੌਰ 'ਕੈਲ਼ੇ'
ਪਿੰਡ- ਡਾਬਾ,
ਲੁਧਿਆਣਾ।
8968540878


ਮਾਤ ਭਾਸ਼ਾ ਤੋਂ ਭਾਵ ਉਹ ਭਾਸ਼ਾ ਜੋ ਮਨੁੱਖ ਆਪਣੀ ਮਾਂ ਤੋਂ ਦੁੱਧ ਵਿੱਚੋਂ ਪ੍ਰਾਪਤ ਕਰਦਾ ਹੈ ਤੇ ਪਿਓ ਤੋਂ ਗੁੜਤੀ ਵਿੱਚ ਪ੍ਰਾਪਤ ਕਰਦਾ ਹੈ। ਮਾਂ ਬੋਲੀ ਬੱਚੇ ਨੂੰ ਵਿਰਸੇ ਵਿੱਚੋਂ ਪ੍ਰਾਪਤ ਹੁੰਦੀ ਹੈ। ਮਾਂ ਬੋਲੀ ਕਿਸੇ ਦੀ ਮੁਹਤਾਜ ਨਹੀਂ ਹੁੰਦੀ ਇਹ ਤਾਂ ਬੱਚਾ ਆਪ ਮੁਹਾਰੇ ਹੀ ਸਿੱਖ ਲੈਂਦਾ ਹੈ। ਮਾਂ ਬੋਲੀ ਦਾ ਬਹੁਤੇ ਪੜ੍ਹੇ -ਲਿਖੇ ਹੋਣ ਨਾਲ ਵੀ ਕੋਈ ਫਰਕ ਨਹੀਂ ਹੁੰਦਾ। ਅਸੀਂ ਸਮਾਜ ਵਿੱਚ ਦੇਖਦੇ ਹਾਂ ਕਿ ਕਈ ਵਿਅਕਤੀ ਬਹੁਤ ਘੱਟ ਪੜ੍ਹੇ ਹੋਣ ਦੇ ਬਾਵਜੂਦ ਆਪਣੀ ਮਾਂ ਬੋਲੀ ਦੇ ਸ਼ਬਦਾਂ ਦਾ ਅਥਾਹ ਭੰਡਾਰ ਰੱਖਦੇ ਹਨ ਕਈ ਤਾਂ ਉੱਚ ਕੋਟੀ ਦੇ ਸਾਹਿਤਕਾਰ ਵੀ ਹੋ ਨਿਬੜਦੇ ਹਨ। ਜੇਕਰ ਵਿਦਿਆਰਥੀਆਂ ਨੂੰ ਉੱਚ ਦਰਜ਼ੇ ਦੀ ਪੜ੍ਹਾਈ ਉਹਨਾਂ ਦੀ ਮਾਂ ਬੋਲੀ ਵਿੱਚ ਕਰਵਾਈ ਜਾਵੇ ਤਾਂ ਦੇਸ਼ ਵਧੇਰੇ ਤਰੱਕੀ ਵੱਲ ਵਧੇਗਾ।

ਪਿੰ: ਤੇਜਾ ਸਿੰਘ ਅਨੁਸਾਰ, "ਮਾਂ ਬੋਲੀ ਤੋਂ ਭਾਵ ਉਹ ਬੋਲੀ ਜੋ ਮਨੁੱਖ ਆਪਣੀ ਮਾਂ ਤੋਂ ਕੁੱਖ ਵਿੱਚੋਂ ਤੇ ਪਿਓ ਤੋਂ ਗੁੜਤੀ ਵਿੱਚ ਪ੍ਰਾਪਤ ਕਰਦਾ ਹੈ ਇਹ ਕੁੱਖ ਤੋਂ ਕਬਰ ਤੱਕ ਪ੍ਰਛਾਵੇਂ ਵਾਂਗ ਮਨੁੱਖ ਦੇ ਨਾਲ ਰਹਿੰਦੀ ਹੈ।"

'ਰਸੂਲ ਹਮਜਾਤੋਵ ਅਨੁਸਾਰ, "ਜੇਕਰ ਕਿਸੇ ਨੂੰ ਗਾਲ਼ ਦੇਣੀ ਹੋਵੇ ਤਾਂ ਕਹਿ ਦੇਵੋ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।"

ਇਤਿਹਾਸ : ਅੰਤਰਾਸ਼ਟਰੀ ਮਾਂ ਬੋਲੀ ਦਿਵਸ ਮਨਾਉਣ ਦਾ ਕਾਰਨ ਹੈ ਕਿ ਬੰਗਲਾ ਦੇਸ਼ ਦੇ ਲੋਕਾਂ ਤੇ ਉਸ ਸਮੇਂ ਦੀ ਹਕੂਮਤ ਨੇ ਇਹ ਹੁਕਮ ਲਾਗੂ ਕਰ ਦਿੱਤਾ ਕਿ ਸਾਰਿਆਂ ਨੇ ਉਰਦੂ ਭਾਸ਼ਾ ਵਿੱਚ ਹੀ ਕੰਮ ਕਰਨਾ ਹੈ ਪਰ ਬੰਗਾਲੀ ਲੋਕ ਆਪਣੀ ਮਾਤ ਭਾਸ਼ਾ ਵਿੱਚ ਹੀ ਕੰਮ ਕਰਨਾ ਚਾਹੁੰਦੇ ਸਨ। ਇਸ ਗੱਲ ਨੂੰ ਲੈ ਕੇ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਵਿਦਰੋਹ ਕਰ ਦਿੱਤਾ ਉਹਨਾਂ ਤੇ ਗੋਲੀ ਚਲਾ ਦਿੱਤੀ ਜਿਸ ਵਿੱਚ ਕਈ ਵਿਦਿਆਰਥੀ ਮਾਰੇ ਗਏ ਉਹਨਾਂ ਦੀ ਯਾਦ ਵਿੱਚ ਮਾਤ ਭਾਸ਼ਾ ਦਿਵਸ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਮਾਂ ਬੋਲੀ ਦਿਵਸ ਮਨਾਉਣ ਦੀ ਵੀ ਬਹੁਤ ਜਰੂਰਤ ਹੈ ਕਿਉਂਕਿ ਪੰਜਾਬੀਆਂ ਨੇ ਕਦੇ ਮਾਂ ਬੋਲੀ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਇੱਕ ਹੈ ਬਾਹਰ ਬੀਬੀ ਲੱਖ ਹਜਾਰੀ ਘਰੇਂ ਵਿਚਾਰੀ ਝੋਲੇ ਦੀ ਮਾਰੀ। ਅਰਥਾਤ ਪੰਜਾਬ ਦੇ ਲੋਕ ਪੰਜਾਬੀ ਦੀ ਅਹਿਮੀਅਤ ਨਹੀਂ ਸਮਝਦੇ ਜਦਕਿ ਵਿਦੇਸ਼ੀ ਲੋਕਾਂ ਵਲੋਂ ਸ਼ੁਰੂ ਤੋਂ ਹੀ ਇਸ ਲਈ ਉਪਰਾਲੇ ਕੀਤੇ ਜਾਂਦੇ ਰਹੇ ਹਨ ਜਿਵੇਂ ਪੰਜਾਬੀ ਦੀ ਵਿਆਂਕਰਣ ਸਭ ਤੋਂ ਪਹਿਲਾ ਜੋਹਨ ਨਿਊਟਨ ਨੇ ਲਿਖਿਆ, ਪੰਜਾਬੀ ਛਾਪੇਖਾਨੇ ਸਭ ਤੋਂ ਪਹਿਲਾ ਅੰਗਰੇਜਾਂ ਨੇ ਸ਼ੁਰੂ ਕੀਤੇ ਗੁਰੂਆਂ ਪੀਰਾਂ ਵਲੋਂ ਨਿਵਾਜੀ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਨਹੀਂ ਮਿਲ ਸਕਿਆ।

ਫਿਰੋਜਦੀਨ ਸ਼ਰਫ ਨੇ ਕਿਹਾ ਹੈ, "ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ ਮੇਰੀ

ਵੇ ਮੈਂ ਮਾਂ ਬੋਲੀ ਉਹਨਾਂ ਪੰਜਾਬੀਆਂ ਦੀ ਹਾਂ।"

ਭਾਵੇਂ ਕਿ ਪੰਜਾਬ ਸਰਕਾਰ ਨੇ ਸਾਰਾ ਦਫਤਰੀ ਕੰਮ-ਕਾਜ ਪੰਜਾਬੀ ਵਿੱਚ ਕਰਨ ਤੇ ਸਕੂਲਾਂ ਵਿੱਚ ਪੰਜਾਬੀ ਲਾਜ਼ਮੀ ਕਰ ਦਿੱਤੀ ਹੈ ਪਰ ਫਿਰ ਵੀ ਪ੍ਰਾਈਵੇਟ ਸੰਸਥਾਵਾਂ ਵਿੱਚ ਪੰਜਾਬੀ ਬੋਲਣ ਤੇ ਪਾਬੰਦੀ ਲਗਾਈ ਜਾਂਦੀ ਹੈ। ਪੰਜਾਬੀ ਨੌਜਵਾਨ/ਮੁਟਿਆਰਾਂ ਹੀ ਪੰਜਾਬੀ ਬੋਲਣ ਤੋ ਝਿਜਕ ਮਹਿਸੂਸ ਕਰਦੇ ਹਨ ਤੇ ਅੰਗਰੇਜੀ,ਹਿੰਦੀ ਬੋਲਣ ਨੂੰ ਅਹਿਮੀਅਤ ਦਿੰਦੇ ਹਨ:-

**ਇੱਥੇ ਲੱਖਾਂ ਹੀ ਤੱਕੜੀਆਂ ਹੋਣਗੀਆਂ**
**ਪਰ ਤੁਸੀਂ ਕਿਤੇ ਵੀ ਤੁਲਿਓ ਨਾ।**
**ਭਾਸ਼ਾਵਾਂ ਸਿੱਖ ਲਓ ਜਿੰਨੀਆਂ ਮਰਜੀ**
**ਪਰ ਮਾਂ ਬੋਲੀ ਨੂੰ ਭੁਲਿਓ ਨਾ।**

ਮੈਂ ਇਹ ਨਹੀਂ ਕਹਿੰਦੀ ਕਿ ਹੋਰ ਭਾਸ਼ਾਵਾਂ ਸਿੱਖਣੀਆਂ ਮਾੜੀ ਗੱਲ ਹੈ ਪਰ ਆਪਣੀ ਮਾਂ ਬੋਲੀ ਨੂੰ ਭੁੱਲ ਕੇ ਜਾ ਆਪਣੀ ਬੋਲੀ ਨੂੰ ਬੋਲਣ ਵਿੱਚ ਝਿਜਕ ਮਹਿਸੂਸ ਕਰਨੀ ਗਲਤ ਹੈ ਕਿਉਂਕਿ ਅੱਜ ਦੇ ਨੌਜਵਾਨ ਹੋਰ ਭਾਸ਼ਾਵਾਂ ਬੋਲਣ ਵਿੱਚ ਆਪਣੀ ਸ਼ਾਨ ਸਮਝਦੇ ਹਨ:-

**ਮਾੜੀ ਮੋਟੀ ਜਿਹਨੂੰ ਵੀ ਅੰਗਰੇਜ਼ੀ ਆਉਂਦੀ ਏ।**
**ਉਹਨੂੰ ਸਾਰੀ ਦੁਨੀਆ ਜੀ ਜੀ ਆਖ ਬੁਲਾਉਂਦੀ ਏ।**
***ਮੰਜ਼ਿਲ ਕਦੇ ਨਸੀਬ ਨਾ ਹੁੰਦੀ ਡੋਲਣ ਵਾਲੇ ਨੂੰ।**
**ਕਿਉ ਦੇਸੀ ਸਮਝਣ ਲੋਕ ਪੰਜਾਬੀ ਬੋਲਣ ਵਾਲੇ ਨੂੰ।**
**ਬੱਚਿਆਂ ਨੂੰ ਵੀ ਰੱਖਦੇ ਲੋਕੀ ਦੂਰ ਪੰਜਾਬੀ ਤੋਂ।**
**ਐਡੀ ਵੀ ਕੀ ਗਲਤੀ ਹੋ ਗਈ ਬੋਲੀ ਸਾਡੀ ਤੋਂ।**
**ਮਿਲੇ ਤਰੱਕੀ ਮਾਂ ਬੋਲੀ ਹੁਣ ਰੋਲਣ ਵਾਲੇ ਨੂੰ।**
**ਕਿਉ ਦੇਸੀ ਸਮਝਣ ਲੋਕ ਪੰਜਾਬੀ ਬੋਲਣ ਵਾਲੇ ਨੂੰ।**

ਸੋ ਅੱਜ ਪੰਜਾਬੀ ਬੋਲਣ ਵਾਲਿਆ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਵਿਚ ਯੋਗਦਾਨ ਪਾਉਣ ਕਿਉਕਿ ਜਿਹੜੀਆਂ ਕੌਮਾਂ ਆਪਣੀ ਮਾਂ ਬੋਲੀ ਦੀ ਕਦਰ ਨਹੀਂ ਕਰਦੀਆਂ ਉਹ ਅਲੋਪ ਹੋ ਜਾਂਦੀਆਂ ਹਨ ਅੱਜ ਕੱਲ੍ਹ ਬਹੁਤ ਸਾਰੇ ਸਕੂਲ ਅਜਿਹੇ ਹਨ ਜਿੱਥੇ ਪੰਜਾਬੀ ਬੋਲਣ ਦੀ ਮਨਾਹੀ ਹੈ ਜਾਂ ਪੰਜਾਬੀ ਬੋਲਣ ਤੇ ਸ਼ਜਾ ਦਿੱਤੀ ਜਾਂਦੀ ਹੈ।

ਪੰਜਾਬੀ ਦੇ ਮਸ਼ਹੂਰ ਕਵੀ ਸੁਰਜੀਤ ਪਾਤਰ ਜੀ ਨੇ ਲਿਖਿਆ ਹੈ-

**ਚੀਂ-ਚੀਂ ਕਰਦੀਆਂ ਚਿੜੀਆਂ ਦਾ,**
**ਕਲ ਕਲ ਕਰਦੀਆਂ ਨਦੀਆਂ ਦਾ,**
**ਸ਼ਾਂ ਸ਼ਾਂ ਕਰਦੇ ਬਿਰਖਾਂ ਦਾ ,**
**ਆਪਣਾ ਹੀ ਤਰਾਨਾ ਹੁੰਦਾ ਹੈ।**
**ਮੈਂ ਸੁਣਿਆ ਇਸ ਧਰਤੀ 'ਤੇ**
**ਇੱਕ ਅਜਿਹਾ ਦੇਸ਼ ਵੀ ਹੈ,**
**ਜਿੱਥੇ ਬੱਚਿਆਂ ਨੂੰ ਆਪਣੀ ਹੀ,**
**ਮਾਂ-ਬੋਲੀ ਬੋਲਣ 'ਤੇ ਜੁਰਮਾਨਾ ਹੁੰਦਾ ਹੈ।**

ਪੰਜਾਬ ਦੇ ਰਹਿਣ ਵਾਲਿਆਂ ਨੂੰ ਆਪਣੀ ਬੋਲੀ ਤੇ ਮਾਣ ਹੋਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਕੋਈ ਅਨਪੜ੍ਹਾਂ ਦੀ ਬੋਲੀ ਨਹੀਂ ਹੈ। ਪੰਜਾਬੀਆਂ ਨੂੰ ਇਸ ਗੱਲ ਤੇ ਮਾਣ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਲਗਭਗ 7000 ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਪੰਜਾਬੀ ਨੂੰ ਤਕਰੀਬਨ 10ਵਾਂ ਸਥਾਨ ਪ੍ਰਾਪਤ ਹੈ। ਇੰਗਲੈਂਡ ਤੇ ਕੈਨੇਡਾ ਵਿੱਚ ਪੰਜਾਬੀ ਤੀਜੇ ਸਥਾਨ ਤੇ ਹੈ ਦੁਨੀਆ ਵਿੱਚ ਲਗਭਗ 15 ਕਰੋੜ ਲੋਕ ਪੰਜਾਬੀ ਬੋਲਣ ਵਾਲੇ ਹਨ। ਇਸ ਲਈ ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਸਾਨੂੰ ਸਾਰਿਆਂ ਨੂੰ ਰਲ਼ ਕੇ ਹੰਭਲਾ ਮਾਰਨਾ ਚਾਹੀਦਾ ਹੈ:-

**ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ।**
**ਚੁੱਕ ਝੋਲ਼ੀ ਵਿੱਚ ਪਾ ਲੈ।**
**ਆਸੇ ਪਾਸੇ ਮਿੱਟੀ ਜੇ ਲੱਗ ਗਈ**
**ਝਾੜ ਪੂੰਝ ਕੇ ਖਾ ਲੈ।**
**ਭਲਿਆ ਲੋਕਾ ਪੰਜਾਬੀ ਅਪਣਾ ਲੈ...**


## ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਅਲੰਬਰਦਾਰ ਕ੍ਰਿਸ਼ਨ ਕੁਮਾਰ ਦੇ ਚਹੇਤੇ ਪ੍ਰੋਜੈਕਟ "ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ"

ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਅਲੰਬਰਦਾਰ ਕ੍ਰਿਸ਼ਨ ਕੁਮਾਰ ਦੇ ਚਹੇਤੇ ਪ੍ਰੋਜੈਕਟ "ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ" ਨੂੰ ਧੱਕੇ ਨਾਲ ਲਾਗੂ ਕਰਨ ਲਈ ਅਧਿਆਪਕਾਂ ਦੇ ਜਬਰ ਢਾਉਣ ਲਈ ਸਕੂਲਾਂ ਚ ਪੁਲਸ ਤੈਨਾਤ ਕਰਨ ਬਾਰੇ "ਸੁਰਖ ਰੇਖਾ" ਦੀ ਟਿੱਪਣੀ : ਪੰਜਾਬ ਨੂੰ "ਪੜ੍ਹਾਉਣ" ਲਈ ਡਾਢੀ ਉਤਾਵਲੀ ਦਿਖਦੀ ਹਕੂਮਤ ਹੁਣ "ਪੜ੍ਹੋ ਪੰਜਾਬ" ਨਾਂ ਦੇ ਦੰਭੀ ਪ੍ਰੋਜੈਕਟ ਨੂੰ ਪੁਲਸੀ ਦਹਿਸ਼ਤ ਦੇ ਜ਼ੋਰ ਲਾਗੂ ਕਰਵਾਉਣ ਲਈ ਆ ਖੜ੍ਹੀ ਹੈ ।"ਪੜ੍ਹੋ ਪੰਜਾਬ" ਨੂੰ ਲਾਗੂ ਕਰਾਉਣ ਲਈ ਪੁਲਿਸ ਤੇ ਅਫਸਰਸ਼ਾਹੀ ਨੂੰ ਇਓਂ ਝੋਕਣਾ ਦੱਸਦਾ ਹੈ ਕਿ ਇਹ ਪ੍ਰੋਜੈਕਟ ਸਰਕਾਰੀ ਸਿੱਖਿਆ ਢਾਂਚੇ ਦੀ ਤਬਾਹੀ ਲਈ ਹਕੂਮਤ ਵਾਸਤੇ ਕਿੰਨਾ... ਲਾਜ਼ਮੀ ਹੈ। ਨਾਲੇ ਜਦੋਂ ਕੋਈ ਫ਼ੈਸਲੇ ਇਓਂ ਪੁਲਿਸ ਸੱਦ ਕੇ ਲਾਗੂ ਕਰਵਾਏ ਜਾ ਰਹੇ ਹੋਣ, ਹਜ਼ਾਰਾਂ ਲੋਕਾਂ ਦੀ ਰਜ਼ਾ ਨੂੰ ਕੁਚਲਿਆ ਜਾ ਰਿਹਾ ਹੋਵੇ ਤਾਂ ਅਜਿਹੇ ਪ੍ਰੋਜੈਕਟ ਦੀਆਂ ਬਹੁਤੀਆਂ ਤੈਹਾਂ ਫਰੋਲਣ ਦੀ ਜ਼ਰੂਰਤ ਨਹੀਂ ਰਹਿੰਦੀ। ਇਹਨਾਂ ਦਾ ਮਕਸਦ ਹਕੂਮਤੀ ਡੰਡਾ ਆਪ ਹੀ ਦੱਸ ਦਿੰਦਾ ਹੈ।

ਪਰ ਜ਼ਿਆਦਾ ਅਹਿਮ ਗੱਲ ਇਹ ਹੈ ਕਿ ਅੱਜ ਅਧਿਆਪਕ ਕਿਤਾਬਾਂ 'ਚ ਪੜ੍ਹਾਈ ਜਾਣ ਵਾਲੀ ਮੁਲਕ ਦੀ 'ਜਮਹੂਰੀ' ਕਾਰ ਵਿਹਾਰ ਦੀ ਪ੍ਰਣਾਲੀ ਦਾ ਢਕਵੰਜ ਚੌਰਾਹੇ 'ਚ ਨੰਗਾ ਹੋਇਆ ਦੇਖ ਰਹੇ ਹਨ। ਜਮਹੂਰੀਅਤ ਪੰਜਾਂ ਸਾਲਾਂ ਬਾਅਦ ਵੋਟਾਂ ਦਾ ਡਰਾਮਾ ਹੀ ਨਹੀਂ ਹੁੰਦਾ ਸਗੋਂ ਲੋਕਾਂ ਦੀ ਜ਼ਿੰਦਗੀ 'ਚ ਪੈਰ-ਪੈਰ 'ਤੇ ਉਹਨਾਂ ਦੀ ਰਜ਼ਾ ਦੀ ਪੁੱਗਤ ਤੇ ਵੁੱਕਤ ਹੁੰਦੀ ਹੈ। ਵੋਟਾਂ ਵੇਲੇ ਤਾਂ ਰਜ਼ਾ ਖਰੀਦ ਲਈ ਜਾਂਦੀ ਹੈ ਪਰ ਪੈਰ-ਪੈਰ 'ਤੇ ਕੁਚਲ ਦਿੱਤੀ ਜਾਂਦੀ ਹੈ। ਅੱਜ ਹਜ਼ਾਰਾਂ ਅਧਿਆਪਕ "ਪੜ੍ਹੋ ਪੰਜਾਬ" ਖਿਲਾਫ ਆਪਣੀ ਰਜ਼ਾ ਦਾ ਖੁੱਲ੍ਹ ਕੇ ਪ੍ਰਗਟਾਵਾ ਕਰ ਰਹੇ ਹਨ ਤੇ ਇੱਕ "ਜਮਹੂਰੀ" ਹਕੂਮਤ ਇਸ ਰਜ਼ਾ ਨੂੰ ਪੁਲਿਸ ਤੇ ਅਫਸਰਸ਼ਾਹੀ ਦੇ ਬੂਟਾਂ ਹੇਠ ਦਰੜ ਰਹੀ ਹੈ।

ਪਰ ਇਸਤੋਂ ਵੀ ਜ਼ਿਆਦਾ ਅਹਿਮ ਆਪਣੀ ਰਜ਼ਾ ਪੁਗਾਉਣ ਦਾ ਹੱਕ ਮਾਣ ਰਹੇ ਅਧਿਆਪਕਾਂ ਵੱਲੋਂ ਪੜ੍ਹਿਆ ਜਾ ਰਿਹਾ ਸਬਕ ਹੈ , ਜੋ ਭਾਰਤੀ ਅਖੌਤੀ ਲੋਕਤੰਤਰ ਦੀਆਂ ਪੋਥੀਆਂ 'ਚੋਂ ਨਹੀਂ ਲੱਭਦਾ। ਇਹ ਸਬਕ ਸਕੂਲਾਂ ਦੇ ਗੇਟਾਂ ਮੂਹਰੇ, ਕਿਰਤੀ ਲੋਕਾਂ ਨਾਲ ਸਾਂਝੀਆਂ ਪੱਲੀਆਂ 'ਤੇ ਬੈਠ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਇਹ ਸਬਕ ਆਪਣੀ ਰਜ਼ਾ ਲਈ ਡਟਣ ਦੇ ਹੱਕ ਦਾ ਸਬਕ ਹੈ, ਸਮੂਹਿਕ ਲ਼ੋਕ ਰਜ਼ਾ ਹੀ ਸਭ ਤੋਂ ਉੱਤਮ ਹੁੰਦੀ ਹੈ ਤੇ ਹਰ ਨਿਯਮ, ਕਾਨੂੰਨ ਤੇ ਅਫਸਰਸ਼ਾਹੀ ਉਸਤੋਂ ਹੇਠਾਂ, ਪਰ ਇਹ ਰਜ਼ਾ ਪੁਗਾਉਣ ਲਈ ਡਾਂਗ ਦੇ ਬਰਾਬਰ ਡਾਂਗ ਕੱਢ ਕੇ ਹੀ ਖੜ੍ਹਨਾ ਪੈਂਦਾ ਹੈ। ਸੰਵਿਧਾਨ, ਕਾਨੂੰਨਾਂ ਤੇ ਹਕੂਮਤਾਂ ਨੂੰ ਚੁਣੌਤੀ ਦੇਣੀ ਪੈਂਦੀ ਹੈ, ਇਹੀ ਸਬਕ ਕਿਸਾਨ ਪਿਛਲੇ ਪੰਜ ਦਿਨਾਂ ਤੋਂ ਲੁਧਿਆਣੇ ਦੀਆਂ ਸੜਕਾਂ 'ਤੇ ਪੜ੍ਹ ਰਹੇ ਹਨ। ਇਹਨਾਂ ਸਬਕਾਂ ਨੇ ਹੀ ਆਖਰ ਨੂੰ ਲੋਕਾਂ ਨੂੰ ਆਪਣੀ ਜਮਹੂਰੀਅਤ ਸਿਰਜਣ ਦੇ ਰਾਹ ਤੋਰਨਾ ਹੈ, ਮੰਜ਼ਿਲ ਦਿਖਾਉਣੀ ਹੈ। ਅਸਲ ਜਮਹੂਰੀਅਤ ਦੀ ਸਿਰਜਣਾ ਦਾ ਰਾਹ ਇਹਨਾਂ ਰੋਜ-ਮਰਾ ਦੇ ਸੰਘਰਸ਼ਾਂ 'ਚੋ ਹੋ ਕੇ ਹੀ ਜਾਂਦਾ ਹੈ ।

ਸੁਰਖ ਲੀਹ







# ਬਰਾਬਰੀ ਦੇ ਸਮਾਜ ਦੀ ਉਸਾਰੀ ਲਈ ਸ਼ੋਸ਼ਤ ਵਰਗ ਨੂੰ ਇਕਜੁੱਟ ਹੋਣ ਦੀ ਲੋੜ : ਆਰ.ਫਾ ਖ਼ਾਨਮ



ਲੁਧਿਆਣਾ : ਸੂਹੀ ਸਵੇਰ ਮੀਡੀਆ ਵੱਲੋਂ ਆਪਣੇ ਪੁਨਰ ਆਗਮਨ ਦੀ 7ਵੀਂ ਵਰ੍ਹੇਗੰਢ 'ਤੇ ਪੰਜਾਬੀ ਭਵਨ ਵਿਖੇ ਸਲਾਨਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ 'ਦ ਵਾਇਰ' ਦੀ ਸੀਨੀਅਰ ਸੰਪਾਦਕ ਆਰਫ਼ਾ ਖ਼ਾਨਮ ਸ਼ੇਰਵਾਨੀ ਅਤੇ ਸੁਤੰਤਰ ਖੋਜੀ ਪੱਤਰਕਾਰ ਨੇਹਾ ਦੀਕਸ਼ਤ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕਰਕੇ 'ਧਾਰਮਿਕ ਮੂਲਵਾਦ, ਔਰਤ ਅਤੇ ਮੀਡੀਆ' ਵਿਸ਼ੇ ਉੱਤੇ ਵਿਸ਼ੇਸ਼ ਲੈਕਚਰ ਦਿੱਤਾ।

ਸਮਾਗਮ ਦੌਰਾਨ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਆਰਫ਼ਾ ਖ਼ਾਨਮ ਸ਼ੇਰਵਾਨੀ ਨੇ ਕਿਹਾ ਕਿ ਔਰਤਾਂ ਲਈ ਬਰਾਬਰੀ ਦਾ ਅਧਿਕਾਰ, ਸੁਰੱਖਿਆ, ਰੋਜ਼ਗਾਰ ਆਦਿ ਦੇ ਮੁੱਦੇ ਲਵ ਜਿਹਾਦ ਦੀ ਰਾਜਨੀਤੀ, ਗਾਂ ਦੀ ਰਾਜਨੀਤੀ ਅਤੇ ਰਾਸ਼ਟਰਵਾਦ ਦੀ ਰਾਜਨੀਤੀ ਵਿੱਚ ਅੱਖੋਂ ਪਰੋਖੇ ਕੀਤੇ ਜਾ ਰਹੇ ਹਨ। ਇਸ ਰਾਜਨੀਤੀ ਤਹਿਤ ਔਰਤ ਦੇ ਅਸਲ ਅਧਿਕਾਰਾਂ ਦੀ ਲੜਾਈ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਜ਼ਿਆਦਾ ਪਿੱਛੇ ਚਲੀ ਗਈ ਹੈ।ਆਰਫਾ ਨੇ ਕਿਹਾ ਕਿ ਔਰਤਾਂ ਅਤੇ ਘੱਟ ਗਿਣਤੀ ਦੇ ਅਧਿਕਾਰਾਂ ਦੀ ਬਰਾਬਰੀ ਲਈ ਲਾਜ਼ਮੀ ਹੈ ਕਿ ਸ਼ਾਸ਼ਤ ਵਰਗ ਦੀ ਰਾਜਨੀਤੀ ਨੂੰ ਹਰਾਇਆ ਜਾਵੇ।ਇਸ ਲਈ ਲਾਜ਼ਮੀ ਹੈ ਕਿ ਸ਼ੋਸ਼ਤ ਵਰਗ ਇੱਕਜੁੱਟ ਹੋ ਜਾਣ ਕਿਉਂਕਿ ਜੇ ਸ਼ੋਸ਼ਤ ਵਰਗ ਇੱਕ ਹੋ ਗਿਆ ਤਾਂ ਬਰਾਬਰੀ ਦਾ ਸਮਾਜ ਹੋਂਦ ਵਿੱਚ ਆਵੇਗਾ। ਇਸ ਮੌਕੇ ਪੱਤਰਕਾਰ ਨੇਹਾ ਦੀਕਸ਼ਤ ਨੇ ਕਿਹਾ ਕਿ ਜ਼ਮੀਨੀ ਪੱਧਰ ਉੱਤੇ ਜੋ ਔਰਤਾਂ ਦੇ ਗੰਭੀਰ ਮੁੱਦੇ ਹਨ ਉਹ ਕਾਰਪੋਰੇਟ ਸੋਚ ਦਾ ਸ਼ਿਕਾਰ ਹੋਣ ਕਾਰਨ ਮੁੱਖ ਧਾਰਾ ਦੇ ਮੀਡੀਆ ਵਿੱਚ ਨਹੀਂ ਆ ਰਹੇ। ਨੇਹਾ ਨੇ ਕਿਹਾ ਕਿ ਬੇਸ਼ੱਕ ਮੀਡੀਆ ਵਿੱਚ ਔਰਤਾਂ ਦੀ ਕਾਫੀ ਗਿਣਤੀ ਹੈ ਪਰ ਹਾਲੇ ਵੀ ਜੋ ਫੈਸਲਾ ਲੈਣ ਦਾ ਅਧਿਕਾਰ ਹੈ ਉਹ ਸਿਰਫ ਮਰਦਾਂ ਕੋਲ ਹੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਦੀ ਕਾਰਪੋਰੇਟ ਸੋਚ ਨੂੰ ਤੋੜਨ ਲਈ ਜ਼ਮੀਨੀ ਪੱਧਰ ਉੱਤੇ ਕੰਮ ਕਰ ਰਹੇ ਸੰਗਠਨਾਂ ਨਾਲ ਜੁੜਨਾਂ ਪਵੇਗਾ ਤਾਂ ਜੋ ਜਿਹੜੇ ਘੱਟ

**ਸੂਹੀ ਸਵੇਰ ਮੀਡੀਆ ਨੇ ਕਰਵਾਇਆ ਸਲਾਨਾ ਸਮਾਗਮ**

ਗਿਣਤੀ ਦੇ ਲੋਕ ਹਨ ਉਨ੍ਹਾਂ ਨੂੰ ਵੀ ਆਪਣੀ ਗੱਲ ਦੂਜੇ ਲੋਕਾਂ ਤੱਕ ਪਹੁੰਚਾਉਣ ਦਾ ਮੌਕਾ ਮਿਲ ਸਕੇ। ਸਮਾਗਮ ਦੌਰਾਨ ਪਹੁੰਚੀਆਂ ਸ਼ਖਸੀਅਤਾਂ ਦਾ ਸਵਾਗਤ ਕਰਦਿਆਂ ਸੂਹੀ ਸਵੇਰ ਦੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਨੇ ਕਿਹਾ ਕਿ ਸੂਹੀ ਸਵੇਰ ਮੀਡੀਆ ਲੋਕਧਾਰਾ ਦਾ ਮੀਡੀਆ ਹੈ, ਜੋ ਲੋਕਾਂ ਦੀ ਮਦਦ ਨਾਲ ਚਲਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਅਦਾਰੇ ਦੀਆਂ ਵੈੱਬਸਾਈਟਸ ਉੱਤੇ ਲੋਕ ਵਿਰੋਧੀ ਤਾਕਤਾਂ ਹਮਲਾ ਕਰਦੀਆਂ ਰਹੀਆਂ ਹਨ ਪਰ ਅਦਾਰਾ ਬਿਨਾਂ ਕਿਸੇ ਖੌਫ਼ ਦੇ ਮੁੜ ਤੋਂ ਆਪਣੇ ਪੈਰਾਂ ਉੱਤੇ ਖੜਾ ਹੋ ਕੇ ਪਿਛਲੇ 9 ਸਾਲਾਂ ਤੋਂ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਅਦਾਰੇ ਵੱਲੋਂ ਸੂਹੀ ਸਵੇਰ ਯੂ ਟਿਊਬ ਚੈਨਲ ਵੀ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਅਦਾਰੇ ਵੱਲੋਂ ਇਸ ਸਾਲ ਦਾ ਸੂਹੀ ਸਵੇਰ ਮੀਡੀਆ ਐਵਾਰਡ ਕਿਰਨਜੀਤ ਕੌਰ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਮਹਿਲ ਕਲਾਂ ਅਤੇ ਜਨ ਸੰਘਰਸ਼ ਮੰਚ ਹਰਿਆਣਾ ਨੂੰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਕਿਰਨਜੀਤ ਕੌਰ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਕਿਰਨਜੀਤ ਕੌਰ ਨੂੰ ਇਨਸਾਫ ਦਿਵਾਉਣ ਅਤੇ ਇਸ ਲਹਿਰ ਨੂੰ ਲੋਕ-ਲਹਿਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ, ਉੱਥੇ ਜਨ ਸੰਘਰਸ਼ ਮੰਚ ਹਰਿਆਣਾ ਔਰਤਾਂ, ਦਲਿਤਾਂ, ਘੱਟ ਗਿਣਤੀਆਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੀ ਜਥੇਬੰਦੀ ਹੈ। ਇਸ ਦੌਰਾਨ ਜਨਸੰਘਰਸ਼ ਮੰਚ ਤੋਂ ਸੁਦੇਸ਼ ਕੁਮਾਰੀ , ਕਿਰਨਜੀਤ ਕੌਰ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਮਹਿਲ ਕਲਾਂ ਦੇ ਕਨਵੀਨਰ ਗੁਰਵਿੰਦਰ ਸਿੰਘ, ਪ੍ਰੋ. ਜਗਮੋਹਨ ਸਿੰਘ, ਸੀਨੀਅਰ ਪੱਤਰਕਾਰ ਰਾਜੀਵ ਖੰਨਾ ਅਤੇ ਲੋਕ ਕਾਫਲਾ ਦੇ ਸੰਪਾਦਕ ਬੂਟਾ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਡਾ. ਸੁਰਜੀਤ ਪਾਤਰ, ਨਰਾਇਣ ਦੱਤ, ਕਵਿਤਾ ਵਿਦਰੋਹੀ, ਲਹਿਣਾ ਸਿੰਘ, ਸੁਰੇਸ਼ ਕੁਮਾਰ, ਕੰਵਲਜੀਤ ਖੰਨਾ, ਕਾਮਰੇਡ ਸੁਰਿੰਦਰ, ਰਾਜਵਿੰਦਰ ਮੀਰ, ਨੀਤੂ ਅਰੋੜਾ, ਅਰਸ਼ ਬਿੰਦੂ, ਪ੍ਰੋ. ਬਲਦੀਪ, ਏ.ਕੇ ਮਲੇਰੀ, ਸੁਖਵਿੰਦਰ ਲੀਲ ਆਦਿ ਤੋਂ ਬਿਨਾਂ ਤਮਾਮ ਲੋਕ ਪੱਖੀ ਸੰਗਠਨਾਂ ਦੇ ਆਗੂ ਹਾਜ਼ਰ ਸਨ।

### ਸਿੱਖ ਨੌਜਵਾਨਾਂ ਨੂੰ ਸਜ਼ਾ ਬਾਰੇ ਜਮਹੂਰੀ ਅਧਿਕਾਰ ਸਭਾ ਦਾ ਪ੍ਰਤੀਕਰਮ

# ਜਮਹੂਰੀ ਕਦਰਾਂ-ਕੀਮਤਾਂ ਦੇ ਹਮਾਇਤੀ ਸਮੂਹ ਲੋਕ ਤਰਕਹੀਣ ਅਦਾਲਤੀ .ਫੈਸਲਿਆਂ ਦਾ ਵਿਰੋਧ ਕਰਨ ਲਈ ਅੱਗੇ ਆਉਣ : ਜਮਹੂਰੀ ਅਧਿਕਾਰ ਸਭਾ

ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਇਕ ਅਦਾਲਤ ਵੱਲੋਂ ਪਿਛਲੇ ਦਿਨੀਂ ਤਿੰਨ ਸਿੱਖ ਨੌਜਵਾਨਾਂ ਨੂੰ ਮਹਿਜ਼ ਕਿਤਾਬਾਂ ਅਤੇ ਤਸਵੀਰਾਂ ਦੇ ਅਧਾਰ 'ਤੇ ਰਾਜ ਵਿਰੁੱਧ ਜੰਗ ਛੇੜਣ ਦੇ ਦੋਸ਼ਾਂ ਤਹਿਤ ਸਜ਼ਾ ਸੁਣਾਉਣ ਨੂੰ ਇਕ ਖ਼ਤਰਨਾਕ ਰੁਝਾਨ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਪੁਲਿਸ ਅਕਸਰ ਸਮੇਂ ਦੇ ਹੁਕਮਰਾਨਾਂ ਦੇ ਸੌੜੇ ਰਾਜਸੀ ਹਿਤਾਂ ਅਤੇ ਆਪਣੇ ਖ਼ੁਦਗਰਜ਼ ਮੁਫ਼ਾਦਾਂ ਲਈ ਬੇਬੁਨਿਆਦ ਸਨਸਨੀਖੇਜ਼ ਕੇਸ ਬਣਾਉਂਦੀ ਦੇਖੀ ਜਾਂਦੀ ਹੈ ਪਰ ਆਸ ਕੀਤੀ ਜਾਂਦੀ ਹੈ ਕਿ ਅਦਾਲਤਾਂ ਨਿਆਂਸ਼ਾਸਤਰ ਅਨੁਸਾਰ ਗੰਭੀਰਤਾ ਨਾਲ ਘੋਖਣ-ਵਿਚਾਰਨ ਤੋਂ ਬਾਦ ਹੀ ਦੋਸ਼ਾਂ ਦਾ ਫ਼ੈਸਲਾ ਕਰਨ। ਇਸ ਮਾਮਲੇ ਵਿਚ ਮਾਣਯੋਗ ਜੱਜ ਨੇ ਜਿਹਨਾਂ ਸਬੂਤਾਂ ਨੂੰ 'ਰਾਜ ਵਿਰੁੱਧ ਜੰਗ ਛੇੜਣ' (ਧਾਰਾ 121) ਅਤੇ 'ਰਾਜ ਵਿਰੁੱਧ ਜੰਗ ਛੇੜਣ ਦੀ ਤਿਆਰੀ ' (ਧਾਰਾ 121ਏ) ਦਾ ਅਧਾਰ ਬਣਾਕੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਉਹ ਜਮਹੂਰੀਅਤ ਅੰਦਰ ਨਾਗਰਿਕਾਂ ਦੀ ਵਿਚਾਰਾਂ ਦੀ ਆਜ਼ਾਦੀ ਦੇ ਮੁੱਢਲੇ ਸੰਵਿਧਾਨਕ ਹੱਕਾਂ ਦੇ ਦਾਇਰੇ ਵਿਚ ਆਉਂਦੇ ਹਨ। ਇਹ ਨੋਟ ਕਰਨਾ ਜ਼ਰੂਰੀ ਹੈ ਕਿ ਦੋਸ਼ੀ ਕਰਾਰ ਦਿੱਤੇ ਗਏ ਨੌਜਵਾਨਾਂ ਦੇ ਖ਼ਿਲਾਫ਼ ਇਸ ਕੇਸ ਨੂੰ ਤੱਤਕਾਲੀ ਪੰਜਾਬ ਸਰਕਾਰ ਗ੍ਰਹਿ ਮੰਤਰੀ ਵੱਲੋਂ ਮਨਜ਼ੂਰੀ ਦੇਣਾ ਨਿਰੋਲ ਸੌੜੇ ਸਿਆਸੀ ਮੁਫ਼ਾਦ ਤੋਂ ਪ੍ਰੇਰਤ ਕਾਰਵਾਈ ਸੀ। ਸਟੇਟ ਵੱਲੋਂ ਨਾ ਤਾਂ ਮੁਲਜ਼ਮਾਂ ਦੇ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਲਈ ਕੰਮ ਕਰ ਰਹੇ ਹੋਣ ਅਤੇ ਰਾਜ ਵਿਰੁੱਧ ਜੰਗ ਛੇੜਣ ਦੇ ਇਰਾਦੇ ਨਾਲ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਹੋਣ ਜਾਂ ਹਿੰਸਾ ਲਈ ਉਕਸਾਉਣ ਦਾ ਕੋਈ ਸਬੂਤ ਪੇਸ਼ ਕੀਤਾ ਗਿਆ ਹੈ, ਨਾ ਉਹਨਾਂ ਕੋਲੋਂ ਕੋਈ ਹਥਿਆਰ ਬਰਾਮਦ ਹੋਏ ਹਨ। ਸਬੂਤ ਦੇ ਤੌਰ 'ਤੇ ਬਰਾਮਦ ਦਿਖਾਈਆਂ ਗਈਆਂ ਕਿਤਾਬਾਂ ਅਤੇ ਪੋਸਟਰਾਂ ਵਿੱਚੋਂ ਕੁਝ ਵੀ ਪਾਬੰਦੀਸ਼ੁਦਾ ਨਹੀਂ ਹੈ। ਨਿਆਂਸ਼ਾਸਤਰ ਦੀ ਸੂਝ ਤੋਂ ਕੋਰਾ ਦਿਮਾਗ ਹੀ ਵਿਦੇਸ਼ਾਂ ਵਿੱਚੋਂ ਐਸੀਆਂ ਕੁਝ ਕਿਤਾਬਾਂ ਜਾਂ




ਪੋਸਟਰ ਛਪਵਾਉਣ ਜਾਂ ਪਾਰਸਲ ਕਰਨ ਲਈ, ਜੋ ਕਿ ਜਨਤਕ ਤੌਰ 'ਤੇ ਆਮ ਹੀ ਉਪਲਭਦ ਹਨ, ਆਏ ਕੁਝ ਹਜ਼ਾਰ ਰੁਪਇਆਂ ਨੂੰ ਰਾਜ ਵਿਰੁੱਧ ਵੱਖਵਾਦੀ ਜੰਗ ਦੀ ਤਿਆਰੀ ਦਾ ਸਬੂਤ ਮੰਨ ਸਕਦਾ ਹੈ। ਐਸੇ ਕਿਸੇ ਠੋਸ ਸਬੂਤ ਦੀ ਅਣਹੋਂਦ ਵਿਚ ਕੇਵਲ ਕੁਝ ਕਿਤਾਬਾਂ ਅਤੇ ਪੋਸਟਰ ਛਪਵਾਉਣ ਜਾਂ ਰੱਖਣ ਨੂੰ ਵੱਖਰਾ ਰਾਜ ਬਣਾਉਣ ਦੀ ਯੋਜਨਾ ਅਤੇ 'ਰਾਜ ਵਿਰੁੱਧ ਜੰਗ ਛੇੜਣ ਦੀ ਤਿਆਰੀ' ਮੰਨ ਲੈਣਾ ਜਾਂ ਤਾਂ ਨਿਆਂਸ਼ਾਸਤਰ ਪ੍ਰਤੀ ਘੋਰ ਅਗਿਆਨਤਾ ਦੀ ਨਿਸ਼ਾਨੀ ਹੈ ਜਾਂ ਫਿਰ ਇਸ ਵਕਤ ਦੇਸ਼ ਵਿਚ ਜਮਹੂਰੀ ਮੁੱਲਾਂ ਦਾ ਘਾਣ ਕਰ ਰਹੇ ਅੰਧਰਾਸ਼ਟਰਵਾਦ ਦੇ ਘਾਤਕ ਪ੍ਰਭਾਵ ਦੀ ਉਪਜ। ਅੱਜ ਜਦੋਂ ਭਗਵੇਂ ਹੁਕਮਰਾਨ ਆਪਣੇ ਹਿੰਦੂਤਵ ਦੇ ਏਜੰਡੇ ਤਹਿਤ ਦੇਸ਼ ਦੇ ਜ਼ਹੀਨ ਬੁੱਧੀਜੀਵੀਆਂ, ਲੇਖਕਾਂ, ਆਲੋਚਕਾਂ, ਅਤੇ ਲੋਕਾਂ ਸਰੋਕਾਰਾਂ ਦੇ ਹੱਕ ਵਿਚ ਡੱਟਣ ਵਾਲੇ ਕਾਰਕੁੰਨਾਂ ਸਮੇਤ ਹਰ ਜਮਹੂਰੀ ਵਿਰੋਧ ਨੂੰ ਦਬਾਉਣ ਲਈ ਧੜਾਧੜ ਦੇਸ਼ ਧ੍ਰੋਹ ਦੇ ਝੂਠੇ ਕੇਸ ਬਣਾਕੇ ਉਹਨਾਂ ਨੂੰ ਜੇਲ੍ਹਾਂ ਵਿਚ ਸੁੱਟਣ ਉੱਪਰ ਰਾਜਸੀ ਮੋਹਰ ਲਾ ਰਹੇ ਹਨ ਉਸ ਵਕਤ ਪੰਜਾਬ ਵਿਚ ਐਸੇ ਤਰਕਹੀਣ ਅਤੇ ਨਿਆਂਸ਼ਾਸਤਰੀ ਸੂਝ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਅਦਾਲਤੀ ਫ਼ੈਸਲਾ ਸੁਣਾਇਆ ਜਾਣਾ, ਅਦਾਲਤੀ ਚਾਰਾਜ਼ੋਈ ਰਾਹੀਂ ਪੁਲਿਸ ਵੱਲੋਂ ਘੜੇ ਝੂਠੇ ਕੇਸਾਂ ਵਿਚ ਨਿਆਂ ਹਾਸਲ ਹੋਣ ਦੀ ਗੁੰਜਾਇਸ਼ ਨੂੰ ਖ਼ਤਮ ਕਰਨ ਦੇ ਬਰਾਬਰ ਹੈ। ਇਹ ਕੁਝ ਵਿਅਕਤੀਆਂ ਨਾਲ ਅਨਿਆਂ ਦਾ ਮਾਮਲਾ ਨਹੀਂ ਹੈ, ਇਸ ਅਦਾਲਤੀ ਫ਼ੈਸਲੇ ਦੇ ਵਿਚਾਰਾਂ ਦੀ ਆਜ਼ਾਦੀ ਉੱਪਰ ਹਮਲੇ ਦੀ ਇਕ ਖ਼ਤਰਨਾਕ ਲੀਹ ਬਣਨ ਦਾ ਖ਼ਤਰਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਬਸਤੀਵਾਦੀ ਰਾਜ ਵੱਲੋਂ ਭਾਰਤ ਦੇ ਲੋਕਾਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਈਜਾਦ ਕੀਤੀ ਬਸਤੀਵਾਦੀ ਕਾਨੂੰਨ ਪ੍ਰਣਾਲੀ ਦੀ ਘਿਣਾਉਣੀ ਵਿਰਾਸਤ ਨੂੰ ਰੱਦ ਕੀਤਾ ਜਾਵੇ। ਇਸ ਦੀ ਬਜਾਏ। ਅਦਾਲਤ ਵੱਲੋਂ ਵਾਰ-ਵਾਰ 121 ਅਤੇ 121ਏ ਨੂੰ ਦੁਹਰਾਉਣਾ ਅਤੇ ਫ਼ੈਸਲੇ ਦਾ ਅਧਾਰ ਬਣਾਉਣਾ ਦੱਸਦਾ ਹੈ ਕਿ ਅਦਾਲਤੀ ਪ੍ਰਕਿਰਿਆ ਬਸਤੀਵਾਦ ਦੇ ਗ੍ਰਹਿਣ ਤੋਂ ਮੁਕਤ ਨਾ ਹੋਣ ਦੀ ਰੁਚੀ ਰੱਖਦੀ ਹੈ। ਅਜੇਹੀ ਸੋਚ ਜਿਥੇ ਆਜ਼ਾਦੀ ਸੰਗਰਾਮ ਦੀ ਮੂਲ਼ ਭਾਵਨਾ ਨੂੰ ਨਕਾਰਦੀ ਹੈ ਉਥੇ ਮੂਲ ਨਾਗਰਿਕ ਫਰਜ਼ਾਂ ਦੀ ਉਲੰਘਣਾ ਵੀ ਕਰਦੀ ਹੈ।ਸਮੂਹ ਇਨਸਾਫ਼ਪਸੰਦ ਲੋਕਾਂ ਨੂੰ ਇਸ ਫ਼ੈਸਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਕੇ ਇਸ ਦੇ ਖ਼ਿਲਾਫ਼ ਲੋਕ ਰਾਇ ਖੜ੍ਹੀ ਕਰਨ ਦੀ ਜ਼ਰੂਰਤ ਹੈ ਤਾਂ ਜੋ ਨਿਆਂਸ਼ਾਸਤਰ ਤੋਂ ਬੇਪ੍ਰਵਾਹ ਅਦਾਲਤਾਂ ਤਕ ਇਹ ਆਵਾਜ਼ ਪਹੁੰਚਾਈ ਜਾ ਸਕੇ ਕਿ ਐਸੇ ਤਰਕਹੀਣ ਫ਼ੈਸਲੇ ਜਮਹੂਰੀ ਕਦਰਾਂ-ਕੀਮਤਾਂ ਨੂੰ ਬੁਲੰਦ ਕਰਨ ਵਾਲੇ ਸਮਾਜ ਨੂੰ ਅਸਵੀਕਾਰ ਹਨ।













ਪੁਲਵਾਮਾ ਕਾਂਡ



# ਸੁਰੱਖਿਆ ਜਵਾਨਾਂ ਦੀਆਂ ਲਾਸ਼ਾਂ 'ਤੇ ਰਾਸ਼ਟਰਵਾਦੀ ਸਿਆਸਤ



ਬੂਟਾ ਸਿੰਘ ਨਵਾਂਸ਼ਹਿਰ
94634-74342

14 ਫਰਵਰੀ ਨੂੰ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲੇ ਵਿਚ ਇਕ ਆਤਮਘਾਤੀ ਹਮਲੇ ਵਿਚ ਸੁਰੱਖਿਆ ਬਲਾਂ ਦੇ 40 ਤੋਂ ਵਧੇਰੇ ਜਵਾਨਾਂ ਦਾ ਮਾਰੇ ਜਾਣਾ ਬਹੁਤ ਹੀ ਦੁਖਦਾਈ ਹੈ। ਸਰਕਾਰੀ ਪੱਖ ਅਤੇ ਮੀਡੀਆ ਕਹਿ ਰਿਹਾ ਹੈ ਕਿ ਇਸ ਕਾਂਡ ਦੀ ਜ਼ਿੰਮੇਵਾਰੀ ਪਾਕਿਸਤਾਨ ਪੱਖੀ ਜਥੇਬੰਦੀ ਜੈਸ਼-ਏ-ਮੁਹੰਮਦ ਨੇ ਲੈ ਲਈ ਹੈ। ਪਹਿਲਾਂ ਵੀ ਕਿਹਾ ਜਾਂਦਾ ਰਿਹਾ ਹੈ ਕਿ ਪਠਾਨਕੋਟ (ਜਨਵਰੀ 2016) ਅਤੇ ਊਰੀ (ਸਤੰਬਰ 2016) ਹਮਲਿਆਂ ਪਿੱਛੇ ਵੀ ਇਸੇ ਜਥੇਬੰਦੀ ਦਾ ਹੱਥ ਸੀ। ਸਰਕਾਰੀ ਦਾਅਵਿਆਂ ਅਨੁਸਾਰ ਇਸੇ ਜ਼ਿਲੇ ਦੇ ਇਕ ਸਥਾਨਕ ਖਾੜਕੂ ਆਦਿਲ ਅਹਿਮਦ ਡਾਰ ਵੱਲੋਂ ਸੀ.ਆਰ.ਪੀ.ਐੱਫ. ਦੇ 78 ਬੱਸਾਂ ਦੇ ਕਾਫ਼ਲੇ ਵਿਚ ਆਰ.ਡੀ.ਐਕਸ. ਵਾਲੀ ਗੱਡੀ ਮਾਰਕੇ ਇਸ ਕਾਂਡ ਨੂੰ ਅੰਜਾਮ ਦਿੱਤਾ ਗਿਆ। ਇਹ ਜਵਾਨ ਜੰਮੂ ਤੋਂ ਸ੍ਰੀਨਗਰ ਜਾ ਰਹੇ ਸਨ। ਚਾਰ ਦਿਨ ਬਾਦ ਅਗਲੀ ਖ਼ਬਰ ਆਈ ਕਿ ਇਸ ਕਾਂਡ ਦੇ 'ਮਾਸਟਰਮਾਈਂਡ' ਪਾਕਿਸਤਾਨੀ ਨਾਗਰਿਕ ਕਮਰਾਨ ਨੂੰ ਹਿੰਦੁਸਤਾਨੀ ਲਸ਼ਕਰਾਂ ਨੇ ਇਕ ਮੁਕਾਬਲੇ ਵਿਚ ਮਾਰ ਮੁਕਾਇਆ ਹੈ। ਮੋਦੀ ਵਜ਼ਾਰਤ ਦੀ ਬਿਆਨਬਾਜ਼ੀ ਤੋਂ ਫ਼ੌਜ ਵੱਲੋਂ ਥੋੜੇ ਦਿਨਾਂ ਵਿਚ ਹੀ ਐਸੀ 'ਕਾਮਯਾਬੀ' ਹਾਸਲ ਕਰ ਲੈਣ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ। ਫ਼ੌਜ ਅਤੇ ਪੁਲਿਸ ਨਾਲ ਖਾੜਕੂਆਂ ਦੀ 16 ਘੰਟੇ ਲੰਮੀ ਗਹਿਗੱਚ ਲੜਾਈ ਵਿਚ ਫ਼ੌਜ ਦੇ ਮੇਜਰ ਸਮੇਤ ਪੰਜ ਜਵਾਨ ਹੋਰ ਮਾਰੇ ਗਏ! ਇਹ ਸਖ਼ਤ ਟਾਕਰਾ ਇਹ ਸੰਦੇਸ਼ ਵੀ ਹੈ ਕਸ਼ਮੀਰੀਆਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਦਬਾਇਆ ਨਹੀਂ ਜਾ ਸਕਦਾ।

ਇਸ ਕਾਂਡ ਅਸਲ ਯੋਜਨਾਘਾੜੇ ਕੌਣ ਹੈ ਇਹ ਸ਼ਾਇਦ ਹੀ ਕਦੇ ਸਾਹਮਣੇ ਆਵੇ। ਲੇਕਿਨ ਜਦੋਂ ਲੋਕ ਸਭਾ ਚੋਣਾਂ ਵਿਚ ਮਹਿਜ਼ ਡੇਢ ਕੁ ਮਹੀਨਾ ਬਾਕੀ ਹੈ ਉਦੋਂ ਇਸ ਕਾਂਡ ਦਾ ਵਾਪਰਨਾ ਸਵਾਲ ਜ਼ਰੂਰ ਖੜ੍ਹੇ ਕਰਦਾ ਹੈ। ਸੰਘ ਬਰਗੇਡ ਦੀ ਕੁਲ ਨਕਲੋਹਰਕਤ ਅਤੇ ਸਰਗਰਮੀ ਇਸ ਸ਼ੱਕ ਨੂੰ ਡੂੰਘਾ ਕਰਦੀ ਹੈ। ਸੰਘ ਬਰਗੇਡ ਦੇ ਤਮਾਮ ਵੱਡੇ ਆਗੂ ਧੂੰਆਂਧਾਰ ਚੋਣ ਮੁਹਿੰਮ ਵਿਚ ਜੁਟੇ ਹੋਏ ਹਨ ਅਤੇ ਜੰਗਬਾਜ਼ ਮਾਹੌਲ ਭੜਕਾਕੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣਾ ਚਾਹੁੰਦੇ ਹਨ। ਸਰਵ-ਪਾਰਟੀ ਮੀਟਿੰਗ ਸੱਦਕੇ ਮੋਦੀ ਆਪ ਚੋਣ ਰੈਲੀਆਂ ਕਰਦਾ ਰਿਹਾ। ਮੰਤਰੀ ਜਵਾਨਾਂ ਦੀਆਂ ਲਾਸ਼ਾਂ ਨਾਲ ਰੋਡ ਸ਼ੋਅ ਕਰਦੇ ਰਹੇ। ਸਰਸਵਤੀ ਸ਼ਿਸ਼ੂ ਮੰਦਰਾਂ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਨੂੰ ਤਖ਼ਤੀਆਂ ਫੜਾਕੇ ਜਲੂਸ ਕੱਢੇ ਜਾ ਰਹੇ ਹਨ। ਸੰਘ ਦੀ ਹਿੰਦੂਤਵ ਫ਼ੌਜ ਦੀ ਅਗਵਾਈ ਹੇਠ ਜਨੂੰਨੀ ਹਜੂਮਾਂ ਦਾ ਸੜਕਾਂ ਉੱਪਰ ਇਕ ਹੀ ਸੱਦਾ ਹੈ: 'ਆਮ ਚੁਨਾਵ ਰੋਕ ਦੋ, ਪਾਕਿਸਤਾਨ ਕੋ ਠੋਕ ਦੋ', 'ਦੇਸ਼ ਕੋ ਬਚਾਓ, ਮੋਦੀ ਜੀ ਕੋ ਫਿਰ ਸੇ ਲਓ'। ਇਸ ਸਭ ਕਾਸੇ ਦੇ ਮੱਦੇਨਜ਼ਰ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਪੁਲਵਾਮਾ ਕਾਂਡ ਅਤੇ ਉਸ ਤੋਂ ਤੁਰੰਤ ਬਾਦ ਤੇਜ਼ ਹੋਈ ਇਸ ਸਿਲਸਿਲੇਵਾਰ ਭੜਕਾਊ ਮੁਹਿੰਮ ਦਾ ਰਿਸ਼ਤਾ ਕੀ ਹੈ। ਮੋਦੀ ਸਰਕਾਰ ਅਤੇ ਉਸਦੇ ਹਮਾਇਤੀ ਕਦੇ ਇਸ ਸਵਾਲ ਦਾ ਜਵਾਬ ਨਹੀਂ ਦੇਣਗੇ ਕਿ 12 ਫਰਵਰੀ ਨੂੰ ਹਮਲੇ ਦਾ ਅੰਦੇਸ਼ਾ ਹੋਣ ਦੀਆਂ ਖ਼ੁਫ਼ੀਆ ਰਿਪੋਰਟਾਂ ਦੇ ਬਾਵਜੂਦ ਸਰਕਾਰੀ ਤੰਤਰ ਦਾ ਹਮਲੇ ਨੂੰ ਰੋਕਣ ਲਈ ਕੋਈ ਪੇਸ਼ਬੰਦੀ ਨਾ ਕਰਨਾ ਕੀ ਸੋਚੀ-ਸਮਝੀ ਵਿਉਂਤ ਦਾ ਹਿੱਸਾ ਸੀ? ਇਹ ਵੀ ਕਿ ਐਨੀ ਵੱਡੀ ਮਾਤਰਾ ਵਿਚ ਆਰ.ਡੀ.ਐਕਸ ਨਾਲ ਲੈਸ ਨਿੱਜੀ ਗੱਡੀ ਮੁੱਖ ਮਾਰਗ ਉੱਪਰ 2500 ਸੁਰੱਖਿਆ ਜਵਾਨਾਂ ਦੇ ਕਾਫ਼ਲੇ ਕੋਲ ਕਿਵੇਂ ਪਹੁੰਚ ਗਈ ਜਦਕਿ ਚੱਪੇ-ਚੱਪੇ ਉੱਪਰ ਨਾਕੇ ਲੱਗੇ ਰਹਿੰਦੇ ਹਨ?









ਜੇ ਇਹ ਵੀ ਮੰਨ ਲਿਆ ਜਾਵੇ ਕਿ ਇਸ ਪਿੱਛੇ ਜੈਸ਼-ਏ-ਮੁਹੰਮਦ ਦਾ ਹੱਥ ਹੈ ਜੋ ਕਿ ਪਾਕਿਸਤਾਨ ਰਾਜ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਮੂਲਵਾਦੀ ਗੁੱਟ ਹੈ, ਫਿਰ ਮੋਦੀ ਸਰਕਾਰ ਸਮੇਤ ਭਗਵੇਂ ਕੈਂਪ ਵੱਲੋਂ ਜਿਵੇਂ ਕਸ਼ਮੀਰੀਆਂ ਅਤੇ ਮੁਸਲਿਮ ਘੱਟਗਿਣਤੀ ਵਿਰੁੱਧ ਨਫ਼ਰਤ ਅਤੇ ਹਮਲਿਆਂ ਦੀ ਮੁਹਿੰਮ ਤੇਜ਼ ਕੀਤੀ ਗਈ ਹੈ ਉਹ ਸਾਜ਼ਿਸ਼ ਵੀ ਜੈਸ਼-ਏ-ਮੁਹੰਮਦ ਤੋਂ ਘੱਟ ਖ਼ਤਰਨਾਕ ਨਹੀਂ। ਇਸ ਕਾਂਡ ਨੂੰ ਬਹਾਨਾ ਬਣਾਕੇ ਸੰਘ ਬਰਗੇਡ ਵੱਲੋਂ ਗੁਆਂਢੀ ਮੁਲਕ ਦੇ ਖ਼ਿਲਾਫ਼ 'ਸਰਜੀਕਲ ਸਟਰਾਈਕ' ਜਾਂ ਹੋਰ ਸ਼ਕਲਾਂ ਵਿਚ ਹਮਲਿਆਂ ਦੇ ਹੱਕ ਵਿਚ ਚਲਾਕੀ ਨਾਲ ਲੋਕ ਰਾਇ ਪੈਦਾ ਕੀਤੀ ਜਾ ਰਹੀ ਹੈ ਤਾਂ ਜੋ ਖ਼ੁਦ ਨੂੰ ਦਲੇਰ ਫ਼ੈਸਲੇ ਲੈਣ ਵਾਲੀ ਤਾਕਤਵਰ ਸਰਕਾਰ ਦੇ ਅਕਸ ਨੂੰ ਲੋਕ ਸਭਾ ਚੋਣਾਂ ਵਿਚ ਵੋਟਾਂ ਬਟੋਰਨ ਦਾ ਸਾਧਨ ਬਣਾਇਆ ਜਾ ਸਕੇ। ਸੰਘ ਦੇ ਆਗੂਆਂ ਨੇ ਆਪਣੇ ਦਹਿਸ਼ਤੀ ਗਰੋਹਾਂ ਨੂੰ ਕਸ਼ਮੀਰੀਆਂ ਉੱਪਰ ਹਮਲੇ ਕਰਨ ਲਈ ਖੁੱਲ੍ਹੇ ਛੱਡ ਦਿੱਤਾ ਹੈ। ਜੰਮੂ ਵਿਚ ਸੰਘ ਦੇ ਹਜੂਮ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਕਰਫ਼ਿਊ ਦੌਰਾਨ ਹੀ ਕਸ਼ਮੀਰੀ ਮੁਸਲਮਾਨਾਂ ਦੇ ਘਰ ਅਤੇ ਜਾਇਦਾਦਾਂ ਸਾੜ ਰਹੇ ਹਨ ਅਤੇ ਹਮਲੇ ਕਰਕੇ ਦਹਿਸ਼ਤ ਪਾ ਰਹੇ ਹਨ। ਭੈਭੀਤ ਕਸ਼ਮੀਰੀ ਮਸਜਿਦਾਂ, ਸਿੱਖ ਗੁਰਦੁਵਾਰਿਆਂ ਅਤੇ ਹੋਟਲਾਂ ਵਿਚ ਸ਼ਰਣ ਲੈਣ ਲਈ ਮਜਬੂਰ ਹਨ। ਹੋਰ ਸੂਬਿਆਂ ਤੋਂ ਵੀ ਕਸ਼ਮੀਰੀ ਵਿਦਿਆਰਥੀਆਂ ਉੱਪਰ ਲਗਾਤਾਰ ਦਹਿਸ਼ਤੀ ਹਮਲਿਆਂ ਅਤੇ ਕਸ਼ਮੀਰੀ ਵਿਦਿਆਰਥੀਆਂ ਦੇ ਪੜ੍ਹਾਈ ਛੱਡਕੇ ਸੈਂਕੜਿਆਂ ਦੀ ਤਾਦਾਦ ਵਿਚ ਕਸ਼ਮੀਰ ਵਾਪਸ ਚਲੇ ਜਾਣ ਦੀਆਂ ਰਿਪੋਰਟਾਂ ਹਨ।

ਮੋਦੀ ਸਰਕਾਰ ਵੱਲੋਂ ਬਿਨਾ ਕਿਸੇ ਛਾਣਬੀਣ ਦੇ ਪਾਕਿਸਤਾਨ ਨੂੰ ਦੋਸ਼ੀ ਕਰਾਰ ਦੇਕੇ ਸਬਕ ਸਿਖਾਉਣ ਲਈ ਮੋਸਟ ਫੇਵਰਡ ਨੇਸ਼ਨ ਦਾ ਦਰਜਾ ਵਾਪਸ ਲੈਣ ਦਾ ਐਲਾਨ ਕਰਨਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਕਿਉਂਕਿ ਸਧਾਰਨ ਸਿਆਸੀ ਸੂਝ ਰੱਖਣ ਵਾਲੇ ਵਿਅਕਤੀ ਨੂੰ ਵੀ ਪਤਾ ਹੈ ਕਿ ਇਸ ਦਾ ਗੁਆਂਢੀ ਮੁਲਕ ਉੱਪਰ ਕੋਈ ਖ਼ਾਸ ਅਸਰ ਪੈਣ ਵਾਲਾ ਨਹੀਂ ਕਿਉਂਕਿ ਹਿੰਦੁਸਤਾਨ ਨਾਲ ਬਹੁਤਾ ਵਪਾਰਕ ਲੈਣ-ਦੇਣ ਹੋ ਹੀ ਨਹੀਂ ਰਿਹਾ। ਇਹ ਨਿਰੋਲ ਰਾਸ਼ਟਰਵਾਦੀ ਜਨੂੰਨ ਭੜਕਾਉਣ ਦੀ ਚਾਲ ਤੋਂ ਬਿਨਾ ਹੋਰ ਕੁਛ ਨਹੀਂ। ਕਿਉਂਕਿ ਸੰਘ ਆਪਣੇ ਚਹੇਤੇ ਕਾਰਪੋਰੇਟ ਕਾਰੋਬਾਰੀਆਂ ਦੇ ਵਪਾਰਕ ਹਿਤਾਂ ਦਾ ਕਦੇ ਨੁਕਸਾਨ ਵੀ ਨਹੀਂ ਕਰਨਾ ਚਾਹੇਗਾ।

ਮੋਦੀ ਸਰਕਾਰ ਕੋਲ ਹਰ ਮਸਲੇ ਦਾ ਇਕੋ-ਇਕ ਘੜਿਆ-ਘੜਾਇਆ ਹੱਲ ਫ਼ੌਜ ਨੂੰ ਬਦਲਾ ਲੈਣ ਅਤੇ ਗੁਆਂਢੀ ਮੁਲਕ ਨੂੰ ਸਬਕ ਸਿਖਾਉਣ ਦੀ ਖੁੱਲ੍ਹੀ ਛੁੱਟੀ ਦੇਣਾ ਹੀ ਹੈ। ਸੰਘ ਬਰਗੇਡ ਗਿਣ-ਮਿੱਥਕੇ ਕਸ਼ਮੀਰੀ ਲੋਕਾਂ ਅਤੇ ਗੁਆਂਢੀ ਮੁਲਕ ਦੇ ਖ਼ਿਲਾਫ਼ ਨਫ਼ਰਤ ਦਾ ਮਾਹੌਲ ਬਣਾ ਰਿਹਾ ਹੈ। ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਰਾਜ ਅਮਰੀਕਾ ਨੇ ਸੰਘ ਬਰਗੇਡ ਦੀ ਇਸ ਨੀਤੀ ਨੂੰ ਖੁੱਲ੍ਹੀ ਹਮਾਇਤ ਦੇਕੇ ਸਪਸ਼ਟ ਸੰਕੇਤ ਦੇ ਦਿੱਤਾ ਹੈ ਕਿ ਉਹ ਪਾਕਿਸਤਾਨ ਦੇ ਧਰਮਤੰਤਰੀ ਰਾਜ ਨਾਲੋਂ ਹੁਣ ਇਸ ਮੁਲਕ ਦੇ ਹਿੰਦੂਤਵ ਰਾਜ ਨਾਲ ਨੇੜਤਾ ਵਿਚ ਆਪਣੇ ਹਿਤ ਵਧੇਰੇ ਦੇਖ ਰਿਹਾ ਹੈ। ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਮੋਦੀ ਦੀ 'ਮੂੰਹ ਤੋੜ ਜਵਾਬ ਦੇਣ' ਦੀ ਨੀਤੀ ਦੀ ਸਰਵਸੰਮਤੀ ਨਾਲ ਹਮਾਇਤ ਕਰਕੇ ਇਹ ਦੱਸ ਦਿੱਤਾ ਹੈ ਕਿ ਰਾਸ਼ਟਰਵਾਦੀ ਜਨੂੰਨ ਭੜਕਾਉਣ ਵਿਚ ਉਹ ਵੀ ਸੰਘੀਆਂ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਰਾਸ਼ਟਰਵਾਦੀ ਜਨੂੰਨ ਕਸ਼ਮੀਰ ਪ੍ਰਤੀ ਮੋਦੀ-ਡੋਵਾਲ ਨੀਤੀ ਦੇ ਮੁਕੰਮਲ ਤੌਰ 'ਤੇ ਅਸਫ਼ਲ ਰਹਿਣ ਦੀ ਜਵਾਬਦੇਹੀ ਤੋਂ ਬਚਣ ਦਾ ਸਭ ਤੋਂ ਸੌਖਾ ਤਰੀਕਾ ਹੈ। ਅਫ਼ਵਾਹਾਂ ਤੇ ਹਿੰਦੂ ਰਾਸ਼ਟਰਵਾਦ ਭੜਕਾਕੇ ਅਸਲ ਮਸਲਿਆਂ ਤੋਂ ਧਿਆਨ ਹਟਾਉਣ ਅਤੇ ਆਪਣੀ ਜਵਾਬਦੇਹੀ ਤੋਂ ਬਚਣ ਵਿਚ ਸੰਘ ਦੀ ਖ਼ਾਸ ਮੁਹਾਰਤ ਹੈ। ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਇਸ ਮੁੱਦੇ ਉੱਪਰ ਬਾਖ਼ੂਬੀ ਰਾਸ਼ਟਰਵਾਦੀ ਸਿਆਸਤ ਖੇਡੀ ਜਾ ਸਕਦੀ ਹੈ। ਜਵਾਨਾਂ ਦੀ ਮੌਤ ਨਿਸ਼ਚੇ ਹੀ ਉਹਨਾਂ ਦੇ ਪਰਿਵਾਰਾਂ ਲਈ ਅਭੁੱਲ ਸਦਮਾ ਅਤੇ ਪੂਰਾ ਨਾ ਹੋਣ ਵਾਲਾ ਘਾਟਾ ਹੈ। 'ਮੁੱਖਧਾਰਾ' ਪਾਰਟੀਆਂ ਅਤੇ ਸੱਤਾ ਦਾ ਰਖੇਲ ਮੀਡੀਆ ਹਮੇਸ਼ਾ ਦੀ ਤਰਾਂ ਫ਼ੌਜ/ਨੀਮ-ਫ਼ੌਜੀ ਜਵਾਨਾਂ ਦੀਆਂ ਲਾਸ਼ਾਂ ਉੱਪਰ ਘਿਣਾਉਣੀ ਸਿਆਸਤ ਕਰ ਰਹੇ ਹਨ। ਉਹ ਇਹ ਨਹੀਂ ਦੱਸਣਗੇ ਕਿ ਹਾਕਮ ਜਮਾਤੀ ਸਿਆਸਤਦਾਨਾਂ ਦੇ ਆਪਣੇ ਕਿੰਨੇ ਕੁ ਕਾਕਿਆਂ ਨੇ ਦੇਸ਼ ਦੀ ਖ਼ਾਤਰ ਜਾਨਾਂ ਦੇਕੇ ਇਸ ਤਰਾਂ ਦੀ ਬਹਾਦਰੀ ਦਿਖਾਈ ਹੈ! ਉਹ ਕਦੇ ਇਹ ਸੱਚ ਬੋਲਣ ਦੀ ਹਿੰਮਤ ਨਹੀਂ ਕਰਨਗੇ ਕਿ ਜੇ ਮਾਰੇ ਗਏ ਜਵਾਨਾਂ ਅੱਗੇ ਕੋਈ ਬਦਲਵਾਂ ਸਾਰਥਕ ਰੋਜ਼ਗਾਰ ਹੁੰਦਾ ਤਾਂ ਨਿਸ਼ਚੇ ਹੀ ਉਹਨਾਂ ਨੇ ਰੋਟੀ-ਰੋਜ਼ੀ ਦੀ ਖ਼ਾਤਰ ਜੰਗ ਦਾ ਖਾਜਾ ਬਣਕੇ ਬੀਰਤਾ ਦੇ ਤਮਗੇ ਲੈਣ ਨਾਲੋਂ ਕੋਈ ਹੋਰ ਕੰਮਕਾਰ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਚਲਾਉਣ ਨੂੰ ਤਰਜ਼ੀਹ ਦੇਣੀ ਸੀ।

ਪਾਕਿਸਤਾਨ ਤਾਂ ਇੰਤਹਾਪਸੰਦ ਗਰੁੱਪਾਂ ਦੀ ਮਦਦ ਕਰ ਹੀ ਰਿਹਾ ਹੈ, ਸਵਾਲ ਤਾਂ ਇਹ ਹੈ ਕਿ ਕਸ਼ਮੀਰੀ ਨੌਜਵਾਨਾਂ ਨੂੰ ਇੰਤਹਾਪਸੰਦੀ ਤੋਂ ਰੋਕਣ ਵਿਚ ਦਿੱਲੀ ਸਰਕਾਰ ਅਸਫ਼ਲ ਕਿਉਂ ਹੈ। ਉਂਞ ਵੀ ਕਸ਼ਮੀਰ ਦੇ ਅਵਾਮ ਦੀ ਮੂਲ ਮੰਗ ਸਵੈਨਿਰਣੇ ਦਾ ਹੱਕ ਅਤੇ ਹਿੰਦੁਸਤਾਨੀ/ਪਾਕਿਸਤਾਨੀ ਕਬਜ਼ੇ ਤੋਂ ਆਜ਼ਾਦੀ ਹੈ। ਇਹ ਦਿੱਲੀ ਅਤੇ ਕਰਾਚੀ ਦੇ ਹੁਕਮਰਾਨ ਹੀ ਹਨ ਜਿਹਨਾਂ ਵੱਲੋਂ ਆਜ਼ਾਦੀ ਦੀ ਮੰਗ ਕਰਨ ਵਾਲੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੀ ਅਗਵਾਈ ਵਾਲੀ ਲਹਿਰ ਨੂੰ ਖ਼ਤਮ ਕਰਨ ਲਈ ਪਾਕਿਸਤਾਨ ਪੱਖੀ ਮੁਸਲਿਮ ਮੂਲਵਾਦੀ ਧੜਿਆਂ ਨੂੰ ਉਭਾਰਿਆ ਗਿਆ। ਸੱਤਾਧਾਰੀ ਅਤੇ ਰਖੇਲ ਮੀਡੀਆ ਕਦੇ ਇਹ ਵੀ ਨਹੀਂ ਦੱਸਦੇ ਕਿ ਕਸ਼ਮੀਰੀ ਨੌਜਵਾਨ ਆਪਣੇ ਘਰ-ਪਰਿਵਾਰ ਤਿਆਗਕੇ ਇਸ ਕਦਰ ਆਪਣੀਆਂ ਜਾਨਾਂ ਉੱਪਰ ਖੇਡਣ ਲਈ ਤੱਤਪਰ ਕਿਉਂ ਹਨ? ਹਜ਼ਾਰਾਂ ਕਸ਼ਮੀਰੀ ਲੋਕ ਖਾੜਕੂਆਂ ਨੂੰ ਪੁਲਿਸ-ਫ਼ੌਜ ਦੇ ਘੇਰੇ ਵਿੱਚੋਂ ਸੁਰੱਖਿਅਤ ਕੱਢਣ ਲਈ ਅਤੇ ਮਰਨ ਵਾਲੇ ਖਾੜਕੂਆਂ ਦੇ ਜਨਾਜ਼ਿਆਂ ਵਿਚ ਸ਼ਾਮਲ ਹੋਣ ਲਈ ਆਪਣੀਆਂ ਜਾਨਾਂ ਜ਼ੋਖਮ ਵਿਚ ਕਿਉਂ ਪਾਉਂਦੇ ਹਨ?

ਲਿਹਾਜ਼ਾ, ਇਸ ਬਹੁਤ ਹੀ ਦੁਖਾਂਤਕ ਕਾਂਡ ਨੂੰ ਦਿੱਲੀ ਦੇ ਹੁਕਮਰਾਨਾਂ ਵੱਲੋਂ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਕੁਦਰਤੀ ਹੱਕ ਤੋਂ ਇਨਕਾਰੀ ਹੋਣ ਅਤੇ ਉਹਨਾਂ ਨਾਲ ਕੀਤੀਆਂ ਲਗਾਤਾਰ ਵਾਅਦਾਖ਼ਿਲਾਫ਼ੀਆਂ ਦੇ ਕਾਲੇ ਇਤਿਹਾਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਜਵਾਨਾਂ ਦੇ ਸੋਗ ਦੌਰਾਨ ਆਮ ਲੋਕਾਂ ਨੂੰ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਇਸ ਜਾਨੀ ਨੁਕਸਾਨ ਦੀ ਅਸਲ ਜ਼ਿੰਮੇਵਾਰ ਸੱਤ ਦਹਾਕਿਆਂ ਤੋਂ ਕਸ਼ਮੀਰ ਮਸਲੇ ਦਾ






ਸਿਆਸੀ ਹੱਲ ਨਾ ਕਰਨ ਦੀ ਹਿੰਦੁਸਤਾਨੀ ਹੁਕਮਰਾਨ ਜਮਾਤ ਦੀ ਬਦਨੀਅਤ ਹੈ। ਹੁਕਮਰਾਨ ਸ਼ੁਰੂ ਤੋਂ ਹੀ ਕਸ਼ਮੀਰੀਆਂ ਨੂੰ ਆਪਸ ਵਿਚ ਲੜਾਉਣ ਅਤੇ ਅੰਧਰਾਸ਼ਟਰਵਾਦ ਦੀ ਚਾਲ ਖੇਡ ਰਹੇ ਹਨ। ਗੱਲਬਾਤ ਰਾਹੀਂ ਮਸਲੇ ਦਾ ਸਿਆਸੀ ਹੱਲ ਕਰਨ ਦੀ ਬਜਾਏ ਹਰ ਕੇਂਦਰ ਸਰਕਾਰ ਕਸ਼ਮੀਰੀਆਂ ਦੀਆਂ ਜਮਹੂਰੀ ਰੀਝਾਂ ਦਾ ਘਾਣ ਕਰਨ ਦੀ ਨੀਤੀ ਉੱਪਰ ਚੱਲਦੀ ਰਹੀ ਹੈ।

ਕਸ਼ਮੀਰ ਦੀ ਸਰਜ਼ਮੀਨ ਉੱਪਰ ਸੱਤ ਲੱਖ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਲਗਾਤਾਰ ਤਾਇਨਾਤ ਹਨ। ਕਸ਼ਮੀਰ ਘਾਟੀ ਔਰਤਾਂ ਉੱਪਰ ਜਿਨਸੀ ਹਿੰਸਾ ਅਤੇ ਹਰ ਤਰਾਂ ਦੀ ਰਾਜਕੀ ਦਹਿਸ਼ਤਗਰਦੀ ਨਾਲ ਵਲੂੰਧਰੀ ਪਈ ਹੈ। ਜਬਰ-ਜਨਾਹ ਨੂੰ ਹਿੰਦੁਸਤਾਨੀ ਰਾਜ ਵੱਲੋਂ ਕਸ਼ਮੀਰੀ ਅਵਾਮ ਵਿਰੁੱਧ ਜੰਗ ਦਾ ਹਥਿਆਰ ਬਣਾਕੇ ਵਰਤਿਆ ਜਾ ਰਿਹਾ ਹੈ। ਆਜ਼ਾਦਾਨਾ ਤੱਥ ਖੋਜ ਰਿਪੋਰਟਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਸੱਤਰ ਹਜ਼ਾਰ ਤੋਂ ਲੈਕੇ ਇਕ ਲੱਖ ਦੇ ਕਰੀਬ ਕਸ਼ਮੀਰੀ ਮਾਰੇ ਜਾ ਚੁੱਕੇ ਹਨ। ਬੇਨਾਮ ਕਬਰਾਂ ਦੇ ਭੇਤ ਖੁੱਲ ਰਹੇ ਸਨ ਜਿਥੇ ਹਿੰਦੁਸਤਾਨੀ ਫ਼ੌਜ/ਸੁਰੱਖਿਆ ਦਸਤਿਆਂ ਤੇ ਪੁਲਿਸ ਵੱਲੋਂ ਬੇਸ਼ੁਮਾਰ ਕਸ਼ਮੀਰੀਆਂ ਨੂੰ ਤਸੀਹਾ ਕੇਂਦਰਾਂ ਵਿਚ ਜ਼ਿਬਾਹ ਕਰਨ ਪਿੱਛੋਂ ਮਾਰਕੇ ਖਪਾ ਦਿੱਤਾ ਗਿਆ। ਦੋ-ਤਿੰਨ ਸਾਲਾਂ ਵਿਚ ਹੀ ਸੈਂਕੜੇ ਨਾਬਾਲਗ ਬੱਚੇ ਪੱਥਰਬਾਜ਼ ਕਹਿਕੇ ਪੈਲੇਟ ਗੰਨਾਂ ਦੀਆਂ ਬੌਛਾੜਾਂ ਨਾਲ ਅੰਨੇ ਕਰ ਦਿੱਤੇ ਗਏ। ਤਿੰਨ ਦਹਾਕਿਆਂ ਤੋਂ ਝੂਠੇ ਕੇਸਾਂ ਵਿਚ ਗ੍ਰਿਫ਼ਤਾਰੀਆਂ, ਬੇਗੁਨਾਹਾਂ ਨੌਜਵਾਨਾਂ ਦੀ ਕਈ ਕਈ ਸਾਲ ਜੇਲਬੰਦੀ, ਸੱਚੇ-ਝੂਠੇ ਮੁਕਾਬਲਿਆਂ ਅਤੇ ਫ਼ੌਜ ਦੀਆਂ ਮਨਮਾਨੀਆਂ ਵਿਰੁੱਧ ਰੋਸ ਪ੍ਰਗਟਾ ਰਹੇ ਕਸ਼ਮੀਰੀ ਲੋਕਾਂ ਉੱਪਰ ਭਿਆਨਕ ਜਬਰ ਦਾ ਸੰਤਾਪ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਹੈ। ਪਿਛਲੇ ਸਾਲ ਸੰਯੁਕਤ ਰਾਸ਼ਟਰ ਵੱਲੋਂ ਹਿੰਦੁਸਤਾਨ ਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਅਤੇ ਬਲੋਚਸਤਾਨ ਅੰਦਰ ਮਨੁੱਖੀ ਹੱਕਾਂ ਦੇ ਘਾਣ ਬਾਰੇ ਜੋ ਵਿਸਤਾਰਤ ਰਿਪੋਰਟ ਜਾਰੀ ਕੀਤੀ ਉਸ ਵਿਚ ਦਰਜ ਕੀਤੇ ਤੱਥਾਂ ਤੋਂ ਮੁਕਰਨ ਦੀਆਂ ਮੋਦੀ ਸਰਕਾਰ ਦੀਆਂ ਚਾਲਾਂ ਅਸਫ਼ਲ ਰਹੀਆਂ।

ਜਿੱਥੋਂ ਤਕ ਕਸ਼ਮੀਰੀ ਟਾਕਰੇ ਦਾ ਸਵਾਲ ਹੈ ਸੰਘ ਦੀ ਫਾਸ਼ੀਵਾਦੀ ਨੀਤੀ ਕਾਰਨ ਸੰਘਰਸ਼ ਵਿਚ ਗ਼ੈਰਕਸ਼ਮੀਰੀ ਤੱਤਾਂ ਦੇ ਮੁਕਾਬਲੇ ਸਥਾਨਕ ਕਸ਼ਮੀਰੀ ਨੌਜਵਾਨਾਂ ਦੀ ਭਰਤੀ ਵਧੀ ਹੈ। 2013 ਵਿਚ ਸਿਰਫ਼ ਛੇ ਕਸ਼ਮੀਰੀ ਖਾੜਕੂ ਸਫ਼ਾਂ ਵਿਚ ਸ਼ਾਮਲ ਹੋਏ ਸਨ। 2018 ਵਿਚ ਇਹ ਤਾਦਾਦ 200 ਤੋਂ ਵੀ ਵੱਧ ਗਈ। ਭਾਵੇਂ ਸੁਰੱਖਿਆ ਦਸਤਿਆਂ ਵੱਲੋਂ ਝੂਠੇ-ਸੱਚੇ ਮੁਕਾਬਲਿਆਂ ਵਿਚ 250 ਖਾੜਕੂਆਂ ਦੀ ਹੱਤਿਆ ਕਰਕੇ ਬਾਗ਼ੀਆਂ ਦਾ ਲੱਕ ਤੋੜਣ ਦੇ ਦਾਅਵੇ ਕੀਤੇ ਗਏ। ਲੇਕਿਨ ਇਸੇ ਸਾਲ ਏਨੇ ਕੁ ਹੋਰ ਨੌਜਵਾਨਾਂ ਨੇ ਹਥਿਆਰ ਚੁੱਕ ਲਏ ਦੱਸੇ ਜਾਂਦੇ ਹਨ ਅਤੇ ਪਤਾ ਨਹੀਂ ਕਿੰਨੇ ਹੋਰ ਰਾਜਕੀ ਦਹਿਸ਼ਤਵਾਦ ਦੇ ਸਤਾਏ ਇਸੇ ਰਾਹ ਤੁਰਨ ਲਈ ਤਿਆਰ ਹਨ। ਇਹ ਤੱਥ ਹਿੰਦੁਸਤਾਨੀ ਹਾਕਮ ਜਮਾਤੀ ਕੂੜ ਪ੍ਰਚਾਰ ਨੂੰ ਗ਼ਲਤ ਸਾਬਤ ਕਰਦੇ ਹਨ ਕਿ ਕਸ਼ਮੀਰ ਦਾ ਸੰਘਰਸ਼ ਮਹਿਜ਼ ਸਰਹੱਦ ਪਾਰਲੀ ਸਾਜ਼ਿਸ਼ ਹੈ।

ਜਿੱਥੋਂ ਤਕ ਕਸ਼ਮੀਰੀ ਅਵਾਮ ਦੇ ਜਮਹੂਰੀ ਅਤੇ ਮਨੁੱਖੀ ਹੱਕਾਂ ਦਾ ਸੰਬੰਧ ਹੈ ਕਿਸੇ ਵੀ ਹਾਕਮ ਜਮਾਤੀ ਪਾਰਟੀ ਨੇ ਕਦੇ ਲਹੂ ਵਹਾਉਣਾ ਤੇ ਅਫਸਪਾ, ਪਬਲਿਕ ਸਕਿਊਰਿਟੀ ਐਕਟ ਵਰਗੇ ਬੇਮਿਸਾਲ ਕਾਲੇ ਕਾਨੂੰਨਾਂ ਦੀ ਵਰਤੋਂ ਕਰਨਾ ਬੰਦ ਕਰਨ ਅਤੇ ਰਾਜਕੀ ਦਹਿਸ਼ਤਗਰਦੀ ਨੂੰ ਲਗਾਮ ਦੇਣ ਦੀ ਮੰਗ ਨਹੀਂ ਕੀਤੀ। ਇਹਨਾਂ ਦੀ ਜ਼ੁਬਾਨ ਵਿੱਚੋਂ ਇਹਨਾਂ ਦੀ ਜਮਾਤੀ ਖ਼ਸਲਤ ਅਨੁਸਾਰ ਹਮੇਸ਼ਾ ਕਸ਼ਮੀਰ ਅਵਾਮ ਦੇ ਵਿਰੋਧ ਨੂੰ ਕੁਚਲਣ ਲਈ 'ਹੋਰ ਸਖ਼ਤੀ ਨਾਲ ਪੇਸ਼ ਨਾ ਆਉਣ' ਦੀਆਂ ਨਸੀਹਤਾਂ ਹੀ ਕਿਰਦੀਆਂ ਹਨ। ਲੇਕਿਨ ਜਦੋਂ ਦਿੱਲੀ ਦੀਆਂ ਨੀਤੀਆਂ ਵੱਲੋਂ ਧੱਕ ਕੇ ਕੰਧ ਨਾਲ ਲਾਏ ਕਸ਼ਮੀਰੀ ਇੰਤਹਾਪਸੰਦ ਜਵਾਬੀ ਹਮਲਾ ਕਰਕੇ ਸਰਕਾਰੀ ਤਾਕਤਾਂ ਦਾ ਵੱਡਾ ਜਾਨੀ ਨੁਕਸਾਨ ਕਰਦੇ ਹਨ ਤਾਂ ਸਮੁੱਚਾ 'ਮੁੱਖਧਾਰਾ' ਕੋੜਮਾ ਹੋਰ ਵੀ ਬੁਖਲਾਕੇ 'ਬਦਲਾ-ਬਦਲਾ' ਚੀਕਣਾ ਸ਼ੁਰੂ ਕਰ ਦਿੰਦਾ ਹੈ। ਮਸਲੇ ਦੇ ਸ਼ਾਂਤਮਈ ਹੱਲ ਲਈ ਸਾਰਥਕ ਗੱਲਬਾਤ ਸ਼ੁਰੂ ਕਰਨ ਤੋਂ ਟਾਲਾ ਵੱਟਦੇ ਹੁਕਮਰਾਨਾਂ ਦੇ ਫਾਸ਼ੀਵਾਦੀ ਦਿਮਾਗ ਹੋਰ ਜਬਰ ਢਾਹੁਣ ਅਤੇ ਸਰਕਾਰਾਂ ਤੋੜਕੇ ਗਵਰਨਰੀ ਰਾਜ ਥੋਪਣ ਵਰਗੇ ਤਾਨਾਸ਼ਾਹ ਕਦਮਾਂ ਤੋਂ ਇਲਾਵਾ ਹੋਰ ਕੁਛ ਸੋਚ ਹੀ ਨਹੀਂ ਸਕਦੇ। ਅਤੇ ਰਾਜਕੀ ਦਹਿਸ਼ਤਵਾਦ ਦਾ ਨਤੀਜਾ ਦਬਾਏ ਹੋਏ ਸਮਾਜ ਦਾ ਇਸ ਤਰਾਂ ਦਾ ਇੰਤਹਾਪਸੰਦ ਪ੍ਰਤੀਕਰਮ ਹੋ ਹੀ ਸਕਦਾ ਹੈ।

ਇਹ ਵੀ ਤਲਖ਼ ਸਚਾਈ ਹੈ ਕਿ ਕਸ਼ਮੀਰੀ ਲੋਕਾਂ ਨੇ ਹਮੇਸ਼ਾ ਗੱਲਬਾਤ ਰਾਹੀਂ ਮਸਲੇ ਦੇ ਹੱਲ ਦੀ ਉਮੀਦ ਕੀਤੀ ਹੈ। ਦੋਨਾਂ ਮੁਲਕਾਂ ਦੇ ਹੁਕਮਰਾਨਾਂ ਵੱਲੋਂ ਇਸ ਨੂੰ ਦਿੱਲੀ ਅਤੇ ਕਰਾਚੀ ਦਾ ਝਗੜਾ ਬਣਾ ਦਿੱਤਾ ਗਿਆ ਹੈ ਜਦਕਿ ਇਸ ਸਰਜ਼ਮੀਨ ਦੇ ਬਾਸ਼ਿੰਦੇ ਕਸ਼ਮੀਰੀ ਅਵਾਮ ਇਸ ਵਿੱਚੋਂ ਮਨਫ਼ੀ ਕਰ ਦਿੱਤੇ ਗਏ ਹਨ। ਦਿੱਲੀ ਦੇ ਹੁਕਮਰਾਨ ਹਮੇਸ਼ਾ ਆਨੇ-ਬਹਾਨੇ ਗੱਲਬਾਤ ਦੇ ਜਮਹੂਰੀ ਅਮਲ ਨੂੰ ਅੱਧ ਵਿਚਾਲੇ ਬੰਦ ਕਰਦੇ ਰਹੇ ਹਨ ਅਤੇ ਫ਼ੌਜੀ ਤਾਕਤ ਦੇ ਜ਼ੋਰ ਕਸ਼ਮੀਰ ਦੀ ਸਰਜ਼ਮੀਨ ਨੂੰ ਆਪਣਾ 'ਅਟੁੱਟ ਅੰਗ' ਸਾਬਤ ਕਰਨ ਅਤੇ ਕਸ਼ਮੀਰੀ ਲੋਕਾਂ ਨੂੰ ਫ਼ੌਜੀ ਤਾਕਤ ਰਾਹੀਂ ਦਬਾਉਣ ਦੀ ਨੀਤੀ ਉੱਪਰ ਚੱਲਦੇ ਆ ਰਹੇ ਹਨ। ਦੇਸ਼ ਦੇ ਨਾਗਰਿਕਾਂ ਦਾ ਟੈਕਸਾਂ ਦਾ ਪੈਸਾ ਕਸ਼ਮੀਰ ਉਪਰ ਫ਼ੌਜੀ ਗ਼ਲਬੇ ਨੂੰ ਬਣਾਈ ਰੱਖਣ ਉੱਪਰ ਪਾਣੀ ਵਾਂਗ ਰੋੜਿਆ ਜਾ ਰਿਹਾ ਹੈ। ਦਿੱਲੀ ਦਰਬਾਰ ਪੂਰੀ ਤਰਾਂ ਖੁਫ਼ੀਆ ਏਜੰਸੀਆਂ ਅਤੇ ਫ਼ੌਜੀ/ਨੀਮ-ਫ਼ੌਜੀ ਤਾਕਤਾਂ ਦੀਆਂ ਮਨਮਾਨੀਆਂ ਉੱਪਰ ਨਿਰਭਰ ਹੈ। ਇਹ ਨੀਤੀ ਨਾ ਸਿਰਫ਼ ਕਸ਼ਮੀਰੀ ਲੋਕਾਂ ਦੀ ਬੇਤਹਾਸ਼ਾ ਨਸਲਕੁਸ਼ੀ ਕਰ ਰਹੀ ਹੈ ਸਗੋਂ ਦੇਸ਼ ਦੀ ਏਕਤਾ-ਅਖੰਡਤਾ ਦੀ ਰਾਖੀ ਦੇ ਨਾਂ 'ਤੇ ਫ਼ੌਜੀ ਅਤੇ ਨੀਮ-ਫ਼ੌਜੀ ਜਵਾਨਾਂ ਨੂੰ ਬਲਦੀ ਦੇ ਮੂੰਹ ਧੱਕਕੇ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਵੀ ਖਿਲਵਾੜ ਕਰ ਰਹੀ ਹੈ।

ਸੰਘ ਬਰਗੇਡ ਦਾ ਦੋਗਲਾਪਣ ਵੀ ਗ਼ੌਰਤਲਬ ਹੈ। ਅਫ਼ਗਾਨਿਸਤਾਨ ਵਿਚ ਹਾਲ ਹੀ ਵਿਚ ਕੱਟੜ ਮੁਸਲਿਮ ਦਹਿਸ਼ਤਗਰਦ ਤਾਲਿਬਾਨ ਨਾਲ ਗੱਲਬਾਤ ਦੀ ਕੌਮਾਂਤਰੀ ਪੱਧਰ 'ਤੇ ਜੋ ਪਹਿਲਕਦਮੀਂ ਕੀਤੀ ਗਈ ਉਸ ਦਾ ਮੋਦੀ ਸਰਕਾਰ ਨੇ ਸਵਾਗਤ ਕੀਤਾ ਹੈ ਲੇਕਿਨ ਕਸ਼ਮੀਰ ਦੇ ਮਾਮਲੇ ਵਿਚ ਮੋਦੀ ਵਜ਼ਾਰਤ ਨਹਾਇਤ ਬੇਸ਼ਰਮੀ ਨਾਲ ਕਹਿ ਰਹੀ ਹੈ ਕਿ ਗੱਲਬਾਤ ਦੇ ਦਿਨ ਲੱਦ ਗਏ, ਫ਼ੌਜ ਨੂੰ ਖੁੱਲੀ ਛੁੱਟੀ ਹੀ ਇਕੋ-ਇਕ ਹੱਲ ਹੈ। ਇਸ ਪ੍ਰਸੰਗ ਵਿਚ ਹਾਲੀਆ ਹਮਲੇ ਲਈ ਭਾਜਪਾ ਸਰਕਾਰ ਨੂੰ ਖ਼ਾਸ ਤੌਰ 'ਤੇ ਕਟਹਿਰੇ ਵਿਚ ਖੜਾ ਕਰਨਾ ਜ਼ਰੂਰੀ ਹੈ ਜਿਸ ਵੱਲੋਂ ਕਸ਼ਮੀਰੀਅਤ ਦੀ ਖ਼ਰੀ ਭਾਵਨਾ ਨੂੰ ਸੱਟ ਮਾਰਨ ਅਤੇ ਫਿਰਕੂ ਪਾਟਕ ਪਾਕੇ ਕਸ਼ਮੀਰੀ ਸਮਾਜ ਨੂੰ ਭਰਾਮਾਰ ਖ਼ਾਨਾਜੰਗੀ ਵੱਲ ਧੱਕਣ ਦੀਆਂ ਗਿਣ-ਮਿਥਕੇ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸੰਘ ਪਰਿਵਾਰ ਦੀ ਬਦਲਾਲਊ ਬਿਆਨਬਾਜ਼ੀ ਅਤੇ ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਅੰਜਾਮ ਦੇਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਦਰ ਸਾਜ਼ਿਸ਼ਾਂ ਨੇ ਕਸ਼ਮੀਰੀ ਅਵਾਮ ਅਤੇ ਮੁਲਕ ਦੀਆਂ ਹੋਰ ਘੱਟਗਿਣਤੀਆਂ ਅੰਦਰ ਹੋਰ ਜ਼ਿਆਦਾ ਬੇਗਾਨਗੀ ਅਤੇ ਅਸੁਰੱਖਿਆ ਪੈਦਾ ਕੀਤੀ ਹੈ। ਕਸ਼ਮੀਰ ਦੀ ਜਵਾਨੀ ਦਾ ਰੋਜ਼ਮਰਾ ਕਤਲੇਆਮ ਹਾਕਮ ਜਮਾਤੀ ਪਾਰਟੀਆਂ ਨੂੰ ਖੁਸ਼ੀ ਦਿੰਦਾ ਹੈ। ਇਸ ਲਈ, ਹੁਕਮਰਾਨਾਂ ਤੇ ਰਾਸ਼ਟਰਵਾਦੀ ਮੀਡੀਆ ਵੱਲੋਂ ਕਸ਼ਮੀਰੀ ਨੌਜਵਾਨਾਂ ਦੀਆਂ ਮੌਤਾਂ ਉੱਪਰ ਜਸ਼ਨ ਮਨਾਉਣਾ ਵੀ ਬੇਚੈਨ ਨੌਜਵਾਨਾਂ ਨੂੰ ਇੰਤਹਾਪਸੰਦੀ ਵੱਲ ਧੱਕਣ ਲਈ ਜ਼ਿੰਮੇਵਾਰ ਹੈ ਜਿਹਨਾਂ ਦਾ ਨਾ ਸਿਰਫ਼ ਆਪਣਾ ਨਿੱਜੀ ਭਵਿੱਖ ਹਨੇਰਾ ਹੈ ਸਗੋਂ ਕਸ਼ਮੀਰ ਦਾ ਵੀ ਉਹਨਾਂ ਨੂੰ ਕੋਈ ਸਿਆਸੀ ਭਵਿੱਖ ਨਜ਼ਰ ਨਹੀਂ ਆ ਰਿਹਾ।

ਇਸ ਫ਼ਿਦਾਈਨ ਹਮਲੇ ਅਤੇ ਉੱਚ ਵਿਦਿਆ ਪ੍ਰਾਪਤ ਜ਼ਹੀਨ ਕਸ਼ਮੀਰੀ ਨੌਜਵਾਨਾਂ ਦੇ ਹਥਿਆਰ ਚੁੱਕਣ ਨੂੰ ਕਸ਼ਮੀਰ ਦੇ ਸੰਘਰਸ਼ ਵਿਚ ਇਕ ਨਵੇਂ ਰੁਝਾਨ ਦੀ ਦਸਤਕ ਵਜੋਂ ਲਿਆ ਜਾਣਾ ਚਾਹੀਦਾ ਹੈ। ਹਿੰਦੁਸਤਾਨ ਦੇ ਇਨਸਾਫ਼ਪਸੰਦ ਲੋਕਾਂ ਨੂੰ ਸੰਘ ਬਰਗੇਡ ਵੱਲੋਂ ਜਵਾਨਾਂ ਦੀਆਂ ਲਾਸ਼ਾਂ ਉੱਪਰ ਖੇਡੀ ਜਾ ਰਹੀ ਸਿਆਸਤ ਨੂੰ ਡੱਟਕੇ ਬੇਨਕਾਬ ਕਰਨਾ ਚਾਹੀਦਾ ਹੈ। ਜਵਾਨਾਂ ਦੀ ਹੱਤਿਆ ਦੀ ਨਿਖੇਧੀ ਕਰਨ ਦੇ ਨਾਲ-ਨਾਲ ਹੁਕਮਰਾਨਾਂ ਦੀ ਲਹੂ ਦੀ ਤਿਹਾਈ ਨੀਤੀ ਦਾ ਪੁਰਜ਼ੋਰ ਵਿਰੋਧ ਕਰਦੇ ਹੋਏ ਮੰਗ ਕਰਨੀ ਚਾਹੀਦੀ ਹੈ ਕਿ ਕਸ਼ਮੀਰੀਆਂ ਉੱਪਰ ਹਮਲੇ ਤੁਰੰਤ ਰੋਕੇ ਜਾਣ, ਕਸ਼ਮੀਰੀਆਂ ਦੇ ਖ਼ਿਲਾਫ਼ ਫ਼ੌਜੀ ਘੁਮੰਡ ਦੀ ਜੰਗਬਾਜ਼ ਨੀਤੀ ਬੰਦ ਕੀਤੀ ਜਾਵੇ, ਕਸ਼ਮੀਰ ਵਿੱਚੋਂ ਫ਼ੌਜੀ ਅਤੇ ਨੀਮ-ਫ਼ੌਜੀ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਅਫਸਪਾ ਅਤੇ ਪਬਲਿਕ ਸਕਿਊਰਿਟੀ ਐਕਟ ਵਰਗੇ ਜ਼ਾਲਮ ਕਾਨੂੰਨ ਵਾਪਸ ਲਏ ਜਾਣ ਅਤੇ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਤਸਲੀਮ ਕਰਦੇ ਹੋਏ ਗੱਲਬਾਤ ਰਾਹੀਂ ਮਸਲੇ ਦੇ ਹੱਲ ਦਾ ਜਮਹੂਰੀ ਅਮਲ ਸ਼ੁਰੂ ਕੀਤਾ ਜਾਵੇ।

# ਜੇ ਫ਼ੌਜੀਆਂ ਦੀ ਮੌਤ ਨੇ ਤੁਹਾਨੂੰ ਝੰਜੋੜਿਆ ਹੈ ਤਾਂ ਇਸ ਨੂੰ ਜ਼ਰੂਰ ਪੜ੍ਹਿਓ

- ਆਨੰਦ ਸਿੰਘ



ਪਿਛਲੇ ਸਾਲ ਇਸੇ ਮੌਸਮ ਵਿੱਚ ਮੈਂ ਸ੍ਰੀਨਗਰ ਗਿਆ ਸੀ? ਅਨੰਤਨਾਗ ਤੋਂ ਸ਼੍ਰੀਨਗਰ ਵਾਪਸ ਆਉਂਦੇ ਹੋਏ ਮੈਂ ਆਪਣੇ ਇੱਕ ਕਸ਼ਮੀਰੀ ਦੋਸਤ ਦੇ ਨਾਲ ਗੱਲਾਂ ਮਾਰਦਾ ਹੋਇਆ ਆ ਰਿਹਾ ਸੀ ? ਪੂਰੇ ਰਾਹ ਉਹ ਮੈਨੂੰ ਦੱਸਦਾ ਆਇਆ ਕਿ ਕਸ਼ਮੀਰ ਦੇ ਲੋਕ ਭਾਰਤ ਦੀ ਫ਼ੌਜ ਨਾਲ ਐਨੀ ਨਫ਼ਰਤ ਕਿਉਂ ਕਰਦੇ ਹਨ ? ਰਾਹ ਵਿੱਚ ਆਏ ਇੱਕ ਤਿਰਾਹੇ 'ਤੇ ਉਸ ਨੇ ਮੈਨੂੰ ਦੱਸਿਆ ਕਿ ਇਹ ਤੀਜਾ ਰਾਹ ਤਰਾਲ ਵੱਲ ਜਾਂਦਾ ਹੈ ਜਿੱਥੇ ਬੁਰਹਾਨ ਵਾਨੀ ਦਾ ਘਰ ਹੈ ? ਬੁਰਹਾਨ ਦੀ ਸ਼ਹਾਦਤ ਮਗਰੋਂ ਪੂਰੇ ਕਸ਼ਮੀਰ ਤੋਂ ਲੱਖਾਂ ਲੋਕ ਤਰਾਲ ਪਹੁੰਚੇ ਸਨ ? ਤਰਾਲ ਪੁਲਵਾਮਾ ਜਿਲ੍ਹੇ ਵਿੱਚ ਆਉਂਦਾ ਹੈ ? ਮੇਰੇ ਕਸ਼ਮੀਰੀ ਦੋਸਤ ਨੇ ਇਹ ਵੀ ਦੱਸਿਆ ਕਿ ਬੁਰਹਾਨ ਦੀ ਸ਼ਹਾਦਤ ਮਗਰੋਂ ਵੱਡੀ ਗਿਣਤੀ ਵਿੱਚ ਅੱਲ੍ਹੜ ਅਤੇ ਨੌਜਵਾਨ ਕਸ਼ਮੀਰ ਦੀ ਆਜ਼ਾਦੀ ਲਈ ਹਥਿਆਰ ਚੁੱਕਣ ਵਾਸਤੇ ਤਿਆਰ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਕਸ਼ਮੀਰ ਦੀ ਆਜ਼ਾਦੀ ਦਾ ਹੋਰ ਕੋਈ ਰਾਹ ਨਹੀਂ ਬਚਿਆ ਹੈ ? ਸ਼੍ਰੀਨਗਰ ਪਹੁੰਚਣ ਤੋਂ ਥੋੜ੍ਹਾ ਸਮਾਂ ਪਹਿਲਾਂ ਇੱਕ ਦਿਸ਼ਾਸੂਚਕ ਫੱਟੇ 'ਤੇ ਮੈਂ ਅਵੰਤੀਪੁਰਾ ਲਿਖਿਆ ਵੇਖਿਆ, ਮੇਰੇ ਦੋਸਤ ਨੇ ਸ਼ਾਹਰਾਹ ਦੇ ਖੱਬੇ ਪਾਸੇ ਇਸ਼ਾਰਾ ਕਰਦੇ ਹੋਏ ਦੱਸਿਆ ਕਿ ਇਹ ਸੀ.ਆਰ.ਪੀ.ਐਫ਼ ਦਾ ਸਿਖਲਾਈ ਅੱਡਾ ਹੈ ? ਉਸ ਨੇ ਦੱਸਿਆ ਕਿ ਪਿਛਲੇ ਸਾਲ ਇਸ ਕੈਂਪ 'ਤੇ 17 ਸਾਲਾਂ ਦੇ ਇੱਕ ਕਸ਼ਮੀਰੀ ਮੁੰਡੇ ਨੇ ਫਿਦਾਇਨ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਸ ਸਾਲ 14 ਫ਼ਰਵਰੀ ਨੂੰ ਸੀ. ਆਰ. ਪੀ. ਐਫ਼ ਦੇ ਕਾਫ਼ਲੇ 'ਤੇ ਹੋਇਆ ਹਮਲਾ ਅਵੰਤੀਪੁਰਾ ਇਲਾਕੇ ਵਿੱਚ ਹੀ ਹੋਇਆ ਹੈ ? ਕਥਿਤ ਖ਼ੁਦਕੁਸ਼ ਬੰਬਾਰ ਆਦਿਲ ਅਹਿਮਦ ਡਾਰ ਅਵੰਤੀਪੁਰਾ ਦੇ ਲਾਗੇ ਦਾ ਹੀ ਰਹਿਣ ਵਾਲਾ ਸੀ? ਖਾੜਕੂ ਬਣਨ ਤੋਂ ਪਹਿਲਾਂ ਉਹ ਇੱਕ ਉਸਾਰੀ ਮਜ਼ਦੂਰ ਸੀ ? ਇਸ ਹਮਲੇ ਵਿੱਚ ਸੀ.ਆਰ.ਪੀ.ਐਫ਼ ਦੇ ਜਿਹੜੇ ਜਵਾਨ ਮਾਰੇ ਗਏ ਹਨ ਉਹ ਵੀ ਆਮ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੁੱਤ ਸਨ ? ਸਾਧਾਰਨ ਪਿਛੋਖੜ ਤੋਂ ਆਉਣ ਵਾਲੇ ਇਹਨਾਂ ਜਵਾਨਾਂ ਦੀ ਮੌਤ 'ਤੇ ਕਿਸੇ ਵੀ ਸੰਵੇਦਨਸ਼ੀਲ ਇਨਸਾਨ ਨੂੰ ਦੁੱਖ ਹੋਵੇਗਾ ਪਰ ਮੀਡੀਆ ਅਤੇ ਸਿਆਸੀ ਗਿਰਝਾਂ ਦੀ ਲਲਕਾਰ ਕਰਕੇ ਆਪਣਾ ਖੂਨ ਖਲਾਉਣ ਤੋਂ ਪਹਿਲਾਂ ਇੱਕ ਵਾਰੀ ਇਹ ਜਰੂਰ ਸੋਚਿਆ ਕਿ ਆਖ਼ਰ ਇਸ ਖੂਨ-ਖਰਾਬੀ ਦਾ ਕਾਰਨ ਕੀ ਹੈ? ਇਹ ਖੂਨ-ਖ਼ਰਾਬੀ ਖ਼ਤਮ ਕਿਵੇਂ ਕੀਤੀ ਜਾ ਸਕਦੀ ਹੈ ? ਮੇਰੀ ਸਮਝ ਮੁਤਾਬਕ ਤਾਂ ਇਸ ਖੂਨ-ਖ਼ਰਾਬੀ ਨੂੰ ਖ਼ਤਮ ਕਰਨ ਦਾ ਰਾਹ ਕਸ਼ਮੀਰ ਵਿੱਚੋਂ ਫ਼ੌਜ ਦੀ ਵਾਪਸੀ ਰਹਿਣ ਹੋ ਕੇ ਜਾਂਦਾ ਹੈ! ਜੇ ਤੁਸੀਂ ਸੀ.ਆਰ.ਪੀ.ਐਫ਼ ਦੇ ਜਵਾਨਾਂ ਦੀ ਮੌਤ ਤੋਂ ਸੱਚੀਓਂ ਝੰਜੋੜੇ ਗਏ ਹੋ ਤਾਂ ਕਸ਼ਮੀਰ ਵਿੱਚ ਹੋਰ ਫ਼ੌਜ ਭੇਜਣ ਦੀ ਥਾਵੇਂ ਤੁਹਾਨੂੰ ਫ਼ੌਜ ਨੂੰ ਵਾਪਸ ਬੁਲਾਉਣ ਦੀ ਮੰਗ ਕਰਨੀ ਚਾਹੀਦੀ ਹੈ ? ਜੇ ਤੁਹਾਨੂੰ ਇਸ ਗੱਲ 'ਤੇ ਹੈਰਾਨੀ ਹੋ ਰਹੀ ਹੋਵੇ ਤਾਂ ਅਗਾਂਹ ਪੜ੍ਹੋ ?

ਥੋੜ੍ਹਾ ਸੋਚੋ, ਢਾਈ ਹਜ਼ਾਰ ਤੋਂ ਵਧੇਰੇ ਫ਼ੌਜੀਆਂ ਦੇ ਜਿਸ ਕਾਫ਼ਲੇ 'ਤੇ ਹਮਲਾ ਕੀਤਾ ਗਿਆ ਹੈ ਉਹ ਸ਼੍ਰੀਨਗਰ ਵਿੱਚ ਕੀ ਕਰਨ ਲਈ ਜਾ ਰਿਹਾ ਸੀ ? ਸੋਚਣ ਦੀ ਗੱਲ ਇਹ ਵੀ ਹੈ ਕਿ ਕਸ਼ਮੀਰ ਵਾਦੀ ਵਿੱਚ ਪੰਜ ਲੱਖ ਤੋਂ ਵਧੇਰੇ ਫ਼ੌਜੀ ਅਤੇ ਅਰਧ-ਫ਼ੌਜੀ ਤਾਕਤਾਂ ਦੀ ਮੌਜੂਦਗੀ ਕਿਉਂ ਜਰੂਰੀ ਹੈ ? ਜੇ ਤੁਹਾਡਾ ਜਵਾਬ ਇਹ ਹੈ ਕਿ ਕਸ਼ਮੀਰ ਵਿੱਚ ਫ਼ੌਜ ਦੀ ਮੌਜੂਦਗੀ ਅੱਤਵਾਦ ਨੂੰ ਖ਼ਤਮ ਕਰਨ ਦੇ ਲਈ ਜਰੂਰੀ ਹੈ ਤਾਂ ਤੁਸੀਂ ਕਸ਼ਮੀਰ ਦੀ ਜ਼ਮੀਨੀ ਸੱਚਾਈ ਤੋਂ ਕੋਰੇ ਅਣਜਾਣ ਹੋ ? ਸੱਚਾਈ ਤਾਂ ਇਹ ਹੈ ਕਿ ਕਸ਼ਮੀਰ ਵਿੱਚ ਫ਼ੌਜ ਦੀ ਮੌਜੂਦਗੀ ਨਾਲ ਸਮੱਸਿਆ ਘੱਟ ਹੋਣ ਦੀ ਥਾਵੇਂ ਵਧੀ ਹੈ? ਆਪਣੀ ਕਸ਼ਮੀਰ ਫੇਰੀ ਵੇਲੇ ਮੈਨੂੰ ਕਸ਼ਮੀਰ ਦੇ ਨੌਜਵਾਨਾਂ, ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਸਮੇਤ ਸਮਾਜ ਦੇ ਲਗਭਗ ਹਰ ਤਬਕੇ ਦੇ ਲੋਕਾਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ? ਉਹਨਾਂ ਨਾਲ ਗੱਲਬਾਤ ਦੌਰਾਨ ਜਿਹੜੇ ਸ਼ਬਦ ਮੈਨੂੰ ਸਭ ਨਾਲੋਂ ਜਿਆਦਾ ਸੁਣਾਈ ਦਿੱਤੇ ਉਹ ਸਨ - ਫ਼ੌਜ, ਜ਼ੁਲਮ ਅਤੇ ਆਜ਼ਾਦੀ ? ਸਭ ਲਈ ਅਜ਼ਾਦੀ ਦਾ ਮਤਲਬ ਵੱਖ-ਵੱਖ ਸੀ ਪਰ ਫ਼ੌਜ ਦੇ ਜ਼ੁਲਮ ਤੋਂ ਸਭ ਅਜ਼ਾਦੀ ਚਾਹੁੰਦੇ ਸਨ? ਆਮ ਹਿੰਦੁਸਤਾਨੀਆਂ ਨੂੰ ਲਗਦਾ ਹੈ ਕਿ ਕਸ਼ਮੀਰ ਵਿੱਚ ਫ਼ੌਜ ਅੱਤਵਾਦ ਨੂੰ ਖ਼ਤਮ ਕਰਨ ਗਈ ਹੈ ਪਰ ਕਸ਼ਮੀਰੀਆਂ ਦੇ ਲਈ ਫ਼ੌਜ ਜ਼ੁਲਮ ਦਾ ਸਮਾਨਅਰਥੀ ਬਣ ਚੁੱਕੀ ਹੈ? ਸ਼੍ਰੀਨਗਰ ਵਿੱਚ ਮੇਰੀ ਦੋਸਤੀ ਕਈ ਬੱਚਿਆਂ ਨਾਲ ਵੀ ਹੋਈ ? ਉਹਨਾਂ ਬੱਚਿਆਂ ਨੇ ਆਪਣੀਆਂ ਅੱਖਾਂ ਨਾਲ ਫ਼ੌਜੀਆਂ ਨੂੰ ਆਮ ਕਸ਼ਮੀਰੀਆਂ 'ਤੇ ਗੋਲੀਆਂ ਚਲਾਉਂਦੇ ਦੇਖਿਆ ਹੈ? ਅਜਿਹੀ ਕੱਚੀ ਉਮਰ ਵਿੱਚ ਹੀ ਉਹਨਾਂ ਦੇ ਸ਼ਬਦਕੋਸ਼ ਵਿੱਚ ਪੈਲੇਟ ਜਿਹੇ ਸ਼ਬਦ ਆ ਗਏ ਹਨ ? ਹਿੰਦੁਸਤਾਨ ਦੇ ਬੱਚਿਆਂ ਨੂੰ ਇਹ ਪੜ੍ਹਾਇਆ ਜਾਂਦਾ ਹੈ ਕਿ ਭਾਰਤੀ ਫ਼ੌਜ ਮੁਲਕ ਦੀ ਰੱਖਿਆ ਕਰਦੀ ਹੈ ਅਤੇ ਅੱਤਵਾਦੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਪਰ ਕਸ਼ਮੀਰ ਦੇ ਬੱਚਿਆਂ ਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਦੇ ਤਜੁਰਬੇ ਤੋਂ ਇਹ ਸਬਕ ਕੱਢਿਆ ਹੈ ਕਿ ਭਾਰਤੀ ਫ਼ੌਜ ਕਸ਼ਮੀਰੀਆਂ 'ਤੇ ਜ਼ੁਲਮ ਕਰਦੀ ਹੈ? ਇਹੀ ਕਾਰਨ ਹੈ ਕਿ ਜਿਹੜੇ ਕਸ਼ਮੀਰੀ ਆਮ ਹਿੰਦੁਸਤਾਨੀਆਂ ਨੂੰ ਗਰਮਜੋਸ਼ੀ ਨਾਲ ਜੀ ਆਇਆਂ ਕਹਿੰਦੇ ਹਨ ਉਹੀ ਭਾਰਤੀ ਫ਼ੌਜੀਆਂ ਨੂੰ ਅੰਤਾਂ ਦੀ ਨਫ਼ਰਤ ਕਰਦੇ ਹਨ? ਇਸ ਦਾ ਤਾਜ਼ਾ ਸਬੂਤ ਹੈ ਕਿ ਸੀ. ਆਰ. ਪੀ.ਐਫ਼ ਦੇ ਜਿਸ ਕਾਫ਼ਲੇ 'ਤੇ ਇਹ ਖੁਦਕੁਸ਼ ਹਮਲਾ ਹੋਇਆ ਹੈ ਉਸੇ ਕਾਫ਼ਲੇ 'ਤੇ ਹਮਲੇ ਤੋਂ ਕੁੱਝ ਸਮਾਂ ਪਹਿਲਾਂ ਹੀ ਇੱਕ ਬਜ਼ਾਰ ਵਿੱਚ ਪੱਥਰਬਾਜ਼ੀ ਵੀ ਕੀਤੀ ਗਈ ਸੀ?

ਤੁਹਾਨੂੰ ਲਗਦਾ ਹੈ ਕਿ ਕਸ਼ਮੀਰ ਵਿੱਚ ਹੋਰ ਫ਼ੌਜ ਭੇਜਣ ਨਾਲ ਕਸ਼ਮੀਰੀ ਭਾਰਤ ਸਾਹਮਣੇ ਗੋਡੇ ਟੇਕ ਦੇਣਗੇ ? ਇਥੇ ਵੀ ਤੁਸੀਂ ਪੂਰੀ ਤਰ੍ਹਾਂ ਗ਼ਲਤ ਹੋ? ਇਤਿਹਾਸ ਗਵਾਹ ਹੈ ਕਿ ਕਸ਼ਮੀਰ ਵਿੱਚ ਜਿੰਨੀ ਜਿਆਦਾ ਫ਼ੌਜ ਭੇਜੀ ਜਾਂਦੀ ਹੈ ਕਸ਼ਮੀਰੀਆਂ ਦਾ ਭਾਰਤੀ ਰਾਜਸੱਤਾ ਖ਼ਿਲਾਫ਼ ਗੁੱਸਾ ਓਨਾ ਵਧੇਰੇ ਵਧਦਾ ਜਾਂਦਾ ਹੈ ਅਤੇ ਉਸੇ ਨਿਸਬਤ ਕਸ਼ਮੀਰ ਵੱਡੀ ਵਿੱਚ ਅਜ਼ਾਦੀ ਦੀ ਭਾਵਨਾ ਵੀ ਜੰਗਲ ਦੀ ਅੱਗ ਵਾਂਗੂ ਫ਼ੈਲਦੀ ਜਾਂਦੀ ਹੈ? ਮੈਂ ਕਸ਼ਮੀਰੀ ਬੱਚਿਆਂ ਨੂੰ ਅਜ਼ਾਦੀ ਦੇ ਖੇਡ ਖੇਡਦਿਆਂ ਦੇਖਿਆ ? ਓਥੋਂ ਦੀਆਂ ਔਰਤਾਂ ਵਿਆਹ-ਸ਼ਾਦੀਆਂ ਜਿਹੇ ਮੌਕਿਆਂ 'ਤੇ ਵੀ ਅਜ਼ਾਦੀ ਦੇ ਗੀਤ ਗਾਉਂਦੀਆਂ ਹਨ? ਓਥੇ ਹਰ ਨੌਜਵਾਨ ਦੇ ਮੋਬਾਈਲ ਵਿੱਚ ਤੁਹਾਨੂੰ ਅਜ਼ਾਦੀ ਨਾਲ ਸੰਬੰਧਿਤ ਰੈਪ ਗੀਤ ਮਿਲ ਜਾਣਗੇ? ਓਥੋਂ ਦੇ ਮੁੰਡੇ-ਕੁੜੀਆਂ ਲਈ ਬੁਰਹਾਨ ਵਾਨੀ ਇੱਕ ਆਦਰਸ਼ ਹੈ? ਭਾਰਤੀ ਫ਼ੌਜ ਕਸ਼ਮੀਰ ਦੀ ਅਜ਼ਾਦੀ ਲਈ ਬੰਦੂਕ ਚੁੱਕਣ ਵਾਲੇ ਕੁੱਝ ਕੁ ਲੋਕਾਂ ਨੂੰ ਤਾਂ ਮਾਰ ਸਕਦੀ ਹੈ ਪਰ ਓਥੇ ਆਬੋਹਵਾ ਅਤੇ ਲੋਕ-ਸੱਭਿਆਚਾਰ ਵਿੱਚ ਰਚ-ਮਿਚ ਗਈ ਅਜ਼ਾਦੀ ਦੀ ਮਹਿਕ ਨੂੰ ਕਿਵੇਂ ਮਿਟਾਇਆ ਜਾ ਸਕਦਾ ਹੈ ?

ਜੇ ਅੰਨ੍ਹੇ ਕੌਮਵਾਦ ਦੇ ਜਨੂੰਨ ਵਿੱਚ ਤੁਹਾਡੀ ਯਾਦਦਾਸ਼ਤ ਕਮਜ਼ੋਰ ਹੋ ਗਈ ਹੋਵੇ ਤਾਂ ਤੁਹਾਨੂੰ ਯਾਦ ਹੋਵੇਗਾ ਕਿ ਬੁਰਹਾਨ ਵਾਨੀ ਦੇ ਮੁਕਾਬਲੇ ਮਗਰੋਂ ਇਸ ਮੁਲਕ ਦੇ ਸਾਰੇ ਮੀਡੀਆ ਐਂਕਰਾਂ, ਸੁਰੱਖਿਆ ਸਲਾਹਕਾਰਾਂ ਅਤੇ ਸਿਆਸੀ ਗਿਰਝਾਂ ਟੀ.ਵੀ ਸਟੂਡੀਓ ਵਿੱਚ ਚੀਕ-ਚਿਹਾੜਾ ਪਾ ਕੇ ਸਾਨੂੰ ਦੱਸ ਰਹੇ ਸੀ ਕਿ ਕਸ਼ਮੀਰ ਵਿੱਚ ਅੱਤਵਾਦ ਨੂੰ ਜੜ੍ਹੋਂ ਪੁੱਟ ਦਿੱਤਾ ਗਿਆ ਹੈ ? ਅੱਜ ਉਹੀ ਗਿਰਝਾਂ ਸਾਨੂੰ ਦੱਸ ਰਹੀਆਂ ਹਨ ਕਿ ਅੱਤਵਾਦ ਨੂੰ ਖ਼ਤਮ ਕਰਨ ਲਈ ਹੋਰ ਵਧੇਰੇ ਫ਼ੌਜ ਦੀ ਲੋੜ ਪਵੇਗੀ? ਜੇ ਤੁਸੀਂ ਇਹਨਾਂ ਐਂਕਰਾਂ, ਸੁਰੱਖਿਆ ਮਾਹਰਾਂ ਅਤੇ ਸਿਆਸੀ ਗਿਰਝਾਂ ਦੇ ਉਕਸਾਵੇ ਵਿੱਚ ਆ ਕੇ ਜੰਗ ਦੇ ਪੱਖ ਵਿੱਚ ਖੜ੍ਹੇ ਹੋ ਤਾਂ ਫ਼ੌਜੀਆਂ ਨੂੰ ਮੌਤ ਦੇ ਮੂੰਹੀਂ ਦੇਣ ਦੀ ਇਸ ਜਨੂੰਨੀ ਮੁਹਿੰਮ ਵਿੱਚ ਤੁਸੀਂ ਵੀ ਹਿੱਸੇਦਾਰ ਬਣ ਰਹੇ ਹੋ ? ਆਪਣੇ ਡਰਾਇੰਗ ਕਮਰੇ ਵਿੱਚ ਟੀ.ਵੀ ਦੇ ਪਰਦੇ ਮੂਹਰੇ ਬਹਿਕੇ ਫ਼ੌਜੀਆਂ ਦੀ ਮੌਤ ਦਾ ਮਾਤਮ ਕਰਨ ਨਾਲ ਇਹ ਸੱਚਾਈ ਨਹੀਂ ਲੁਕੋਈ ਜਾ ਸਕਦੀ ਕਿ ਚੋਣਾਂ ਦੇ ਇਸ ਮੌਸਮ ਵਿੱਚ ਅੰਨ੍ਹੇ ਕੌਮਵਾਦ ਦੀ ਭੱਠੀ ਵਿੱਚ ਉਹਨਾਂ ਦੀ ਬਲੀ ਦੇਣ ਵਾਲਿਆਂ ਵਿੱਚ ਤੁਸੀਂ ਵੀ ਸ਼ੁਮਾਰ ਹੋ?

**ਪੁਲਵਾਮਾ ਹਮਲੇ ਤੋਂ ਬਾਅਦ ਕਈ ਥਾਵਾਂ ਤੇ ਕਸ਼ਮੀਰੀ ਵਿਦਿਆਰਥੀਆਂ ਅਤੇ ਕਸ਼ਮੀਰੀਆਂ 'ਤੇ ਹਮਲੇ ਹੋ ਰਹੇ ਹਨ। ਮਾਮਲਾ ਸਿਰਫ ਪੁਲਵਾਮਾ ਹਮਲੇ ਦਾ ਨਹੀਂ ਹੈ। ਕਸ਼ਮੀਰ ਤੇ ਕਸ਼ਮੀਰੀਆਂ ਦੇ ਸਮੁੱਚੇ ਮਾਮਲੇ ਨੂੰ... ਜਾਨਣਾ ਚਾਹੀਦਾ ਹੈ। ਕਸ਼ਮੀਰ ਦੇ ਮਸਲੇ ਅਤੇ ਇਸਦੇ ਇਤਿਹਾਸਿਕ ਪਿਛੋਕੜ ਤੇ ਝਾਤ ਪਾਉਂਦੀ ਜਾਣਕਾਰੀ ਸਾਂਝੀ ਕਰ ਰਹੇ ਹਾਂ ਤਾਂ ਜੋ ਕਸ਼ਮੀਰ ਦਾ ਮਾਮਲਾ ਕੀ ਹੈ?**

*ਕਸ਼ਮੀਰ ਮਾਮਲਾ*

# ਪਿਛੋਕੜ ਤੇ ਆਜ਼ਾਦੀ ਲਹਿਰ ਦੀ ਮੁੜ-ਉਠਾਣ



ਕਸ਼ਮੀਰ ਉਬਲ ਰਿਹਾ ਹੈ, ਕਸ਼ਮੀਰ ਬਲ ਰਿਹਾ ਹੈ। ਧਰਤੀ ਦਾ ਸਵਰਗ ਕਹੀ ਜਾਣ ਵਾਲੀ ਹੁਸੀਨ ਵਾਦੀ ਅੱਜ ਬਰੂਦ ਦੇ ਗਲਘੋਟੂ ਧੂੰਏਂ ਵਿੱਚ ਮੁਸ਼ਕਿਲ ਨਾਲ ਸਾਹ ਲੈ ਰਹੀ ਹੈ। ਕਸ਼ਮੀਰ ਦੇ ਸ਼ਾਂਤ ਸੁਭਾਅ ਸਮਝੇ ਜਾਂਦੇ ਲੋਕ ਬਲਦੇ ਅੰਗਿਆਰ ਬਣੇ ਹੋਏ ਹਨ। ਭਾਰਤੀ ਫੌਜ ਕਸ਼ਮੀਰ ਵਿੱਚ ਇੱਕ ਧਾੜਵੀ ਫੌਜ ਦੀ ਤਰ੍ਹਾਂ ਵਿਚਰ ਰਹੀ ਹੈ। ਖੂਬਸੂਰਤ ਕੁੜੀਆਂ ਦੀਆਂ ਇੱਜਤਾਂ ਲੁੱਟੀਆਂ ਜਾ ਰਹੀਆਂ ਹਨ। ਕੁਝ ਅਰਸਾ ਪਹਿਲਾਂ ਫੌਜੀ ਬੰਕਰ ਲਾਗੇ ਬਣੇ ਜਨਤਕ ਪਖਾਨਿਆਂ ਵਿੱਚੋਂ ਕੁੜੀ ਨਿਕਲੀ ਤਾਂ ਇੱਕ ਫੌਜੀ ਨੇ ਉਸਦੀ ਅਸਮਤ ਲੁੱਟਣ ਦੀ ਕੋਸ਼ਿਸ਼ ਕੀਤੀ। ਜਨਤਾ ਨੇ ਆਪਣਾ ਗੁੱਸਾ ਬੰਕਰ ਢਾਹ ਕੇ ਕੱਢਿਆ। ਰੋਸ ਪ੍ਰਗਟਾਵਾ ਕਰਦੇ ਅੱਲੜ੍ਹ ਮੁੰਡੇ-ਕੁੜੀਆਂ ਨੂੰ ਛੱਰੇਦਾਰ ਬੰਦੂਕਾਂ ਦੇ ਛੱਰਿਆਂ ਨਾਲ ਵਿੰਨਿਆ ਜਾ ਰਿਹਾ ਹੈ। ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ। ਪੁਲੀਸ ਦੇ ਡੀ.ਆਈ.ਜੀ. ਦੀ ਇੱਕ ਮਛੋਹਰ ਬੱਚੇ ਨੂੰ ਠੁੱਡੇ ਮਾਰਦਿਆਂ ਦੀ ਵੀਡੀਓ, ਸੋਸ਼ਲ ਮੀਡੀਆ ਵਿੱਚ ਵਾਇਰਲ ਹੋਈ ਹੈ। 8 ਜੁਲਾਈ ਤੋਂ ਬਾਅਦ ਸ਼ੁਰੂ ਹੋਏ ਰੋਹ ਫੁਟਾਰਿਆਂ 'ਤੇ ਸਟੇਟ ਦੇ ਵਹਿਸ਼ੀ ਜਬਰ ਨਾਲ ਹੁਣ ਤੱਕ 46 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। (ਇਹ ਵੀ ਸਰਕਾਰੀ ਅੰਕੜਾ ਹੈ, ਹਕੀਕਤ ਇਸਤੋਂ ਵੱਖਰੀ ਹੋ ਸਕਦੀ ਹੈ) ਇਸ ਸਾਰੇ ਵਹਿਸ਼ੀ ਜਬਰ ਦੇ ਬਾਵਜੂਦ ਕਸ਼ਮੀਰੀ ਲੋਕ ਨਾ ਡਰੇ ਹਨ, ਨਾ ਝੁਕੇ ਹਨ ਅਤੇ ਨਾ ਦਬੇ ਹਨ। ਉਹਨਾਂ ਦੇ ਬਾਗ਼ੀ ਤੇਵਰ ਜਿਉਂ ਦੇ ਤਿਉਂ ਹਨ। ਉਹ ਸਰਕਾਰੀ ਜ਼ਬਰ ਦੇ ਪ੍ਰਤੀਰੋਧ ਵਜੋਂ ਥਾਣਿਆਂ ਅਤੇ ਫੌਜੀ ਕੈਂਪਾਂ 'ਤੇ ਪਥਰਾਓ ਕਰਕੇ ਆਪਣਾ ਗੁੱਸਾ ਜ਼ਾਹਿਰ ਕਰ ਰਹੇ ਹਨ।

ਇਹ ਜਨਤਕ ਪ੍ਰਤੀਰੋਧ ਲਹਿਰ, ਹਿਜਬਉਲ ਮੁਜਾਹਦੀਨ ਦੇ ਨੌਜਵਾਨ ਕਮਾਂਡਰ ਬੁਰਹਾਨ ਵਾਨੀ ਦੇ ਇੱਕ ਮੁਕਾਬਲੇ ਵਿੱਚ ਮਾਰੇ ਜਾਣ ਤੋਂ ਬਾਅਦ ਸ਼ੁਰੂ ਹੋਈ ਹੈ। ਵਾਨੀ ਇੱਕ ਪੜ੍ਹਿਆ-ਲਿਖਿਆ ਖੂਬਸੂਰਤ ਨੌਜੁਆਨ ਸੀ। ਸੂਚਨਾ ਤਕਨਾਲੋਜੀ ਦੀ ਵਰਤੋਂ ਵਿੱਚ ਮਾਹਿਰ ਬੁਰਹਾਨ ਨੇ ਕਸ਼ਮੀਰ ਦੀ ਆਜ਼ਾਦੀ ਅਤੇ ਇਸ ਲਈ ਚੱਲ ਰਹੀ ਲੜਾਈ ਦੇ ਪ੍ਰਚਾਰ ਲਈ ਸੋਸ਼ਲ ਮੀਡੀਆ ਦੀ ਖੂਬ ਵਰਤੋਂ ਕੀਤੀ। ਪਹਿਲੇ ਖਾੜਕੂਆਂ ਦੇ ਉਲਟ ਉਸਨੇ ਆਪਣੀਆਂ ਤੇ ਆਪਣੇ ਸਾਥੀਆਂ ਦੀਆਂ ਹਥਿਆਰਾਂ ਨਾਲ ਲੈਸ ਹੋਣ ਵਾਲੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਅੱਪਲੋਡ (ਪਾਈਆਂ) ਕੀਤੀਆਂ। ਬੁਰਹਾਨ ਆਪਣੀ ਗੱਲ ਦਲੀਲ ਨਾਲ ਪੇਸ਼ ਕਰਨ ਪੱਖੋਂ ਸੁਚੱਜਾ ਸੀ। ਉਸਦੀ ਸੋਸ਼ਲ ਮੀਡੀਆ ਦੀ ਵਰਤੋਂ ਨੇ ਨਾ ਸਿਰਫ ਉਸਨੂੰ ਪੂਰੇ ਕਸ਼ਮੀਰ ਵਿੱਚ ਹਰਮਨਪਿਆਰਾ ਬਣਾਇਆ ਬਲਕਿ ਕਸ਼ਮੀਰੀ ਨੌਜੁਆਨਾਂ ਦੀ ਇੱਕ ਪੂਰੀ ਪੀੜੀ ਨੂੰ ਜਜ਼ਬਾਤੀ ਪੱਧਰ 'ਤੇ ਕਸ਼ਮੀਰ ਦੀ ਆਜ਼ਾਦੀ ਦੇ ਸੰਘਰਸ਼ ਨਾਲ ਜੋੜ ਦਿੱਤਾ ਹੈ। ਬੁਰਹਾਨ ਵਾਨੀ ਈਦ ਮਨਾਉਣ ਲਈ ਆਪਣੇ ਸਾਥੀਆਂ ਸਮੇਤ ਬਸਦੂਰਾ ਪਿੰਡ ਵਿੱਚ ਆਇਆ ਅਤੇ ਫਾਰੂਕ ਵਾਨੀ ਦੇ ਘਰ ਠਹਿਰਿਆ। ਮੰਨਿਆ ਜਾਂਦਾ ਹੈ ਕਿ ਸਨਅਤਕਾਰ ਖੁਰਮ ਸਫ਼ੀ ਮੀਰ ਜਿਸਦਾ ਇਸ ਪਿੰਡ ਵਿੱਚ ਇੱਕ ਵੱਡਾ ਸੇਬਾਂ ਦਾ ਬਾਗ਼ ਹੈ, ਨੂੰ ਫਾਰੂਕ ਨੇ ਇਹ ਸੂਚਨਾ ਦਿੱਤੀ ਅਤੇ ਉਸਨੇ ਅੱਗੇ ਇਹ ਖ਼ਬਰ ਸੁਰੱਖਿਆ ਬਲਾਂ ਨੂੰ ਦਿੱਤੀ। ਸੁਰੱਖਿਆ ਬਲਾਂ ਨੇ ਘਰ ਨੂੰ ਘੇਰਾ ਪਾ ਲਿਆ, ਬੁਰਹਾਨ ਨੇ ਪਿਛਲੇ ਦਰਵਾਜ਼ੇ ਰਾਹੀਂ ਨਿਕਲਣ ਦਾ ਯਤਨ ਕੀਤਾ। ਇਸ ਦੌਰਾਨ ਹੋਏ ਮੁਕਾਬਲੇ ਵਿੱਚ ਬੁਰਹਾਨ ਵਾਨੀ ਮਾਰਿਆ ਗਿਆ। ਇਸਤੇ ਗੁੱਸੇ ਵਿੱਚ ਆਏ ਲੋਕਾਂ ਨੇ ਫਾਰੂਕ ਵਾਨੀ ਦਾ ਘਰ ਢਾਹ ਕੇ ਮਲੀਆਮੇਟ ਕਰ ਦਿੱਤਾ ਅਤੇ ਖੁਰਮ ਸਫ਼ੀ ਮੀਰ ਦਾ ਬਗ਼ੀਚਾ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਪੂਰੇ ਦੱਖਣੀ ਕਸ਼ਮੀਰ ਵਿੱਚ ਲਾਈਆਂ ਰੋਕਾਂ ਅਤੇ ਦਮਨ ਦੇ ਬਾਵਜੂਦ ਮੀਲਾਂ ਤੁਰ ਕੇ ਹਜ਼ਾਰਾਂ ਲੋਕ ਬੁਰਹਾਨ ਦੇ ਜਨਾਜੇ ਵਿੱਚ ਪਹੁੰਚੇ। ਬੱਸ ਇਸਤੋਂ ਬਾਅਦ ਪੂਰੇ ਕਸ਼ਮੀਰ ਵਿੱਚ ਇੱਕ ਕਿਸਮ ਦੀ ਜਨਤਕ ਬਗ਼ਾਵਤ (uprising), ਵਹਿਸ਼ੀ ਸਰਕਾਰੀ ਦਮਨ ਦਾ ਦੌਰ ਸ਼ੁਰੂ ਹੋਇਆ, ਜੋ ਬੇਰੋਕ ਚਲਿਆ ਆਉਂਦਾ ਹੈ। ਸਰਕਾਰ ਨੇ ਸਮਝਦਿਆਂ ਕਿ ਰੋਹ ਮੱਠਾ ਪੈ ਗਿਆ, ਸਕੂਲ ਖੋਹਲਣ ਦਾ ਫੈਸਲਾ ਕੀਤਾ ਪਰ ਸਕੂਲਾਂ ਵਿੱਚ ਨਾ ਵਿਦਿਆਰਥੀ ਆਏ ਅਤੇ ਨਾ ਹੀ ਅਧਿਆਪਕ। ਸਗੋਂ ਪ੍ਰਾਈਵੇਟ ਸਕੂਲਾਂ ਦੀ ਐਸੋਸੀਏਸ਼ਨ ਨੇ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਕਿ ਪ੍ਰਾਈਵੇਟ ਸਕੂਲ ਨਹੀਂ ਖੋਹਲੇ ਜਾਣਗੇ। ਗ੍ਰਹਿ ਮੰਤਰੀ ਰਾਜਨਾਥ ਸਿੰਘ, ਕਸ਼ਮੀਰ ਦੌਰੇ 'ਤੇ ਗਏ ਤਾਂ ਪੂਰੀ ਵਾਦੀ ਨੇ ਬੰਦ ਕਰਕੇ ਉਸਦਾ ਸੁਆਗਤ ਕੀਤਾ। ਇਹ ਕਸ਼ਮੀਰੀ ਜਨਤਾ ਅੰਦਰ ਵਿਆਪਕ ਰੋਸ ਦੀ ਗਹਿਰਾਈ ਨੂੰ ਦਰਸਾਉਂਦਾ ਹੈ। ਇਹ ਉਹਨਾਂ ਦੀ ਆਜ਼ਾਦੀ ਲਈ ਚਾਹਤ ਦਾ ਪ੍ਰਤੀਕ ਹੈ। ਹਿਲਾਲ ਮੀਰ ਅਨੁਸਾਰ ਹੁਣ ਵਿਚਕਾਰਲੀ ਜਗਾਹ, ਯਾਨਿ 'ਆਜ਼ਾਦੀ' ਅਤੇ 'ਭਾਰਤ ਦਾ ਅਟੁੱਟ ਅੰਗ' ਵਿਚਕਾਰਲੀ ਜ਼ਮੀਨ ਹੁਣ ਖਤਮ ਹੋ ਗਈ ਹੈ, ਹੁਣ ਕਸ਼ਮੀਰ ਵਿੱਚ ਇੱਕੋ ਆਵਾਜ਼ ਹੈ ਅਤੇ ਉਹ ਹੈ ਆਜ਼ਾਦੀ। ਆਖਿਰ ਕੀ ਹੈ ਇਸ ਆਜ਼ਾਦੀ ਅਤੇ ਆਜ਼ਾਦੀ ਦੀ ਲੜਾਈ ਦਾ ਪਿਛੋਕੜ ਅਤੇ ਮੂਲ ਸਰੋਤ?

**ਇਤਿਹਾਸਕ ਪਿਛੋਕੜ**

ਜੰਮੂ-ਕਸ਼ਮੀਰ ਰਿਆਸਤ ਦੇ ਭੂਗੋਲਿਕ ਅਤੇ ਡੈਮੋਗਰਾਫਿਕ ਪੱਖੋਂ ਚਾਰ ਹਿੱਸੇ ਹਨ। ਕਸ਼ਮੀਰ ਘਾਟੀ, ਜਿਸਦੀ ਭਾਰੀ ਬਹੁਗਿਣਤੀ ਵਸੋਂ ਮੁਸਲਮਾਨ ਹਨ ਅਤੇ ਘੱਟ ਗਿਣਤੀ ਵਿੱਚ ਹਿੰਦੂ ਅਤੇ ਸਿੱਖ ਹਨ। ਦੂਸਰਾ ਖਿੱਤਾ ਜੰਮੂ ਹੈ। ਇਸ ਵਿੱਚ ਬਹੁਗਿਣਤੀ ਵਿੱਚ ਹਿੰਦੂ ਹਨ ਜੋ ਕੁੱਲ ਵਸੋਂ ਦਾ 66% ਅਤੇ 30% ਵਸੋਂ ਮੁਸਲਮਾਨ ਹਨ। ਤੀਸਰਾ ਖੇਤਰ ਲੱਦਾਖ ਹੈ ਜਿਸਦੀ ਅੱਧੀ ਵਸੋਂ ਬੋਧੀ ਅਤੇ 46% ਮੁਸਲਮਾਨ ਹਨ। ਚੌਥਾ ਹਿੱਸਾ ਗਿਲਗਿੱਟ-ਬਾਲਤੀਸਾਨ ਦਾ ਉੱਤਰੀ ਇਲਾਕਾ ਹੈ। ਇਸਦੀ 10 ਲੱਖ ਵਸੋਂ ਵਿੱਚੋਂ 99% ਮੁਸਲਮਾਨ ਹਨ। ਕਸ਼ਮੀਰ ਦੇ ਭਾਰਤੀ ਹਿੱਸੇ ਵਿੱਚ 95% ਵਸੋਂ ਮੁਸਲਮਾਨ ਹੈ ਅਤੇ ਪਾਕਿਸਤਾਨ ਵਾਲੇ ਹਿੱਸੇ ਦੀ ਪੂਰੀ ਵਸੋਂ ਮੁਸਲਮਾਨ ਹੈ। ਜੇਕਰ ਪੂਰੀ ਰਿਆਸਤ ਜੰਮੂ ਕਸ਼ਮੀਰ (ਪੁਰਾਣੀ — ਚਾਰ ਖਿੱਤਿਆਂ) ਨੂੰ ਦੇਖੀਏ ਤਾਂ ਇਸਦੀ 74% ਵਸੋਂ ਮੁਸਲਮਾਨ, 14% ਹਿੰਦੂ, 10 ਪ੍ਰਤੀਸ਼ਤ ਬੋਧੀ ਅਤੇ 1.4 ਪ੍ਰਤੀਸ਼ਤ ਵਸੋਂ ਹੋਰ ਲੋਕਾਂ ਦੀ ਹੈ। ਚੌਹਾਂ ਖੇਤਰਾਂ ਦੀ ਕੁੱਲ ਆਬਾਦੀ 10.85 ਮਿਲੀਅਨ (ਬਰਾਬਰ 10 ਲੱਖ) ਹੈ। ਜਿਸ ਵਿੱਚੋਂ 8.29 ਮਿਲੀਅਨ ਮੁਸਲਮਾਨ, 1.51 ਮਿਲੀਅਨ ਹਿੰਦੂ, 1.09 ਮਿਲੀਅਨ ਬੋਧੀ ਅਤੇ 0.16 ਮਿਲੀਅਨ ਹੋਰ ਧਰਮਾਂ ਦੇ ਲੋਕ ਹਨ।

ਕਸ਼ਮੀਰ 18ਵੀਂ ਸਦੀ ਤੱਕ ਪਸ਼ਤੂਨ ਦੁੱਰਾਨੀ ਸਾਮਰਾਜ ਦਾ ਹਿੱਸਾ ਸੀ। 1819 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸਨੂੰ ਫਤਿਹ ਕਰ ਲਿਆ ਅਤੇ ਆਪਣੀ ਅਧੀਨ ਰਿਆਸਤ ਦੇ ਰਾਜਾ ਅਤੇ ਮਹਾਰਾਜੇ ਦੇ ਦਰਬਾਰੀ ਡੋਗਰਾ ਗੁਲਾਬ ਸਿੰਘ ਨੂੰ ਦੇ ਦਿੱਤਾ। ਉਸਨੇ ਫੌਜੀ ਚੜ੍ਹਾਈਆਂ ਨਾਲ ਹੋਰ ਇਲਾਕੇ ਜਿੱਤ ਕੇ ਕਸ਼ਮੀਰ ਘਾਟੀ ਨੂੰ ਇੱਕ ਤਰ੍ਹਾਂ ਘੇਰ ਲਿਆ। 1845-46 ਦੀ ਸਿੱਖਾਂ ਅਤੇ ਫਰੰਗੀਆਂ ਦੀ ਪਹਿਲੀ ਲੜਾਈ ਉਪਰੰਤ, ਲਾਹੌਰ ਦੀ ਸੰਧੀ ਤਹਿਤ ਕਸ਼ਮੀਰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ। ਇਸ ਸੰਧੀ ਤਹਿਤ ਸਿੱਖ ਰਾਜ ਨੂੰ ਜੰਗੀ ਹਰਜਾਨਾ ਲਾਇਆ ਗਿਆ ਸੀ, ਰਾਜਾ ਗੁਲਾਬ ਸਿੰਘ ਨੇ ਅਦਾ ਕਰ ਦਿੱਤਾ। ਇਸਦੇ ਬਦਲੇ ਅੰਮ੍ਰਿਤਸਰ ਦੀ ਸੰਧੀ ਤਹਿਤ ਅੰਗਰੇਜ਼ਾਂ ਨੇ ਕਸ਼ਮੀਰ ਰਾਜਾ ਗੁਲਾਬ ਸਿੰਘ ਨੂੰ ਸੌਂਪ ਦਿੱਤਾ। ਇਸਦੇ ਬਦਲੇ 'ਚ ਗੁਲਾਬ ਸਿੰਘ ਨੇ ਅੰਗਰੇਜ਼ਾਂ ਨੂੰ ਨਿਸ਼ਚਿਤ ਮਾਲੀਆ ਅਦਾ ਕਰਨਾ ਸੀ। ਇਸ ਉਪਰੰਤ ਰਾਜਾ ਗੁਲਾਬ ਸਿੰਘ ਨੇ ਮਹਾਰਾਜੇ ਦਾ ਖਿਤਾਬ ਧਾਰਨ ਕਰ ਲਿਆ ਅਤੇ ਮਹਾਰਾਜਾ ਗੁਲਾਬ ਸਿੰਘ ਬਣ ਬੈਠਿਆ। ਮਹਾਰਾਜਾ ਹਰੀ ਸਿੰਘ, ਮਹਾਰਾਜ ਗੁਲਾਬ ਸਿੰਘ ਦਾ ਸਪੁੱਤਰ ਸੀ।

ਦੂਜੀ ਸੰਸਾਰ ਜੰਗ ਦੇ ਝੰਬੇ ਅਤੇ ਆਜ਼ਾਦੀ ਲਹਿਰਾਂ ਵਿੱਚ ਘਿਰੇ ਬਰਤਾਨਵੀ ਸਾਮਰਾਜ ਨੂੰ 1947 ਵਿੱਚ ਭਾਰਤ ਨੂੰ ਸਿੱਧੇ ਰਾਜ ਤੋਂ ਛੱਡਣਾ ਪਿਆ ਅਤੇ ਸੱਤਾ ਆਪਣੇ ਦਲਾਲਾਂ ਨੂੰ ਸੌਂਪ ਦਿੱਤੀ। ਪਰ ਜਾਂਦੇ-ਜਾਂਦੇ ਫਿਰੰਗੀਆਂ ਨੇ ਜਿੱਥੇ ਦੇਸ਼ ਨੂੰ ਦੋ ਹਿੱਸਿਆਂ, ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ ਉਥੇ 562 ਰਿਆਸਤਾਂ ਨੂੰ ਆਪਣਾ ਫੈਸਲਾ ਆਪ ਕਰਨ ਦਾ ਅਧਿਕਾਰ ਦੇ ਦਿੱਤਾ। ਬਾਕੀ ਰਿਆਸਤਾਂ ਤਾਂ ਦੋਵਾਂ ਮੁਲਕਾਂ ਵਿੱਚ ਰਲ ਗਈਆਂ ਪਰ ਜੰਮੂ ਅਤੇ ਕਸ਼ਮੀਰ, ਹੈਦਰਾਬਾਦ ਅਤੇ ਜੂਨਾਗੜ੍ਹ ਰਿਆਸਤਾਂ ਨੇ ਦੋਹਾਂ ਮੁਲਕਾਂ ਤੋਂ ਵੱਖ ਰਹਿਣ ਦਾ ਫੈਸਲਾ ਕੀਤਾ। ਭਾਰਤੀ ਹਾਕਮਾਂ ਨੇ ਧੱਕੇ ਨਾਲ ਫੌਜ ਦੀ ਵਰਤੋਂ ਕਰਦਿਆਂ ਹੈਦਰਾਬਾਦ ਰਿਆਸਤ ਅਤੇ ਜੂਨਾਗੜ੍ਹ ਰਿਆਸਤ ਨੂੰ ਭਾਰਤ ਵਿੱਚ ਸ਼ਾਮਲ ਕਰ ਲਿਆ। ਦਲੀਲ ਦਿੱਤੀ ਗਈ ਕਿ ਇਹਨਾਂ ਰਿਆਸਤਾਂ ਦੇ ਰਾਜੇ ਮੁਸਲਮਾਨ ਹਨ ਪ੍ਰੰਤੂ ਇਹਨਾਂ ਦੀ ਪਰਜਾ ਭਾਰੀ ਬਹੁਗਿਣਤੀ ਵਿੱਚ ਹਿੰਦੂ ਹੈ। ਇਸ ਕਰਕੇ ਰਾਜਿਆਂ ਦਾ ਫੈਸਲਾ ਪਰਜਾ ਦੀ ਇੱਛਾ ਦੀ ਪ੍ਰਤੀਨਿਧਤਾ ਨਹੀਂ ਕਰਦਾ। ਇਸ ਕਰਕੇ ਇਸ ਬਹੁਗਿਣਤੀ ਹਿੰਦੂ ਪਰਜਾ ਨੂੰ ਹਿੰਦੁਸਤਾਨ ਵਿੱਚ ਹੀ ਹੋਣਾ ਚਾਹੀਦਾ ਹੈ। ਪਰ ਭਾਰਤੀ ਹਾਕਮਾਂ ਨੇ ਇਹ ਅਸੂਲ ਕਸ਼ਮੀਰ ਵਿੱਚ ਲਾਗੂ ਨਹੀਂ ਕੀਤਾ।

ਜੰਮੂ ਕਸ਼ਮੀਰ ਰਿਆਸਤ ਦੇ ਮਹਾਰਾਜਾ ਹਰੀ ਸਿੰਘ ਨੇ ਹਿੰਦੁਸਤਾਨ ਅਤੇ ਪਾਕਿਸਤਾਨ ਦੋਵਾਂ ਤੋਂ ਆਜ਼ਾਦ ਰਹਿਣ ਦਾ ਫੈਸਲਾ ਕੀਤਾ। ਉਸਦਾ ਇਹ ਫੈਸਲਾ ਬਾਹਰਮੁਖੀ ਗਿਣਤੀਆਂ-ਮਿਣਤੀਆਂ 'ਤੇ ਅਧਾਰਿਤ ਸੀ। ਰਿਆਸਤ ਦੀ ਪਰਜਾ ਭਾਰੀ ਬਹੁਗਿਣਤੀ ਵਿੱਚ ਮੁਸਲਮਾਨ ਸੀ, ਇਸ ਕਰਕੇ ਉਹ ਹਿੰਦੁਸਤਾਨ ਵਿੱਚ ਸ਼ਾਮਲ ਹੋਣ ਲਈ ਸਵੀਕਾਰ ਨਹੀਂ ਕਰੇਗੀ। ਜੇਕਰ ਰਿਆਸਤ ਪਾਕਿਸਤਾਨ ਵਿੱਚ ਸ਼ਾਮਲ ਹੁੰਦੀ ਹੈ ਤਾਂ ਹਿੰਦੂ ਅਤੇ ਸਿੱਖ ਬਹੁਤ ਛੋਟੀ ਘੱਟ ਗਿਣਤੀ ਵਿੱਚ ਰਹਿ ਜਾਣਗੇ। ਮਹਾਰਾਜਾ ਹਰੀ ਸਿੰਘ ਆਪ ਹਿੰਦੂ ਹੋਣ ਕਰਕੇ ਇਹ ਨਹੀਂ ਚਾਹੁੰਦਾ ਸੀ।

ਪਾਕਿਸਤਾਨ ਚਾਹੁੰਦਾ ਸੀ ਕਿ ਰਿਆਸਤ ਬਹੁਗਿਣਤੀ ਮੁਸਲਿਮ ਹੋਣ ਕਰਕੇ ਪਾਕਿਸਤਾਨ ਵਿੱਚ ਸ਼ਾਮਲ ਹੋ ਜਾਵੇ। ਜੁਲਾਈ 1947 ਵਿੱਚ ਮੁਹੰਮਦ ਅਲੀ ਜਿਨਾਹ ਨੇ ਮਹਾਰਾਜਾ ਹਰੀ ਸਿੰਘ ਨੂੰ ਪੱਤਰ ਲਿਖ ਕੇ 'ਹਰ ਤਰ੍ਹਾਂ ਦੇ ਸਹੂਲਤੀ ਵਤੀਰੇ ਦਾ ਭਰੋਸਾ' ਦੁਆਇਆ ਸੀ। ਰਿਆਸਤ ਦੀ ਮੁਸਲਿਮ ਲੀਗ ਦੇ ਆਗੂਆਂ ਨੇ ਰਿਆਸਤ ਦੇ ਪ੍ਰਧਾਨ ਮੰਤਰੀ (ਜੋ ਕਿ ਮੁਸਲਿਮ ਸੀ) 'ਤੇ ਦਬਾਅ ਪਾਇਆ ਕਿ ਉਹ ਮਹਾਰਾਜੇ ਨੂੰ ਪਾਕਿਸਤਾਨ ਵਿੱਚ ਸ਼ਾਮਿਲ ਹੋਣ ਲਈ ਮਨਾਵੇ। ਉਸ ਸਮੇਂ ਭਾਰਤ ਦਾ ਗਵਰਨਰ ਜਨਰਲ, ਮਾਉਂਟਬੈਟਨ ਇੱਕ ਨਵੰਬਰ 1947 ਨੂੰ ਮੁਹੰਮਦ ਅਲੀ ਜਿਨਾਹ ਨਾਲ ਕਾਨਫਰੰਸ ਕਰਨ ਲਈ ਲਾਹੌਰ ਗਿਆ। ਉਸਨੇ ਜਿਨਾਹ ਅੱਗੇ ਪ੍ਰਸਤਾਵ ਰੱਖਿਆ ਕਿ ਹੈਦਰਾਬਾਦ, ਜੂਨਾਗੜ੍ਹ ਅਤੇ ਜੰਮੂ ਅਤੇ ਕਸ਼ਮੀਰ, ਜਿਹੜੀਆਂ ਭਾਰਤ ਜਾਂ ਪਾਕਿਸਤਾਨ ਕਿਸੇ ਵਿੱਚ ਸ਼ਾਮਿਲ ਨਹੀਂ ਹੋਈਆਂ, ਬਾਰੇ ਫੈਸਲਾ ਨਿਰਪੱਖ ਜਨਮਤ (referendum) ਰਾਹੀਂ ਕਰਵਾਇਆ ਜਾਵੇ। ਪਰ ਜਿਨਾਹ ਇਸ ਲਈ ਸਹਿਮਤ ਨਹੀਂ ਹੋਇਆ। ਉਸਦਾ ਪ੍ਰਸਤਾਵ ਸੀ ਕਿ ਹੈਦਰਾਬਾਦ ਅਤੇ ਜੂਨਾਗੜ੍ਹ ਭਾਰਤ ਵਿੱਚ ਸ਼ਾਮਿਲ ਕਰ ਲਈਆਂ ਜਾਣ ਅਤੇ ਜੰਮੂ-ਕਸ਼ਮੀਰ ਨੂੰ ਪਾਕਿਸਤਾਨ ਵਿੱਚ ਸ਼ਾਮਿਲ ਕਰ ਦਿੱਤਾ ਜਾਵੇ। ਅੱਜ ਭਾਵੇਂ ਪਾਕਿਸਤਾਨ, ਕਸ਼ਮੀਰ ਦੀ ਆਜ਼ਾਦੀ ਦੀਆਂ ਗੱਲਾਂ ਕਰੇ ਪਰ ਉਸਦੀ ਮਨਸ਼ਾ ਹਮੇਸ਼ਾ ਕਸ਼ਮੀਰ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਨ ਦੀ ਰਹੀ ਹੈ ਅਤੇ ਅੱਜ ਵੀ ਹੈ। ਜੇਕਰ ਕਸ਼ਮੀਰੀ ਪਾਕਿਸਤਾਨ ਨੂੰ ਆਪਣੀ ਆਜ਼ਾਦੀ ਦਾ ਸਮਰਥਕ ਸਮਝਦੇ ਹਨ ਤਾਂ ਉਹ ਬਹੁਤ ਵੱਡੀ ਗਲਤਫਹਿਮੀ ਵਿੱਚ ਹਨ।

ਉਧਰ ਪੁੰਛ ਵਿੱਚ ਰਾਜਾਸ਼ਾਹੀ ਦੇ ਸਤਾਏ ਕਿਸਾਨਾਂ ਨੇ ਬਗ਼ਾਵਤ ਕਰ ਦਿੱਤੀ ਜੋ ਮੀਰਪੁਰ ਵਿੱਚ ਵੀ ਫੈਲ ਗਈ। ਮਹਾਰਾਜਾ ਹਰੀ ਸਿੰਘ ਨੇ ਤਾਕਤ ਦੀ ਵਰਤੋਂ ਕਰਕੇ ਇਸ ਬਗ਼ਾਵਤ ਨੂੰ ਕੁਚਲਣ ਦਾ ਰਸਤਾ ਅਖਤਿਆਰ ਕੀਤਾ। ਦੂਸਰੇ ਪਾਸੇ ਦੇਸ਼ ਦੀ ਵੰਡ ਕਾਰਨ ਵਸੋਂ ਦੇ ਹੋ ਰਹੇ ਤਬਾਦਲੇ ਵਿੱਚ ਪਾਕਿਸਤਾਨ ਵਿੱਚੋਂ ਹਿੰਦੂ ਸਿੱਖ ਆ ਕੇ ਵਸ ਰਹੇ ਸਨ। ਉਹਨਾਂ ਨੇ ਪਾਕਿਸਤਾਨ ਵਿੱਚ ਮੁਸਲਮਾਨਾਂ ਵੱਲੋਂ ਕੀਤੀ ਕਤਲੋਗਾਰਦ ਦੇਖੀ ਸੀ ਅਤੇ ਉਹਨਾਂ ਅੰਦਰ ਬਦਲੇ ਦੀ ਅੱਗ ਬਲਦੀ ਪਈ ਸੀ। ਇਲੀਆਸ ਚੱਠਾ ਦੇ ਕਥਨ ਅਨੁਸਾਰ 'ਸਤੰਬਰ-ਅਕਤੂਬਰ 1947 ਵਿੱਚ ਕਸ਼ਮੀਰੀ ਮੁਸਲਮਾਨਾਂ ਨੂੰ ਪੱਛਮੀ ਪੰਜਾਬ ਵਿੱਚ ਪਹਿਲਾਂ ਹੋਈ ਹਿੰਸਾ ਦੀ ਭਾਰੀ ਕੀਮਤ ਚੁਕਾਉਣੀ ਪਈ।" ਇਸ ਮੁਸਲਿਮ ਵਿਰੋਧੀ ਹਿੰਸਾ ਦਾ ਕੇਂਦਰ ਜੰਮੂ ਡਿਵੀਜਨ ਸੀ। 20 ਅਕਤੂਬਰ ਦੇ ਆਸ-ਪਾਸ ਹਿੰਦੂ ਡੋਗਰਾ, ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਪੱਛਮੀ ਪੰਜਾਬ 'ਚੋਂ ਆਏ ਰਫਿਊਜੀਆਂ ਨੇ ਮੁਸਲਮਾਨਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਕੁਝ ਮਾਮਲਿਆਂ ਵਿੱਚ ਮਹਾਰਾਜਾ ਹਰੀ ਸਿੰਘ 'ਤੇ ਵੀ ਦੋਸ਼ ਲੱਗੇ। ਬ੍ਰਿਟਿਸ਼ ਦਰਸ਼ਕਾਂ ਅਨੁਸਾਰ ਇਸ ਕਤਲੇਆਮ ਵਿੱਚ 70,000 ਮੁਸਲਮਾਨ ਮਾਰੇ ਗਏ ਜਦਕਿ 'ਆਜ਼ਾਦ ਕਸ਼ਮੀਰ' ਦੀ ਹਕੂਮਤ ਅਨੁਸਾਰ ਮਾਰੇ ਗਏ ਮੁਸਲਮਾਨਾਂ ਦੀ ਗਿਣਤੀ 2,00,000 ਸੀ। ਲਗਭਗ 4,00,000 ਮੁਸਲਮਾਨ ਜਾਨ ਬਚਾ ਕੇ ਪਾਕਿਸਤਾਨ ਭੱਜ ਗਏ। ਕਰਿਮਟੋਫਰ ਸਨੇਡੈਨ ਅਨੁਸਾਰ, "ਇਹ ਮੁਸਲਮਾਨ (ਜਿਹੜੇ ਜਾਨ ਬਚਾ ਕੇ ਭੱਜੇ ਸਨ) ਪੁੰਛ ਅਤੇ ਪੱਛਮੀ ਜ਼ਿਲ੍ਹਿਆਂ ਦੀ ਬਗ਼ਾਵਤ ਵਿੱਚ ਸ਼ਾਮਲ ਹੋ ਗਏ ਅਤੇ ਆਜ਼ਾਦ ਕਸ਼ਮੀਰ ਦੀ ਸਰਕਾਰ ਬਣਾਉਣ ਦਾ ਹਿੱਸਾ ਬਣੇ।" ਜਦੋਂ ਇਹ ਬਗ਼ਾਵਤ ਜ਼ੋਰ ਫੜ ਗਈ ਤਾਂ ਪਠਾਨ ਕਬਾਇਲੀ ਵੀ ਇਸ ਵਿੱਚ ਸ਼ਾਮਿਲ ਹੋ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਸਰਕਾਰ ਨੇ ਸਾਬਕਾ ਸੈਨਿਕ ਅਫਸਰਾਂ ਤੋਂ ਸਿਖਲਾਈ ਦੇ ਕੇ ਕਬਾਇਲੀ ਪਠਾਨਾਂ ਨੂੰ ਹਮਲਾ ਕਰਨ ਲਈ ਭੇਜਿਆ। ਮਹਾਰਾਜਾ ਹਰੀ ਸਿੰਘ ਦੀ ਡੋਗਰਾ ਫੌਜ ਇਸਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਸੀ। ਇਸ ਹਾਲਤ ਵਿੱਚ ਮਹਾਰਾਜਾ ਹਰੀ ਸਿੰਘ ਨੇ ਭਾਰਤ ਵਿੱਚ ਸ਼ਾਮਿਲ ਹੋਣ ਵੱਲ ਕਦਮ ਵਧਾਇਆ।

ਮਹਾਰਾਜੇ ਨੇ ਦਿੱਲੀ ਨੂੰ ਫੌਰੀ ਫੌਜੀ ਸਹਾਇਤਾ ਦੀ ਅਪੀਲ ਕੀਤੀ। ਗਵਰਨਰ ਜਨਰਲ ਮਾਉਂਟਬੈਂਟਨ ਦੇ ਜ਼ੋਰ ਪਾਉਣ 'ਤੇ ਭਾਰਤ ਸਰਕਾਰ ਇਸ ਸ਼ਰਤ 'ਤੇ ਸਹਾਇਤਾ ਕਰਨ ਲਈ ਮੰਨੀ ਕਿ ਅਜਿਹੀ ਸਹਾਇਤਾ ਤਾਂ ਹੀ ਦਿੱਤੀ ਜਾ ਸਕਦੀ ਹੈ ਜੇਕਰ ਰਿਆਸਤ ਭਾਰਤ ਵਿੱਚ ਸ਼ਾਮਿਲ ਹੋਵੇ। ਇਸ ਅਨੁਸਾਰ 26 ਅਕਤੂਬਰ 1947 ਨੂੰ ਮਹਾਰਾਜਾ ਹਰੀ ਸਿੰਘ ਸ਼ਾਮਿਲ ਹੋਣ ਦੇ ਦਸਤਾਵੇਜ਼ (instrument of accession) 'ਤੇ ਦਸਖਤ ਕਰ ਦਿੱਤੇ, ਜਿਸਨੂੰ ਗਵਰਨਰ ਜਨਰਲ ਨੇ ਸਵੀਕਾਰ ਕਰ ਲਿਆ। ਪਰ ਭਾਰਤ ਸਰਕਾਰ ਨੇ ਇਸ ਵਿੱਚ ਇੱਕ ਧਾਰਾ ਹੋਰ ਜੋੜੀ ਜਿਸ ਅਨੁਸਾਰ, "ਵਾਦੀ ਨੂੰ ਧਾੜਵੀਆਂ ਤੋਂ ਮੁਕਤ ਕਰਾਉਣ ਉਪਰੰਤ ਜਨਮਤ ਸੰਗ੍ਰਹਿ ਰਾਹੀਂ ਲੋਕਾਂ ਦੀ ਰਾਇ ਲਈ ਜਾਵੇਗੀ। ਲੋਕ ਹੀ ਫੈਸਲਾ ਕਰਨਗੇ ਕਿ ਕਸ਼ਮੀਰੀ ਕਿੱਥੇ ਰਹਿਣਾ ਚਾਹੁੰਦੇ ਹਨ ਨਾ ਕਿ ਮਹਾਰਾਜਾ।" ਇਹ ਸ਼ਮੂਲੀਅਤ (ਆਰਜ਼ੀ ਸੀ।

ਗਿਲਗਿਤ-ਬਲਤਿਸਤਾਨ ਏਜੰਸੀ ਦੀ ਮੁਸਲਿਮ ਅਬਾਦੀ ਭਾਰਤ ਵਿੱਚ ਸ਼ਾਮਲ ਹੋਣ ਦੇ ਵਿਰੁੱਧ ਸੀ। ਮਹਾਰਾਜੇ ਦੀ ਉਥੇ ਫੌਜ ਗਿਲਗਿਤ ਸਕਾਊਟਸ ਦੇ ਕਮਾਂਡਰ ਮੇਜਰ ਵਿਲੀਅਨ ਬਰਾਊਨ ਨੇ ਸਥਿਤੀ ਨੂੰ ਦੇਖਦੇ 1 ਨਵੰਬਰ 1947 ਨੂੰ ਰਾਜ ਪਲਟਾ ਕਰ ਦਿੱਤਾ। ਗਵਰਨਰ

## "ਉਹਨਾਂ ਨੂੰ ਜਾਚ ਹੈ ਸਾਡੇ ਹੀ ਜਿਸਮਾਂ ਨੂੰ ਸਾਡੇ ਖਿਲਾਫ ਵਰਤਣ ਦੀ"

ਕਸ਼ਮੀਰ ਦੀ ਧਰਤੀ ਤੇ ਜੋ ਮੋਏ ਨੇ,ਸਾਡੇ ਹੀ ਭਰਾ,ਪੁੱਤ,ਦੋਸਤ ਨੇ। ਉਹ ਸਿਰ ਨਹੀਂ ਸਨ ਬਸ "ਢਿੱਡ ਸਨ ਜੋ ਸੰਗੀਨਾ ਸੰਗ ਟਕਰਾ ਗਏ"। ਪਰ ਇਹਨਾਂ ਦੇ ਮਰਨ ਤੋਂ ਪਹਿਲਾਂ ਜੋ ਕਸ਼ਮੀਰ ਦੀ ਧਰਤੀ ਤੇ ਮੋਏ ਸਨ ਉਹ ਕੀਹਦੇ ਭਰਾ ਸਨ,ਸਵਾਲ ਤਾਂ ਇਹ ਹੈ? ਜੇ ਉਹ ਭਾਰਤ ਦੇ "ਅਟੁੱਟ ਅੰਗ" ਦੇ ਵਾਸੀ ਸਨ ਤਾਂ ਉਹਨਾਂ ਲਈ ਭਾਰਤ ਨੇ ਕਦੇ ਸੋਗ ਕਿਉਂ ਨਹੀਂ ਮਨਾਇਆ ?ਇੱਕੀ ਸਾਲਾਂ ਦਾ ਉਹ ਨੌਜਵਾਨ ਜੀਹਨੇ "ਅੱਤਵਾਦ" 'ਚ ਸ਼ਾਮਲ ਹੋਣ ਤੌਂ ਪਹਿਲਾਂ ਚਚੇਰਾ ਭਰਾ ਗਵਾਇਆ, ਲੱਤ 'ਚ ਗੋਲੀ ਖਾਧੀ,ਕੀ ਉਹ ਭਾਰਤੀ ਸੀ ਜਾਂ ਕਸ਼ਮੀਰੀ? ਤੈਅ ਕਰਨਾ ਪਵੇਗਾ ਕਿ ਕਸ਼ਮੀਰੀ ਭਾਰਤੀ ਹਨ ਕਿ ਨਹੀਂ? ਸਵਾਲ ਕਰਨਾ ਪਵੇਗਾ ਕਿ ਅਸੀਂ "ਆਪਣੇ ਹੀ ਮੁਲਕ" ਦੀ ਧਰਤੀ ਤੇ ਸੱਤ ਲੱਖ ਦੀ ਫੌਜ ਕਿਉਂ ਚੜ੍ਹਾ ਰੱਖੀ ਹੈ? ਸਵਾਲ ਕਰਨਾ ਪਵੇਗਾ ਕਿ ਕਸ਼ਮੀਰ ਦੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਜੋ ਬੇਨਾਮ ਕਬਰਾਂ 'ਚ ਦਫਨ ਹੈ, ਉਹਨਾਂ ਦੀਆਂ ਮਾਵਾਂ-ਭੈਣਾਂ ਦੇ ਵੈਣ ਭਾਰਤੀ ਹਨ ਜਾਂ ਕਸ਼ਮੀਰੀ? ਸਵਾਲ ਕਰਨਾ ਪਵੇਗਾ ਕਿ ਕੁਨਾਨ ਤੇ ਪੋਸ਼ਪੁਰਾ ਦੀਆਂ ਜਿਹਨਾਂ ਧੀਆਂ,ਭੈਣਾਂ, ਮਾਵਾਂ ਨਾਲ ਭਾਰਤੀ ਫੌਜ ਨੇ ਬਲਾਤਕਾਰ ਕੀਤਾ, ਉਹ ਭਾਰਤੀ ਸਨ ਕਿ ਕਸ਼ਮੀਰੀ? ਸਵਾਲ ਕਰਨਾ ਪਵੇਗਾ ਕਿ ਕਸ਼ਮੀਰ 'ਚ ਜੋ ਕੱਲ ਮੋਏ ਨੇ ਉਹਨਾਂ 'ਚ ਕਿਸੇ ਰਾਜਨੇਤਾ, ਅਫਸਰਸ਼ਾਹ ਦਾ ਪੁੱਤਰ ਵੀ ਸੀ ਕਿ ਨਹੀਂ ?ਕਿ ਰਾਜਨੇਤਾਵਾਂ, ਅਫਸਰਾਂ ਦਾ "ਦੇਸ਼ਭਗਤ" ਕਰਤੱਵ ਉਹਨਾਂ ਦੇ ਖ਼ੱਫਣਾਂ 'ਚੋਂ ਕੇਵਲ ਦਲਾਲੀ ਛਕਣਾ ਹੀ ਹੈ?

ਲਾਸ਼ਾਂ ਵਿਛਣ ਦਾ ਇਹ ਸਿਲਸਿਲਾ ਏਥੇ ਰੁਕੇਗਾ ਨਹੀਂ, ਇਹ ਸਿਲਸਿਲਾ ਹੋਰ ਤੇਜ ਹੋਵੇਗਾ ਜਦੋਂ ਤੱਕ ਹਾਬੜੀ ਵੋਟ ਬਕਸੀ ਦਾ ਢਿੱਡ ਨਹੀਂ ਭਰਦਾ। ਸੜਕ ਤੇ ਖਿੰਡੀਆਂ ਲਾਸ਼ਾਂ ਦੇ ਚੀਥੜੇ ਇੱਕਠੇ ਕੀਤੇ ਜਾਣ ਤੌਂ ਪਹਿਲਾਂ ਹੀ ਹੋਰ ਲਾਸ਼ਾਂ ਵਿਛਾਉਣ ਦੀਆਂ ਸ਼ਤਰੰਜੀ ਅਵਾਜਾਂ ਨੇ ਅਸਮਾਨ ਮੱਲ ਲਿਆ ਹੈ ਹੋਰ ਵਧੇਰੇ "ਦੇਸ਼ਭਗਤ ਢਿੱਡਾਂ" ਨੂੰ ਰਾਜ-ਸੱਤਾ ਦੀਆਂ ਪੌੜੀਆਂ ਦੇ ਕਾਲੀਨ ਬਣਾਉਣ ਦੀ ਤਿਆਰੀ ਹੈ।

ਪਰ ਅੱਜ ਹਰ ਇਨਸਾਫਪਸੰਦ, ਦੇਸਭਗਤ ਤੇ ਜਾਗਰੂਕ ਭਾਰਤੀ ਨਾਗਰਿਕ ਨੂੰ, ਅੱਗ ਦੀ ਇਸ ਸਿਆਸੀ ਖੇਡ ਦੇ ਖਿਲਾਫ ਅਵਾਜ ਬੁਲੰਦ ਕਰਨ ਦੀ ਲੋੜ ਹੈ, ਜਿਸਨੇ 'ਧਰਤੀ ਦੀ ਜੰਨਤ' ਨੂੰ ਕਤਲਗਾਹ 'ਚ ਤਬਦੀਲ ਕਰ ਦਿੱਤਾ ਹੈ।ਲੋੜ ਹੈ ਕਿ ਅਸੀਂ ਮੰਗ ਕਰੀਏ ਕਿ ਭਾਰਤੀ ਰਾਜ, ਭਾਰਤੀ ਤੇ ਕਸ਼ਮੀਰੀ ਲੋਕਾਂ ਨੂੰ ਮੌਤ ਦੀ ਭੱਠੀ 'ਚ ਝੌਂਕਣਾ ਬੰਦ ਕਰੇ। ਕਿ ਭਾਰਤੀ ਰਾਜ, ਕਸ਼ਮੀਰੀ ਲੋਕਾਈ ਦੇ ਆਪਣੀ ਹੋਣੀ ਦੇ ਆਪ ਮਾਲਕ ਬਨਣ ਦੇ ਜਮਹੂਰੀ ਹੱਕ ਨੂੰ ਪ੍ਰਵਾਨ ਕਰੇ ਤੇ ਉਹਨਾਂ ਦੇ ਆਪਣੀ ਹੋਣੀ ਆਪ ਚੁਨਣ ਦੇ ਜਮਹੂਰੀ ਹੱਕ ਨੂੰ ਬੰਦੂਕ ਦੇ ਜੋਰ ਕੁਚਲਣਾ ਬੰਦ ਕਰੇ।

ਲੋਥਾਂ ਦਾ ਸਿਲਸਿਲਾ ਸਿਰਫ ਇਸੇ ਨਾਲ ਰੁਕ ਸਕਦਾ ਹੈ।

- ਮਨਪ੍ਰੀਤ ਜਸ

ਘੰਗਾਰਾ ਸਿੰਘ ਨੂੰ ਭਜਾ ਦਿੱਤਾ ਗਿਆ। ਰਾਜਾ ਰਿਆਸ ਖਾਂ ਨੂੰ ਪਰੈਜ਼ੀਡੈਂਟ ਅਤੇ ਮੇਜਰ ਹਸਨ ਖਾਨ ਨੂੰ ਕਮਾਂਡਰ-ਇਨ-ਚੀਫ ਥਾਪ ਕੇ, ਇੱਕ ਆਰਜੀ ਹਕੂਮਤ ਕਾਇਮ ਕਰ ਦਿੱਤੀ। ਨਾਲ ਹੀ ਮੇਜਰ ਬਰਾਊਨ ਨੇ ਅਬਦੁਲ ਕਿਊਮ ਖਾਨ ਨੂੰ ਤਾਰ ਦਿੱਤੀ ਕਿ ਉਹ ਵਾਗਡੋਰ ਸੰਭਾਲ ਲਏ। ਪਾਕਿਸਤਾਨ ਦੇ ਰਾਜਨੀਤਿਕ ਏਜੰਟ ਖਾਨ ਮੁਹੰਮਦ ਆਲਮ ਖਾਨ ਨੇ 16 ਨਵੰਬਰ ਨੂੰ ਗਿਲਗਿਤ ਪ੍ਰਸ਼ਾਸਨ ਦੀ ਵਾਗਡੋਰ ਸੰਭਾਲ ਲਈ।

ਵਾਦੀ ਵਿੱਚ ਭਾਰਤੀ ਫੌਜ ਦੀ ਆਮਦ ਨਾਲ ਜੰਗ ਸ਼ੁਰੂ ਹੋ ਗਈ। ਮਈ 1948 ਵਿੱਚ ਆਪਣੀ ਸਰਹੱਦ ਦੀ ਸੁਰੱਖਿਆ ਦੇ ਨਾਮ 'ਤੇ ਪਾਕਿਸਤਾਨ ਅਧਿਕਾਰਤ ਤੌਰ 'ਤੇ ਜੰਗ ਵਿੱਚ ਸ਼ਾਮਿਲ ਹੋ ਗਿਆ। ਇਹ ਭਾਰਤ-ਪਾਕਿਸਤਾਨ ਵਿਚਕਾਰ ਪਹਿਲੀ ਜੰਗ ਸੀ। ਦਸੰਬਰ 1948 ਵਿੱਚ ਨਹਿਰੂ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਨ ਵਿਚਕਾਰ ਮੁਲਾਕਾਤ ਹੋਈ ਅਤੇ ਨਹਿਰੂ ਨੇ ਦੱਸਿਆ ਕਿ ਉਹ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 55 ਤਹਿਤ ਕਸ਼ਮੀਰ ਮਸਲਾ ਸੰਯੁਕਤ ਰਾਸ਼ਟਰ ਵਿੱਚ ਲਿਜਾ ਰਿਹਾ ਹੈ।

ਸ਼ੇਖ ਅਬਦੁੱਲਾ ਕਸ਼ਮੀਰ ਮੁੱਦੇ ਨੂੰ ਸੰਯੁਕਤ ਰਾਸ਼ਟਰ ਵਿੱਚ ਲਿਜਾਣ ਦਾ ਵਿਰੋਧੀ ਸੀ ਪਰ ਭਾਰਤ ਸਰਕਾਰ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੋਂ ਮੰਗ ਕੀਤੀ ਕਿ ਉਹ ਕਸ਼ਮੀਰ ਬਾਰੇ ਮਤਾ ਪਾਸ ਕਰੇ। ਸੁਰੱਖਿਆ ਕੌਂਸਲ ਨੇ ਮਤਾ ਨੰਬਰ 47 ਪਾਸ ਕਰ ਦਿੱਤਾ। ਇਸ ਵਿੱਚ ਕਿਹਾ ਗਿਆ ਸੀ ਕਿ ਫੌਰੀ ਤੌਰ 'ਤੇ ਜੰਗਬੰਦੀ ਕੀਤੀ ਜਾਵੇ। ਕਬਾਇਲੀ ਅਤੇ ਗੈਰ-ਵਾਸੀ ਪਾਕਿਸਤਾਨੀ ਨਾਗਰਿਕ ਬਾਹਰ ਜਾਣ, ਭਾਰਤੀ ਫੌਜ ਦੀ ਗਿਣਤੀ ਮਾਮੂਲੀ ਤੱਕ ਘਟਾਈ ਜਾਵੇ ਅਤੇ ਕਸ਼ਮੀਰ ਦੀ ਹੋਣੀ ਦਾ ਫੈਸਲਾ ਕਰਨ ਲਈ ਜਨਮਤ ਕਰਵਾਇਆ ਜਾਵੇ। ਪਰ ਜੰਗਬੰਦੀ 1 ਜਨਵਰੀ 1949 ਨੂੰ ਸੰਭਵ ਹੋਈ। ਫੌਜਾਂ ਦੀ ਵਾਪਸੀ ਦੇ ਸਬੰਧ ਵਿੱਚ ਸੰਯੁਕਤ ਰਾਸ਼ਟਰ ਇੱਕੋ ਸਮੇਂ ਫੌਜਾਂ ਵਾਪਸ ਬੁਲਾਉਣ, ਪਰ ਅੱਜ ਤੱਕ ਨਾ ਤਾਂ ਫੌਜਾਂ ਦੀ ਵਾਪਸੀ ਹੋਈ ਅਤੇ ਨਾ ਹੀ ਜਨਮਤ ਸੰਗ੍ਰਹਿ ਹੋਇਆ ਹੈ। ਉਂਝ 1954 ਵਿੱਚ ਦੋਵਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਦੀ ਹੋਈ ਮੀਟਿੰਗ ਵਿੱਚ ਨਹਿਰੂ ਨੇ ਜਨਮਤ-ਸੰਗ੍ਰਹਿ ਪ੍ਰਬੰਧਕ ਨਿਯੁਕਤ ਕਰਨ ਦੀ ਪੇਸ਼ਕਸ਼ ਕੀਤੀ ਸੀ ਅਤੇ 1957 ਵਿੱਚ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੇ ਫਿਰ ਜਨਮਤ ਬਾਰੇ ਮਤਾ ਪਾਸ ਕੀਤਾ ਸੀ। ਪਰ ਜਨਮਤ ਸੰਗ੍ਰਹਿ ਨਹੀਂ ਹੋਇਆ।

ਉਧਰ ਜਵਾਹਰ ਲਾਲ ਨਹਿਰੂ ਅਤੇ ਸ਼ੇਖ ਅਬਦੁੱਲਾ ਵਿਚਕਾਰ ਭਾਰਤ ਵਿੱਚ ਕਸ਼ਮੀਰ ਬਾਰੇ ਰਲੇਵੇਂ ਬਾਰੇ ਲੰਮੀ ਗੱਲਬਾਤ ਹੋਈ ਜਿਸਦਾ ਨਤੀਜਾ 1950 ਵਿੱਚ ਦਿੱਲੀ ਸਮਝੌਤੇ ਦੇ ਰੂਪ ਵਿੱਚ ਸਾਹਮਣੇ ਆਇਆ। ਜਿਸ ਤਹਿਤ ਜੰਮੂ ਕਸ਼ਮੀਰ ਨੂੰ ਸੰਵਿਧਾਨਕ ਗਰੰਟੀ ਨਾਲ ਅਟੌਨਮੀ ਦਿੱਤੀ ਜਾਣੀ ਸੀ। ਜਿਸ ਤਹਿਤ ਜੰਮੂ ਕਸ਼ਮੀਰ ਦਾ ਆਪਣਾ ਸਦਰ-ਏ-ਰਿਆਸਤ (ਰਾਸ਼ਟਰਪਤੀ) ਵਜ਼ੀਰ-ਏ-ਆਜ਼ਮ (ਪ੍ਰਧਾਨ ਮੰਤਰੀ) ਹੋਣੇ ਸਨ ਅਤੇ ਆਪਣਾ ਵੱਖਰਾ ਸੰਵਿਧਾਨ ਹੋਣਾ ਸੀ। ਭਾਰਤ ਦੇ ਕਾਨੂੰਨ ਜੰਮ-ਕਸ਼ਮੀਰ ਵਿੱਚ ਲਾਗੂ ਨਹੀਂ ਹੋਣੇ ਸਨ। ਉਥੋਂ ਦੇ ਆਪਣੇ ਕਾਨੂੰਨ ਹੋਣੇ ਸਨ। ਕਰੰਸੀ, ਡੀਫੈਂਸ, ਵਿਦੇਸ਼ ਮਾਮਲੇ ਅਤੇ ਸੰਚਾਰ ਨੂੰ ਛੱਡ ਕੇ ਬਾਕੀ ਸਾਰੇ ਅਧਿਕਾਰ ਜੰਮੂ-ਕਸ਼ਮੀਰ ਦੀ ਸਰਕਾਰ ਕੋਲ ਹੋਣੇ ਸਨ। ਇਸ ਲਈ ਸੰਵਿਧਾਨ ਵਿੱਚ ਧਾਰਾ 370 ਸ਼ਾਮਿਲ ਕੀਤੀ ਗਈ। ਇਸਦੇ ਬਦਲੇ ਜੰਮੂ ਕਸ਼ਮੀਰ ਸੰਵਿਧਾਨਸਾਜ ਅਸੈਂਬਲੀ, ਜਿਸ ਵਿੱਚ ਸ਼ੇਖ ਅਬਦੁੱਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਦਾ ਭਾਰੀ ਬਹੁਮਤ ਸੀ, ਨੇ ਭਾਰਤ ਨਾਲ ਰਿਆਸਤ ਦੇ ਇਲਹਾਕ ਨੂੰ ਮਨਜ਼ੂਰੀ ਦੇਣੀ ਸੀ। 1951 ਵਿੱਚ ਸੰਵਿਧਾਨ ਸਭਾ ਨੇ ਇਲਹਾਕ ਨੂੰ ਮਨਜ਼ੂਰੀ ਦੇ ਦਿੱਤੀ।

**ਵਾਅਦਾਖ਼ਿਲਾਫ਼ੀਆਂ ਦੀ ਦਾਸਤਾਨ**

ਸ਼ੇਖ ਅਬਦੁੱਲਾ ਇੱਕ ਧਰਮ-ਨਿਰਪੱਖ ਅਤੇ ਜਮਹੂਰੀ ਕਿਰਦਾਰ ਦਾ ਆਗੂ ਸੀ। ਉਸਦਾ ਰਾਜਾਸ਼ਾਹੀ ਵਿਰੁੱਧ ਅਤੇ ਜਮਹੂਰੀਅਤ ਲਈ ਸੰਘਰਸ਼ ਦਾ ਇੱਕ ਇਤਿਹਾਸ ਸੀ। ਜਿਸ ਕਰਕੇ ਉਹ ਰਿਆਸਤ ਦੇ ਸਭ ਧਰਮ ਦੇ ਲੋਕਾਂ ਵਿੱਚ ਹਰਮਨਪਿਆਰਾ ਸੀ। ਮੁਸਲਿਮ ਕਾਨਫਰੰਸ ਦੇ ਮੁਕਾਬਲੇ ਉਸਨੇ ਨੈਸ਼ਨਲ ਕਾਨਫਰੰਸ ਦੀ ਸਥਾਪਨਾ ਕੀਤੀ। ਉਸ ਸਮੇਂ ਕਮਿਊਨਿਸਟ ਵੀ ਨੈਸ਼ਨਲ ਕਾਨਫਰੰਸ ਦਾ ਹਿੱਸਾ ਸਨ। ਰਿਆਸਤ ਵਿੱਚ ਵਿਆਪਕ ਜ਼ਮੀਨੀ ਸੁਧਾਰਾਂ ਦਾ ਸਿਹਰਾ ਵੀ ਨੈਸ਼ਨਲ ਕਾਨਫਰੰਸ ਦੀ ਸਰਕਾਰ ਨੂੰ ਜਾਂਦਾ ਹੈ। ਸ਼ੇਖ ਅਬਦੁੱਲਾ ਨੇ ਹਿੰਦੁਸਤਾਨ ਨਾਲ ਇਲਹਾਕ ਕੀਤਾ। ਜਿਸ ਕਰਕੇ ਰਿਆਸਤ ਵਿੱਚ ਜਦੋਂ ਨੈਸ਼ਨਲ ਕਾਨਫਰੰਸ ਨੇ ਪਲੈਬਸਾਈਟ ਫਰੰਟ ਨੂੰ ਭੰਗ ਕਰ ਦਿੱਤਾ ਤਾਂ ਜਨਮਤ ਸੰਗ੍ਰਹਿ ਦੀ ਮੰਗ ਵੀ ਮੱਠੀ ਪੈ ਗਈ। ਰਿਆਸਤ ਵਿੱਚ ਚੋਣਾਂ ਹੋਈਆਂ, ਨੈਸ਼ਨਲ ਕਾਨਫਰੰਸ ਦੀ ਸਰਕਾਰ ਬਣੀ ਅਤੇ ਸ਼ੇਖ ਅਬਦੁੱਲਾ ਵਜ਼ੀਰੇ-ਆਜ਼ਮ ਬਣੇ। ਪਰ ਭਾਰਤੀ ਹਾਕਮਾਂ ਨੇ ਇੱਕ ਯੋਜਨਾਬੱਧ ਢੰਗ ਨਾਲ ਸ਼ੇਖ ਅਤੇ ਨਹਿਰੂ ਵਿਚਕਾਰ ਹੋਏ ਦਿੱਲੀ ਸਮਝੌਤੇ ਵਿੱਚ ਰਿਆਸਤ ਨੂੰ ਮਿਲੀ ਅਟੌਨਮੀ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ। ਦਿੱਲੀ ਦੀ ਇੱਛਾ ਸੀ ਕਿ ਸ਼ੇਖ ਅਬਦੁੱਲਾ ਦਿੱਲੀ ਦੇ ਮੋਹਰੇ ਦੀ ਤਰ੍ਹਾਂ ਕੰਮ ਕਰੇ ਪਰ ਸ਼ੇਖ ਇਸ ਲਈ ਤਿਆਰ ਨਹੀਂ ਸੀ। ਭਾਰਤੀ ਸੰਵਿਧਾਨ ਦੀ ਧਾਰਾ 356 ਨੂੰ ਲਾਗੂ ਕਰਦਿਆਂ ਸ਼ੇਖ ਅਬਦੁੱਲਾ ਦੀ ਸਰਕਾਰ ਨੂੰ ਭੰਗ ਕਰ ਦਿੱਤਾ ਗਿਆ ਅਤੇ ਸ਼ੇਖ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਅਤੇ ਨੈਸ਼ਨਲ ਕਾਨਫਰੰਸ ਵਿੱਚੋਂ ਤੋੜ ਕੇ ਕਾਂਗਰਸ ਵਿੱਚ ਸ਼ਾਮਿਲ ਹੋਏ ਮੀਰ ਕਾਸਿਮ ਦੀ ਅਗਵਾਈ ਵਿੱਚ ਸਰਕਾਰ ਬਣਾ ਦਿੱਤੀ ਗਈ। ਜਿਸ ਸ਼ੇਖ ਅਬਦੁੱਲਾ ਨੇ ਪਾਕਿਸਤਾਨ ਨਾਲ ਰਲਣ ਅਤੇ ਆਜ਼ਾਦ ਰਹਿਣ ਦੀਆਂ ਤਰਜੀਹਾਂ ਨੂੰ ਤੱਜ ਕੇ ਰਿਆਸਤ ਦੀ ਕਿਸਮਤ ਹਿੰਦੁਸਤਾਨ ਨਾਲ ਜੋੜੀ। ਜਿਸਨੇ ਰਿਆਸਤ ਦੀ ਸੰਵਿਧਾਨ ਘੜਨੀ ਸਭਾ ਤੋਂ ਭਾਰਤ ਨਾਲ ਇਲਹਾਕ 'ਤੇ ਮੋਹਰ ਲਗਵਾਈ, ਉਸ ਸ਼ੇਖ ਨਾਲ ਇਹ ਸਲੂਕ ਕੀਤਾ ਗਿਆ ਕਿ ਉਸਨੂੰ ਜੇਲ ਦੀ ਕਾਲ-ਕੋਠੜੀ ਵਿੱਚ ਸੁੱਟ ਦਿੱਤਾ ਗਿਆ। ਉਹ ਰਜਵਾੜੇ ਹਰੀ ਸਿੰਘ ਦੇ ਰਾਜ ਵਿੱਚ ਵੀ ਜੇਲ ਦੀ ਕੋਠੜੀ ਵਿੱਚ ਸੜ ਰਿਹਾ ਸੀ ਅਤੇ 'ਜਮਹੂਰੀ ਭਾਰਤ' ਨੇ ਵੀ ਉਸ ਨਾਲ ਇਹੀ ਸਲੂਕ ਕੀਤਾ। ਸ਼ੇਖ ਅਬਦੁੱਲਾ ਕੋਲ ਭਾਵੇਂ ਪਿੱਛੇ ਮੁੜਨ ਦਾ ਰਸਤਾ ਨਹੀਂ ਸੀ ਪਰ ਕਸ਼ਮੀਰੀ ਲੋਕਾਂ ਵਿੱਚ ਇਸ ਨਾਲ ਬੇਗਾਨੇਪਣ ਦੀ ਭਾਵਨਾ ਦੇ ਬੀਜ ਬੀਜੇ ਗਏ।

1975 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ। ਉਦੋਂ ਸ਼ੇਖ ਅਬਦੁੱਲਾ ਨੂੰ ਜੇਲ੍ਹ ਵਿੱਚੋਂ ਕੱਢ ਕੇ ਉਸ ਨਾਲ ਇੱਕ ਸਮਝੌਤਾ ਕੀਤਾ ਅਤੇ ਸ਼ੇਖ ਨੂੰ ਮੁੱਖ-ਮੰਤਰੀ ਬਣਾ ਦਿੱਤਾ। ਪਰ 1977 ਵਿੱਚ ਇੰਦਰਾ ਨੇ ਲੋਕ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ। ਇਹਨਾਂ ਚੋਣਾਂ ਵਿੱਚ ਇੰਦਰਾ ਕਾਂਗਰਸ ਹਾਰ ਗਈ। ਜਿਸ ਨਾਲ ਸ਼ੇਖ-ਇੰਦਰਾ ਸਮਝੌਤਾ ਵੀ ਬੇਮਾਅਨੀ ਹੋ ਗਿਆ। ਅਬਦੁੱਲਾ ਪਰਿਵਾਰ ਇੱਕ ਵਾਰੀ ਫਿਰ ਸੱਤਾ ਤੋਂ ਬਾਹਰ ਹੋ ਗਿਆ। ਇਸ ਸਮੇਂ ਰਿਆਸਤ ਵਿੱਚ ਕੇਂਦਰ ਵੱਲੋਂ ਰਾਸ਼ਟਰਪਤੀ ਰਾਜ ਲਾਗੂ ਰਿਹਾ ਅਤੇ ਗਵਰਨਰ ਦੇ ਰਾਹੀਂ ਦਿੱਲੀ ਸਿੱਧਿਆਂ ਰਾਜ ਕਰਦੀ ਰਹੀ। ਰਾਜੀਵ ਗਾਂਧੀ ਦੇ ਪ੍ਰਧਾਨ-ਮੰਤਰੀ ਬਣਨ ਤੇ ਸ਼ੇਖ ਦੇ ਬੇਟੇ ਫਾਰੂਕ ਅਬਦੁੱਲਾ ਵਿਚਕਾਰ ਸਮਝੌਤਾ ਹੋਇਆ। ਜਿਸ ਅਨੁਸਾਰ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਮਿਲ ਕੇ ਸਾਂਝੀ ਸਰਕਾਰ ਚਲਾਉਣਗੇ। ਪਰ ਕੁਝ ਅਰਸੇ ਬਾਅਦ ਕੇਂਦਰ ਨੇ ਸ਼ੇਖ ਅਬਦੁੱਲਾ ਦੇ ਦਾਮਾਦ ਗੁਲਾਮ ਮੁਹੰਮਦ ਸ਼ਾਹ ਨੂੰ ਤੋੜ ਕੇ ਨੈਸ਼ਨਲ ਕਾਨਫਰੰਸ ਵਿੱਚ ਫੁੱਟ ਪਵਾ ਦਿੱਤੀ ਅਤੇ ਜੀ.ਐਮ ਸ਼ਾਹ ਨੂੰ ਮੁੱਖ ਮੰਤਰੀ ਬਣਾ ਦਿੱਤਾ।

ਦੂਸਰੇ ਪਾਸੇ ਸੰਵਿਧਾਨ ਵਿੱਚ ਸੋਧਾਂ ਕਰਕੇ ਰਿਆਸਤ ਦੀ ਅਟੌਨਮੀ ਨੂੰ ਖੋਖਲਾ ਕਰ ਦਿੱਤਾ ਗਿਆ। ਸਦਰ-ਇ-ਰਿਆਸਤ ਦੀ ਥਾਂ ਗਵਰਨਰ ਨੇ ਲੈ ਲਈ ਜੋ ਕੇਂਦਰ ਸਰਕਾਰ ਦਾ ਨੁਮਾਇੰਦਾ ਹੀ ਨਹੀਂ ਬਲਕਿ ਕੇਂਦਰ ਵੱਲੋਂ ਲਾਇਆ ਸੁਪਰਵਾਈਜ਼ਰ ਵੀ ਸੀ। ਵਜ਼ੀਰੇ-ਆਜ਼ਮ ਮੁੱਖ ਮੰਤਰੀ ਬਣ ਗਿਆ। ਸੰਵਿਧਾਨ ਦੀਆਂ ਧਾਰਾਵਾਂ ਖਾਸ ਕਰਕੇ 356 ਲਾਗੂ ਹੋਣ ਨਾਲ ਸੂਬਾ ਸਰਕਾਰ ਕੇਂਦਰ ਦੇ ਰਹਿਮੋ-ਕਰਮ 'ਤੇ ਰਹਿ ਗਈ ਸੀ। ਬਹੁਤ ਸਾਰੇ ਭਾਰਤੀ ਕਾਨੂੰਨ, ਖਾਸ ਕਰਕੇ ਅੰਦਰੂਨੀ ਸੁਰੱਖਿਆ ਨਾਲ ਸਬੰਧਿਤ ਜਿਵੇਂ ਨੈਸ਼ਨਲ ਸਕਿਊਰਿਟੀ ਐਕਟ, ਅਫਸਪਾ ਆਦਿ ਰਿਆਸਤ ਵਿੱਚ ਵੀ ਲਾਗੂ ਹੋ ਗਏ। ਇਸ ਨਾਲ ਅਟੌਨਮੀ ਬਿਲਕੁਲ ਖੋਖਲੀ ਹੋ ਗਈ।

ਇਸ ਸਾਰੇ ਘਟਨਾਕ੍ਰਮ ਦੇ ਗੰਭੀਰ ਸਿੱਟੇ ਨਿਕਲੇ। ਨੈਸ਼ਨਲ ਕਾਨਫਰੰਸ ਵੱਲੋਂ ਭਾਰਤ ਨਾਲ ਇਲਹਾਕ ਨੂੰ ਸਵੀਕਾਰ ਕਰ ਲੈਣ ਉਪਰੰਤ ਕਿਉਂਕਿ ਜਨਤਾ ਨੈਸ਼ਨਲ ਕਾਨਫਰੰਸ ਨਾਲ ਸੀ, ਇਸ ਕਰਕੇ ਜਨਮਤ ਦੀ ਗੱਲ ਮੱਠੀ ਪੈ ਗਈ। ਕੇਂਦਰ ਸਰਕਾਰ ਦੀਆਂ ਚਾਲਾਂ ਨਾਲ ਅਤੇ ਨੈਸ਼ਨਲ ਕਾਨਫਰੰਸ ਵੱਲੋਂ ਸਿਰਫ ਸੱਤਾ ਦੀ ਖਾਤਰ ਬੇਅਸੂਲੇ ਸਮਝੌਤੇ ਕਰਨ ਨਾਲ ਕਾਂਗਰਸ ਹੀ ਨਹੀਂ ਨੈਸ਼ਨਲ ਕਾਨਫਰੰਸ ਵੀ ਲੋਕਾਂ ਵਿੱਚੋਂ ਨਿਖੜ ਗਈ। ਲੋਕ ਮੁਸਲਿਮ ਪਾਰਟੀਆਂ ਵੱਲ ਵੇਖਣ ਲੱਗੇ। ਦੂਸਰੇ ਨੈਸ਼ਨਲ ਕਾਨਫਰੰਸ ਦੇ ਨਿਖੇੜੇ ਅਤੇ ਅਟੌਨਮੀ ਨੂੰ ਲੱਗੇ ਖੋਰੇ ਕਾਰਨ ਲੋਕ ਇਲਹਾਕ ਤੇ ਪ੍ਰਸ਼ਨ ਚਿੰਨ੍ਹ ਲਾਉਣ ਲੱਗੇ ਅਤੇ ਜਨਮਤ ਬਾਰੇ ਫਿਰ ਗੱਲ ਤੁਰਨ ਲੱਗੀ।

**ਮਿਲੀਟੈਂਸੀ ਅਤੇ ਆਜ਼ਾਦੀ ਲਹਿਰ ਦੀ ਮੁੜ ਉਠਾਣ** : ਭਾਰਤੀ ਹਾਕਮਾਂ ਦੀ ਕਸ਼ਮੀਰ ਪ੍ਰਤੀ ਪਹੁੰਚ ਖਰੀਦਣ ਅਤੇ ਡਰਾਉਣ ਦੀ ਰਹੀ ਹੈ। ਜਿਹੜਾ ਕਸ਼ਮੀਰੀ ਲੀਡਰ ਆਪਣੀ ਆਜ਼ਾਦ ਸੋਚ ਦਾ ਪ੍ਰਗਟਾਵਾ ਕਰਦਾ ਭਾਰਤੀ ਹਾਕਮ ਜਾ ਤਾਂ ਉਸਨੂੰ ਜੇਲ੍ਹ ਵਿੱਚ ਸੁੱਟਦੇ, ਕੇਸਾਂ ਵਿੱਚ ਉਲਝਾਉਂਦੇ ਤੇ ਜਾਂ ਉਸਨੂੰ ਖਰੀਦਦੇ ਸਨ। ਜਿਹੜਾ ਵਿਕਣ ਲਈ ਤਿਆਰ ਨਾ ਹੋਵੇ ਉਹਦੇ ਲਈ ਜੇਲ੍ਹ ਸੀ। ਭਾਰਤੀ ਫੌਜ ਦੇ ਮੁਖੀ ਅਤੇ ਅੱਜਕੱਲ੍ਹ ਭਾਜਪਾ ਸਰਕਾਰ ਵਿੱਚ ਮੰਤਰੀ ਜਨਰਲ ਵੀ.ਕੇ. ਸਿੰਘ ਨੇ ਫੌਜ ਮੁਖੀ ਹੁੰਦਿਆਂ 24 ਸਤੰਬਰ 2013 ਨੂੰ ਬਿਆਨ ਦਿੱਤਾ ਸੀ ਕਿ ਜੰਮੂ-ਕਸ਼ਮੀਰ ਦੇ ਸੂਬੇ ਦੇ ਸਿਆਸਤਦਾਨਾਂ ਨੂੰ ਫੌਜ ਅਤੇ ਖੁਫੀਆ ਏਜੰਸੀਆਂ ਪੈਸੇ ਦਿੰਦੀਆਂ ਹਨ ਤਾਂ ਕਿ ਉਹ ਲੋਕਾਂ ਨੂੰ ਸ਼ਾਂਤ ਰੱਖਣ ਅਤੇ ਇਹ ਅਮਲ 1947 ਤੋਂ ਹੀ ਚੱਲਿਆ ਆ ਰਿਹਾ ਹੈ। ਉਸਨੇ ਇਹ ਵੀ ਕਿਹਾ ਕਿ ਖੁਫੀਆ ਏਜੰਸੀਆਂ ਨੇ ਇੱਕ ਅਫਸਪਾ ਨੂੰ ਖਤਮ ਕਰਨ ਲਈ ਜ਼ੋਰ ਪਾ ਰਹੇ ਲੀਡਰ ਦੀ ਸਰਕਾਰ 2010 ਵਿੱਚ ਪਲਟਾਉਣ ਲਈ ਸਿਆਸਤਦਾਨਾਂ ਨੂੰ ਪੈਸੇ ਦਿੱਤੇ ਸਨ। ਭਾਰਤ ਦੀ ਪ੍ਰਮੁੱਖ ਖੁਫੀਆ ਏਜੰਸੀ, ਰਾਅ (ਰੀਸਰਚ ਐਂਡ ਅਨੈਲੇਸਿਸ ਵਿੰਗ) ਦਾ ਸਾਬਕਾ ਮੁਖੀ ਅਮਰਜੀਤ ਸਿੰਘ ਦੁੱਲਟ ਨੇ ਵੀ ਆਪਣੀ ਕਿਤਾਬ 'ਕਸ਼ਮੀਰ ਇਨ ਵਾਜਪੇਈ ਈਅਰਜ਼' 'ਚ ਮੰਨਿਆ ਹੈ ਕਿ ਖੁਫੀਆ ਤੰਤਰ ਦੀ ਅਫਸਰਸ਼ਾਹੀ ਗਿਲਾ ਕਰਦੀ ਹੈ ਕਿ ਮੈਂ ਕਸ਼ਮੀਰੀਆਂ ਨੂੰ ਪੈਸੇ ਦੇ-ਦੇ ਕੇ ਵਿਗਾੜ ਦਿੱਤਾ ਹੈ। ਇੱਕ ਹੋਰ ਥਾਂ ਉਸਨੇ ਕਿਹਾ, "ਸਾਨੂੰ ਕਿਹਾ ਜਾਂਦਾ ਹੈ ਕਿ ਅਸੀਂ ਕਸ਼ਮੀਰੀ ਖਾੜਕੂਆਂ ਨੂੰ ਪੈਸੇ ਦਿੰਦੇ ਹਾਂ, ਅਸੀਂ ਆਈ.ਐਸ.ਆਈ. ਤੋਂ ਤਾਂ ਚੰਗੇ ਹਾਂ, ਉਹ ਤਾਂ ਕਤਲ ਕਰਵਾ ਦਿੰਦੀ ਹੈ, ਅਸੀਂ ਖਰੀਦਦੇ ਹਾਂ ਕਤਲ ਤਾਂ ਨਹੀਂ ਕਰਵਾਉਂਦੇ।" ਭਾਰਤੀ ਹਾਕਮਾਂ ਦੇ ਇਸ ਰਵੱਈਏ ਨੇ ਕਸ਼ਮੀਰੀ ਲੋਕਾਂ ਵਿੱਚ ਬਗ਼ਾਵਤ ਦੇ ਜਜ਼ਬਾਤਾਂ ਨੂੰ ਉਭਾਰਿਆ।

ਉਧਰ 1983 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਧੇ ਸੱਤਾ ਮਾਨਣ ਲਈ ਇੰਦਰਾ ਨੇ ਰਿਆਸਤ ਵਿੱਚ ਹਿੰਦੂ ਪੱਤਾ ਖੇਡਿਆ। ਪਹਿਲੀ ਵਾਰ ਕਾਂਗਰਸ ਨੂੰ ਜੰਮੂ ਖੇਤਰ ਵਿੱਚ ਭਾਰੀ ਬਹੁਮਤ ਮਿਲਿਆ। ਪਰ ਇਸ ਨਾਲ ਕਾਂਗਰਸ ਦਾ ਧਰਮ-ਨਿਰਪੱਖਤਾ ਦਾ ਬੁਰਕਾ ਬੁਰੀ ਤਰ੍ਹਾਂ ਲੀਰੋ-ਲੀਰ ਹੋ ਗਿਆ। ਜਿਹੜਾ ਕਸ਼ਮੀਰੀ ਲੋਕਾਂ ਦਾ ਇਹ ਭਰਮ ਸੀ ਕਿ ਕਾਂਗਰਸ ਜੋ ਕਿ ਦੇਸ਼ ਦੀ ਮੁੱਖ ਹਾਕਮ ਪਾਰਟੀ ਹੈ, ਇੱਕ ਧਰਮ-ਨਿਰਪੱਖ ਅਤੇ ਘੱਟ-ਗਿਣਤੀਆਂ ਦੀ ਹਮਾਇਤੀ ਪਾਰਟੀ ਹੈ, ਇਹ ਭਰਮ ਚੂਰ-ਚੂਰ ਹੋ ਗਿਆ ਅਤੇ ਉਹਨਾਂ ਦੀ ਦਿੱਲੀ ਨਾਲ ਬੇਗਾਨਗੀ ਵਿੱਚ ਵਾਧਾ ਹੋ ਗਿਆ। 1987 ਦੀਆਂ ਵਿਧਾਨ ਸਭਾ ਚੋਣਾਂ ਇਸਦਾ ਸਿਖ਼ਰ ਸਨ।

1987 ਦੀਆਂ ਵਿਧਾਨ ਸਭਾ ਚੋਣਾਂ ਤੱਕ ਦਿੱਲੀ ਅਤੇ ਇਸਦੀਆਂ ਭਾਈਵਾਲ ਪਾਰਟੀਆਂ ਪ੍ਰਤੀ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਸੀ। ਇਸ ਸਥਿਤੀ ਵਿੱਚ ਰਿਆਸਤ ਵਿੱਚ ਮੁਸਲਿਮ ਰਾਜਨੀਤਕ ਪਾਰਟੀਆਂ, ਜਿਹਨਾਂ ਵਿੱਚ ਜਮਾਤ-ਇ-ਇਸਲਾਮੀ, ਜਮਾਤ-ਇ-ਤੁਲਬਾ, ਉਮੱਤ-ਇਸਲਾਮੀ, ਇਤਹਾਦ-ਉਲ-ਮੁਸਲਮੀਨ, ਜਮਾਇਤੇ-ਅਹਲ-ਇ-ਹਦੀਸ ਅਤੇ ਅੰਜਮਨ-ਤਹਾਫਜ਼ਾ-ਉਲ-ਇਸਲਾਮ ਸ਼ਾਮਿਲ ਸਨ, ਨੇ ਮਿਲਕੇ ਮੁਸਲਿਮ ਯੂਨਾਇਟਿਡ ਫਰੰਟ ਬਣਾਇਆ ਅਤੇ ਇਸਦੇ ਬੈਨਰ ਤਹਿਤ ਚੋਣਾਂ ਲੜੀਆਂ। ਪਰ ਦਿੱਲੀ ਨੇ ਆਪਣੇ ਇਤਹਾਦੀਆਂ ਨਾਲ ਮਿਲ ਕੇ ਚੋਣਾਂ ਵਿੱਚ ਭਾਰੀ ਗੜਬੜ ਕੀਤੀ। ਨਤੀਜਿਆਂ ਵਿੱਚ ਹੇਰਾਫੇਰੀ ਕੀਤੀ ਗਈ। ਬਾਅਦ ਵਿੱਚ ਬੀ.ਬੀ.ਸੀ. ਨਾਲ ਇੰਟਰਵਿਊ ਵਿੱਚ ਕਾਂਗਰਸ ਦੀ ਆਗੂ ਖੇਮ ਲਤਾ ਵੁਖਲੂ ਨੇ ਮੰਨਿਆ "ਮੈਨੂੰ ਯਾਦ ਹੈ ਕਿ 1987 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਗੜਬੜਚੌਥ (rigging) ਹੋਈ। ਹਾਰ ਰਹੇ ਉਮੀਦਵਾਰਾਂ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਇਸਨੇ ਚੋਣਾਂ ਅਤੇ ਜਮਹੂਰੀ ਪ੍ਰਕਿਰਿਆ ਵਿੱਚ ਆਮ ਆਦਮੀ ਦੇ ਵਿਸ਼ਵਾਸ਼ ਨੂੰ ਚਕਨਾਚੂਰ ਕਰਕੇ ਰੱਖ ਦਿੱਤਾ।" ਜਦੋਂ ਤੁਸੀਂ ਕਿਸੇ ਨੂੰ ਧੱਕ ਕੇ ਕੰਧ ਨਾਲ ਲਾ ਦਿੰਦੇ ਹੋ ਤਾਂ ਉਸ ਕੋਲ ਪਲਟਵਾਰ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ। ਉਸ ਕੋਲ ਇੱਕੋ ਰਾਹ ਹੁੰਦਾ ਕਿ ਉਹ ਪੂਰੀ ਤਾਕਤ ਨਾਲ ਪਲਟਵਾਰ ਕਰੇ। ਕਸ਼ਮੀਰ ਨੇ ਇਹੀ ਕੀਤਾ। ਆਜ਼ਾਦੀ ਦੀ ਲੜਾਈ ਅਤੇ ਖਾੜਕੂ ਲਹਿਰ ਦੀ ਮੁੜ ਸ਼ੁਰੂਆਤ ਇਸ ਸਥਿਤੀ ਵਿੱਚ ਹੋਈ। ਪਹਿਲਾਂ ਨਾਲੋਂ ਫ਼ਰਕ ਇਹ ਸੀ ਕਿ 'ਪਲੈਬਸਾਈਟ ਫਰੰਟ' ਸਿਆਸੀ ਐਜੀਟੇਸ਼ਨ ਕਰਦਾ ਸੀ ਅਤੇ ਹੁਣ ਕਸ਼ਮੀਰੀ ਨੌਜੁਆਨਾਂ ਨੇ ਲੜ ਕੇ ਆਜ਼ਾਦੀ ਲੈਣ ਦਾ ਰਸਤਾ ਅਖਤਿਆਰ ਕੀਤਾ। ਇਸ ਹਾਲਤ ਵਿੱਚ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਹੋਂਦ ਵਿੱਚ ਆਇਆ, ਜਿਸਦਾ ਕਿਰਦਾਰ ਧਰਮ ਨਿਰਪੱਖ ਅਤੇ ਉਦੇਸ਼ ਕਸ਼ਮੀਰ ਦੀ ਆਜ਼ਾਦੀ ਸੀ।

ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦਾ ਜਨਮ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਦੀ ਲੜਾਈ ਵਿੱਚ ਮੀਲ ਪੱਥਰ ਹੈ। ਬਰਤਾਨੀਆ ਦੇ ਬਰਮਿੰਘਮ ਵਿੱਚ ਭਾਰਤੀ ਕੌਂਸਲੇਟ ਰਵਿੰਦਰ ਮਹਾਤਰੇ ਦੀ ਕਿਸੇ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਭਾਰਤ ਸਰਕਾਰ ਨੇ ਇਸਦਾ ਦੋਸ਼ ਜੇ.ਕੇ.ਐਲ.ਐਫ. 'ਤੇ ਲਾਇਆ। ਇਸਦੇ ਲੀਡਰ ਮਕਬੂਲ ਬੱਟ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੇਸ ਦੀ ਕਾਰਵਾਈ ਦੀ ਰਸਮ ਪੂਰੀ ਕਰਕੇ, ਮਕਬੂਲ ਨੂੰ ਤਿਹਾੜ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਅਤੇ ਜੇਲ੍ਹ ਵਿੱਚ ਹੀ ਦਫਨਾ ਦਿੱਤਾ ਗਿਆ। ਪੂਰੇ ਕਸ਼ਮੀਰ ਵਿੱਚ ਰੋਸ ਦੀ ਲਹਿਰ ਫੈਲ ਗਈ। ਲੋਕਾਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤੇ। ਲੋਕ ਜਿੱਥੇ ਫਾਂਸੀ ਦੀ ਨਿੰਦਾ ਕਰ ਰਹੇ ਸਨ ਉਥੇ ਉਸਦੀਆਂ ਅਸਥੀਆਂ ਕਸ਼ਮੀਰ ਲਿਆਉਣ ਦੀ ਮੰਗ ਕਰ ਰਹੇ ਸਨ ਤਾਂ ਜੁ ਉਸਨੂੰ ਉਸਦੀ ਮਾਤਭੂਮੀ ਵਿੱਚ ਦਫਨਾਇਆ ਜਾਵੇ। ਪਰ ਖੁਫੀਆ ਏਜੰਸੀਆਂ ਨੇ ਕੇਂਦਰ ਸਰਕਾਰ ਨੂੰ ਰਿਪੋਰਟ ਦਿੱਤੀ ਕਿ ਜੇਕਰ ਲਾਸ਼ ਕਸ਼ਮੀਰ ਲਿਆਂਦੀ ਗਈ ਤਾਂ ਰੋਸ ਹੋਰ ਭੜਕ ਉੱਠੇਗਾ। ਸਰਕਾਰ ਟੱਸ ਤੋਂ ਮੱਸ ਨਾ ਹੋਈ। ਅਸਫਾਕ ਸਜ਼ੀਦ ਵਾਨੀ, ਫਰੂਕ ਅਹਿਮਦ ਡਾਰ, ਫਾਰੂਕ ਸਿੱਦੀਕੀ ਅਤੇ ਯਾਸੀਨ ਮਲਿਕ ਆਦਿ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਆਗੂਆਂ ਵਿੱਚੋਂ ਸਨ। 1989 ਵਿੱਚ ਹੋਂਦ ਵਿੱਚ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਸਰਕਾਰ 'ਚ ਗ੍ਰਹਿ ਮੰਤਰੀ, ਮੁਫਤੀ ਮੁਹੰਮਦ ਸਈਦ ਦੀ ਬੇਟੀ ਨੂੰ ਅਗਵਾ ਕਰ ਲਿਆ ਗਿਆ ਤਾਂ ਇਸਦਾ ਮੁੱਖ ਦੋਸ਼ੀ ਯਾਸੀਨ ਮਲਿਕ ਨੂੰ ਟਿੱਕਿਆ ਗਿਆ।

ਭਾਰਤ ਸਰਕਾਰ ਦਾ ਕਹਿਣਾ ਸੀ ਕਿ ਅਫਗਾਨਿਸਤਾਨ ਵਿੱਚ ਸੋਵੀਅਤ ਕਬਜੇ ਵਿਰੁੱਧ ਲੜਨ ਵਾਲੇ ਮੁਜਾਹਦੀਨ, ਸੋਵੀਅਤ ਯੂਨੀਅਨ ਦੀ ਅਫਗਾਨਿਸਤਾਨ ਵਿੱਚੋਂ ਵਾਪਸੀ ਉਪਰੰਤ ਕਸ਼ਮੀਰ ਵਿੱਚ ਆ ਗਏ ਹਨ ਅਤੇ ਖਾੜਕੂ ਲਹਿਰ ਉਹਨਾਂ ਕਰਕੇ ਹੀ ਹੈ। ਪਰ ਹੁਰੀਅਤ ਨੇਤਾ ਮੀਰਵਾਇਜ਼ ਉਮਰ ਫਾਰੂਕ ਨੇ ਵਾਲ ਸਟਰੀਟ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਹੈ ਕਿ ਬਗ਼ਾਵਤ (insurgency) "ਸ਼ੁੱਧ ਰੂਪ ਵਿੱਚ ਕਸ਼ਮੀਰੀ ਅਤੇ ਸ਼ੁੱਧ ਰੂਪ ਵਿੱਚ ਦੇਸੀ ਹੈ" ਇਹ ਜ਼ਾਹਿਰ ਵੀ ਸੀ ਕਿ ਲਿਬਰੇਸ਼ਨ ਫਰੰਟ ਦੇ ਸਾਰੇ ਆਗੂ ਕਸ਼ਮੀਰੀ ਨੌਜੁਆਨ ਸਨ।

ਲਿਬਰੇਸ਼ਨ ਫਰੰਟ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਸੀ ਅਤੇ ਪਾਕਿਸਤਾਨ ਨਾਲ ਰਲਣ ਦਾ ਵਿਰੋਧੀ ਸੀ। ਲੇਕਿਨ ਪਾਕਿਸਤਾਨ ਜਿਹੜਾ ਕਿ ਜ਼ਾਹਰਾ ਤੌਰ 'ਤੇ ਕਸ਼ਮੀਰ ਦੀ ਆਜ਼ਾਦੀ ਦਾ ਵਕੀਲ ਬਣਦਾ ਸੀ, ਪਰ ਉਹ ਕਸ਼ਮੀਰ ਦੀ ਆਜ਼ਾਦੀ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ। ਇਸ ਕਰਕੇ ਧਰਮ-ਨਿਰਪੱਖ ਪੈਂਤੜੇ ਵਾਲੇ ਲਿਬਰੇਸ਼ਨ ਫਰੰਟ ਦੇ ਮੁਕਾਬਲੇ ਇਸਲਾਮੀ ਰੁਝਾਨ ਵਾਲੇ ਹਿਜ਼ਬ-ਉਲ-ਮੁਜ਼ਾਹਦੀਨ ਨੂੰ ਉਭਾਰਿਆ। ਪਰ ਹਿਜ਼ਬ ਵਿੱਚ ਵੀ ਕਸ਼ਮੀਰੀ ਨੌਜੁਆਨ ਹੀ ਸ਼ਾਮਿਲ ਸਨ, ਜੋ ਕਸ਼ਮੀਰ ਦੀ ਆਜ਼ਾਦੀ ਦੇ ਮੁੱਦਈ ਸਨ। ਇਸ ਕਰਕੇ ਇਹ ਵੀ ਪਾਕਿਸਤਾਨੀ ਹਾਕਮਾਂ ਦੀਆਂ ਖਾਹਿਸ਼ਾਂ 'ਤੇ ਪੂਰਾ ਨਹੀਂ ਉੱਤਰਦਾ ਸੀ। ਇਸ ਕਰਕੇ ਉਹਨਾਂ ਨੇ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਜਿਹੀਆਂ ਜੱਥੇਬੰਦੀਆਂ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ। ਇਸ ਸਥਿਤੀ ਵਿੱਚ ਲਿਬਰੇਸ਼ਨ ਫਰੰਟ ਵਿੱਚ ਮੱਤਭੇਦ ਪੈਦਾ ਹੋ ਗਏ। ਯਾਸੀਨ ਮਲਿਕ ਦਾ ਮੰਨਣਾ ਸੀ ਕਿ ਹਥਿਆਰਾਂ ਨਾਲ ਆਜ਼ਾਦੀ ਦੀ ਲੜਾਈ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ, ਇਸ ਕਰਕੇ ਜਮਹੂਰੀ ਤਰੀਕਿਆਂ ਨਾਲ ਆਜ਼ਾਦੀ ਸੰਘਰਸ਼ ਨੂੰ ਅੱਗੇ ਤੋਰਨਾ ਚਾਹੀਦਾ ਹੈ। 1995 ਵਿੱਚ ਯਾਸੀਨ ਮਲਿਕ ਅਲੱਗ ਹੋ ਗਿਆ। ਉਹ ਆਜ਼ਾਦੀ ਪੱਖੀ ਖੁੱਲੀਆਂ ਪਾਰਟੀਆਂ ਦੀ ਕੁਲੀਸ਼ਨ, ਹੁਰੀਅਤ ਕਾਨਫਰੰਸ ਵਿੱਚ ਸ਼ਾਮਿਲ ਹੋ ਗਿਆ। ਲਿਬਰੇਸ਼ਨ ਫਰੰਟ ਦਾ 90% ਕਾਡਰ ਫਾਰੂਕ ਅਹਿਮਦ ਡਾਰ ਉਰਫ ਬਿੱਟਾ ਕਰਾਟੇ, ਫਾਰੂਕ ਸਿੱਦੀਕੀ ਉਰਫ ਫਾਰੂਕ ਪਾਪਾ ਦੁਆਲੇ ਇਕੱਠਾ ਹੋ ਗਿਆ। ਉਹਨਾਂ ਨੇ ਦੋਸ਼ ਲਾਇਆ ਕਿ ਯਾਸੀਨ ਆਜ਼ਾਦੀ ਦੀ ਲੜਾਈ ਤੋਂ ਭਗੌੜਾ ਹੋ ਗਿਆ ਹੈ ਤੇ ਭਾਰਤੀ ਪ੍ਰਧਾਨ ਮੰਤਰੀ ਨਾਲ ਸੌਦੇਬਾਜ਼ੀ ਕਰ ਰਿਹਾ ਹੈ। ਹੌਲੀ-ਹੌਲੀ ਲਿਬਰੇਸ਼ਨ ਫਰੰਟ ਦਾ ਪ੍ਰਭਾਵ ਘਟਦਾ ਗਿਆ ਅਤੇ ਦੂਸਰੀਆਂ ਤਨਜ਼ੀਮਾਂ ਦਾ ਪ੍ਰਭਾਵ ਵਧਦਾ ਗਿਆ।

ਪਰ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੀ ਅਗਵਾਈ ਪਾਕਿਸਤਾਨ ਪੱਖੀ, ਪਾਕਿਸਤਾਨ ਟਰੇਂਡ ਸਨ। ਇਸ ਕਰਕੇ ਉਹਨਾਂ ਦਾ ਕਸ਼ਮੀਰੀ ਲੋਕਾਂ ਪ੍ਰਤੀ ਰਵੱਈਆ ਪਿਆਰ-ਹਮਦਰਦੀ ਵਾਲਾ ਨਾ ਹੋ ਕੇ ਧੌਂਸ ਅਤੇ ਧਮਕੀ ਵਾਲਾ ਸੀ। ਉਹ ਗੈਰ-ਜ਼ਰੂਰੀ ਹਿੰਸਾ ਅਤੇ ਬੇਲੋੜੀ ਕਤਲੋਗਾਰਦ ਕਰਦੇ ਸਨ। ਇਸ ਕਰਕੇ ਲੋਕ ਉਹਨਾਂ ਤੋਂ ਦੂਰ ਹੁੰਦੇ ਗਏ ਅਤੇ ਪਾਰਲੀਮਾਨੀ ਪਾਰਟੀਆਂ ਵੱਲ ਝੁਕਦੇ ਗਏ। ਪਰ ਇਹਨਾਂ ਪਾਰਲੀਮਾਨੀ ਪਾਰਟੀਆਂ ਨੇ ਪਹਿਲਾਂ ਵਾਂਗ ਕਸ਼ਮੀਰੀ ਲੋਕਾਂ ਨੂੰ ਨਿਰਾਸ਼ ਹੀ ਕੀਤਾ। ਇਸ ਕਰਕੇ 2008 ਤੋਂ ਬਾਅਦ ਇੱਕ ਵਾਰੀ ਫਿਰ ਲੋਕੀਂ ਖਾੜਕੂ ਲਹਿਰ ਨਾਲ ਹੋ ਗਏ। ਇਸ ਸਥਿਤੀ ਵਿੱਚ ਸਥਾਨਕ ਨੌਜੁਆਨਾਂ ਦੀ ਭਰਤੀ ਵਾਲੀ ਅਤੇ ਸਥਾਨਕ ਅਗਵਾਈ ਵਾਲੀ ਹਿਜ਼ਬੁਲ-ਮੁਜਾਹਦੀਨ ਮੁੱਖ ਜੱਥੇਬੰਦੀ ਬਣ ਕੇ ਉੱਭਰੀ। ਇਹ ਨਵੀਂ ਪੀੜ੍ਹੀ ਪੜ੍ਹੀ-ਲਿਖੀ, ਤਕਨੀਕ ਮਾਹਰ ਅਤੇ ਸੋਸ਼ਲ ਮੀਡੀਆ ਦੀ ਭਰਪੂਰ ਵਰਤੋਂ ਕਰਨ ਵਾਲੀ ਆਗੂ ਪੀੜ੍ਹੀ ਹੈ। ਵਾਨੀ ਇਸੇ ਪੀੜ੍ਹੀ ਵਿੱਚੋਂ ਸੀ।

1980 ਤੱਕ ਭਾਰਤ ਸੋਵੀਅਤ ਕੈਂਪ ਵਿੱਚ ਅਤੇ ਪਾਕਿਸਤਾਨ ਅਮਰੀਕੀ ਕੈਂਪ ਵਿੱਚ ਸੀ। ਪਰ ਅਫਗਾਨ ਯੁੱਧ ਵਿੱਚ ਸੋਵੀਅਤ ਦੇ ਖੋਖਲਾ ਹੋ ਜਾਣ ਨਾਲ ਭਾਰਤ ਅਮਰੀਕਾ ਦੇ ਨੇੜੇ ਹੋਣ ਲੱਗਾ। ਹੁਣ ਸਥਿਤੀ ਹੈ ਕਿ ਭਾਰਤ ਨੇ ਆਪਣੀ ਹੋਣੀ ਨੂੰ ਅਮਰੀਕਾ ਨਾਲ ਬੰਨ੍ਹ ਲਿਆ ਹੈ ਅਤੇ ਪਾਕਿਸਤਾਨ ਅਮਰੀਕਾ ਨਾਲ ਸਬੰਧ ਰਖਦਿਆਂ ਸਹਾਰੇ ਲਈ ਚੀਨ-ਰੂਸ ਵੱਲ ਦੇਖ ਰਿਹਾ ਹੈ। 9/11 ਤੋਂ ਬਾਦ ਅਮਰੀਕਾ ਨੇ ਦਹਿਸ਼ਤਗਰਦੀ ਦੇ ਬਹਾਨੇ ਪਸਾਰ ਦੀ ਜੰਗ ਛੇੜੀ ਹੋਈ ਹੈ। ਇਸ ਕਰਕੇ ਕਸ਼ਮੀਰ ਵਿਚਲੇ ਖਾੜਕੂਆਂ ਨੂੰ ਦਹਿਸ਼ਤਗਰਦ ਕਹਿ ਰਿਹਾ ਹੈ। ਉਸਨੇ ਇਹ ਵੀ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਕਸ਼ਮੀਰ ਵਿੱਚ ਲੜਾਈ ਅਲ-ਕਾਇਦਾ ਚਲਾ ਰਿਹਾ ਹੈ। 2002 ਵਿੱਚ ਆਪਣੀ ਭਾਰਤ ਯਾਤਰਾ ਸਮੇਂ ਅਮਰੀਕੀ ਰੱਖਿਆ ਮੰਤਰੀ ਡੋਨਾਲਡ ਰਮਸਫੀਲਡ ਨੇ ਦਿੱਲੀ ਵਿੱਚ ਬਿਆਨ 'ਚ ਕਿਹਾ ਸੀ ਕਿ ਕਸ਼ਮੀਰ ਵਿੱਚ ਅਲਕਾਇਦਾ ਸਰਗਰਮ ਹੈ। ਪਿੱਛਲੱਗੂ ਭਾਰਤੀ ਹਾਕਮਾਂ ਨੇ ਵੀ ਅਲਕਾਇਦਾ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਪਰ ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਅਤੇ ਉੱਤਰੀ ਕਮਾਂਡ ਦੇ ਜਨਰਲ ਆਫੀਸਰ ਕਮਾਂਡ (7.O.3.) ਐੱਚ.ਐੱਸ. ਪਾਨਾਗ ਨੇ ਇਸਦੀ ਫੂਕ ਕੱਢ ਦਿੱਤੀ। ਉਹਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ, "ਜੰਮੂ ਕਸ਼ਮੀਰ ਵਿੱਚ ਕਿਤੇ ਕੋਈ ਅਲਕਾਇਦਾ ਨਹੀਂ। ਇਸਦੀ ਹੋਂਦ ਦਾ ਇੱਥੇ ਕੋਈ ਸਬੂਤ ਨਹੀਂ।" ਉਸਨੇ ਕਿਹਾ ਕਿ, "ਜੰਮੂ ਕਸ਼ਮੀਰ ਵਿੱਚ ਸਰਗਰਮ ਗਰੁੱਪਾਂ ਨਾਲ ਅਲਕਾਇਦਾ ਦਾ ਕੋਈ ਸਬੰਧ ਨਹੀਂ। ਹਾਲਾਂਕਿ ਮੇਰੀ ਜਾਣਕਾਰੀ ਅਨੁਸਾਰ ਪਾਕਿਸਤਾਨ ਵਿੱਚ ਅਲਕਾਇਦਾ ਦੇ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਨਾਲ ਸਬੰਧ ਹਨ।"

ਭਾਰਤੀ ਹਾਕਮਾਂ ਨੇ ਇੱਕ ਹੋਰ ਚਾਲ ਚੱਲੀ। ਉਸਨੇ ਇਸ ਲੜਾਈ ਨੂੰ ਧਾਰਮਿਕ ਬਣਾ ਕੇ, ਗੈਰ-ਮੁਸਲਮਾਨਾਂ ਨੂੰ ਮੁਸਲਮਾਨਾਂ ਵਿਰੁੱਧ ਭੜਕਾਉਣ ਦੀ ਸਾਜਿਸ਼ ਰਚੀ। ਸੁਰੱਖਿਆ ਏਜੰਸੀਆਂ ਨੇ ਹਿੰਦੂਆਂ ਅਤੇ ਸਿੱਖਾਂ ਵਿਰੁੱਧ ਹਮਲੇ ਕਰਵਾਏ। ਇਸ ਵਿੱਚ ਚਿੱਠੀਸਿੰਘਪੁਰਾ ਵਿੱਚ ਸਿੱਖਾਂ ਦੇ ਕਤਲੇਆਮ ਵਿੱਚ ਏਜੰਸੀਆਂ ਦੀ ਭੂਮਿਕਾ ਸਾਹਮਣੇ ਆ ਗਈ। ਇਸ ਸਥਿਤੀ ਵਿੱਚ ਗਵਰਨਰ ਜਗਮੋਹਨ ਨੇ ਪ੍ਰਲੋਭਨ ਦੇ ਕੇ ਗੈਰ-ਮੁਸਲਮਾਨਾਂ ਨੂੰ ਵਾਦੀ ਵਿੱਚੋਂ ਪ੍ਰਵਾਸ ਕਰਨ ਲਈ ਉਕਸਾਇਆ। ਰਿਆਸਤ ਦੇ ਮੁੱਖ ਮੰਤਰੀ ਅਤੇ ਯੂ.ਪੀ.ਏ. ਸਰਕਾਰ ਵਿੱਚ ਕੇਂਦਰੀ ਮੰਤਰੀ ਫਾਰੂਕ ਅਬਦੁੱਲਾ ਦੇ ਭਰਾ ਮੁਸਤਫਾ ਕਮਾਲ ਨੇ ਕਿਹਾ, "ਕਸ਼ਮੀਰ ਵਿੱਚੋਂ ਪੰਡਿਤਾਂ ਦੇ ਪ੍ਰਵਾਸ ਸੁਰੱਖਿਆ ਏਜੰਸੀਆਂ, ਗਵਰਨਰ ਜਗਮੋਹਨ ਅਤੇ ਪੀ.ਡੀ.ਪੀ. ਆਗੂ ਮੁਫਤੀ ਮੁਹੰਮਦ ਸਈਦ ਨੇ ਕਰਵਾਇਆ ਹੈ।" ਹਿਜ਼ਬ ਦੇ ਜ਼ਿਲ੍ਹਾ ਕਮਾਂਡਰ ਤਾਹਿਰ ਨੇ ਬਿਆਨ ਵਿੱਚ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਕਸ਼ਮੀਰੀ ਪੰਡਿਤ ਆਪਣੇ ਘਰ ਵਾਪਿਸ ਆਉਣ। ਉਹ ਸਾਡੇ ਭਰਾ ਹਨ। ਅਸੀਂ ਉਹਨਾਂ ਦੀ ਰਖਵਾਲੀ ਕਰਨ ਦਾ ਯਤਨ ਕਰਾਂਗੇ।" ਤਾਂ ਵੀ ਇਸ ਵਿੱਚ ਕੱਟੜ ਇਸਲਾਮੀ, ਪਾਕਿਸਤਾਨ ਪੱਖੀ ਗਰੁੱਪਾਂ ਨੇ ਵੀ ਅਜਿਹੀਆਂ ਕਾਰਵਾਈਆਂ ਕੀਤੀਆਂ ਹੋ ਸਕਦੀਆਂ ਹਨ।

ਕਸ਼ਮੀਰੀ ਲੋਕ ਸ਼ਾਂਤੀਪਸੰਦ ਹਨ। ਉਹ ਆਜ਼ਾਦੀਪਸੰਦ ਹਨ। ਭਾਰਤੀ ਅਤੇ ਪਾਕਿਸਤਾਨੀ ਹਾਕਮ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਦੇ ਵਿਰੋਧੀ ਹਨ ਅਤੇ ਇਸਨੂੰ ਕਬਜ਼ਾਉਣਾ ਚਾਹੁੰਦੇ ਹਨ। ਦੋਹਾਂ ਹੀ ਹਾਕਮਾਂ ਨੇ ਕਸ਼ਮੀਰੀ ਲੋਕਾਂ ਨਾਲ ਦਗਾਬਾਜ਼ੀਆਂ, ਧੋਖਾਧੜੀਆਂ ਅਤੇ ਵਾਅਦਾਖ਼ਿਲਾਫ਼ੀਆਂ ਕੀਤੀਆਂ ਹਨ। ਇਸ ਸਥਿਤੀ ਵਿੱਚ ਰੱਖ ਕੇ ਕਸ਼ਮੀਰੀ ਲੋਕਾਂ ਦੀ ਲੜਾਈ ਨੂੰ ਸਮਝਣਾ ਚਾਹੀਦਾ ਹੈ।

# ਹਕੂਮਤ ਦੀ ਲੋਕਾਈ ਨੂੰ ਵਿਦਿਆ ਤੋਂ ਵਾਂਝੇ ਕਰਨ ਦੀ ਚਾਲ ਨੂੰ ਪਛਾੜੋ

ਨਰਭਿੰਦਰ
93544-30211



ਮੌਜੂਦਾ ਪ੍ਰਬੰਧ ਜੇ ਸਭ ਤੋਂ ਵੱਧ ਖੌਫਜ਼ਦਾ ਹੈ ਤਾਂ ਉਹ ਹੈ ਸਮੁੱਚੀ ਵਿਦਿਅਕ ਵਿਵਸਥਾ। ਵਿਦਿਅਕ ਖੇਤਰ ਹੁਣ ਰਾਜ ਪ੍ਰਬੰਧ ਲਈ ਇਕ ਖਤਰਨਾਕ ਦੁਸ਼ਮਣ ਦਿਖਾਈ ਦੇਣ ਲੱਗਾ ਹੈ। ਇਹ ਵੱਖਰੀ ਗੱਲ ਹੈ ਕਿ ਸੂਝਵਾਨਾਂ ਨੇ ਕਿਹਾ ਹੋਵੇ, "ਫੈਲੇ ਵਿਦਿਆ ਚਾਨਣ ਹੋਏ", ਜਾਂ "ਵਿਦਿਆ ਵੀਚਾਰੀ ਤਾਂ ਪਰਉਪਕਾਰੀ"। ਪਰ ਅਜੋਕੇ ਪੂੰਜੀਵਾਦੀ ਤੇ ਬ੍ਰਾਹਮਣਵਾਦੀ ਵਿਵਸਥਾ ਲਈ ਇਹ ਦੋਵੇਂ ਹੀ ਵਿਚਾਰਾਂ ਦੀ ਕੋਈ ਮਹੱਤਤਾ ਨਹੀਂ ਰਹੀ। ਉਹ ਇਸ ਵਿਦਿਆ ਦੇ ਚਾਨਣ ਨੂੰ ਲੋਕਾਈ ਤੋਂ ਖੋਹਣ ਅਤੇ ਉਨ੍ਹਾਂ ਨੂੰ ਹਨ੍ਹੇਰੇ ਵੱਲ ਧੱਕਣ ਲਈ ਉਤਾਰੂ ਹੋਇਆ ਬੈਠਾ ਹੈ ਅਤੇ ਉਹ ਇਹ ਵੀ ਸਹਿਣ ਕਰਨ ਨੂੰ ਤਿਆਰ ਨਹੀਂ ਕਿ ਵਿਦਿਆ ਦੇ ਖੇਤਰ ਵਿਚ ਵਿਚਰਨ ਜਾਂ ਗਿਆਨਵਾਨ ਕੋਈ ਗੱਲਾਂ ਹੋਣ। ਉਹਦੇ ਲਈ ਵਿਦਿਆ ਮਹਿਜ਼ ਇਕ ਬਜ਼ਾਰ ਦੀ ਵਸਤੂ ਬਣ ਗਿਆ ਹੈ। ਉਹ ਵਸਤ ਜਿਹੜੀ ਖ੍ਰੀਦੀ ਵੇਚੀ ਜਾ ਸਕਦੀ ਹੈ। ਮੋਦੀ ਸਰਕਾਰ ਨੇ ਵਿਦਿਆ ਪ੍ਰਤੀ ਜਿਹੜਾ ਕਰੂਰ ਰੁਖ ਅਪਣਾਇਆ ਹੈ ਉਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦੇਸ਼ ਅੰਦਰ ਵਿਦਿਆ ਬਾਹਰੀ ਪਾਕਿਸਤਾਨ ਨਾਲੋਂ ਵੀ ਵੱਧ ਦੁਸ਼ਮਣ ਹੈ ਅਤੇ ਤੁਸੀਂ ਅੰਦਾਜ਼ਾ ਲਾਓ ਜਦੋਂ ਕਿਸੇ ਦੇਸ਼ ਦੀ ਆਪਣੀ ਹੀ ਸਰਕਾਰ ਆਪਣੇ ਹੀ ਦੇਸ਼ ਦੇ ਵਿਦਿਅਕ ਸੰਸਥਾਵਾਂ ਅਤੇ ਵਿਦਿਅਕ ਪ੍ਰਬੰਧ ਨੂੰ ਤਬਾਹ ਕਰਨ ਦੀਆਂ ਮੁਕੰਮਲ ਤਿਆਰੀਆਂ ਕਰੀ ਬੈਠੀ ਹੋਵੇ ਤਾਂ ਕਿੰਨੀ ਭਿਆਨਕ ਸਥਿਤੀ ਨਾਲ ਸਾਡਾ ਵਾਹ ਪੈਣ ਵਾਲਾ ਹੈ। ਸਰਕਾਰ ਬਣਦਿਆਂ ਹੀ ਪਹਿਲਾਂ ਹਮਲਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਉਤੇ ਹੋਇਆ ਤਾਂ ਕੁਝ ਚੇਤੰਨ ਹਿੱਸਿਆਂ ਨੂੰ ਛੱਡ ਕੇ ਆਮ ਲੋਕਾਈ ਨੇ ਐਨਾ ਗੰਭੀਰਤਾ ਨਾਲ ਨਾ ਲਿਆ ਪਰ ਫੇਰ ਜਦੋਂ ਹੈਦਰਾਬਾਦ ਯੂਨੀਵਰਸਿਟੀ 'ਚ ਰੋਹਿਤ ਵੇਮੂਲਾ ਦੀ ਖੁਦਕੁਸ਼ੀ ਦਾ ਕੇਸ ਸਾਹਮਣੇ ਆਇਆ ਤਾਂ ਵਿਦਿਆ ਦੋਖੀ ਭਾਜਪਾ ਦੇ ਚਿਹਰੇ ਤੋਂ ਥੋੜ੍ਹਾ ਜੇਹਾ ਪਰਦਾ ਖਿਸਕਿਆ। ਫੇਰ ਲਗਾਤਾਰ ਉਚੇ ਵਿਦਿਅਕ ਸੰਸਥਾਵਾਂ ਆਈ. ਆਈ. ਟੀ. ਚੇਨਈ, ਐਫ. ਟੀ.ਆਈ. ਆਈ., ਬਨਾਰਸ ਹਿੰਦੂ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਮਨੀਪੁਰ ਸੈਂਟਰਲ ਯੂਨੀਵਰਸਿਟੀ ਟੀ. ਆਈ. ਐਸ. ਐਸ. ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਆਦਿ ਹਰ ਉਹ ਅਦਾਰਾ ਜਿਥੇ ਉਚ ਬੌਧਿਕ ਪਨੀਰੀ ਤਿਆਰ ਹੁੰਦੀ ਹੈ। ਇਹਦੇ ਨਿਸ਼ਾਨੇ ਹੇਠ ਆ ਗਏ। ਇਨ੍ਹਾਂ ਪਿਛੇ ਜਿਹੜਾ ਤ੍ਰਿਸ਼ੂਲੀ ਕਾਤਲਾਨਾ ਹੱਥ ਸੀ। ਉਸ ਨੇ, ਵਿਦਿਆ ਦੇ ਫੰਡਾਂ 'ਚ ਵੱਡੀ ਪੱਧਰ ਉਤੇ ਕਟੌਤੀਆਂ ਕਰਨ, ਰਾਖਵਾਂ ਕਰਨ ਉਤੇ ਕਟੌਤੀ, ਸੀਟਾਂ ਦੀ ਕਟੌਤੀ ਭਾਵ ਸੀਟਾਂ ਘਟਾਉਣ ਅਤੇ ਫੀਸਾਂ ਵਿਚ, ਵਾਧਾ ਵਿਦਿਆਰਥੀ ਵਜ਼ੀਫ਼ਿਆਂ ਵਿਚ ਕਟੌਤੀ, ਪ੍ਰੋਫੈਸਰਾਂ ਅਧਿਆਪਕਾਂ ਦੀ ਭਰਤੀ ਉਤੇ ਪਾਬੰਦੀਆਂ ਲਾਉਣ ਆਦਿ ਦੇ ਨਾਲ ਨਾਲ ਸਲੇਬਸਾਂ ਵਿਚ ਤਬਦੀਲੀਆਂ ਕਰਕੇ ਵਿਦਿਆ ਵਿਚ ਆਪਣੇ ਭਗਵਾਂਕਰਨੀ ਏਜੰਡੇ ਨੂੰ ਥੋਪਣ ਤੱਕ ਦੇ ਚੌਤਰਫ਼ਾ ਹਮਲੇ ਵਿੱਢੇ ਹੋਏ ਹਨ।

ਜਿਥੋਂ ਤੱਕ ਵਿਦਿਆ ਦੇ ਫੰਡਾਂ ਵਿਚ ਕਟੌਤੀਆਂ ਕਰਨ ਦਾ ਸਵਾਲ ਹੈ। ਸਾਲ 2018 ਵਿਚ ਸਭ ਤੋਂ ਘੱਟ ਰਾਸ਼ੀ ਵਿਦਿਆ ਦੇ ਖੇਤਰ ਲਈ ਰੱਖੀ ਗਈ ਸੀ। ਪਹਿਲੀਆਂ ਸਰਕਾਰਾਂ ਮਿਸਾਲ ਵਜੋਂ ਯੂ. ਪੀ. ਏ. 2 ਦਾ ਅਖੀਰੀ ਸਾਲ ਦਾ ਵਿਦਿਆ ਬਜਟ, ਕੇਂਦਰੀ ਬਜਟ ਦਾ 4.77 ਫੀਸਦੀ ਸੀ। 2017-19 ਵਿਚ ਇਹ 3.74 ਫੀਸਦੀ ਸੀ। ਜਦੋਂ ਕਿ 2018 ਵਿਚ ਇਹ ਘੱਟ ਕੇ 3.48 ਫੀਸਦੀ ਰਹਿ ਗਿਆ। ਹੁਣ ਸਾਲ 2019 ਵਿਚ ਅੰਤਰਿਮ ਕੇਂਦਰੀ ਬਜਟ ਵਿਚ ਇਹ 3.37 ਫੀਸਦੀ ਹੀ ਹੈ। ਹਰ ਸਾਲ ਜਿਹੜੀ ਕਟੌਤੀ ਦਰ ਕਟੌਤੀ ਕੀਤੀ ਜਾ ਰਹੀ ਹੈ। ਇਹਦੇ ਸਿੱਟੇ ਕੀ ਨਿਕਲੇ ਹਨ ਇਹਦੀਆਂ ਕੁਝ ਮਿਸਾਲਾਂ ਸਾਂਝੀਆਂ ਕਰ ਰਹੇ ਹਾਂ :-

1. ਭਾਜਪਾ ਸਰਕਾਰ ਸਰਕਾਰੀ ਸਕੂਲਾਂ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਅਤੇ ਹੋਰ ਦੂਸਰੀਆਂ ਚੋਰ ਮੋਰੀਆਂ ਰਾਹੀਂ ਪ੍ਰਾਈਵੇਟ ਹੱਥਾਂ 'ਚ ਦੇਣ ਲਈ ਉਤਾਰੂ ਹੈ ਅਤੇ ਸਰਕਾਰੀ ਸਕੂਲਾਂ ਜਿਨ੍ਹਾਂ ਦੀ ਦੇਸ਼ ਭਰ ਵਿਚ ਗਿਣਤੀ ਲਗਭਗ ਇਕ ਲੱਖ ਦੇ ਕਰੀਬ ਬਣਦੀ ਹੈ, ਪ੍ਰਾਈਵੇਟ ਹੱਥਾਂ 'ਚ ਦੇਣ ਲਈ ਕਮਰਕੱਸੇ ਕਰੀ ਬੈਠੀ ਹੈ। ਕੇਂਦਰ ਸਰਕਾਰ ਨੇ ਜਿਸ ਯੋਜਨਾ ਅਯੋਗ ਨੂੰ ਤੋੜ ਕੇ ਨੀਤੀ ਅਯੋਗ (NITI) ਬਣਾਇਆ ਸੀ, ਨੇ ਜਿਹੜਾ ਸਾਰ (ਨਿਚੋੜ) ਸਰਕਾਰ ਸਾਹਮਣੇ ਰੱਖਿਆ ਹੈ, ਉਹ ਇਹ ਹੈ ਕਿ-"ਦੇਸ਼ ਦੇ 36 ਫੀਸਦੀ ਸਰਕਾਰੀ ਸਕੂਲਾਂ ਵਿਚ 50 ਬੱਚਿਆਂ ਤੋਂ ਘੱਟ ਗਿਣਤੀ ਵਿਚ ਬੱਚੇ ਦਾਖ਼ਲ ਹਨ। ਇਹ ਨੂੰ ਬੰਦ ਕਰ ਦੇਣਾ ਜਾਂ ਨਿੱਜੀ ਹੱਥਾਂ ਵਿਚ ਦੇ ਦੇਣਾ ਚਾਹੀਦਾ ਹੈ।" (ਨਿਊ ਇੰਡੀਅਨ ਐਕਸਪ੍ਰੈਸ 7 ਮਈ 2917) ਇਕੱਲੇ ਝਾਰਖੰਡ ਪ੍ਰਦੇਸ਼ ਵਿਚ 6000 ਸਕੂਲਾਂ ਬੰਦ ਕਰ ਦਿੱਤਾ ਜਾਂ ਦੂਸਰੇ ਸਕੂਲਾਂ ਵਿਚ ਮਿਲਾ ਦਿੱਤਾ ਗਿਆ ਹੈ। "ਨਿਊਜ਼ ਕਲਿਕ 2018 ਰਾਜਸਥਾਨ ਸਰਕਾਰ ਨੇ ਵੀ ਹਜ਼ਾਰਾਂ ਦੀ ਤਾਦਾਤ ਵਿਚ ਸਰਕਾਰੀ ਸਕੂਲਾਂ ਦਾ ਕਦਮ-ਦਰ-ਕਦਮ ਭੋਗ ਪਾਇਆ ਹੈ। ਹਰਿਆਣਾ ਸਰਕਾਰ ਪਬਲਿਕ ਪ੍ਰਾਈਵੇਟ ਪਾਰਨਰਸ਼ਿਪ ਅਧੀਨ ਸਕੂਲ ਨਿੱਜੀ ਹੱਕਾਂ 'ਚ ਸੌਂਪਣ ਜਾ ਰਹੀ ਹੈ। ਪੰਜਾਬ 'ਚ ਫੌਰੀ ਤੌਰ 'ਤੇ 2211 ਸਕੂਲ ਬੰਦ ਕੀਤੇ ਜਾ ਰਹੇ ਹਨ। ਪੀ.ਪੀ.ਪੀ. ਮਾਡਲ ਹੇਠ ਹਰ ਜ਼ਿਲ੍ਹੇ ਦੇ ਕੁਝ ਸਕੂਲਾਂ ਵਿਚ ਨਿੱਜੀ ਹੱਥਾਂ ਨੂੰ ਸੌਂਪੇ ਗਏ ਸਨ। ਹੁਣ ਫੇਰ ਇਸ ਮਾਡਲ ਤਹਿਤ ਸਕੂਲ ਵੇਚਣ ਦੀ ਤਿਆਰੀ ਹੈ। ਦੇਸ਼ ਦੇ ਹਰ ਰਾਜ ਵਿਚ ਲਗਭਗ ਇਹੋ ਪ੍ਰਕਿਰਿਆ ਚਲ ਰਹੀ ਹੈ।

ਹਰ ਰਾਜ ਵਿਚ ਸਰਕਾਰੀ ਸਕੂਲਾਂ ਨੂੰ ਤਬਾਹ ਕਰਨ ਦੀ ਇਕੋ ਜਿਹੀ ਨੀਤੀ ਅਪਣਾਈ ਗਈ ਹੈ। ਵਿਸ਼ੇਸ਼ ਕਰਕੇ ਜਦੋਂ ਰਾਜੀਵ ਗਾਂਧੀ ਵੀ ਸਿੱਖਿਆ ਨੀਤੀ ਲੈ ਕੇ ਆਇਆ ਸੀ। ਪਿਛੋਂ ਸਰਕਾਰੀ ਸਕੂਲਾਂ ਨੂੰ ਮਾੜੀਆਂ ਹਾਲਤਾਂ ਵੱਲ ਧੱਕਣ ਦੀ ਪਹੁੰਚ ਅਪਣਾ ਲਈ ਗਈ। ਫੰਡ ਘਟਾ ਦਿੱਤੇ ਗਏ। ਨਵੀਂ ਭਰਤੀ ਬੰਦ ਕਰ ਦਿੱਤੀ ਗਈ ਅਤੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਦੇ ਮਾਹੌਲ 'ਚੋਂ ਇਕ ਵਰਗ ਪ੍ਰਾਈਵੇਟ ਸਕੂਲਾਂ ਵੱਲ ਗਿਆ। ਸਹਿਜੇ ਸਹਿਜੇ ਪਿਛਲੇਰੇ 20-25 ਸਾਲਾਂ ਵਿਚ ਸਰਕਾਰੀ ਸਕੂਲਾਂ 'ਚ ਉਚ ਮੱਧ ਵਰਗ ਹੀ ਨਹੀਂ ਨਿਮਨ ਮੱਧ ਵਰਗ ਦੇ ਬੱਚਿਆਂ ਨੇ ਵੀ ਆਪਣੇ ਪਰਿਵਾਰ ਦੀ ਵਿਦਿਅਕ ਸਮਰੱਥਾ ਮੁਤਾਬਕ ਪ੍ਰਾਈਵੇਟ ਸਕੂਲਾਂ ਵੱਲ ਮੁਹਾਰ ਮੋੜ ਲਿਆ ਅਤੇ ਆਖਿਰ ਸਰਕਾਰੀ ਸਕੂਲ ਸਿਰਫ਼ ਦਲਿਤ ਅਤੇ ਹੋਰ ਨਿਮਨ ਵਰਗਾਂ ਦੇ ਬੱਚਿਆਂ ਤੱਕ ਹੀ ਸਿਮਟ ਗਏ ਜਿਸ ਹਕੂਮਤ ਦੀਆਂ ਨੀਤੀਆਂ ਕਾਰਨ ਸਰਕਾਰੀ ਵਿਦਿਅਕ ਪ੍ਰਬੰਧ ਚੌਪਟ ਹੋਇਆ। ਉਹੀ ਸਰਕਾਰ ਵਿਦਿਆਰਥੀਆਂ ਦੀ ਘੱਟ ਗਿਣਤੀ ਦੇ ਬਹਾਨੇ ਹੇਠ ਸਰਕਾਰੀ ਸਕੂਲ ਬੰਦ ਕਰਕੇ ਨਿੱਜੀ ਹੱਥਾਂ ਨੂੰ ਸੌਂਪਣ ਜਾ ਰਹੀ ਹੈ। ਉਚ ਵਿਦਿਆ ਦੇ ਖੇਤਰ ਵਿਚ ਵੀ ਜਿਹੜੀਆਂ ਸਰਕਾਰੀ ਯੂਨੀਵਰਸਿਟੀਆਂ ਅਜੇ ਸਹਿਕ ਰਹੀਆਂ ਹਨ, ਯੂ. ਜੀ. ਸੀ. (ਯੂਨੀਵਰਸਿਟੀ ਗਰਾਂਟ ਉਦਯੋਗ) ਦੀ ਥਾਂ ਭਾਰਤੀ ਉਚ ਸਿੱਖਿਆ ਅਯੋਗ ਅਧਿਨਿਯਮ 2018 ਆਉਣ ਪਿਛੋਂ ਮਰਨਾਊ ਕਰਾਰ ਦੇ ਕੇ ਨਿੱਜੀ ਪੂੰਜੀ ਦੇ ਹੱਥਾਂ ਵਿਚ ਸੌਂਪ ਦਿੱਤੀਆਂ ਜਾਣਗੀਆਂ ਕਿਉਂਕਿ ਇਸ ਨਵੇਂ ਅਧਿਨਿਯਮ ਵਿਚ ਇਨ੍ਹਾਂ ਦੇ ਭੋਗ ਪਾਉਣ ਦੀ ਖੁੱਲ੍ਹ ਸਰਕਾਰ ਨੂੰ ਮਿਲ ਜਾਵੇਗੀ।

2. ਇਕ ਪਾਸੇ ਹਕੂਮਤੀ ਕੁਰਸੀਆਂ ਉਤੇ ਬਿਰਾਜਮਾਨ ਇਹ ਦਾਅਵੇ ਕਰਦੇ ਹਨ ਕਿ ਦੁਨੀਆਂ ਵਿਚ ਅਸੀਂ ਤਕਨੀਕੀ ਮਾਹਿਰ ਸਭ ਤੋਂ ਵੱਧ ਤਿਆਰ ਕਰ ਰਹੇ ਹਾਂ, ਪਰ ਹਕੀਕਤ ਇਹ ਕਿ ਅਪਣਾਈਆਂ ਨੀਤੀਆਂ ਉਚ ਤਕਨੀਕੀ ਵਿਦਿਆ ਦੇ ਦਰਵਾਜ਼ੇ ਹੀ ਬੰਦ ਕਰ ਰਹੀਆਂ ਹਨ। ਜੂਨ 2015 ਵਿਚ ਸਰਕਾਰ ਦੀ ਸਾਇੰਸ ਅਤੇ ਤਕਨੀਕੀ ਮਨਿਸਟਰੀ ਨੇ ਸੀ. ਐਸ.ਆਈ. ਆਰ., ਆਈ. ਆਈ.ਟੀ. ਵਰਗੀਆਂ ਅਨੇਕਾਂ ਸੰਸਥਾਵਾਂ ਨੂੰ ਇਹ ਨਿਰਦੇਸ਼ ਦਿੱਤਾ ਕਿ ਖੋਜ ਕਰਨ ਵਾਲੀਆਂ ਲੈਬੋਅਰੀਆਂ ਤੋਂ ਇਹ ਸੁਨਿਸ਼ਚਿਤ ਕਰਵਾਇਆ ਜਾਵੇ ਕਿ ਉਹ ਆਪਣਾ ਫੰਡ ਖੁਦ ਜਨਰੇਟ ਕਰੇ। ਇਹਦੇ ਨਾਲ ਹੀ ਸੰਸਕਾਵਾਂ ਵਿਚ (ਖੋਜ) ਸੋਧ ਦੇ ਮੌਕਿਆਂ ਅਤੇ ਲੋੜਾਂ ਵਿਚ ਵੱਡੀ ਪੱਧਰ ਉਤੇ ਕਟੌਤੀ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਫੀਸ ਅਦਾ ਕਰਨ ਲਈ ਮਜ਼ਬੂਰ ਕੀਤਾ ਗਿਆ। ਨੈਸ਼ਨਲ ਨਿਊਟਰੀਸ਼ਨਲ ਮਾਨਿਟਰਿੰਗ ਬਿਊਰੋ ਨੂੰ ਸਿਹਤ ਮੰਤਰਾਲੇ ਨੇ ਤਾਂ ਬੰਦ ਕਰਨ ਦੇ ਆਦੇਸ਼ ਹੀ ਜਾਰੀ ਕਰ ਦਿੱਤੇ। ਡਿਪਾਰਟਮੈਂਟ ਆਫ਼ ਐਟਾਮਿਕ ਐਨਰਜੀ ਨੇ ਆਪਣੇ ਖੋਜ ਫੰਡ ਵਿਚ 15 ਫੀਸਦੀ ਦੀ ਕਟੌਤੀ ਕੀਤੀ। (ਦ ਹਿੰਦੂ 28 ਅਕਤੂਬਰ 2015)। ਇਥੇ ਹੀ ਬੱਸ ਨਹੀਂ ਜੂਨ 2017 ਵਿਚ ਸੀ. ਐਸ. ਆਈ. ਆਰ. ਨੇ ਇਹ ਐਲਾਨੀਆਂ ਪ੍ਰਵਾਨ ਕਰ ਲਿਆ ਕਿ ਦੇਸ਼ ਦੀ ਇਹ ਸਭ ਤੋਂ ਵੱਡੀ ਸੰਸਥਾ, "ਵਿੱਤੀ ਐਮਰਜੈਂਸੀ 'ਚ ਪਹੁੰਚ ਚੁੱਕੀ ਹੈ। ਸੰਸਕਾ ਦੇ ਕੋਲ ਹੁਣ ਕਿਸੇ ਵੀ ਰਿਸਰਚ ਪ੍ਰੋਜੈਕਟ ਨੂੰ ਸ਼ੁਰੂ ਕਰਨ ਦੇ ਲਈ ਪੈਸੇ ਹੀ ਨਹੀਂ ਬਚੇ। ਦੂਸਰੇ ਪਾਸੇ ਸਰਕਾਰ ਨੇ ਹੁਣ ਪੈਸਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਦੇਸ਼ ਦੀ ਚੋਟੀ ਦੇ ਹਾਕਮਾਂ ਦੇ ਸ਼ਗੂਫਿਆਂ ਅਤੇ ਹਕੀਕਤ ਦੀ ਤਸਵੀਰ ਇਹ ਕਿ ਸਰਕਾਰ ਉਚ ਖੋਜਾਂ ਪ੍ਰਤੀ ਆਪਣੀ ਸੁਹਿਰਦ ਜ਼ਿੰਮੇਵਾਰੀ ਤੋਂ ਹੀ ਮੂੰਹ ਮੋੜ ਲਿਆ ਹੈ। ਲੱਖਾਂ ਰੁਪਏ ਲਾ ਕੇ ਕਿਹੜਾ ਖੋਜਾਰਥੀ ਨਵੀਆਂ ਤੋਂ ਹੀ ਮੂੰਹ ਮੋੜ ਲਿਆ ਹੈ। ਲੱਖਾਂ ਰੁਪਏ ਲਾ ਕੇ ਕਿਹੜਾ ਖੋਜਾਰਥੀ ਨਵੀਆਂ ਖੋਜਾਂ ਵੱਲ ਵਧੇਗਾ ਅਤੇ ਇਹ ਖੋਜਾਂ ਸਿਰਫ਼ ਟਾਟਾ, ਅੰਬਾਨੀ ਅਦਾਨੀ ਜਾਂ ਕਾਰਪੋਰੇਟ ਦੇ ਸੀ ਵਿਦੇਸ਼ੀ ਪੂੰਜੀ ਦੇ ਵਿਦਿਅਕ ਅਦਾਰਿਆਂ ਤੱਕ ਸਿਮਟ ਜਾਣਗੀਆਂ। ਯੋਗ ਅਤੇ ਬੁੱਧੀਮਾਨ ਵਿਦਿਆਰਥੀਆਂ/ਖੋਜਾਰਥੀਆਂ ਲਈ ਭਵਿੱਖ ਹਨ੍ਹੇਰੇ ਦੀ ਝੋਲੀ 'ਚ (ਸੁੱਟ) ਸੁੱਟ ਦਿੱਤਾ ਗਿਆ ਹੈ।

3. ਲਗਦੇ ਹੱਥ ਯੂ. ਜੀ. ਸੀ ਦੇ ਉਸ ਨੋਟੀਫਿਕੇਸ਼ਨ ਜਿਹੜਾ ਉਹਨੇ 5 ਮਈ 2016 ਨੂੰ ਜਾਰੀ ਕੀਤਾ ਸੀ ਅਤੇ ਜਿਹਦੇ ਵਿਰੁੱਧ ਇਕ ਆਵਾਜ਼ ਵੀ ਉਠੀ ਸੀ, ਨੂੰ ਦੁਹਰਾ ਲੈਣਾ ਜ਼ਰੂਰੀ ਹੈ, ਜਿਸ ਨੂੰ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਉਤੇ ਥੋਪਿਆ ਗਿਆ ਸੀ ਅਤੇ ਜਿਸ ਨਾਲ ਸਰਕਾਰ ਨੇ ਖੋਜ ਅਤੇ ਉਚ ਵਿਦਿਆ ਉਤੇ ਭਿਆਨਕ ਹਮਲਾ ਬੋਲਿਆ ਸੀ। ਇਹਦੇ ਅਨੁਸਾਰ ਸਾਰੀਆਂ ਯੂਨੀਵਰਸਿਟੀਆਂ ਵਿਚ ਐਮ. ਫਿਲ/ਪੀ.ਐਚ.ਡੀ. ਦੀਆਂ ਸੀਟਾਂ ਵਿਚ ਵੱਡੀਆਂ ਕਟੌਤੀਆਂ ਕੀਤੀਆਂ ਗਈਆਂ। ਅਧਿਆਪਕ ਖੋਜਾਰਥੀ ਅਨੁਪਾਤ ਦਾ ਬਹਾਨਾ ਬਣਾ ਕੇ, ਜੇ. ਐਨ. ਯੂ. ਜਾਮੀਆਂ ਇਸਲਾਮੀਆਂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਹੈਦਰਾਬਾਦ ਕੇਂਦਰੀ ਯੂਨੀਵਰਸਿਟੀ, ਟੀ.ਆਈ. ਐਸ. ਐਸ., ਪੰਜਾਬ ਯੂਨੀਵਰਸਿਟੀ ਸਮੇਤ ਸਮੁੱਚੀਆਂ ਸੈਂਟਰਲ ਯੂਨੀਵਰਸਿਟੀਆਂ ਵਿਚ ਪਿਛਲੇਰੇ ਤਿੰਨਾਂ ਸਾਲਾਂ ਵਿਚ ਖੋਜ ਦੀਆਂ 50 ਫੀਸਦੀ ਤੋਂ ਲੈ ਕੇ 86 ਫੀਸਦੀ ਤੱਕ ਸੀਟਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਬ੍ਰਾਹਮਣਵਾਦੀ ਕਾਰਪੋਰੇਟੀ ਪੂੰਜੀ ਨਹੀਂ ਚਾਹੁੰਦੀ ਕਿ ਸਮਾਜ ਦਾ ਵੱਡਾ ਹਿੱਸਾ ਉਚ ਵਿਦਿਆ ਦੇ ਬਰੂਹੀ ਚੜ੍ਹੇ।

4. ਇਕ ਰਿਪੋਰਟ ਤਾਂ ਇਹ ਵੀ ਦਰਸਾਉਂਦੀ ਹੈ ਕਿ ਪਿਛਲੇਰੇ ਤਿੰਨਾਂ ਸਾਲਾਂ ਵਿਚ ਯੂਨੀਵਰਸਿਟੀਆਂ ਅਤੇ ਉਚ ਵਿਦਿਅਕ ਸੰਸਥਾਵਾਂ ਵਿਚ ਅਧਿਆਪਕਾਂ ਦੀ ਦੀ ਗਿਣਤੀ ਵਿਚ ਲਗਭਗ 2.34 ਲੱਖ ਦੀ ਕਟੌਤੀ ਕੀਤੀ ਗਈ ਹੈ।

5. ਜੇ ਸਰਕਾਰ ਦੀ ਚਿੱਠੀ ਤੇ ਪ੍ਰਸਤਾਵਤ ਯੂ. ਜੀ. ਸੀ. ਰੈਜੂਲੇਸ਼ਨ ਮਿਤੀ 2 ਜੂਨ 2017 ਨੂੰ ਵਾਚਿਆ ਜਾਵੇ ਤਾਂ 'ਆਤਮ ਨਿਰਭਰਤਾ' (ਖੁਦਮੁਖਤਿਆਰੀ) ਦੇ ਨਾਂ ਉਤੇ ਚੰਗੇਰੇ ਪਬਲਿਕ ਭਾਵ ਸਰਕਾਰੀ ਵਿਚ ਵਿਦਿਅਕ ਅਦਾਰਿਆਂ ਦੇ ਨਿੱਜੀਕਰਨ ਦੀ ਠਾਣੀ ਬੈਠੀ ਹੈ। ਇਸ ਸੁਝਾਏ ਗਏ ਰੈਜੂਲੇਸ਼ਨ ਵਿਚ ਕੈਟੇਗਰੀ-ਇਕ ਦੇ ਤਹਿਤ ਆਉਣ ਵਾਲੇ ਸਭ ਤੋਂ ਚੰਗੇਰੀਆਂ ਸਰਕਾਰੀ ਸੰਸਥਾਵਾਂ ਨੂੰ ਆਪਣੇ ਵਿੱਤੀ ਸਾਧਨ ਜੁਟਾਉਣ ਦੀ 'ਖੁਦਮੁਖਤਿਆਰੀ' ਦੇਣ ਦਾ ਐਲਾਨ ਕੀਤਾ ਗਿਆ ਹੈ। ਮਤਲਬ ਸਾਫ਼ ਹੈ ਕਿ ਸਰਕਾਰ ਉਤੇ ਵਿਿਅਕ ਅਦਾਰਿਆਂ ਉਤੇ ਰਾਜਨੀਤਕ ਕੰਟਰੋਲ ਖੁਦ ਰੱਖਣਾ ਚਾਹੁੰਦੀ ਹੈ ਅਤੇ ਵਿੱਤੀ ਸਰੋਤਾਂ ਦੇ ਮਾਮਲੇ ਵਿਚ ਉਨ੍ਹਾਂ ਨੂੰ ਬਾਜ਼ਾਰ ਅਤੇ ਕਾਰਪੋਰੇਟੀ ਪੂੰਜੀ ਉਤੇ ਨਿਰਭਰ ਬਣਾਉਣਾ ਚਾਹੁੰਦੀ ਹੈ। ਇਹੋ ਕਾਰਨ ਕਿ ਲਗਭਗ ਸਾਰੀਆਂ ਯੂਨੀਵਰਸਿਟੀਆਂ ਨੇ ਹੀ ਅਜਿਹੇ ਕੋਰਸਾਂ ਨੂੰ ਸ਼ਾਮਲ ਕਰ ਲਿਆ ਹੈ ਜਿਨ੍ਹਾਂ ਵਿਚ ਵਿਦਿਆਰਥੀ ਮੋਟੀਆਂ ਫੀਸਾਂ ਦੇ ਕੇ ਦਾਖ਼ਲੇ ਲੈ ਸਕਦੇ ਹਨ। ਇਨ੍ਹਾਂ ਨੂੰ 'ਕਮਾਊ' ਕੋਰਸ ਵੀ ਕਿਹਾ ਜਾਂਦਾ ਹੈ।

ਅਜਿਹੇ ਸਵੈ ਵਿੱਤੀ ਸਾਧਨਾਂ ਵਾਲੇ ਕੋਰਸਾਂ ਵਿਚ ਦਾਖਲਾ ਲੈਣ ਵਾਲੇ ਬੱਚਿਆਂ। ਵਿਦਿਆਰਥੀਆਂ ਵਿਚ ਦਲਿਤਾਂ ਜਾਂ ਹਾਸ਼ੀਏ ਤੋਂ ਪਾਰ ਵਰਗਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਲਈ ਸਥਾਨ ਮਿਲਣਾ ਹੀ ਅਸੰਭਵ ਬਣ ਗਿਆ ਹੈ। 'ਵਿਦਿਆ ਇਕ ਬਾਜ਼ਾਰੀ ਵਸਤੂ ਹੈ', ਇਹ ਇਸ ਦਾ ਸ਼ੁੱਧ ਨਮੂਨਾ ਹੈ।

ਦਾਖਲਿਆਂ 'ਚ ਰਾਖਵੇਂਕਰਨ ਦੀ ਨੀਤੀ ਨਾਲ ਹਾਸ਼ੀਏ ਤੋਂ ਪਾਰ ਲੋਕਾਈ ਦੇ ਬੱਚਿਆਂ ਲਈ ਜਿਹੜੇ ਮੌਕੇ ਮਿਲਣ ਦੀ ਸੰਭਾਵਨਾ ਰਹੀ 'ਤੇ ਹੁੰਦੀ ਸੀ। ਉਹਨੂੰ 'ਖੁਦ ਮੁਖਤਿਆਰੀ' ਦੇ ਕੁਹਾੜੇ ਨਾਲ ਛਾਂਗ ਕੇ ਸੁੱਟ ਦਿੱਤਾ ਗਿਆ ਹੈ। ਇਹ ਦਾ ਇਕ ਹੋਰ ਪਹਿਲੂ ਵੀ ਹੈ, ਵਿਦਿਆਰਥੀਆਂ ਵਿਚ, ਇਕ ਸਮਾਜਿਕਤਾ ਵਾਲਾ ਜਿਹੜਾ ਮਾਹੌਲ ਰਿਹਾ ਅਤੇ ਰਹਿਣਾ ਚਾਹੀਦਾ ਸੀ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ।

6. ਮੋਦੀ ਸਕਰਾਰ ਉਸ ਸੰਸਥਾ ਭਾਵ ਯੂਨੀਵਰਸਿਟੀ ਗਰਾਂਟ ਕਮਿਸ਼ਨ ਨੂੰ ਜਿਹੜਾ ਯੂਨੀਵਰਸਿਟੀਆਂ ਨੂੰ ਅਨੁਦਾਨ (ਗਰਾਂਟ ਭਾਵ ਵਿੱਤੀ ਸਹਿਯੋਗ ਰਾਸ਼ੀ) ਹੀ ਨਹੀਂ ਸੀ ਮੁਹੱਈਆ ਕਰਦਾ ਇਕ ਮਾਰਗ ਦਰਸ਼ਨ ਵੀ ਕਰਦਾ ਸੀ, ਨੂੰ ਖਤਮ ਕਰਕੇ ਹੁਣ ਭਾਰਤੀ ਉਚ ਸਿੱਖਿਆ ਅਯੋਗ ਦੇ ਗਠਨ ਕਰਨ ਦਾ ਰਾਹ ਸਾਫ਼ ਕਰ ਲਿਆ ਹੈ। ਪਹਿਲਾਂ ਅਦਾਰਾ ਭਾਵ ਯੂ.ਜੀ.ਸੀ. ਇਕ ਖੁਦ ਮੁਖਤਿਆਰ ਅਦਾਰਾ ਸੀ ਹੁਣ ਵਾਲਾ ਅਦਾਰਾ ਸਿੱਧਾ ਮਾਨਵ ਸੰਸਾਧਨ ਵਿਕਾਸ ਮੰਤਰਾਲਿਆਂ ਦੇ ਤਹਿਤ ਹੋਵੇਗਾ। ਹਾਲ ਦੀ ਘੜੀ ਚੌਫੇਰਿਓਂ ਤਿੱਖੀ ਆਲੋਚਨਾ ਹੋਣ ਕਰਕੇ ਭਾਵੇਂ ਹਾਇਰ ਐਜੂਕੇਸ਼ਨ ਫੰਡਿੰਗ ਏਜੰਸੀ ਹੇਠ ਯੂਨੀਵਰਸਿਟੀਆਂ ਉਤੇ ਕਰਜ਼ੇ ਲੈਣ ਲਈ ਦਬਾਅ ਵਧਾ ਰਹੀ ਹੈ ਪਰ ਸਰਕਾਰ ਦਾ ਮਨਸ਼ਾ ਪੂਰੀ ਤਰ੍ਹਾਂ ਇਨ੍ਹਾਂ ਨੂੰ ਤਬਾਹ ਕਰਨ ਦਾ ਹੀ ਹੈ। ਜਦੋਂ ਕੋਈ ਹਕੂਮਤ ਆਪਣੇ ਬਜਟ 'ਚੋਂ ਸਿੱਖਿਆਂ ਰਾਸ਼ੀ 'ਚੋਂ ਕਟੌਤੀ ਕਰਕੇਜਾਂ ਬੰਦ ਕਰਕੇ ਯੂਨੀਵਰਸਿਟੀ ਵਰਗੇ ਅਦਾਰਿਆਂ ਜਾਂ ਖੋਜ ਅਦਾਰਿਆਂ ਨੂੰ ਕਰਜ ਦੇਣ ਲਈ ਉਤਾਰੂ ਹੋਵੇ ਤਾਂ ਇਸ 'ਚ ਭਲਾ ਕੀ ਸ਼ੱਕ ਰਹਿ ਜਾਂਦੀ ਹੈ ਕਿ ਵਿਦਿਆ ਨੂੰ ਬਜ਼ਾਰ ਦੇ ਰਹਿਮੋ ਕਰਮ ਉਤੇ ਸੁੱਟ ਦਿੱਤਾ ਜਾ ਰਿਹਾ ਹੈ। ਇਉਂ ਇਕ ਨਵਾਂ ਵਿਦਿਆ ਦਾ ਮਾਡਲ ਨੰਗੇ ਚਿੱਟੇ ਰੂਪ ਵਿਚ ਥੋਪਿਆ ਜਾ ਰਿਹਾ ਹੈ। ਸਰਕਾਰ ਵਲੋਂ ਪੋਸ਼ਿਤ ਉਚ ਸਿੱਖਿਆ ਦੀ ਥਾਂ ਕਰਜ਼ ਉਤੇ ਆਧਾਰਤ 'ਤੇ ਨਿਰਭਰ ਉਚ ਸਿੱਖਿਆ ਦਾ ਮਾਡਲ। ਇਹ ਬੇਹੱਦ ਖਤਰਨਾਕ ਨੀਤੀ ਹੈ। ਹੁਣ ਜਦੋਂ ਕਿ ਸਰਕਾਰ ਉਚ ਸਿੱਖਿਆ ਦੇ ਲਈ ਫੰਡ ਮੁਹੱਈਆ ਹੀ ਨਹੀਂ ਕਰ ਰਹੀ ਅਤੇ ਕਰਜ਼ਾ ਚੁੱਕਣ ਲਈ ਦਬਾਅ ਪਾ ਰਹੀ ਹੈ ਤਾਂ ਲਾਜ਼ਮੀ ਹੈ ਕਿ ਯੂਨੀਵਰਸਿਟੀਆਂ ਅਤੇ ਅਦਾਰੇ ਆਪਣੀਆਂ ਫੀਸਾਂ ਵਧਾ ਕੇ ਵਿਦਿਆਥੀਆਂ ਤੋਂ ਉਚੀਆਂ ਫੀਸਾਂ ਵਸੂਲਣਗੇ ਅਤੇ ਇਸ ਕਰਜ਼ ਬਦਲੇ ਪਬਲਿਕ ਖੇਤਰ ਦੇ ਇਹ ਅਦਾਰੇ ਆਪਣੇ ਜਾਇਦਾਦ (ਬਿਲਡਿੰਗਾਂ ਜ਼ਮੀਨਾਂ ਲੈਬਾਰਟੀਆਂ ਆਦਿ) ਨੂੰ ਕਰਜ਼ਾ ਦੇਣ ਵਾਲੇ ਅਦਾਰਿਆਂ ਕੋਲ ਗਹਿਣੇ ਰੱਖਣਗੇ। ਜਿਨ੍ਹਾਂ ਨੂੰ ਪਿਛੋਂ ਕੋਈ ਵੀ ਘਰਾਣਾ ਨਿਲਾਮੀ 'ਚ ਔਣੇ ਪੌਣੇ ਖ੍ਰੀਦ ਲਵੇਗਾ।

ਜਿਥੋਂ ਤੱਕ ਭਾਰਤੀ ਉਚ ਸਿੱਖਿਆ ਅਯੋਗ ਦੇ ਗਠਨ ਦਾ ਸਬੰਧ ਹੈ ਇਹਦੇ ਬਾਰਾਂ ਮੈਂਬਰਾਂ ਵਿਚੋਂ ਸਿਰਫ਼ 2 ਹੀ ਅਸਲ ਵਿਚ ਵਿਦਿਆ ਨਾਲ ਜੁੜੇ ਹੋਣਗੇ। ਬਾਕੀ ਸਾਰੇ ਨੌਕਰਸ਼ਾਹੀ ਵਿਚੋਂ ਲਏ ਜਾਣਗੇ। ਦੋ ਵਾਈਸ ਚਾਂਸਲਰ ਵੀ ਸ਼ਾਮਲ ਹੋਣਗੇ, ਉਨ੍ਹਾਂ ਨੂੰ ਵੀ ਸਰਕਾਰੀ ਖਾਤੇ 'ਚ ਹੀ ਗਿਣਿਆ ਜਾ ਸਕਦਾ ਹੈ ਕਿਉਂਕਿ ਸਰਕਾਰ ਹੀ ਉਨ੍ਹਾਂ ਦੀ ਨਿਯੁਕਤੀ ਕਰਦੀ ਹੈ। ਇਸ ਨਵੇਂ ਅਯੋਗ ਕੋਲ ਪਾਠ ਪ੍ਰੋਗਰਾਮ, ਪੁਸਤਕਾਂ, ਅਕਾਦਮਿਕ ਮਾਮਲਿਆਂ, ਛੀਨਾਂ ਤੇ ਵਿਭਾਗਾਂ ਦੇ ਮੁਖੀ ਤੱਕ ਦੀਆਂ ਨਾਮਜ਼ਦਗੀਆਂ ਕਰਨ ਤੱਕ ਦਾ ਅਧਿਕਾਰ ਹੋਵੇਗਾ। ਯੂ.ਜੀ. ਸੀ. ਕੋਲ ਇਹ ਤਾਕਤ ਨਹੀਂ ਸੀ ਅਤੇ ਜਿਹੜੀ ਵੀ ਯੂਨੀਵਰਸਿਟੀ ਜਾਂ ਸੰਸਥਾ ਇਹਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰੇਗੀ, ਉਹ ਨੂੰ ਬਕਾਇਦਾ ਜੁਰਮ ਦੀ ਸ਼੍ਰੇਣੀ ਵਿਚ ਰੱਖ ਕੇ, ਸਬੰਧਤ

ਯੂਨੀਵਰਸਿਟੀ ਦੇ ਅਧਿਕਾਰੀਆਂ ਲਈ ਦੋ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਭਾਵ ਸੰਸਥਾਗਤ ਤਾਨਾਸ਼ਾਹੀ ਦਾ ਸਿੱਧਾ ਪ੍ਰਵੇਸ਼ ਕਿਹਾ ਜਾ ਸਕਦਾ ਹੈ।

ਇਥੇ ਹੀ ਬੱਸ ਨਹੀਂ ਐਚ. ਆਈ. ਸੀ. ਆਈ. ਦੇ ਉਪਰ ਇਕ ਸਲਾਹਕਾਰ ਕਮੇਟੀ ਹੋਵੇਗੀ ਜਿਹਦਾ ਚੇਅਰਮੈਨ ਮਾਨਵ ਸੰਸਥਾਨ ਵਿਕਾਸ ਮੰਤਰਾਲੇ ਦਾ ਮੰਤਰੀ ਹੋਵੇਗਾ। ਇਹ ਕਮੇਟੀ ਇਸ ਸੰਸਥਾ ਦੀ ਨਜ਼ਰਸਾਨੀ ਤੇ ਮਾਰਗ ਦਰਸ਼ਕ ਕਰੇਗੀ। ਭਾਵ ਨਵਾਂ ਅਦਾਰਾ ਸਿੱਖਿਆ ਦੇ ਖੇਤਰ ਵਿਚ ਸਵੈ ਖੁਦਮੁਖਤਿਆਰ ਨਹੀਂ ਸਗੋਂ ਸਿੱਧ ਰਾਜ ਅਤੇ ਰਾਜਨੀਤਕ ਸੱਤਾਧਾਰੀਆਂ ਦੇ ਹੱਥਾਂ ਵਿਚ ਇਕ ਖਿਡੌਣਾ ਹੋਵੇਗਾ। ਪਹਿਲਾਂ ਯੂ. ਜੀ. ਸੀ. 'ਚ ਵਿਦਿਆ ਦੇ ਖੇਤਰ ਦੇ ਮਾਹਿਰਾਂ ਦੀ ਨਾਮਜ਼ਦਗੀਆਂ ਹੁੰਦੀਆਂ ਸਨ ਅਤੇ ਉਹ ਇਹਦਾ ਕੰਮ ਵੀ ਇਕ ਜਮਹੂਰੀ ਤਰਜ਼ ਦਾ ਸੀ ਪਰ ਹੁਣ ਵਿਦਿਆ ਦੇ ਖੇਤਰ ਨੂੰ ਵੀ ਇਕ ਮਿਲਟਰੀ ਵਿੰਗ ਵਾਂਗੂ ਤਿਆਰ ਕਰੇਗੀ। ਸੋ ਗਿਆਨ-ਤਰਕ-ਵਿਚਾਰ ਨੂੰ ਛਿੱਕੇ ਟੰਗ ਕੇ ਸਿੱਖਿਆ ਪ੍ਰਬੰਧ ਇਕ ਹਨ੍ਹੇਰੇ ਭਵਿੱਖ ਵੱਲ ਵਧਣ ਦੇ ਆਸਾਰ ਸਿਰਜੇ ਜਾ ਰਹੇ ਹਨ।

ਉਹ ਹਕੂਮਤ ਅਤੇ ਹਕੂਮਤ ਉਤੇ ਬਿਰਾਜਮਾਨ ਸੱਤਾਧਾਰੀ ਧਿਰ ਜਿਹੜੀ ਦੇਸ਼ ਭਗਤੀ ਲਈ 56 ਇੰਚ ਦੀ ਛਾਤੀ ਠੋਕ ਦੀ ਰਹਿੰਦੀ ਹੈ ਅਤੇ 'ਦੇਸ਼ ਧ੍ਰੋਹੀ' ਤੇ 'ਦੇਸ਼ ਭਗਤੀ' ਦੇ ਸਰਟੀਫਿਕੇਟ ਜਾਰੀ ਕਰਦੀ ਰਹਿੰਦੀ ਹੈ। ਇਸ ਦੇਸ਼ ਦੇ ਵਿਦਿਆਰਥੀਆਂ ਨੌਜਵਾਨਾਂ ਨੂੰ ਤਬਾਹ ਕਰਨ ਉਤੇ ਤੁਲੀ ਬੈਠੀ ਹੈ। ਅਸਲ 'ਚ ਵਿਸ਼ਵ ਕਾਰਪੋਰੇਟੀ ਪੂੰਜੀ ਇਹ ਚਾਹੁੰਦੀ ਹੈ ਕਿ ਸਾਡਾ ਵਿਦਿਅਕ ਪ੍ਰਬੰਧ ਅਤੇ ਖੋਜ ਸੰਸਥਾਨ ਤਬਾਹ ਹੋ ਜਾਣ। ਸਿਰਫ਼ ਸਾਮਰਾਜੀ ਪੂੰਜੀ ਦੀ ਸਰਦਾਰੀ ਵਾਲੇ ਦੇਸ਼ਾਂ ਵਿਚ ਹੀ ਖੋਜ ਵਾਲੀ ਵਿਦਿਆ ਮੁਹੱਈਆ ਹੋਵੇ। ਬਾਕੀ ਦੁਨੀਆਂ ਭਰ ਦੇ ਦੇਸ਼ ਸਿਰਫ਼ ਉਸ ਦੇ ਖ੍ਰੀਦਦਾਰ ਭਾਵ ਗਾਹਕ ਹੀ ਹੋਣ। ਦੇਸ਼ ਦੇ ਅੰਦਰਲੀ ਵਿਦਿਆ ਮਹਿਜ਼ ਗਸਤੀ ਅਤੇ ਸਕਿਲਡ ਲੇਬਰ ਭਾਵ ਸਿੱਖਿਅਕ ਕਿਰਤੀ ਫ਼ੌਜ ਤੱਕ ਹੀ ਸੀਮਤ ਰਹੇ।

ਉਪਰ ਜ਼ਿਕਰ ਕੀਤਾ ਸੀ ਕਿ ਰਾਖਵੇਂਕਰਨ ਨੂੰ ਕਮਾਊ ਕੋਰਸਾਂ ਵਿਚੋਂ ਤੋਂ ਹਟਾ ਹੀ ਦਿੱਤਾ ਗਿਆ ਹੈ। ਆਮ ਦਾਖ਼ਲਿਆਂ ਵਿਚ ਵੀ ਇਹਦਾ ਪ੍ਰਭਾਵ ਘਟਾਇਆ ਜਾ ਰਿਹਾ ਹੈ। ਇਹਦਾ ਸਿੱਟਾ ਸਿਰਫ਼ ਦਲਿਤਾਂ ਅਤੇ ਹਾਸ਼ੀਏ ਤੋਂ ਪਾਰ ਵਰਗਾਂ ਦੇ ਵਿਦਿਆਰਥੀਆਂ ਨੂੰ ਬਾਹਰ ਕਰਨ ਤੱਕ ਹੀ ਸੀਮਤ ਨਹੀਂ ਸਗੋਂ ਯੂਨੀਵਰਸਿਟੀਆਂ ਸੰਸਥਾਵਾਂ ਦੇ ਅੰਦਰ ਜਿਹੜਾ ਸਮਾਜਿਕ ਮਾਹੌਲ ਜਾਂ ਸਮਾਜਿਕ ਸਰੰਚਨਾ ਬਣ ਰਹੀ ਹੈ ਇਹ ਵੀ ਪਹਿਲੇ ਭਾਈਚਾਰਕ ਮਾਹੌਲਾਂ ਨਾਲੋਂ ਭਿੰਨ ਹੈ। ਪ੍ਰਾਈਵੇਟ ਸੰਸਥਾਵਾਂ ਵਿਚ ਤਾਂ ਰਾਖਵੇਂਕਰਨ ਨੂੰ ਲਾਗੂ ਕਰਨ ਦੇ ਕੋਈ ਨਿਯਮਤ ਹੈ ਹੀ ਨਹੀਂ ਸਰਕਾਰੀ ਅਦਾਰਿਆਂ ਯੂਨੀਵਰਸਿਟੀਆਂ ਵਿਚ ਵੀ ਘੱਟ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਇਹ ਸਿਰਫ਼ ਵਿਦਿਆਰਥੀਆਂ ਹੀ ਨਹੀਂ ਅਧਿਆਪਕਾਂ ਦੇ ਪੱਧਰ ਉਤੇ ਵੀ ਵਾਪਰ ਰਿਹਾ ਹੈ। ਕਹਿਣ ਦਾ ਭਾਵ ਇਹ ਕਿ ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਨਾ ਸਿਰਫ਼ ਹਿੰਦੂਤਵ ਦਾ ਪ੍ਰਭਾਵ ਜ਼ੋਰ ਫੜ ਰਿਹਾ ਹੈ ਸਗੋਂ ਲਾਜ਼ਮੀ ਰੂਪ ਵਿਚ ਇਕ ਸਵਰਨ ਉਚ ਜਾਤੀ ਉਭਾਰ ਲਈ ਵੀ ਜ਼ਮੀਨ ਤਿਆਰ ਹੋ ਰਹੀ ਹੈ। ਇਉਂ ਯੂਨੀਵਰਸਿਟੀਆਂ ਅਤੇ ਵਿਦਿਆਲਿਆਂ ਵਿਚ ਜਿਹੜਾ ਸਮਾਜ ਦੇ ਹੇਠਲੇ ਤਬਕਿਆਂ ਲਈ ਰਾਹ ਬੰਦ ਕੀਤਾ ਜਾ ਰਿਹਾ ਜਾਂ ਨੀਤੀਆਂ ਕਾਰਨ ਹੋ ਰਿਹਾ ਹੈ। ਇਹ ਸਿਰਫ਼ ਅਨਿਆਂਸ਼ੀਲ ਹੀ ਨਹੀਂ ਸਗੋਂ ਬੁਨਿਆਦੀ ਗਹਿਣਿਆਂ ਵਿਚ ਲੋਕਤੰਤਰ ਦੇ ਵੀ ਵਿਰੋਧੀ ਹੈ। ਯੂਨੀਵਰਸਿਟੀਆਂ ਵਿਚ ਜਿਹੜਾ ਹੇਠਲੇ ਤਬਕਿਆਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਲੋਕਾਂ ਦਾ ਇਕ ਮੋਰਚਾ ਰਿਹਾ ਹੈ। ਦਰਅਸਲ ਅਜੋਕੇ ਦੌਰ 'ਚ ਇਸ ਆਵਾਜ਼ ਨੂੰ ਵੀ ਖਤਮ ਕਰਨ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ।

ਵਿਦਿਆ ਨੂੰ ਇਕ ਬਜ਼ਾਰੀ ਵਸਤੂ ਦੇ ਰੂਪ ਵਿਚ ਤਬਦੀਲ ਕਰਕੇ ਥੋਪਣਾ ਇਕ ਵਿਉਂਤਬੱਧ ਅਤੇ ਸੋਚੀ ਸਮਝੀ ਸ਼ਾਤਰ ਚਾਲ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜਿਹੜੀਆਂ ਨਿੱਜੀ ਸੰਸਥਾਵਾਂ ਜੋ ਵੀ ਪੂੰਜੀ ਅਰਜਿਤ ਕਰਨਗੀਆਂ ਉਹ ਮੁੜ ਵਿਦਿਆ ਵਿਚ ਹੀ ਲਾ ਦੇਣਗੀਆਂ। ਇਹ ਹਾਸੋਹੀਣਾ ਤਰਕ ਹੈ। ਇਸ ਨੂੰ ਜੇ ਵਿਦਿਆ ਦੇ ਪਸਾਰ ਲਈ ਵਰਤਿਆ ਜਾ ਰਿਹਾ ਹੈ ਤਾਂ ਸਾਫ਼ ਹੈ ਲੋਕਾਂ ਨੂੰ ਬੇਵਕੂਫ਼ ਬਣਾਇਆ ਜਾ ਰਿਹਾ ਹੈ। ਜੇ ਕੋਈ ਕਾਰਪੋਰੇਟੀ ਪੂੰਜੀ ਨੂੰ ਮੁਨਾਫ਼ਾ ਕਮਾਉਣ ਵਾਲੀ ਪੂੰਜੀ ਨਾ ਕਹਿ ਕੇ ਇਕ ਸਮਾਜਿਕ ਵਿਕਾਸ ਦਾ ਕਾਰਕ ਬਣਾ ਕੇ ਪੇਸ਼ ਕਰੇ, ਜਿਵੇਂ ਕਿ ਅਜੋਕੀ ਸਮੁੱਚੀ ਸੱਤਾ ਅਤੇ ਵਿਸ਼ੇਸ਼ ਕਰ ਹਿੰਦੂਤਵੀ ਜੁਮਲੇਬਾਜ਼ ਕਰ ਰਹੇ ਹਨ ਤਾਂ ਇਹ ਅੱਖੀਂ ਘੱਟਾ ਪਾਉਣ ਵਾਲਾ ਤਰਕ ਹੈ। ਵਿਦਿਅਕ ਖੇਤਰ ਵਿਚ ਜਿਹੜੀ ਪੂੰਜੀ ਲੱਗੇਗੀ ਜੇ ਉਹ ਮੁਨਾਫ਼ਾ ਨਹੀਂ ਕਮਾਵੇਗੀ ਤਾਂ ਹੋਰ ਕਿਹੜੀ ਸੇਵਾ ਕਰੇਗੀ।

ਇਕ ਹੋਰ ਝੂਠ ਮੜਿਆ ਜਾ ਰਿਹਾ ਹੈ ਕਿ ਉਕਤ ਦੇਸ਼ਾਂ ਵਿਚ ਸਾਰੀਆਂ ਨਿੱਜੀ ਸੰਸਥਾਵਾਂ ਮੁਨਾਫ਼ਾ ਕਮਾਉਣ ਵਾਲੀਆਂ ਸੰਸਥਾਵਾਂ ਹੀ ਹਨ। ਨਿੱਜੀ ਸੰਸਥਾਵਾਂ ਨੂੰ ਦੋ ਵਰਗਾਂ ਵਿਚ ਵੰਡ ਕੇ ਵੇਖਣਾ ਪਵੇਗਾ। ਇਕ ਉਹ ਜਿਹੜੀਆਂ ਸਮੂਹ ਸਮਾਜਿਕ ਦਾਨ ਦੇ ਨਾਲ ਉਸਰੀਆਂ ਸੰਸਥਾਵਾਂ ਹਨ। ਵਿਦੇਸ਼ਾਂ ਵਿਚ ਵੀ ਅਤੇ ਸਾਡੇ ਇਥੇ ਵੀ ਅਜਿਹੀਆਂ ਪਰਉਪਕਾਰੀ ਸੰਸਥਾਵਾਂ ਰਹੀਆਂ ਹਨ, ਜਿਹਡੀਆਂ ਮੁਨਾਫ਼ਾ ਕਮਾਉਣ ਵਾਲੀਆਂ ਸੰਸਥਾਵਾਂ ਨਹੀਂ ਸਨ ਅਤੇ ਕਈ ਅੱਜ ਵੀ ਹਨ। ਵਿਦੇਸ਼ਾਂ ਵਿਚ ਹਾਰਵਰਡ, ਸਟੋਨਫੋਰਡ ਅਤੇ ਕੋਲੰਬੀਆ ਵਰਗੇ ਵਿਸ਼ਵ ਦੀਆਂ ਚਰਚਿਤ ਯੂਨੀਵਰਸਿਟੀਆਂ ਹਨ ਜਿਹੜੀਆਂ ਬੇਸ਼ੱਕ ਨਿੱਜੀ ਹਨ ਪਰ ਇਹ ਦਾਨ ਦੇ ਫੰਡ ਨਾਲ ਸਥਾਪਤ ਹੋਈਆਂ ਹਨ। ਇਹ ਸੰਸਥਾਵਾਂ ਉਸ ਤਰ੍ਹਾਂ ਦੀਆਂ ਮੁਨਾਫ਼ਾ ਕਮਾਉਣ ਵਾਲੀਆਂ ਸੰਸਥਾਵਾਂ ਵਿਚ ਨਹੀਂ ਆਉਂਦੀਆਂ। ਅਜਿਹੀਆਂ ਸੰਸਥਾਵਾਂ ਵਿਚ ਇਸਾਈ ਧਰਮ ਦੀਆਂ ਸੰਸਥਾਵਾਂ ਵੀ ਸ਼ਾਮਲ ਹਨ। ਕੁਝ ਸੰਸਥਾਵਾਂ ਵਿਚ ਅਜਿਹੀ ਵਿਵਸਥਾ ਵੀ ਹੈ ਕਿ ਸੰਪਨ ਵਰਗ ਦੇ ਵਿਦਿਆਰਥੀ ਜ਼ਿਆਦਾ ਫੀਸ ਭਰਦੇ ਹਨ ਅਤੇ ਉਥੇ ਹੀ ਦੂਸਰਿਆਂ ਨੂੰ ਸਸਤੀ ਵਿਦਿਆ ਵੀ ਮਿਲਦੀ ਹੈ। ਇਸਾਈ ਧਰਮ ਦੀਆਂ ਅਜਿਹੀਆਂ ਸੰਸਥਾਵਾਂ ਭਾਰਤ ਵਿਚ ਵੀ ਹਨ।

ਕਿਸੇ ਸਮੇਂ ਇਹ ਪ੍ਰੰਪਰਾ ਖਾਲਸਾ ਸੰਸਥਾਵਾਂ ਵਿਚ ਵੀ ਹੁੰਦੀ ਸੀ ਪਰ ਪਿਛਲੇਰੇ 20-25 ਸਾਲਾਂ ਤੋਂ ਇਹ ਦਾ ਭੋਗ ਪੈ ਚੁੱਕਾ ਹੈ। ਪੂੰਜੀ ਤੇ ਮੰਡੀ (ਬਜ਼ਾਰ) ਨੇ ਇਨ੍ਹਾਂ ਨੂੰ ਗ੍ਰਿਫ਼ਤ ਵਿਚ ਲੈ ਲਿਆ ਹੈ। ਸ਼੍ਰੋਮਣੀ ਕਮੇਟੀ ਜਿਹੜੀ ਪਹਿਲਾਂ ਪਹਿਲਾ ਵਜ਼ੀਫ਼ੇ ਦੇ ਕੇ ਜਾਂ ਮੁਕੰਮਲ ਆਪਣੇ ਖਰਚੇ ਉਤੇ ਵਿਦੇਸ਼ਾਂ ਵਿਚ ਬੱਚੇ ਪੜ੍ਹਨ ਭੇਜਣ ਦੀ ਜ਼ਿੰਮੇਵਾਰੀ ਚੁੱਕਦੀ ਸੀ, ਦੇ ਅਧੀਨ ਚਲ ਰਹੇ ਹੁਣ ਕਾਲਜਾਂ ਦੀਆਂ ਫੀਸਾਂ ਕਿਸੇ ਪੱਖੋਂ ਵੀ ਬਜ਼ਾਰ ਨਾਲੋਂ ਘੱਟ ਨਹੀਂ। ਮੁੱਕਦੀ ਗੱਲ ਇਹ ਕਿ ਵਿਦਿਆ ਦੇ ਬਜ਼ਾਰ ਦੀ ਪੇਂਟ ਚੜ੍ਹ ਜਾਣ ਪਿਛੋਂ ਹਾਸ਼ੀਏ ਤੋਂ ਪਾਰ ਲੋਕਾਈ ਦੇ ਬੱਚਿਆਂ ਲਈ ਉਚ ਵਿਦਿਆ ਲਈ ਭਾਰਤ ਵਿਚ ਕੋਈ ਵੀ ਰਾਹ ਨਹੀਂ ਰਿਹਾ।



ਦੂਸਰੇ ਪਾਸੇ ਵਿਦਿਆ ਦੇ ਖੇਤਰ ਵਿਚ ਤਰਕ, ਵਿਗਿਆਨ ਅਤੇ ਆਧੁਨਿਕਤਾ ਨੂੰ ਮੁਕੰਮਲ ਤੌਰ 'ਤੇ ਖਤਮ ਕਰ ਦੇਣ ਦੀ ਯੋਜਨਾ ਵਿਉਂਤੀ ਜਾ ਚੁੱਕੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਵਾਈਸ ਚਾਂਸਲਰ ਤੱਕ ਵਿਗਿਆਨ ਕਾਨਫਰੰਸਾਂ ਵਿਚ ਜਿਵੇਂ ਅੰਧਵਿਸ਼ਵਾਸਾਂ, ਜੜ੍ਹਵਾਦੀ ਮਿੱਥਾਂ, ਵੰਡ ਤੇ ਨਫ਼ਰਤ ਪੈਦਾ ਕਰਨ ਵਾਲੇ ਮਾਪ ਦੰਡਾਂ ਦੀ ਵਕਾਲਤ ਕਰਨ ਅਤੇ ਸਥਾਪਤ ਕਰਨ ਉਤੇ ਤੁੱਲੇ ਹੋਏ ਹਨ। ਇਹ ਨੇ ਵਿਗਿਆਨਕ ਤੇ ਉਸਾਰੂ ਸੋਚ ਲਈ ਹਰ ਰਾਹ ਬੰਦ ਕਰਨ ਦੇ ਖੁੱਲ੍ਹੇ ਸੰਦੇਸ਼ ਦੇ ਦਿੱਤੇ ਹਨ। ਇਸ ਦੇਸ਼ ਵਿਚ ਇਕ ਰਾਸ਼ਟਰ ਦੇ ਨਿਰਮਾਣ ਦੀ ਆਧਾਰਸ਼ਿਲਾ ਸੰਵਿਧਾਨ ਹੀ ਮੰਨਿਆ ਜਾਂਦਾ ਰਿਹਾ ਹੈ ਜਿਹੜਾ ਇਕ ਜਮਹੂਰੀ ਧਰਮ ਨਿਰਪੱਖ ਬਰਾਬਰੀ ਅਤੇ ਨਿਆਂਸ਼ੀਲ ਅਤੇ ਪ੍ਰਬੁੱਧ ਨਾਗਰਿਕ ਬਣਾਉਣ ਵਿਚ ਵਿਦਿਆ ਦੀ ਸਰਗਰਮ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਤਹਿ ਕਰਦਾ ਸੀ ਅਤੇ ਹੈ। ਪਰ ਮੌਜੂਦਾ ਹਕੂਮਤ ਜਿਹਦੇ ਪਿਛੇ ਆਰ. ਐਸ. ਐਸ. ਵਰਗੀ ਅਤਿ ਪਿਛਾਖੜੀ ਜਥੇਬੰਦੀ ਅਤੇ ਹਿੰਦੂਤਵੀ ਸੋਚ ਕੰਮ ਕਰਦੀ ਹੈ। ਕਿਤਾਬਾਂ, ਸਿਲੇਬਸਾਂ ਵਿਚ ਪਿਛਾਂਹ ਖਿੱਚੂ ਜਗੀਰੂ, ਮਾਨਸਿਕਤਾ, ਮੁਸਲਮਾਨਾਂ ਤੇ ਹੋਰਾਂ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਪੈਦਾ ਕਰਨ ਵਾਲਾ ਮਿਥਿਆਸ, ਇਤਿਹਾਸ ਨੂੰ ਤੋੜਨ ਮਰੋੜਨ ਅਤੇ ਵਿਗਿਆਨ ਵਿਰੋਧੀ ਮਿੱਥਾਂ ਨੂੰ ਪਰੋਸ ਰਹੀ ਹੈ। ਇਹਦਾ ਮਤਲਬ ਵੀ ਸਿੱਧਾ ਸਾਫ਼ ਹੈ ਕਿ ਵਿਦਿਆ ਨੂੰ ਖਤਮ ਕਰ ਦਿਓ ਸਿਰਫ਼ ਅੰਧ ਭਗਤ ਹੀ ਬਣਾਉਣ ਵਾਲੀ ਵਿਦਿਆ ਤੱਕ ਸੀਮਤ ਕਰ ਦਿਓ। ਜਿਹੜੀਆਂ ਗੈਰ ਵਿਗਿਆਨਕ, ਗੈਰ ਮਿਆਰੀ ਕਿਤਾਬਾਂ ਕੱਟੜ ਹਿੰਦੂਤਵਵਾਦੀਆਂ ਨੇ ਆਪਣੇ ਸਕੂਲਾਂ ਵਿਚ ਲਾਗੂ ਕੀਤੀਆਂ ਸਨ ਉਨ੍ਹਾਂ ਨੂੰ ਹੁਣ ਦੇਸ਼ ਭਰ ਦੇ ਸਕੂਲਾਂ ਉਤੇ ਥੋਪਿਆ ਜਾ ਰਿਹਾ ਹੈ ਅਤੇ ਪੂਰੇ ਸਲੇਬਸ ਹੀ ਤਬਦੀਲ ਕੀਤੇ ਜਾ ਰਹੇ ਹਨ। ਦਿੱਲੀ ਯੂਨੀਵਰਸਿਟੀ ਨੇ ਕਾਂਚਾਂ ਅਲੈਹੀਆਂ ਦੀ ਕਿਤਾਬ ਨੂੰ ਸਲੇਬਸਾਂ ਵਿਚੋਂ ਕੱਢ ਦਿੱਤਾ ਹੈ। ਇਹ ਸਿਲਸਲਾ ਨੰਦਿਲੀ ਸੁੰਦਰ ਦੀ ਉਹ ਕਿਤਾਬ ਜਿਹੜੀ ਛੱਤੀਸ਼ਗੜ੍ਹ ਦੇ ਆਦਿਵਾਸੀਆਂ ਉਤੇ ਲਿਖੀ ਗਈ ਸੀ, ਨਾਲ ਵੀ ਵਾਪਰਿਆ ਹੈ। ਪਾਸ਼ ਦੀਆਂ ਕਵਿਤਾਵਾਂ ਵੀ ਸਲੇਬਸ ਵਿਚ 'ਸਭ ਤੋਂ ਖਤਰਨਾਕ' ਲੱਗਦੀਆਂ ਹਨ ਜੋ ਪਾਸੇ ਕਰ ਦਿੱਤਾ ਗਿਆ ਹੈ। ਐਨਾ ਹੀ ਨਹੀਂ ਜੇ ਕੋਈ ਅਜਿਹਾ ਪ੍ਰੋਫੈਸਰ ਜੋ ਤਰਕਮਈ ਢੰਗ ਨਾਲ ਇਤਿਹਾਸ ਜਾਂ ਵਿਗਿਆਨ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਏ.ਬੀ.ਵੀ.ਪੀ. ਜਿਹੜੀ ਹਿੰਦੂਤਵੀ ਪਿਆਲਾ ਵਾਲੀ ਵਿਦਿਆਰਥੀ ਜਥੇਬੰਦੀ ਹੈ, ਹੰਗਾਮਾ ਖੜ੍ਹਾ ਕਰਕੇ ਰੋਕ ਦਿੰਦੀ ਹੈ। ਅਹਿਮਦਾਬਾਦ ਯੂਨੀਵਰਸਿਟੀ ਵਿਚ ਪ੍ਰਸਿੱਧ ਇਤਿਹਾਸਕਾਰ ਰਾਮਚੰਦਰ ਗੁਹਾ ਨੂੰ ਪੜ੍ਹਾਉਣ ਦਾ ਸੱਦਾ ਦਿੱਤਾ ਗਿਆ ਸੀ। ਉਥੋਂ ਦੇ ਵੀ.ਸੀ. ਨੂੰ ਸਿੱਟੇ ਭੁਗਤਾਨ ਲਈ ਤਿਆਰ ਰਹਿਣ ਦਾ ਸੰਦੇਸ਼ ਮਿਲ ਗਿਆ ਹੈ। ਇਹ ਦੀ ਲਿਸਟ ਲੰਬੀ ਹੈ ਕਹਿਣ ਦਾ ਭਾਵ ਹੈ ਕਿ ਮੁਢਲੀ ਵਿਦਿਆ ਤੋਂ ਲੈ ਕੇ ਉਚ ਵਿਦਿਆ ਤੱਕ ਭਗਵਾਂਕਰਨੀ ਗਰੋਹਾਂ ਵਲੋਂ ਵਿਉਂਤਬੱਧ ਹਮਲੇ ਕਰਕੇ ਸੰਵਿਧਾਨ 'ਚ ਦਰਜ ਵਿਗਿਆਨਕ ਤੇ ਮਿਆਰੀ ਵਿਦਿਆ ਦੀ ਥਾਂ ਵਿਦਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ।

ਇਹ ਇਥੇ ਹੀ ਸੀਮਤ ਨਹੀਂ। ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿਚ ਵਾਈਸ ਚਾਂਸਲਰ, ਪ੍ਰਿੰਸੀਪਲ, ਡੀਨ, ਪ੍ਰਧਾਨ ਚੇਅਰਮੈਨ ਆਦਿ ਸਾਰੇ ਹੀ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤੀਆਂ ਕਰਨ ਦਾ ਪੈਮਾਨਾ ਸਿਰਫ਼ ਇਕ ਹੀ ਹੈ ਉਹਦੀ ਆਰ. ਐਸ. ਐਸ. ਅਤੇ ਭਾਜਪਾ ਦੀ ਹਿੰਦੂਤਵੀ ਵਿਚਾਰਧਾਰਾ ਵਿਚ ਆਸਥਾ ਕਿੰਨੀ ਗਹਿਰੀ ਹੈ। ਹਿੰਦੀ ਖੇਤਰ ਦੇ ਭਾਜਪਾ ਰਾਜ ਦੇ ਪ੍ਰਦੇਸ਼ਾਂ ਜਾਂ ਕੇਂਦਰ ਦੇ ਅਧੀਨ ਆਉਂਦੇ ਅਦਾਰਿਆਂ ਵਿਚ ਤਾਂ ਇਹ ਨੰਗਾ ਚਿੱਟਾ ਹੀ ਹੈ। ਕਾਂਗਰਸ ਵਾਲੇ ਰਾਜਾਂ ਵਿਚ ਵੀ ਇਹ ਦਬਾਅ ਪਾਇਆ ਜਾਂਦਾ ਹੈ। ਮਿਸਾਲ ਇਥੇ ਪੰਜਾਬ ਦੀ ਹੀ ਹੈ। ਜਿਥੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਚੇਅਰਮੈਨ ਰਾਜਸਥਾਨ ਵਿਚੋਂ ਲਿਆਂਦਾ ਗਿਆ ਅਤੇ ਜਿਹਨੇ ਆਉਂਦਿਆਂ ਹੀ ਬੋਰਡ ਦੀਆਂ ਕਿਤਾਬਾਂ ਵਿਚ ਗੜਬੜਾਂ ਸ਼ੁਰੂ ਕਰ ਦਿੱਤੀਆਂ। ਕੀ ਪੰਜਾਬ ਵਿਚ ਕੋਈ ਵੀ ਇਸ ਅਹੁਦੇ ਲਈ ਯੋਗ ਵਿਦਿਅਕ ਮਾਹਿਰ ਨਹੀਂ ਸੀ। ਆਖਿਰ ਇਹ ਨਿਯੁਕਤੀ ਕਿਸ ਦੇ ਆਦੇਸ਼ ਨਾਲ ਪੰਜਾਬ ਸਰਕਾਰ ਨੇ ਕੀਤੀ? ਇਸ ਮਾਮਲੇ ਵਿਚ ਤਾਂ ਸ਼੍ਰੋਮਣੀ ਕਮੇਟੀ ਦੇ ਅਦਾਰੇ ਵੀ ਨਹੀਂ ਬਚੇ। ਪਿਛਲੇਰੇ ਸਾਲਾਂ ਵਿਚ ਜਿਵੇਂ ਭਾਜਪਾ ਨੇ ਗੈਰ ਜਮਹੂਰੀ ਢੰਗ ਨਾਲ ਯੋਗਤਾ ਵਿਹੂਣੇ ਅਤੇ ਤਾਨਾਸ਼ਾਹ ਫਰਮਾਨਾਂ ਰਾਹੀਂ ਦੇਸ਼ ਭਰ 'ਚ, ਥੋਕ ਵਿਚ ਨਿਯੁਕਤੀਆਂ ਕੀਤੀਆਂ ਹਨ, ਇਨ੍ਹਾਂ ਨਾਲ ਵਿਦਿਅਕ ਸੰਸਥਾਵਾਂ ਦੇ ਅੰਦਰਲੇ ਜਮਹੂਰੀ ਮਾਹੌਲ ਨੂੰ ਹੀ ਤਹਿਸ਼ ਨਹਿਸ਼ ਕਰ ਦਿੱਤਾ ਹੈ। ਉਚ ਵਿਦਿਅਕ ਸੰਸਥਾਨ ਵਿਸ਼ੇਸ਼ ਕਰਕੇ ਯੂਨੀਵਰਸਿਟੀ ਜਾਂ ਉਚ ਖੋਜ ਅਦਾਰੇ ਜਿਨ੍ਹਾਂ 'ਚ ਇਕ ਜਮਹੂਰੀ ਮਾਹੌਲ ਸੀ, ਫੈਸਲੇ ਲੈਣ ਦੀ ਪ੍ਰਕਿਰਿਆ ਪਾਰਦਰਸ਼ੀ ਅਤੇ ਲਗਭਗ ਸੁਤੰਤਰ ਸੀ। ਵਿਸ਼ੇਸ਼ ਕਰਕੇ ਘੱਟੋ ਘੱਟ ਯੋਗ ਅਤੇ ਲੋੜੀਂਦੀ ਯੋਗਤਾ ਤਾਂ ਨਿਯੁਕਤ ਅਧਿਕਾਰੀ ਜਾਂ ਅਧਿਆਪਕ ਪੂਰੀ ਕਰਦੇ ਤਾਂ ਸਨ। ਭਾਜਪਾ ਅਤੇ ਆਰ. ਐਸ. ਐਸ. ਇਨ੍ਹਾਂ ਵਿਚੋਂ ਵਿਦਿਅਕ ਅਦਾਰਿਆਂ ਨੂੰ ਇਥੋਂ ਤੱਕ ਤਬਾਹ ਕਰਨ ਉਤੇ ਤੁਲੀ ਹੋਈ ਹੈ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਅਸਿਹਮਤੀ ਅਤੇ ਵਿਰੋਧ ਦੇ ਅਧਿਕਾਰਾਂ ਨੂੰ ਹੀ ਜੜ੍ਹ ਤੋਂ ਖਤਮ ਕਰਨ ਲਈ ਤਿਆਰ ਬੈਠੀ ਹੈ। ਸਰਕਾਰੀ ਅਦਾਰੇ ਹੀ ਨਹੀਂ ਸਗੋਂ ਸਮੁੱਚੀ ਵਿਦਿਆ ਪ੍ਰਤੀ ਸਰਕਾਰ ਦਾ ਰਵੱਈਆ ਦੁਸ਼ਮਣਾਂ ਵਾਲਾ ਹੈ। ਹਕੂਮਤ ਵਿਦਿਆ ਦੇ ਖੇਤਰ 'ਚੋਂ ਬਾਹਰ ਹੀ ਨਹੀਂ ਹੋਣਾ ਚਾਹੁੰਦੀ ਅਤੇ ਕਾਰਪੋਰੇਟੀ ਪੂੰਜੀ ਦੇ ਹਵਾਲੇ ਕਰ ਦੇਣਾ ਚਾਹੁੰਦੀ ਸਗੋਂ ਇਸ ਨੂੰ ਹਰ ਪੱਖੋਂ ਤਬਾਹ ਕਰਨ ਉਤੇ ਉਤਾਰੂ ਹੋਈ ਬੈਠੀ ਹੈ।

ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦਾ ਇਕ ਹੋਰ ਹਾਸੋਹੀਣਾ ਅਤੇ ਅਚੰਭਾ ਜਨਕ ਕਾਰਨਾਮਾ ਇਹ ਵੀ ਹੈ ਕਿ ਇਹਨੇ ਉਸ ਸੰਸਥਾ ਨੂੰ ਜਿਹੜੀ ਅਜੇ ਹੋਂਦ ਵਿਚ ਹੀ ਨਹੀਂ ਸੀ ਆਈ 'ਇੰਸਟੀਚਿਊਟ ਆਫ਼ ਐਮੀਨੈਂਸ' ਦਾ ਐਵਾਰਡ ਦੇ ਕੇ ਸਨਮਾਨ ਦਿੱਤਾ। ਸਿਤਮ ਵੀ ਗੱਲ ਇਹ ਕਿ ਇਸ ਐਵਾਰਡ ਦੀ ਸਿਫਾਰਸ਼ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵਲੋਂ ਸਥਾਪਤ 'ਇੰਮਪਾਵਰਡ ਐਕਸਪਰਟ ਕਮੇਟੀ' ਨੇ ਕੀਤੀ ਸੀ ਅਤੇ ਇਹ ਸੰਸਥਾ ਰਿਲਾਇੰਸ ਫਾਊਡੇਸ਼ਨ ਦੀ' ਜਿਊ ਇੰਸਟੀਚਿਊਟ' ਨੂੰ ਚੁਣਿਆ ਗਿਆ ਸੀ। ਹੈਰਾਨੀ ਦੀ ਗੱਲ ਇਹ ਕਿ ਜਿਸ ਦਿਨ ਯੂ. ਜੀ. ਸੀ. ਨੇ ਪ੍ਰੈਸ ਬਿਆਨ ਜਾਰੀ ਕਰਕੇ 'ਇੰਸਟੀਚਿਊਟ ਆਫ਼ ਐਮਿਨੈਂਸ' ਐਵਾਰਡ ਲਈ ਸੰਸਥਾਵਾਂ ਤੋਂ ਨਾਮਾਂ ਦੀ ਮੰਗ ਕੀਤੀ ਸੀ, ਉਸੇ ਦਿਨ ਹੀ 'ਰਿਲਾਇੰਸ ਫਾਊਂਡੇਸ਼ਨ ਇੰਸਟੀਚਿਊਟ ਆਫ਼ ਐਜੂਕੇਸ਼ਨ ਐਂਡ ਰੀਸਰਚ ਨੂੰ ਇਕ ਕੰਪਨੀ ਦੇ ਤੌਰ 'ਤੇ ਰਜਿਸਟਰਡ ਕੀਤਾ ਗਿਆ ਅਤੇ ਜਿਊ ਇੰਸਟੀਚਿਊਟ ਦੀ ਕੋਈ ਹੋਂਦ ਤੇ ਆਧਾਰ ਢਾਂਚਾ ਹੀ ਨਹੀਂ ਸੀ।

ਤੱਥ ਤਾਂ ਇਹ ਵੀ ਹਨ ਕਿ ਐਮ. ਐਚ. ਆਰ. ਡੀ. ਨੇ ਨਿਰਮਾਣ ਅਧੀਨ ਸੰਸਥਾਵਾਂ ਲਈ 'ਗ੍ਰੀਨਫੀਲਡ ਸ਼੍ਰੇਣੀ' ਸਬੰਧੀ ਨਿਯਮ ਹੀ ਅਜਿਹੇ ਬਣਾਏ ਸਨ ਕਿ ਇਸ ਵਿਚ ਅੰਬਾਨੀ ਤੋਂ ਇਲਾਵਾ ਹੋਰ ਕੋਈ ਸਫ਼ਲ ਹੀ ਨਹੀਂ ਸੀ ਹੋ ਸਕਦਾ। ਇਸ 'ਇੰਮਪਾਵਰਡ ਐਕਸਪਰਟ ਕਮੇਈ' ਦਾ ਪਹਿਲਾ ਮੁਖੀ, ਸਾਬਕ ਮੁੱਖ ਚੋਣ ਕਮਿਸ਼ਨਰ ਐਨ ਗੋਪਾਲਸਵਾਮੀ ਨੂੰ ਬਣਾਇਆ ਗਿਆ ਸੀ ਜਿਹੜਾ ਹੁਣ ਆਰ. ਐਸ. ਐਸ. ਨਾਲ ਸਬੰਧਤ ਵਿਵੇਕਾਨੰਦ ਐਜੂਕੇਸ਼ਨ ਸੁਸਾਇਟੀ ਦਾ ਮੁਖੀ ਹੈ। ਇਹਦੇ ਨਾਲ ਵਿਨੈ ਸ਼ਹਿਲ ਉਬਰਾਏ ਜਿਹੜਾ ਉਸ ਸਮੇਂ ਐਮ.ਐਚ.ਆਰ.ਡੀ. ਦਾ ਸਕੱਤਰ ਸੀ, ਜਦੋਂ ਆਈ.ਓ.ਈ (ਇੰਸਟੀਚਿਊਟ ਆਫ਼ ਐਮੀਨੈਂਸ਼) ਦੀ ਯੋਜਨਾ ਉਤੇ ਵਿਚਾਰ ਚਲ ਰਿਹਾ ਸੀ। ਇਹੋ ਉਬਰਾਏ ਪਿਛੋਂ ਮੁਕੇਸ਼ ਅੰਬਾਨੀ ਦੀ ਅੱਠ ਮੈਂਬਰੀ ਟੀਮ ਦਾ ਅੰਗ ਬਣ ਗਿਆ ਜਿਹਨੇ 'ਜਿਊ ਇੰਸਟੀਚਿਊਟ' ਨੂੰ ਈ.ਈ.ਸੀ. ਮੂਹਰੇ ਪੇਸ਼ ਕੀਤਾ। ਹੈ ਨਾ ਕਮਾਲ ਮੋਦੀ ਸਰਕਾਰ ਦਾ। ਸੰਸਥਾ ਹੈ ਹੀ ਨਹੀਂ ਉਹਦਾ ਵਜੂਦ ਤੇ ਢਾਂਚਾ ਹੀ ਨਹੀਂ ਪਰ ਬਿਹਤਰੀਨ ਸੰਸਥਾ ਦਾ ਐਵਾਰਡ ਵੀ ਐਲਾਨਿਆ ਜਾਂਦਾ ਹੈ। ਦੇਸ਼ ਵਿਚ ਇਕ ਇਕ ਸਦੀ ਤੋਂ ਕੰਮ ਕਰ ਰਹੀਆਂ ਦੇਸ਼ ਦੀਆਂ ਲਾਮੀ ਗਰਾਮੀ ਵਿਦਿਅਕ ਸੰਸਥਾਵਾਂ ਨੂੰ ਤਬਾਹ ਕਰਨ ਉਤੇ ਉਤਾਰੂ ਹਕੂਮਤ ਦਾ ਉਨ੍ਹਾਂ ਵੱਲ ਬੇਰੁਖੀ ਵਾਲਾ ਵਤੀਰਾ। ਹਾਕਮਾਂ ਦੀ ਕਾਰਪੋਰੇਟ ਪੂੰਜੀ ਨਾਲ ਯਾਰੀ ਹੋਵੇ ਤਾਂ ਅਜਿਹੀ। ਇਸ ਐਵਾਰਡ ਦੇ ਐਲਾਨੇ ਜਾਣ ਨਾਲ ਰਿਲਾਇੰਸ ਘਰਾਣੇ ਦੀ ਇਸ 'ਜਿਊ ਇੰਸਟੀਚਿਊਟ' ਨੂੰ ਕਰੋੜਾਂ ਕਰੋੜ ਰੁਪਏ ਦੀਆਂ ਸਰਕਾਰੀ ਗਰਾਂਟਾਂ ਤੇ ਛੋਟਾਂ ਦੇ ਗੱਫੇ ਮਿਲਣ ਦਾ ਰਾਹ ਪੱਧਰਾ ਹੋ ਜਾਵੇਗਾ।

ਅਜਿਹੀ ਹਾਲਤ ਵਿਚ ਦੇਸ਼ ਭਰ ਦੀ ਲੋਕਾਈ ਵਿਦਿਆ ਦੇ ਖੇਤਰ ਦੇ ਕਾਮਿਆਂ ਵਿਦਿਅਕ ਮਾਹਿਰਾਂ ਵਿਦਿਆਰਥੀਆਂ ਅਤੇ ਸਮੂਹ ਸਮਾਜ ਨੂੰ ਵਿਦਿਆ ਨੂੰ ਬਚਾਉਣ ਲਈ, ਵਿਦਿਆ ਦੇ ਅਧਿਕਾਰ ਨੂੰ ਸੁਨਿਸਚਿਤ ਬਣਾਉਣ ਲਈ ਸੰਘਰਸ਼ ਦਾ ਰਾਹ ਫੜਨਾ ਪਵੇਗਾ। ਵਿਦਿਆ ਦੇ ਖੇਤਰ 'ਚ ਹੋ ਰਹੇ ਚੌਤਰਫ਼ੇ ਹਮਲੇ ਵਿਰੁੱਧ 'ਆਲ ਇੰਡੀਆ ਫੋਰਮ ਫਾਰ ਰਾਈਟ ਟੂ ਐਜੂਕੇਸ਼ਨ' ਦੇਸ਼ ਪੱਧਰ ਵਿਚ ਮੁਹਿੰਮ ਚਲਾ ਰਿਹਾ ਹੈ ਜਿਸ 'ਚ ਇਹ ਮੰਗ ਕੀਤੀ ਜਾ ਰਹੀ ਹੈ ਕਿ 1. ਵਿਦਿਆ ਦਾ ਨਿੱਜੀਕਰਨ, ਬਜ਼ਾਰੀਕਰਨ, ਕਾਰਪੋਰੇਟੀਕਰਨ, ਸੰਪਰਦਾਇਕੀਕਰਨ ਅਤੇ ਕੇਂਦਰੀਕਰਨ (ਭਾਵ ਰਾਜਾਂ ਦੇ ਅਧਿਕਾਰ ਖੋਹਣ) ਦੇ ਹੱਥ ਕੰਡਿਆਂ ਤੋਂ ਸਰਕਾਰ ਬਾਜ ਆਵੇ। 2. ਦੇਸ਼ਦੇ 85 ਫੀਸਦੀ ਲੋਕਾਈ ਨੂੰ ਵਿਦਿਆ ਦੇ ਖੇਤਰ 'ਚੋਂ ਬਾਹਰ ਕਰਨ ਵਾਲੀਆਂ ਨੀਤੀਆਂ ਜਿਹਦੇ ਨਾਲ, ਦਲਿਤ, ਆਦਿਵਾਸੀ, ਧਾਰਮਿਕ ਭਾਸ਼ਾਈ ਘੱਟ ਗਿਣਤੀਆਂ ਆਦਿ ਪ੍ਰਭਾਵ ਹੋਣਗੇ ਵਾਪਸ ਲਇਆਂ ਜਾਣ। 3. ਹਰ ਬੱਚੇ ਲਈ ਕੇ. ਜੀ. ਤੋਂ ਲੈ ਕੇ ਪੀ. ਜੀ. (ਪੀ.ਐਚ.ਡੀ.) ਤੱਕ ਦੀ ਵਿਦਿਆ ਬਰਾਬਰਤਾ ਦੇ ਆਧਾਰ ਉਤੇ ਮੁਫ਼ਤ ਦਿੱਤੀ ਜਾਵੇ ਅਤੇ ਹਰ ਬੱਚੇ ਲਈ ਅਜਿਹੀ ਵਿਦਿਆ ਮੁਹੱਈਆ ਕਰਵਾਉਣਾ ਹਕੂਮਤ ਦੀ ਜ਼ਿੰਮੇਵਾਰੀ ਹੋਵੇ। 4. ਗੈਰ ਬਰਾਬਰੀ ਅਤੇ ਭੇਦ ਭਾਵ ਫੈਲਾਉਣ ਵਾਲੀਆਂ, ਸਮਾਜਿਕ ਨਿਆਂ ਖੋਹਣ ਵਾਲੀਆਂ ਜਾਤੀ ਵਿਵਸਕਾ ਅਤੇ ਪਿਤਰੀ ਸੱਤਾ ਨੂੰ ਮਜਬੂਤ ਕਰਨ ਵਾਲੀਆਂ ਅਤੇ ਜਮਹੂਰੀਅਤ ਨੂੰ ਕਮਜ਼ੋਰ ਕਰਨ ਵਾਲੀਆਂ ਨੀਤੀਆਂ ਨੂੰ ਤੁਰੰਤ ਰੋਕ ਲਾਈ ਜਾਵੇ।

5. ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਬਿਹਤਰ ਬਣਾਇਆ ਜਾਵੇ ਅਤੇ ਪ੍ਰਾਈਵੇਟ ਸੰਸਥਾਵਾਂ ਦਾ ਕੌਮੀਕਰਨ ਕੀਤਾ ਜਾਵੇ। 6. ਇਲਾਹਾਬਾਦ ਹਾਈਕੋਰਟ ਦੇ (2015) ਦੇ ਆਦੇਸ਼ ਮੁਤਾਬਕ ਅਜਿਹਾ ਕੇਂਦਰੀ ਕਾਨੂੰਨ ਬਣਾਇਆ ਜਾਵੇ ਕਿ ਸਰਕਾਰੀ ਖਜ਼ਾਨੇ 'ਚੋਂ ਪੈਸਾ ਲੈਣ ਵਾਲਾ ਹਰ ਵਿਅਕਤੀ ਉਹ ਪ੍ਰਧਾਨ ਮੰਤਰੀ ਹੋਵੇ ਜਾਂ ਮੰਤਰੀ ਸੰਸਦ ਵਿਧਾਇਕ ਇਕ, ਆਈ. ਏ. ਐਸ. ਅਧਿਕਾਰੀ, ਆਈ. ਪੀ. ਐਸ. ਜਾਂ ਸੁਪਰੀਮ ਕੋਰਟ ਤੋਂ ਲੈ ਕੇ ਹੇਠਾਂ ਤੱਕ ਜੱਜ ਹਰ ਸਰਕਾਰੀ ਕਰਮਚਾਰੀ ਤੋਂ ਲੈ ਕੇ ਚਪੜਾਸੀ ਤੱਕ ਭਾਵ ਹਰ ਨਾਗਰਿਕ ਦਾ ਬੱਚਾ ਨੇੜ ਵਾਲੇ ਗੁਆਂਢੀ ਸਰਕਾਰੀ ਸਕੂਲ ਵਿਚ ਪੜ੍ਹੇ। ਭਾਵ ਮੰਤਰੀ ਦਾ ਬੱਚਾ ਤੇ ਚਪੜਾਸੀ ਦਾ ਬੱਚਾ ਇਕੋ ਸਕੂਲ ਵਿਚ ਪੜ੍ਹਨ ਅਤੇ ਸਭ ਲਈ ਬਰਾਬਰ ਦੇ ਵਿਦਿਅਕ ਸਹੂਲਤਾਂ ਅਤੇ ਮੌਕੇ ਮੁਹੱਈਆ ਹੋਣ। 8. ਹਰ ਵਿਦਿਆ ਬੱਚੇ ਦੀ ਮਾਂ ਬੋਲੀ ਵਿਚ ਦੇਣਾ ਯਕੀਨੀ ਬਣਾਇਆ ਜਾਵੇ। 9. ਹਕੂਮਤ ਕੇਂਦਰੀ ਬਜਟ ਦਾ ਵਿਦਿਆ ਉਤੇ ਘੱਟੋ ਘੱਟ 10 ਫੀਸਦੀ ਹਿੱਸਾ ਖਰਚ ਕਰੇ। 10. ਵਿਦਿਆ ਦੇ ਖੇਤਰ ਵਿਚ ਵਿਸ਼ਵ ਬੈਂਕ ਵਿਸ਼ਵ ਵਪਾਰ ਸੰਗਠਨ ਅਤੇ ਕੌਮਾਂਤਰੀ ਬਜ਼ਾਰ ਦੀਆਂ ਹੋਰ ਏਜੰਸੀਆਂ ਦੀ ਦਖ਼ਲ-ਅੰਦਾਜ਼ੀ ਮੁਕੰਮਲ ਬੰਦ ਹੋਵੇ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਫੋਰਮ 18 ਫਰਵਰੀ 2019 ਨੂੰ ਦਿੱਲੀ ਵਿਚ ਇਕ ਹੁੰਕਾਰ ਰੈਲੀ ਕਰ ਰਿਹਾ ਹੈ। ਦੇਸ਼ ਦੇ ਬੁੱਧੀਜੀਵੀਆਂ ਨੂੰ ਵਿਦਿਆ ਨੂੰ ਬਚਾਉਣ ਦੀ ਇਸ ਲੜਾਈ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਜੇ ਵਿਦਿਆ ਬਚੇਗੀ ਤਾਂ ਸਮਾਜ ਬਚੇਗਾ, ਦੇਸ਼ ਬਚੇਗਾ ਅਤੇ ਇਕ ਜਮਹੂਰੀ ਵਿਚਾਰ ਤੇ ਸੰਸਥਾਵਾਂ ਬਚਣਗੀਆਂ ਨਹੀਂ ਤਾਂ ਬ੍ਰਹਮਈ ਕਾਰਪੋਰੇਟੀ ਪੂੰਜੀ ਦੀ ਪਹੁੰਚ ਦੇਸ਼ ਦੇ ਆਵਾਮ ਨੂੰ ਸਮਾਜ ਨੂੰ ਇਕ ਹਨ੍ਹੇਰੇ ਦੀ ਗੁਫ਼ਾ ਵੱਲ ਧੱਕ ਕੇ ਭਰਾ ਮਾਰ ਲੜਾਈ ਵਿਚ ਉਲਝਾਵੇਗੀ। ਸੋ ਹਰ ਨਾਗਰਿਕ ਲਈ ਵਿਦਿਆ ਦੀ ਰਾਖੀ ਲਈ ਆਪਦਾ ਮੋਰਚਾ ਸੰਭਾਲਣਾ ਚਾਹੀਦਾ ਹੈ।

# Ontario Health Coalition via OntarioHealthCoalition

## Warning that Leaked Health Care Omnibus Bill Would Create Health Care Chaos: Longstanding Leaders of Organizations Representing Patients, Care Workers, Doctors

*We held a press conference at Queen's Park this morning. Here is the information provided to the provincial media:*

Academic leaders, democracy advocates, patient advocates, front-line care workers and doctors are all speaking with one voice when it comes to the leaked health care omnibus bill that has secretly been planned by the Ford government for months: if passed, it would cause health care chaos that will last for years. Speaking at a Queen's Park press conference this morning, representatives called on the Ford government to rethink their plans; to rebuild capacity in our public health care to meet population need and consult with Ontarians in a proper and meaningful democratic consultation process about the future of our health care system, rather than engaging in massive restructuring and privatization.

The leaked omnibus health care bill creates a new "Super Agency" by merging 14 Local Health Integration Networks, Cancer Care Ontario, Health Quality Ontario. It also gives new extraordinary powers to the Minister and the Super Agency to privatize significant portions of health care and to facilitate the mega-mergers of health care providers such as hospitals, long-term care homes, home care, clinics and so on. The legislation drops public interest protections from the previous LHIN legislation including requirements for open board meetings, appeals of restructuring decisions, principles to guide decision making, equity, a requirement to plan to meet population need for health care and others. It has vast scope and far-reaching consequences. Put in context, the leaked legislation impacts millions of patients; hundreds of thousands of doctors, nurses, health professionals and support care workers; the entire cancer care system; 262 local hospitals; 629 long-term care homes; all of home care; more than 1,000 clinics; Ontario's organ donation system; our quality tracking system, and more.

"The leaked health care legislation is an omnibus bill that would rescind and amend dozens of major pieces of health care legislation. It been created in secret behind closed doors with a plan to drive it through the Ontario Legislature and begin implementation at breakneck speed," said Natalie Mehra, executive director of the Ontario Health Coalition. "It is the blueprint for the creation of a super bureaucracy that is charged with facilitating mega-mergers, service movement, transfers, closures, privatization: essentially restructuring on steroids. The evidence from past experiments that were much smaller in scope cost billions of dollars, taking money away from care that will never be recovered. Ford's plan will be enormously costly, destabilizing and damaging just when we need a government that will rebuild not destroy public health care."

"In a health care system that is badly under-funded and under-staffed, it is incomprehensible that the Ford government would embrace another wave of hugely expensive and inefficient restructuring, taking money away from care. This legislation carries with it huge job loss implications. It is designed to create a market for privatization of clinical and other services," said Michael Hurley, president of OCHU/CUPE. "Those of us working in the health care system, the public and the staff have not been consulted at all about these very complex and far-reaching plans. The workforce will, with the public, resist any attempts to privatize health services."

"If challenges are found within the public health care system, the government should be working with health care providers, researchers and the public to seek improvements within the public system, rather than further fragmenting it as is clearly their intention," said Dr Ritika Goel, a family physician working in Toronto and board member of Canadian Doctors for Medicare. "It is unclear how the creation of a 'Super Agency' will make care more connected to the communities in which patients live. Reorganization and integration require a lot of trust and capacity. But with no consultation with front line health care professionals or patients currently navigating the system, it is hard to see how that trust will be built."

Because the plan is to create a market for privatization, according to the leaked omnibus bill, the government will tender services, inviting public non-profit and for-profit companies and health care entities to apply to merge or take over other services. In one part of the province we might see for-profit long-term care homes take over public convalescent care or chronic care, in another, a large hospital may try to take over home care, in another multiple hospitals could merge in mega-mergers including for-profit hospitals or clinics. In addition, the Super Agency can order the privatization of any part of the supply chain or "procurement" (undefined and therefore not limited) and decide what company takes over the services.

"What is planned is not seamless integration. It is disintegration and a patchwork quilt of inconsistent services", warned Hugh Armstrong, professor emeritus from Carleton University.

"There is no question that this legislation gives access to public non-profit hospital, home care and a range of vital support services for private for-profit companies that they have never had before. It is a prescription for privatization that will undoubtedly compromise quality, safety and lead to two-tier health care," reported Ms. Mehra.

The legislation and the leaked internal Ministry of Health documents show that the Ford government has been planning this legislation for months behind the scenes, but has not told anything to the people of Ontario. Normally major policy changes are preceded by a discussion paper or "white paper", which is sent out for broad public consultation before legislation is even written. Once the legislation is introduced in the legislature, it goes for public hearings across the province and amended as a result of the public input received. In this case, there has been no discussion paper, no public consultation, and the documents reveal that the government planned to introduce the legislation and put out services to tender within a few short weeks before the legislation would even be proclaimed and without any allowance for meaningful public input.

"The Ford government has an agenda that it wants to railroad through before people realize what it is," noted Duff Conacher, co-founder of the citizen advocacy group Democracy Watch. "The process by which this legislation has been created is a total departure from democratic norms. Mr. Ford cannot claim to govern "for the people" and keep secret from the people a health care omnibus bill that will result in major health care restructuring and privatization."

Last week, the Ford government responded by misleading denials and tactics designed to put themselves on the offensive rather than the defensive. Health Minister Christine Elliott claimed that she had never seen "the leaked document that the NDP revealed today", on the day of her press conference. She claimed that the legislation was drafted by the non-partisan civil service as though it was just an idea generated independently and her government had nothing to do with it. However, she neglected to mention that Premier Doug Ford's Cabinet (that is every Minister in government including Minister Christine Elliott) passed the direction for the legislation. She did not admit that her own signature is on the Orders In Council (Cabinet documents) to create the Super Agency and begin appointments. She also failed to note that the documents show that the government intended to introduce the legislation this month and that the tenders for the first restructuring/privatization were scheduled to go out in March. It is not possible that the Health Minister would not be intimately involved at this late stage of the planning. Mr. Ford called in the OPP to hunt for and fire the person who leaked the document. But without that person and the NDP's intervention, Ontarians would have been in the dark about the government's intentions for potentially the largest scale restructuring and privatization of health care that Ontario has ever seen until it was too late for them to effect any change.




### ਹੱਡਾਰੋੜੀ

ਹੱਡਾਰੋੜੀ ਦੇ ਕੁੱਤਿਆਂ ਵਾਂਗ
ਹੋ ਗਏ ਨੇ ਹੁਕਮਰਾਨ
ਜੋ ਨੋਚ ਲੈਣਾ ਚਾਹੁੰਦੇ ਨੇ
ਉਮੀਦ, ਸੁਪਨੇ, ਰੀਝਾਂ ਤੇ ਹੱਕ
ਜਿਵੇਂ ਨੋਚਿਆ ਹੈ ਮੋਗੇ ਦੇ
ਧੂਰਕੋਟ ਰਣਸੀਂਹ ਦੇ ਹਰਮਨ ਨੂੰ
ਪਾੜ ਦੇਣਾ ਚਾਹੁੰਦੇ ਨੇ
ਸੰਵਿਧਾਨ ਦੇ ਉਸ ਖਾਕੇ ਨੂੰ
ਜੋ ਦਿੰਦਾ ਹੈ ਥੋੜ੍ਹੀ ਬਹੁਤੀ
ਫਰਿਆਦ ਕਰਨ ਦੀ ਮੋਹਲਤ
ਉਹ ਡਕਾਰ ਜਾਣਾ ਚਾਹੁੰਦੇ ਨੇ
ਕਨੂੰਨ, ਇਨਸਾਫ਼ ਤੇ ਦਲੀਲ ਨੂੰ
ਹੁਕਮਰਾਨ ਜੋ
ਹੱਕ ਮੰਗਦਿਆਂ ਨੂੰ ਮਨੁੱਖ ਨਹੀਂ
ਬਲਕਿ ਸਮਝਦਾ ਹੈ ਸਿਰਫ ਬੋਟੀਆਂ
ਹੱਡਾਰੋੜੀ ਦੇ ਕੁੱਤਿਆਂ ਦੀ
ਵਧਦੀ ਜਾ ਰਹੀ ਇਸ ਧਾੜ ਨੂੰ
ਚੌਂਕੀਦਾਰ ਬਣ ਕੇ ਬਚਾ ਰਹੇ ਨੇ ਗਾਂਧੀ
ਮਾਰਕਾ ਸੈੱਲ
ਉਹ ਜੋ ਜਾਣਦੈ ਹੈ ਕਿ
ਫਿਲਹਾਲ ਕਨਫਿਊਜ਼ ਹੈ
ਓਹ ਵਾਇਰਸ
ਜਿਸ ਨੂੰ ਪਤਾ ਹੈ ਕਿ
ਹਲਕੇ ਕੁੱਤਿਆਂ ਦਾ
ਇਲਾਜ ਕੀ ਹੁੰਦਾ ਹੈ..
ਇਸ ਲਈ ਹੀ ਓਹ
ਆਦਮਖੋਰ ਹੋ ਗਿਆ

-ਹਰਭਗਵਾਨ ਭੀਖੀ

# Edu-tech corporations eyeing the public education frontier

By Larry Kuehn




The dangers of corporate monopolies in our communications have been recently revealed through exposés of social media corporations like Google and Facebook. Almost unnoticed, though, has been a similar analysis of the way in which these same corporate monopolies have been colonizing and privatizing public education under the guise of "21st Century learning."

Colonization is a process where a significant force moves into an area and dominates. It takes over not only the production and resources, but imposes—often by stealth and power—the processes, approaches, and even the values of the social and cultural environment.

And dominate is what the monopolistic technology platforms are on track to do in public education.

The top five global capital corporations are platforms in the technology field—Apple, Google, Microsoft, Amazon and Facebook—from which a variety of services and uses can be hosted. While the big five compete against one another, adding services to keep users on their platform for everything they do online, the sheer size of these entities ensures there is no significant competition from outside this select group. If a new, potentially competitive service seems to be gaining users, it is quickly purchased and integrated into an existing platform. Alternatively, the big five can use their massive resources to develop a comparable app and push the potential competitor aside.

The author of Platform Capitalism, Nick Snricek, points out that this form of monopoly "introduces new tendencies within capitalism that pose significant challenges to a post-capitalist future." Building public, cooperative platforms becomes an impossible dream.

In the pursuit of new growth opportunities, it's no surprise that the tech platforms have moved into public education, which represents a big chunk of potential revenue. Just as importantly, education is where one can find most of the future consumers and (potentially ongoing) users of platform services.

The most successful corporation here has been Google. A recent report indicates that Google's G-Suite for Education is being used by half the teachers and students in the U.S. It includes a range of free software tools that can be used by students and teachers—word processing, presentations, spread sheets and the like. G-Suite incorporates "Classroom," an integrated learning management system that keeps track of grades, attendance and more. And, of course, YouTube is linked for student use.

New elements are added frequently. "Google Sites" is promoted for student e-portfolios, because "every student should publish for the world." Google acquired Workbench, integrated with Google Classroom, to give "lessons connected to a variety of 'maker' activities focused on STEM." It is part of Google's plan to "help schools and educators address their universal needs around education content."

So, rather than democratic public institutions, Google shapes what is on offer. Google's position as edu-colonizer is strengthened by the hardware increasingly used in schools—the Google Chromebook. It is less expensive than other computers because much of what it needs to operate—operating software, applications and memory—is supplied by Google in the cloud rather than being included with the computer. According to market reports, Chromebooks make up the majority of all computers sold to schools in the U.S. and they are also marketed globally.

However, one must have a Gmail account to use these Google tools—so the kid whose parent wants to protect the privacy of their child and refuses a Gmail account is left out, while the rest of the class works away on their Chromebook and its accompanying slate of Google tools.

Google has even taken up teaching "internet safety," with a program aimed at reaching five million students. Its core is a game for students in Grades 3 to 6 to teach them to avoid "schemers, hackers and other bad actors." However, as critics point out, it doesn't talk about privacy concerns when users' personal information and actions are tracked online—activities in which Google itself is directly implicated.

A Swedish study of Google's strategy concluded that: "By making an implicit demarcation between two concepts—(your) 'data' and (collected) 'information'—Google can disguise the presence of a business model for online marketing and, at the same time, simulate the practices and ethics of a free public service institution."

In her article, "Ed-tech in a Time of Trump," Audrey Watters points out that: "The risk isn't only hacking. It's amassing data in the first place. It's profiling. It's tracking. It's surveilling." (For more on this topic, see A Hack Education Project.)

Google isn't alone in the business of colonizing education and mining student data—it's just the most successful at it... so far. One competitor is Microsoft 365 Education, which will "unlock limitless learning" with a promise of "empowering every student on the planet to achieve more."

Microsoft 365 is the cloud-based provision of software and cloud storage for your work that is the new business model for Microsoft. They don't sell you software, you rent it—and keep paying for it. And your work isn't saved on your own computer, so you have to keep up your subscription. Like Google, Microsoft is hoping that students will keep using their tools when they finish being students.

Here, Microsoft imitates much of what Google provides, but by charging for the service rather than trading it for data. It offers apps, educator training and STEM lessons "to enrich science, technology, engineering and math classes," and "budget friendly" Windows 10 devices with licences for Microsoft 365 Education.

While Microsoft and Google are prominent in the pursuit of the classroom, neither are pioneers of the sector. Apple was the first into education way back in the '80s, with the Apple IIe and the "Apple classroom of Tomorrow." More recently, Apple has promoted the iPad's ease of use, despite its cost, to convince schools to buy class sets; it also, in collaboration with Pearson, engaged in an ill-fated project in Los Angeles schools.

And the frenzy continues as venture capitalists hope to find the magic app that will make a fortune, and as hundreds of millions of dollars are spent each year on developing new products that will either be bought or copied by one of the major corporations.

Meanwhile, shockingly little attention is paid by education authorities or researchers to the way in which technology monopolies have the potential to not just shape but distort public education.

Larry Kuehn is Director of Research and Technology at the British Columbia Teachers' Federation (BCTF). An earlier version of this blog was published at IPE/BC.

## ਅਵਾਰਾ ਕੁੱਤਿਆਂ ਨੇ ਸੱਤ ਸਾਲਾ ਬੱਚੇ ਨੂੰ ਨੋਚ-ਨੋਚ ਖਾ ਕੇ ਮੌਤ ਦੇ ਘਾਟ ਉਤਾਰਿਆ

ਮੋਗਾ ਜ਼ਿਲ੍ਹੇ ਦੇ ਥਾਣਾ ਨਿਹਾਲ ਸਿੰਘ ਵਾਲਾ ਦੇ ਪਿੰਡ ਧੂੜਕੋਟ ਰਣਸੀਂਹ ਵਿਖੇ ਅਵਾਰਾ ਕੁੱਤਿਆਂ ਵਲੋਂ ਪਤੰਗ ਚੜ੍ਹਾਉਂਦੇ ਸਮੇਂ ਇਕ ਦਲਿਤ ਪਰਿਵਾਰ ਦੇ ਸੱਤ ਸਾਲਾਂ ਬੱਚੇ ਨੂੰ ਨੋਚ-ਨੋਚ ਕੇ ਖਾ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਨਾਲ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਆਪਣੇ ਮਾਪਿਆਂ ਦਾ ਹੋਣਹਾਰ ਲਾਡਲਾ ਸਪੁੱਤਰ ਹਰਮਨ ਸਿੰਘ ਪੁੱਤਰ ਡਰਾਈਵਰ ਸੋਨੀ ਸਿੰਘ ਕੌਮ ਮਜਬੀ ਸਿੱਖ ਵਾਸੀ ਧੂੜਕੋਟ ਰਣਸੀਂਹ, ਜੋ ਕਿ ਦੂਸਰੀ ਕਲਾਸ ਵਿਚ ਪੜ੍ਹਦਾ ਸੀ ਪ੍ਰੰਤੂ ਬਸੰਤ ਪੰਚਮੀ ਦੇ ਤਿਉਹਾਰ ਦੀ ਸਕੂਲ ਵਿਚ ਛੁੱਟੀ ਹੋਣ ਕਰਕੇ ਆਪਣੇ ਗੁਆਂਢ ਘਰ ਦੇ ਨੇੜੇ ਖੇਤਾਂ ਵਿਚ ਪਤੰਗ ਚੜ੍ਹਾ ਰਿਹਾ ਸੀ ਕਿ ਅਚਾਨਕ ਅਵਾਰਾ ਕੁੱਤਿਆਂ ਦੇ ਝੁੰਡ ਨੇ ਇਸ ਖੇਡ ਰਹੇ ਨੰਨ੍ਹੇ ਬੱਚੇ ਨੂੰ ਆਪਣਾ ਸ਼ਿਕਾਰ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਬੱਚੇ ਦੀ ਮੌਦਾ ਉਸ ਵੇਲੇ ਪਤਾ ਲੱਗਾ ਜਦ ਇਕ ਔਰਤ ਨੇ ਖੇਤਾਂ ਵਿਚ ਅਵਾਰਾ ਕੁੱਤਿਆਂ ਦੇ ਝੁੰਡ ਵਲੋਂ ਕਿਸੇ ਚੀਜ਼ ਨੂੰ ਘੜੀਸਦੇ ਹੋਏ ਵੇਖਿਆ ਜਦ ਉਸ ਨੇ ਰੌਲਾ ਪਾਇਆ ਤਾਂ ਲੋਕਾਂ ਨੇ ਕੋਲ ਜਾ ਕੇ ਵੇਖਿਆ ਤਾਂ ਕੁੱਤਿਆਂ ਦੇ ਮੂੰਹ ਵਿਚ ਬੱਚੇ ਹਰਮਨ ਸਿੰਘ ਦਾ ਕੋਮਲ ਸਰੀਰ ਸੀ ਜਦ ਤੱਕ ਲੋਕ ਉਸ ਨੂੰ ਛੁਡਾਉਂਦੇ ਤਦ ਤੱਕ ਅਵਾਰਾ ਕੁੱਤਿਆਂ ਵਲੋਂ ਉਸ ਨੂੰ ਨੋਚ ਨੋਚ ਕੇ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਸੀ। ਇਸ ਘਟਨਾਂ 'ਤੇ ਮੌਜੂਦਾ ਕਾਮਰੇਡ ਮਹਿੰਦਰ ਸਿੰਘ ਧੂੜਕੋਟ, ਸਰਪੰਚ ਨਰਿੰਦਰ ਸਿੰਘ ਸੰਧੂ, ਕਬੱਡੀ ਖਿਡਾਰੀ ਜਗਮੋਹਨ ਸਿੰਘ, ਸਾਬਕਾ ਪੰਚ ਹਰਭਜਨ ਸੋਨੀ, ਸ਼ਮਸ਼ੇਰ ਸਿੰਘ ਸ਼ੇਰਾ, ਗੁਰਮੇਲ ਸਿੰਘ, ਕਿਸਾਨ ਆਗੂ ਅਮਰਜੀਤ ਸਿੰਘ ਸੈਦੋਕੇ, ਪ੍ਰਧਾਨ ਸੁਖਮੰਦਰ ਸਿੰਘ ਧੂੜਕੋਟ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਜਿਥੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਉਥੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਦੁੱਖ ਦੀ ਘੜੀ ਵਿਚ ਇਸ ਦਲਿਤ ਪਰਿਵਾਰ ਦੀ ਆਰਥਿਕ ਤੌਰ 'ਤੇ ਮਦਦ ਕੀਤੀ ਜਾਵੇ।

*ਫੇਸਬੁੱਕ 'ਤੇ ਪੰਜਾਬ ਦੇ ਅਜੋਕੇ ਦਰਦ ਦੇ ਸੱਚ ਬਾਰੇ ਬੋਲੀਆਂ ਪਾਉਂਦੀਆਂ ਪੇਂਡੂ ਬੀਬੀਆਂ ਜੋ ਕਿੱਤੇ ਵਜੋਂ ''ਕਲਾਕਾਰ'' ਵੀ ਨਹੀਂ ਲਗਦੀਆਂ ਦੀ ਇਕ ਵੀਡੀਓ ਘੁੰਮ ਰਹੀ ਹੈ- ਮੈਨੂੰ ਲਗਦਾ ਇਹ ਹੈ ਵੀ ਅਧੂਰੀ । ਤੁਹਾਨੂੰ ਸਭ ਨੂੰ ਦੇਖਕੇ ਸੋਚਣਾ ਤਾਂ ਚਾਹੀਦਾ ਹੀ ਹੈ । ਜੇ ਕਿਸੇ ਕੋਲ ਪੂਰੀ ਵੀਡੀਓ ਹੋਵੇ ਉਹ ਫੇਸਬੁੱਕ 'ਤੇ ਪਾਉਣ ਦੀ ਕ੍ਰਿਪਾਲਤਾ ਕਰੇ । ਬੀਬੀਆਂ ਦੇ ਬੋਲਾਂ ਵਿਚ ਕਿਸੇ ਦੀ ਭੰਡੀ ਨਹੀ, ਕੋਈ ਮਾੜਾ ਸ਼ਬਦ ਨਹੀਂ- ਬਸ! ਲੀਡਰਾਂ ਦੇ ਲਾਰੇ ਤੇ ਪੰਜਾਬ ਦਾ ਸੱਚ ਐ । ਸੁਣਿਓ ਜਰੂਰ । ਬੋਲੀਆਂ ਸੁਣਦਿਆਂ ਮੈਨੂੰ ਜਗਸੀਰ ਜੀਦਾ ਚੇਤੇ ਆਇਆ ਕਿਰਤ ਅਤੇ ਕਿਰਤੀਆਂ ਦੀ ਮਹਿਮਾਂ ਗਾਉਣ ਵਾਲਾ- ਪੰਜਾਬ ਦਾ ਸੱਚਾ-ਸੁੱਚਾ ਕਲਾਕਾਰ ਪੁੱਤ ।*

# ਕਲਾ ਦਾ ਕਾਰਜ



**ਕੇਹਰ ਸ਼ਰੀਫ਼**

ਕਲਾ ਸਮਾਜਿਕ ਤਬਦੀਲੀ ਖਾਤਰ ਵਧ ਰਹੀ ਲੋਕ ਚੇਤਨਾ ਨੂੰ ਸਹੀ ਸੇਧ ਦੇਣ ਤੇ ਉਸਦੀ ਤੋਰ ਨੂੰ ਤਿੱਖਿਆਂ ਕਰਨ ਵਾਲਾ ਹਥਿਆਰ ਹੈ ਅਤੇ ਇਸ ਹੀ ਨਿਸ਼ਾਨੇ ਵਲ ਵਧਦੀਆਂ/ਵਿਗਸਦੀਆਂ ਹੋਰ ਚੇਤਨਾਮਈ ਲਹਿਰਾਂ ਦਾ ਵੱਡਾ ਆਸਰਾ ਵੀ ਹੁੰਦੀ ਹੈ। ਉਹ ਲਹਿਰਾਂ ਜੋ ਇਤਿਹਾਸ-ਮਿਥਿਹਾਸ ਦਾ ਲੇਖਾ-ਜੋਖਾ ਕਰਦਿਆਂ ਪ੍ਰੰਪਰਾਵਾਦੀ, ਤਰਕ ਵਿਹੂਣੇ ਅਤੇ ਅੰਧਵਿਸ਼ਵਾਸੀ ਗਜ਼ ਵਰਤਣ ਦੀ ਥਾਵੇਂ ਉਨ੍ਹਾਂ ਨੂੰ ਰੱਦ ਕਰਦਿਆਂ ਜਾਂ ਨਕਾਰਦਿਆਂ ਸਮੇਂ, ਸਥਿਤੀ ਤੇ ਲੋਕ ਧਾਰਾਵਾਂ/ਲੋਕ ਮਨਾਂ ਨੂੰ ਤਰਕ ਅਧਾਰਤ ਵਿਗਿਆਨਕ ਦਲੀਲਾਂ ਦੇ ਆਸਰੇ ਕੁੱਲ ਲੋਕਾਈ ਦਾ ਭਲਾ ਕਰਨ ਵਾਲੀ ਖਰੀ ਸੋਚ ਦੀ ਕਸਵੱਟੀ ਨਾਲ ਪਰਖ ਕੇ ਭਵਿੱਖ ਦੀ ਕੁੱਖ ਵਿੱਚ ਝਾਕਦਿਆਂ ਆਸਵੰਦ ਹੋ ਕੇ ਅੱਗੇ ਵਧਦੀਆਂ ਹਨ।

ਮਨੁੱਖ ਸੋਚਵਾਨ ਹੋਣ ਕਰਕੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਭਾਵਿਤ ਹੋ ਜਾਣ ਵਾਲੀ ਪ੍ਰਵਿਰਤੀ ਦਾ ਜ਼ਿੰਦਗੀ ਨਾਲ ਡੂੰਘਾ ਸਬੰਧ ਹੁੰਦਾ ਹੈ। ਇਥੋਂ ਹੀ ਜ਼ਿੰਦਗੀ ਦੀ ਤੋਰ ਨੇ ਅਗਲੇ ਰਾਹ ਫੜਨੇ ਹੁੰਦੇ ਹਨ। ਜੇ ਰਾਹ ਸਹੀ ਫੜਿਆ ਗਿਆ ਤਾਂ ਮਨੁੱਖੀ ਮਨ ਚੜਦੀ ਕਲਾ ਵਿਚ ਰਹਿੰਦਾ ਹੋਇਆ ਉਸਾਰੂ ਸੋਚ ਦੇ ਆਸਰੇ ਅੱਗੇ ਵਧਦਾ ਹੈ। ਅੱਗੇ ਵਧਣ ਤੋਂ ਪਹਿਲਾਂ ਰਾਹ ਦੇ ਰੋੜੇ ਚੁਗਣੇ ਪੈਂਦੇ ਹਨ। ਤਿੱਖੀਆਂ ਸੂਲਾਂ ਵਲੋ ਦਿੱਤੇ ਜ਼ਖ਼ਮਾਂ ਉਤੇ ਮਰਹੱਮ-ਪੱਟੀ ਦਾ ਜੁਗਾੜ ਕਰਨਾ ਪੈਂਦਾ ਹੈ। ਜਾਣੇ-ਅਣਜਾਣੇ ਕੁਰਾਹੇ ਪੈ ਜਾਣ ਨਾਲ ਠੋਕਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੁਰਾਹੇ ਪੈਣ ਨਾਲ ਬਹੁਤ ਸਾਰਾ ਕੀਮਤੀ ਸਮਾਂ ਬਰਬਾਦ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਤਾਂ ਸਮਾਂ ਅਣਵਰਤਿਆ ਹੀ ਰਹਿ ਜਾਂਦਾ ਹੈ। ਸਮੇਂ ਦੀ ਪ੍ਰਵਾਹ ਨਾ ਕਰਨ ਵਾਲਿਆਂ ਦੀ ਸਮਾਂ ਵੀ ਕਦਰ ਨਹੀਂ ਕਰਦਾ, ਇਹ ਸਚਾਈ ਹੈ।

ਕੋਈ ਵੀ ਇਨਸਾਨ ਜਨਮ ਤੋਂ ਉਹੋ ਜਿਹਾ ਨਹੀਂ ਹੁੰਦਾ ਜਿਵੇਂ ਇੱਥੇ ਵਿਚਰਦਾ ਹੈ। ਹਰ ਵਿਅਕਤੀ ਨੂੰ ਸਮਾਜ ਪ੍ਰਭਾਵਿਤ ਕਰਦਾ ਹੈ। ਇਸ ਕਰਕੇ (ਸੋਝੀ ਦੀ ਘਾਟ ਕਰਕੇ) ਹੀ ਬਹੁਤ ਸਾਰੇ ਲੋਕ ਸਮਾਜ ਅੰਦਰ ਆਪੇ ਸਿਰਜੀ ਫੋਕੀ ਇੱਜਤ-ਮਾਣ ਅਤੇ ਸਸਤੀ ਸ਼ੋਹਰਤ ਵਾਲੀ ਭੇਡ ਚਾਲ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਹੀ ਸਮਾਜ ਨੂੰ ਨੀਵਾਨਾ ਵਲ ਲੈ ਜਾਣ ਵਾਲਾ ਰਾਹ ਹੁੰਦਾ ਹੈ। ਉਹ ਤਾਂ ਨਿਵੇਕਲੀਆਂ ਪ੍ਰਤਿਭਾਵਾਂ ਹੀ ਹੁੰਦੀਆਂ ਹਨ ਜੋ ਸਮਾਜ ਦੇ ਠਹਿਰੇ/ਖੜ੍ਹੇ ਪਾਣੀਆਂ, ਬੋਦੀ ਹੋ ਗਈ ਸੋਚ ਅੰਦਰ ਹਲਚਲ ਪੈਦਾ ਕਰਕੇ ਉਸਨੂੰ ਪ੍ਰਭਾਵਿਤ ਕਰਦਿਆਂ ਉਸ ਲਈ ਪ੍ਰੇਰਨਾ ਸ਼ਕਤੀ ਬਣਕੇ ਸਭ ਕਾਸੇ ਨੂੰ ਚੰਗੇ ਪਾਸੇ ਤੋਰਨ ਦਾ ਯਤਨ ਕਰਦੀਆਂ/ਕਰਨ ਦਾ ਸਬੱਬ ਬਣਦੀਆਂ ਹਨ। ਕਿਉਕਿ ਬੀਮਾਰ ਹੋ ਗਏ ਸਮਾਜ ਅਤੇ ਸੋਚ ਨੂੰ ਸਿਹਤਯਾਬ ਕਰਨ ਵਾਸਤੇ ਤਕੜੇ ਜੇਰੇ, ਜੁੱਸੇ ਦੀ ਅਤੇ ਸੱਚ ਦੇ ਲੜ ਲੱਗ ਸਹੀ ਸੇਧ ਨਾਲ, ਸਹੀ ਦਿਸ਼ਾ ਵਲ ਵਧਣ ਵਾਸਤੇ ਸ਼ਕਤੀਸ਼ਾਲੀ ਲੋਕ ਲਹਿਰਾਂ ਦੀ ਲੋੜ ਪੈਂਦੀ ਹੈ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਇਸ ਤਰਾਂ ਦੇ ਕਾਫੀ ਕੁਝ ਕਰਨ ਦੀ ਲੋੜ/ਸਾਰ ਤਾਂ ਮਹਿਸੂਸ ਹੁੰਦੀ ਹੈ, ਉਹ ਕੁੱਝ ਕੀਤਾ ਵੀ ਚਾਹੁੰਦੇ ਹਨ, ਪਰ ਕਿਸੇ ਵੀ ਪਾਸਿਉਂ ਕੋਈ ਸੇਧ /ਸੂਝ ਨਾ ਮਿਲਣ ਕਰਕੇ ਕੁਝ ਕਰ ਨਹੀਂ ਸਕਦੇ ਜਾਂ ਫੇਰ ਕੁਝ ਕਰਨੋ ਵਾਂਝੇ ਰਹਿ ਜਾਂਦੇ ਹਨ।

ਲੋਕਾਂ ਦੀ ਜ਼ਿੰਦਗੀ ਦੇ ਯਥਾਰਥ ਨਾਲੋ ਟੁੱਟੀ ਕਲਾ ਐਵੇਂ ਹੀ ਕੰਧਾਂ ਨਾਲ ਕੁਵੇਲੇ ਟੱਕਰਾਂ ਮਾਰਨ ਦੇ ਬਰਾਬਰ ਹੁੰਦੀ ਹੈ। ਨਿੱਘਰਦੇ ਸਮਾਜ ਅੰਦਰ ਉਨ੍ਹਾਂ ਸਵਾਲਾਂ ਜੋ ਆਮ ਆਦਮੀ ਦੇ ਜੀਵਨ ਨੂੰ ਔਖਿਆਂ ਕਰਦੇ (ਜਾਂ ਔਖਿਆਂ ਕਰਨ ਦਾ ਸਬੱਬ ਬਣਦੇ) ਹਨ ਨਾਲ ਦੋ ਚਾਰ ਹੋਣਾ ਹੀ ਕਲਾ ਦਾ ਕਰਮ ਹੈ, ਤਾਂ ਕਿ ਹਨੇਰੇ ਵਲ ਵਧ ਰਹੀ ਜਿੰਦ ਉਧਰੋਂ ਮੁੱਖ ਮੋੜ ਰੌਸ਼ਨੀ ਵਲ ਮੂੰਹ ਕਰਕੇ ਜੀਊਣਾਂ ਸਿੱਖੇ। ਕਲਾ ਦਾ ਕਰਮ ਕੀਰਨੇ ਪਾਉਣੇ, ਰਊਂ-ਰਊਂ ਕਰਨਾ ਅਤੇ ਅੱਗੇ ਖੜ੍ਹੇ ਸਵਾਲਾਂ ਕੋਲੋਂ ਪਾਸਾ ਵੱਟਕੇ ਲੰਘ ਜਾਣਾ ਨਹੀ ਹੁੰਦਾ, ਜੇ ਕੋਈ ਇੰਝ ਕਰਦਾ ਹੈ ਤਾਂ ਉਹ ਸ਼ਾਇਦ ਆਪ ਤਾਂ ਸੌਖਾ ਰਹੇਗਾ ਪਰ ਕਲਾ ਦਾ ਦਾਅਵੇਦਾਰ ਹੋਣ ਦਾ ਆਪਣਾ ਹੱਕ ਗੁਆ ਬੈਠੇਗਾ। ਉਂਝ ਵੀ ਕਾਰਜ ਰਹਿਤ ਕਲਾ ਆਪਣੇ ਸੁੱਚੇ ਸੁਪਨਿਆਂ ਦੇ ਪੈਰੀਂ ਗਰਜਾਂ ਦੀ ਪੂਰਤੀ ਵਾਲੇ ਘੁੰਗਰੂ ਬੰਨ੍ਹ ਕੇ ਸ਼ੈਤਾਨ ਦੀ ਸੇਵਾ ਕਰਨ ਤੋਂ ਵੱਧ ਕੁਝ ਨਹੀਂ ਹੁੰਦੀ। ਜਾਗਦੇ ਸਿਰਾਂ ਵਾਲੇ ਲੋਕ ਹੀ ਸਾਂਝਾ ਭਰੇ ਕਿਰਤ ਦੇ ਸੱਭਿਆਚਾਰ ਦੇ ਰਾਖੇ ਹੁੰਦੇ ਹਨ। ਸਮਾਜ ਨੂੰ ਜਗਾਉਣ ਦਾ ਹੋਕਾ ਦੇਣ ਵਾਲੇ, ਸਰਬੱਤ ਦੇ ਭਲੇ ਦੀ ਸੋਚ ਲੜ ਬੰਨ੍ਹ ਕੇ ਮੈਦਾਨੇ ਨਿਤਰਨ ਵਾਲੇ ਇਹ ਜਾਗ੍ਰਤਿ ਲੋਕ ਹੀ ਸਾਡੇ ਰਾਹ ਦਸੇਰਾ ਹੁੰਦੇ ਹਨ। ਸ਼ੈਤਾਨ ਕਦੇ ਵੀ ਜ਼ਿੰਦਗੀ ਦਾ ਹੀਰੋ ਨਹੀਂ ਹੋ ਸਕਦਾ। ਇਸ ਕਰਕੇ ਇਸ ਮ੍ਰਿਗ-ਤ੍ਰਿਸ਼ਨਾ ਸ਼ੈਤਾਨੀ ਤੋ ਬਚਣਾ ਬਹੁਤ ਹੀ ਜ਼ਰੂਰੀ ਹੈ।

ਜਿਹੜੇ ਆਪਣੀ ਜ਼ਿਹਨੀ ਅੱਯਾਸ਼ੀ ਦੀ ਪੂਰਤੀ ਖਾਤਰ ਕਲਾ ਦੇ ਪੈਰੀਂ ਘੁੰਗਰੂ ਪਾ ਕੇ, ਧਾੜਵੀਆਂ, ਲੁਟੇਰਿਆਂ ਅਤੇ ਲੁਟੇਰੀਆਂ ਜਮਾਤਾਂ ਦੀ ਚਾਕਰੀ ਕਰਕੇ ਰੋਅਬਦਾਰ ਜ਼ਿੰਦਗੀ ਜੀਊਣ ਵਾਸਤੇ ਚਾਰ ਦਮੜੇ ਇਕੱਠੇ ਕੀਤੇ ਚਾਹੁੰਦੇ ਹਨ, ਅਜਿਹੇ ਜੀਊੜਿਆਂ ਅਤੇ ਉਨ੍ਹਾ ਦੀ ਮੌਕਪ੍ਰਸਤ ਕਲਾ ਨੂੰ ਸਮਾਜ ਵਿਚ ਨੰਗਿਆਂ ਕਰਨਾ ਬਹੁਤ ਜਰੂਰੀ ਹੈ। ਸਮਾਜ ਵਿਚ ਦੋ ਹੀ ਜਮਾਤਾਂ ਹਨ, ਲੁੱਟਣ ਵਾਲੀਆਂ ਅਤੇ ਲੁੱਟੀਆਂ ਜਾਣ ਵਾਲੀਆਂ। ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਪਹਿਲਾਂ ਫੈਸਲਾ ਇਹ ਕਰਨਾ ਪਵੇਗਾ ਕਿ ਉਹ ਲੋਕ ਪੱਖੀ ਹਨ ਕਿ ਜੋਕ ਪੱਖੀ ਸੇਧ ਤਾਂ ਫੇਰ ਹੀ ਨਿਰਧਾਰਤ ਹੋਵੇਗੀ। ਇਸ ਮਾਮਲੇ ਤੇ ਆਪਣੇ ਆਪ ਨੂੰ ਨਿਰਪੱਖ ਆਖਣ / ਅਖਵਾਉਣ ਵਾਲੇ ਕਮੀਨਗੀ ਦਾ ਸਿਰਾ ਹੁੰਦੇ ਹਨ। ਝੂਠ ਉੱਤੇ ਸੱਚ ਦੀ ਨਕਲੀ ਲੇਪ ਕਰਨ ਵਰਗਾ ਭਰਮ ਪਾਲਣਾ ਆਪਣੇ ਆਪ ਅਤੇ ਕਲਾ ਦੋਹਾਂ ਨਾਲ ਹੀ ਧੋਖਾ ਹੁੰਦਾ ਹੈ। ਕੋਈ ਕਲਾਕਾਰ ਇਹ ਕੁਝ ਕਰ ਹੀ ਨਹੀ ਸਕਦਾ। ਇਹ ਤਾਂ ਸਿਰਫ ਕੋਈ ਧੋਖੇਬਾਜ਼ ਹੀ ਕਰ ਸਕਦਾ ਹੈ। ਕਲਾ ਨੂੰ ਪ੍ਰਣਾਇਆਂ ਕੋਈ ਵੀ ਲੋਕ ਦਰਦੀ ਅਜਿਹਾ ਕੁਕਰਮ ਕਰਨ ਤੋ ਪਹਿਲਾਂ ਹਜ਼ਾਰ ਵਾਰ ਸੋਚੇਗਾ- ਹਜ਼ਾਰ ਵਾਰ। ਆਪਣੇ ਸਮਾਜ ਅੰਦਰ ਪਲ਼ ਰਹੀ ਪੀੜ ਨੂੰ ਸਮਝਣ ਵਾਲਾ ਹੀ ਇਸ ਦਰਦ ਦੇ ਸਫਾਏ ਦਾ ਹੋਕਾ ਦਿੰਦਾ ਹੈ। ਇਹ ਇੰਨਾ ਸੌਖਾ ਨਹੀਂ ਹੁੰਦਾ ਕਿਉਂਕਿ ਕਲਾ ਤੋਂ ਮੁਨਾਫਿਆਂ ਦੀ ਝਾਕ ਰੱਖਣ ਵਾਲੇ ਹਮੇਸ਼ਾਂ ਲੋਕ ਪੀੜਾ ਤੋਂ ਸੱਖਣੀਆਂ ਹਕੂਮਤਾਂ ਦੀ "ਗੋਦ" ਦਾ ਆਸਰਾ ਲੈਂਦੇ ਹਨ

ਕਲਾ ਦੇ ਕਾਰਜ ਖੇਤਰ ਦੀ ਗੱਲ ਕਰੀਏ ਤਾਂ ਸਾਫ ਹੈ ਕਿ ਸਮਾਜ ਅੰਦਰ ਕੋਈ ਵੀ ਮੁਸੀਬਤ ਆਵੇ ਤਾਂ ਕਲਾ ਨੂੰ ਪ੍ਰਣਾਏ ਲੋਕ ਹਰ ਤਰਾਂ ਦੇ ਬੰਨੇ-ਬਸੀਵੇਂ ਟੱਪ ਕੇ ਦੁਖੀਆਂ ਦੀ ਪੀੜ ਹਰਨ ਕਰਨ ਵਾਸਤੇ ਪਹੁੰਚਦੇ ਹਨ, ਰੋਂਦਿਆਂ ਦੇ ਹੰਝੂ ਪੂੰਝਦੇ ਹਨ। ਬੱਚਿਆਂ ਦੇ ਚਿਹਰਿਆਂ ਦੇ ਹਾਸੇ ਗੁਆਚ ਨਾ ਜਾਣ ਅਤੇ ਭਵਿੱਖ ਹਨੇਰੇ ਵਰਗਾ ਨਾ ਹੋ ਜਾਵੇ ਇਸ ਵਾਸਤੇ ਆਪਣੀ ਕਲਾ ਦੇ ਆਸਰੇ ਅਹੁੜ-ਪਹੁੜ ਕਰਦੇ ਹਨ। ਇਤਿਹਾਸ ਮਿਸਾਲਾਂ ਨਾਲ ਭਰਿਆ ਪਿਆ ਹੈ। ਕਾਫੀ ਸਮਾਂ ਪਹਿਲਾਂ ਜਦੋਂ ( ਸ਼ਾਇਦ ਇਹ 1941-42 ਦੀ ਗੱਲ ਹੈ) ਬੰਗਾਲ ਵਿਚ ਕਾਲ਼ ਪਿਆ ਸੀ ਉਦੋਂ ਬੰਗਾਲ ਦੇ ਕਾਲ ਪੀੜਤਾਂ ਵਾਸਤੇ ਕਲਾ ਨਾਲ ਜੁੜੇ ਲੋਕ ਦਰਦੀ ਪੰਜਾਬੀ ਕਲਾਕਾਰਾਂ ਨੇ ਇਪਟਾ ਦਾ ਝੰਡਾ ਚੁੱਕ ਕੇ ਘਰ ਘਰ ਤੱਕ ਪਹੁੰਚ ਕਰਕੇ ਆਪਣੀ ਸਮਰਥਾ ਤੋਂ ਵੀ ਵੱਧ ਜਤਨ ਜੁਟਾਏ ਸਨ ਅਤੇ ਬਣਦੀ-ਸਰਦੀ ਮੱਦਦ ਕਰਕੇ ਆਪਣੇ ਬੰਗਾਲੀ ਭੈਣ-ਭਰਾਵਾਂ ਨੂੰ ਡੋਲਣੋਂ ਬਚਾਇਆ ਸੀ। ਇਸਤੋਂ ਵੱਡੀ ਮਨੁੱਖਤਾ ਦੀ ਸੇਵਾ ਹੋਰ ਕੋਈ ਹੋ ਹੀ ਨਹੀਂ ਸਕਦੀ। ਹੋਰ ਵੀ ਬਹੁਤ ਸਾਰੇ ਮੌਕੇ ਚੇਤੇ ਕੀਤੇ ਜਾ ਸਕਦੇ ਹਨ। ਪਿਛਲੇ ਨੇੜਲੇ ਸਮੇਂ ਦੀ ਗੱਲ ਕਰਨੀ ਹੋਵੇ ਤਾਂ ਮਿਸਾਲ ਵਜੋਂ ਜਦੋਂ ਦੁਨੀਆਂ ਦੇ ਬੰਬਧਾਰੀ ਜਰਵਾਣੇ ਇਕੱਠੇ ਹੋ ਕੇ ਕੋਸੋਵੋ ਉੱਤੇ ਬੰਬਾਂ ਦੀ ਵਰਖਾ ਕਰਦੇ ਹਨ ਤਾਂ ਦੁਨੀਆਂ ਦੇ ਵੱਡੇ ਨਾਂਵਾਂ ਵਾਲੇ ਸੰਗੀਤ ਨਾਲ ਜੁੜੇ ਕਲਾਕਾਰ ਧੱਕੇਸ਼ਾਹਾਂ ਵਲੋ ਬੰਬਾਂ ਦੇ ਨਾਲ ਸਤਾਏ ਅਤੇ ਸਹਿਮੇ ਹੋਏ ਕੋਸੋਵੋ ਵਾਸੀਆਂ ਦਾ ਦੁੱਖ ਹਰਨ ਲਈ ਉੱਥੇ ਪਹੁੰਚਦੇ ਹਨ - ਆਪਣੀ ਕਲਾ ਨੂੰ ਲੋਕਾਂ ਦੇ ਗੁਆਚੇ ਹਾਸੇ ਵਾਪਸ ਲਿਆਉਣ ਲਈ ਪੇਸ਼ ਕਰਦੇ ਹਨ। ਆਪਣੀ ਕਲਾ ਨੂੰ ਬੰਬਧਾਰੀ ਜਰਵਾਣਿਆਂ ਅਤੇ ਜੰਗ ਦੇ ਖਿਲਾਫ ਪੇਸ਼ ਕਰਕੇ ਲੋਕਾਂ ਅੰਦਰ ਫੇਰ ਤੋ ਜੀਊਣ ਦਾ ਹੌਸਲਾ ਪੈਦਾ ਕਰਦੇ ਹਨ। ਇਹ ਸਾਹਸ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਲੋਕਾਈ ਦਾ ਅੰਗ ਜਾਣੇ ਅਤੇ ਉਨ੍ਹਾਂ ਦੇ ਦਰਦ/ਪੀੜ ਨੂੰ ਆਪਣੇ ਸੀਨੇ ਹੰਢਉਣ ਦਾ ਜੇਰਾ ਕਰ ਸਕਦਾ ਹੋਵੇ। ਲੋਕਾਂ ਦੇ ਦੁੱਖ ਦਰਦ, ਪੀੜ ਨੂੰ ਉਨ੍ਹਾਂ ਦਾ ਅੰਗ ਬਣਕੇ ਹੰਢਾਉਣ ਵਾਲਾ ਹੀ ਲੋਕ ਕਲਾਕਾਰ ਅਖਵਾ ਸਕਦਾ ਹੈ ਪਰ ਪੀੜਤਾਂ ਵੱਲ ਖੜ੍ਹੇ ਹੋਣ ਵਾਲਾ ਹੀ ਕਲਾ ਦਾ ਕਾਰਜ ਨਿਭਾਉਂਦਾ ਹੈ।

ਕਲਾ ਨੂੰ ਕਈ ਰੋਜ਼ੀ-ਰੋਟੀ ਦਾ ਸਾਧਨ ਸਮਝਦੇ ਹਨ, ਪਰ ਇਸਦੀ ਪੇਸ਼ਕਾਰੀ ਉਹ ਲੋਕ ਕਲਿਆਣ ਵਾਸਤੇ ਹੀ ਕਰਦੇ ਹਨ। ਉਹ ਸਾਫ ਦਿਲ ਲੋਕ ਕਲਾਕਾਰ (ਭੰਡ-ਮਰਾਸੀ ਆਦਿ) ਸਿਰਫ ਆਪਣੀਆਂ ਗਰਜਾਂ ਦੀ ਪੂਰਤੀ ਕਰਨ ਵਾਲੇ ਉਨ੍ਹਾਂ ਅਖੌਤੀ ਬੁਧੀਜੀਵੀਆਂ ਤੋਂ ਲੱਖ ਦਰਜ਼ੇ ਚੰਗੇ ਹਨ ਜਿਹੜੇ ਮੌਕਾਪ੍ਰਸਤੀ ਵਾਲੇ ਵੰਝ ਤੇ ਚੜ੍ਹਕੇ ਆਪਣੀ ਅਕਲ ( ਤੇ ਜ਼ਮੀਰ) ਵੇਚਣ ਲੱਗਿਆਂ ਮਿੰਟ ਵੀ ਨਹੀਂ ਲਾਉਂਦੇ। ਅਸੀਂ ਪੇਡੂ ਸਮਾਜ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਭੰਡ-ਮਰਾਸੀ ਆਪਣੀ ਕਲਾ ਨਾਲ ਜਿੱਥੇ ਲੋਕ ਮਨਾਂ ਦਾ ਮਨੋਰੰਜਨ ਕਰਦੇ ਹਨ ਉਥੇ ਹੀ ਲੋਕ ਕਲਿਆਣ ਖਾਤਰ ਸਮਾਜ ਅੰਦਰ ਪਲਦੇ ਹਰ ਕਿਸਮ ਦੇ ਭੈੜਾਂ ਦੇ ਖਿਲਾਫ ਲੋਕ ਹਿਤੂ ਟਿੱਪਣੀਆਂ ਵੀ ਕਰਦੇ ਹਨ। ਜਿਨ੍ਹਾਂ ਨਾਲ ਉਹ ਲੋਕ ਮਨਾਂ ਨੂੰ ਹੁੱਝਾਂ ਮਾਰਕੇ ਸੁਚੇਤ ਕਰਦੇ ਹਨ। ਸਮਾਜ ਵਲੋਂ ਉਨ੍ਹਾਂ ਅਸਲੀ ਲੋਕ ਕਲਾਕਾਰਾਂ ਅਤੇ ਉਨ੍ਹਾਂ ਦੀ ਲੋਕ ਪੱਖੀ ਕਲਾ ਨੂੰ ਸਾਂਭਣ, ਉਨ੍ਹਾਂ ਦੀਆਂ ਕਹੀਆਂ ਗੱਲਾਂ ਨੂੰ ਸਮਝਣ ਅਤੇ ਉਨ੍ਹਾਂ ਤੋ ਸਿੱਖਣ ਦੀ ਬਹੁਤ ਲੋੜ ਹੈ।

ਆਮ ਜਹੀ ਮਿਸਾਲ ਕਿ ਹਰ ਕੋਈ ਆਪਣੇ ਘਰ ਦੀ ਸਫਾਈ ਕਰਦਾ ਹੈ ਤਾਂ ਕਿ ਕਿਧਰੇ ਗੰਦ ਪਿਆ ਨਾ ਰਹਿ ਜਾਵੇ ਨਹੀਂ ਤਾਂ ਘਰ ਵਿੱਚੋਂ ਬਦਬੋ ਆਵੇਗੀ। ਕੀ ਕਾਰਨ ਹੈ ਕਿ ਸਮਾਜ (ਜਿਸਦੇ ਅਸੀਂ ਅੰਗ ਹਾਂ) ਵਿਚ ਇੰਨੇ ਪਏ ਗੰਦ ਦੇ ਬਾਵਜੂਦ ਸਫਾਈ ਵਲ ਸਾਡਾ ਧਿਆਨ ਹੀ ਨਹੀਂ ਜਾਂਦਾ? (ਜਾਂ ਫੇਰ ਸਾਨੂੰ ਮੁਸ਼ਕ ਤੋਂ ਮੁਸ਼ਕ ਹੀ ਨਹੀਂ ਆਉਂਦਾ?)। ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਸਿਰੇ ਦੇ ਹਰਾਮੀਆਂ/ਬਦਮਾਸ਼ਾਂ, ਸਮਗਲਰਾਂ ਦਾ ਸਿਆਸਤ ਵਿਚ ਦਾਖਲਾ, ਵਿਕਾਊ ਸਿਆਸਤ ਦਾ ਅਪਰਾਧੀਕਰਨ, ਕੁਨਬਾ-ਪ੍ਰਵਰੀ, ਕਿਰਤ ਦੀ ਲੁੱਟ, ਸਿਆਸੀ ਮਨਸੂਬਿਆਂ ਖਾਤਰ ਧਰਮ ਦਾ ਸੋਸ਼ਣ, ਅੰਨ-ਦਾਤੇ ਨੂੰ ਮੰਗਤਾ ਬਣਾਉਂਦਾ ਜਾਂ ਖੁਦਕਸ਼ੀਆਂ ਤੱਕ ਅਪੜਾਂਉਦਾ ਸਿਸਟਮ, ਗਰੀਬ-ਗੁਰਬੇ ਉਤੇ ਹਰ ਕਿਸਮ ਦਾ (ਸਮਾਜੀ, ਆਰਥਿਕ, ਰਾਜਨੀਤਿਕ ਆਦਿ) ਅੱਤਿਆਚਾਰ ਹੁੰਦਾ ਦੇਖ ਕੇ ਵੀ ਸਾਡਾ ਮਨ ਬਗਾਵਤ ਦੇ ਰਾਹ ਨਹੀਂ ਪੈਂਦਾ। ਕੀ ਸਮਾਜ ਵਿਚ ਪਿਆ ਇਹ ਗੰਦ ਉਪਰੋਂ ਆ ਕੇ ਕੋਈ ਫਰਿਸ਼ਤਾ ਸਾਫ ਕਰੂ? ਜਿਹੜਾ ਵੀ ਕਲਾ ਨਾਲ ਜੁੜਿਆ, ਸਮਾਜ ਅੰਦਰ ਫੈਲਰੇ ਇਸ ਘਿਨਾਉਣੇ ਗੰਦ ਨੂੰ ਸਾਫ ਕਰਨ ਵਲ ਲੋਕਾਂ ਨੂੰ ਖ਼ੁਦ ਉਨ੍ਹਾਂ ਦਾ ਅੰਗ ਬਣਕੇ ਪ੍ਰੇਰਤ ਨਹੀਂ ਕਰਦਾ ਉਹ ਖੁਦ ਵੀ ਕਲਾ ਦੇ ਨਾਂ ਤੇ ਧੱਬਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹੋ ਜਹੇ ਧੱਬਿਆਂ ਦਾ ਕਦੇ ਕਿਸੇ ਵੀ ਇਤਿਹਾਸ ਨੇ ਹਾਂਅ-ਪੱਖੀ ਮੁੱਲ ਨਹੀਂ ਪਾਇਆ, ਇਹ ਧੱਬੇ ਸਦਾ ਨਕਾਰੇ ਹੀ ਜਾਂਦੇ ਰਹੇ ਹਨ ਅਤੇ ਅੱਗੋਂ ਵੀ ਨਕਾਰੇ ਹੀ ਜਾਂਦੇ ਰਹਿਣਗੇ। ਲਿਖਣ ਵਾਲੀਆਂ ਜਿਹੜੀਆਂ ਕਲਮਾਂ ਲੋਕਾਂ ਦੀ ਪੀੜ, ਉਨ੍ਹਾਂ ਦੇ ਮੂੰਹ ਤੋਂ ਗੁਆਚੇ ਹਾਸੇ ਦਾ ਦਰਦ ਮਹਿਸੂਸ ਨਾ ਕਰਨ ਉਨ੍ਹਾਂ ਕਲਮਾਂ ਨੂੰ ਸਮਾਂ ਬਾਂਝ ਕਲਮਾਂ ਜਾਂ ਕੰਜਰ ਕਲਮਾਂ ਕੁੱਝ ਵੀ ਆਖ ਸਕਦਾ ਹੈ।

ਜਿਸ ਕਲਾ-ਕ੍ਰਿਤੀ ਵਿਚ ਲੋਕਾਈ ਦਾ ਦਰਦ ਨਹੀਂ, ਨਿਤਾਣੇ ਦੀ ਹੂਕ-ਉਸਦੇ ਹੰਝੂਆਂ ਵਿੱਚੋਂ ਉਠਦਾ ਰੋਹ ਨਹੀਂ, ਭੁੱਖ ਨਾਲ ਵਿਲਕਦੇ ਕਿਸੇ ਮਾਸੂਮ ਬੱਚੇ ਦੀ ਸੀਨਾ ਚੀਰਵੀਂ ਆਹ ਨਹੀਂ, ਜਿਸ ਵਿਚ ਲੋਕ ਮਨਾਂ ਅੰਦਰ ਪੈਦਾ ਕੀਤੀ ਜਾ ਰਹੀ ਬੇਚਾਰਗੀ ਕਿ ਅਜਿਹਾ ਸਭ ਕਿਉਂ ਹੋ ਰਿਹਾ ਹੈ? ਵਰਗੇ ਸਵਾਲ ਪੇਸ਼ ਕਰਕੇ ਹਲਚਲ ਪੈਦਾ ਕਰਨ ਦਾ ਜਤਨ ਜਾਂ ਜੇਰਾ ਨਹੀਂ, ਉਹ ਕਲਾ ਨਹੀ -ਉਹ ਸਭ ਕੂੜਾ ਹੈ। ਕਿਉਂਕਿ ਉਸ ਵਿਚੋ ਇਨਸਾਨੀ ਫਿਤਰਤ ਗੈਰ-ਹਾਜ਼ਰ ਹੈ।

ਸਿਰਫ ਮਨ ਪ੍ਰਚਾਵੇ ਖਾਤਰ-ਭੁੱਖ ਨੂੰ ਠੱਠੇ ਕਰਦੀ ਕਲਾ ਹਨੇਰੇ ਦੀਆਂ ਚੀਕਾਂ ਹੀ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਹਰ ਕਿਸੇ ਨੂੰ ਸਮਾਜ ਦੇ ਭਲੇ ਵਾਸਤੇ ਹਨੇਰੇ ਅਤੇ ਉਸਦੀਆਂ ਹਮਾਇਤੀ ਸ਼ਕਤੀਆਂ ਨਾਲ ਜੂਝਦਿਆਂ ਸੋਚ/ਸੂਝ ਨੂੰ ਪ੍ਰਚੰਡ ਕਰਦਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਲਾ ਦੁਨੀਆਂ ਦਾ ਸੁਹਜ ਭਰਿਆਂ ਸੁਹੱਪਣ ਤੇ ਸਮਾਜੀ ਕੋਹਝਾਂ/ਕੋਹੜਾਂ ਦੇ ਖਿਲਾਫ ਨਰੋਏ, ਲੋਕ ਪੱਖੀ/ਲੋਕ ਮੁਖੀ ਸਮਾਜ ਦੀ ਸਥਾਪਨਾ ਵਾਸਤੇ ਲੜਨ ਵਾਲੀ ਸੱਭਿਅਕ ਸ਼ਕਤੀ ਹੈ। ਕਲਾ ਰਾਹੀਂ ਮਾਸੂਮੀਅਤ ਨੂੰ ਸਮਾਜ ਅੰਦਰ ਆਪਣੇ ਸਿਦਕ/ਸਿਰੜ ਤੇ ਮਨੁੱਖਵਾਦੀ ਸੋਚ ਦੇ ਆਸਰੇ ਸੁਹਜ ਪੈਦਾ ਕਰਨ ਵਾਲੀ ਧਿਰ ਬਣਾਇਆ ਜਾਣਾ ਚਾਹੀਦਾ ਹੈ - ਸੰਸਾਰ ਨੂੰ ਖੂਬਸੂਰਤ ਦੇਖਣ ਦਾ ਸੁਪਨਾ ਸਿਰਜ ਕੇ ਉਸਨੂੰ ਸਾਕਾਰ ਕਰਨ ਦੀ ਤਮੰਨਾ ਰੱਖਣ ਵਾਲਿਆਂ ਨੂੰ ਇਸ ਰਾਹੇ ਤੁਰਨਾ ਹੀ ਪੈਂਦਾ ਹੈ।



## ਖ਼ੂਨ ਦਾ ਹਿਸਾਬ ਦੇਣਾ ਪੈਣਾ ਏਂ

ਜਾਬਰਾ, ਆਵਾਮ ਨੂੰ ਜਵਾਬ ਦੇਣਾ ਪੈਣਾ ਏਂ।
ਤੈਨੂੰ ਸਾਡੇ ਖ਼ੂਨ ਦਾ ਹਿਸਾਬ ਦੇਣਾ ਪੈਣਾ ਏਂ।

ਆਪ ਤਾਂ ਤੂੰ ਜਾਮ ਨਾਲ ਜਾਮ ਟਕਰਾਉਂਦਾ ਏਂ,
ਮੰਗੀਏ ਜੇ ਟੁੱਕ ਅਸੀਂ ਲਾਠੀਆਂ ਚਲਾਉਨਾ ਏਂ,
ਪੈਰਾਂ 'ਚ ਮਧੋਲ਼ਿਆ ਗੁਲਾਬ ਦੇਣਾ ਪੈਣਾ ਏਂ।
ਤੈਨੂੰ ਸਾਡੇ ਖ਼ੂਨ ਦਾ ਹਿਸਾਬ ਦੇਣਾ ਪੈਣਾ ਏਂ।

ਸਾਡੇ ਧੀਆਂ, ਪੁੱਤਾਂ ਨੂੰ ਤੂੰ ਰਾਹਾਂ ਵਿਚ ਰੋਲਦੈਂ,
ਤੋੜ ਦੇਣੇ ਅਸਾਂ ਨੇ ਤੂੰ ਜਿਹੜੇ ਪਰ ਤੋਲਦੈਂ,
ਲੋਕਾਂ ਦੇ ਉਨੀਂਦਰੇ ਨੂੰ ਖ਼ਾਬ ਦੇਣਾ ਪੈਣਾ ਏਂ।
ਤੈਨੂੰ ਸਾਡੇ ਖ਼ੂਨ ਦਾ ਹਿਸਾਬ ਦੇਣਾ ਪੈਣਾ ਏਂ।

ਨਵੀਂ ਰੁੱਤ ਆਈ, ਆਫ਼ਤਾਬ ਨਵਾਂ ਮੌਲਦਾ,
ਸਾਂਭਿਆ ਨਾ ਜਾਣਾ ਤੈਥੋਂ ਖ਼ੂਨ ਸਾਡਾ ਖ਼ੌਲਦਾ,
ਵਾਰਿਸਾਂ ਨੂੰ ਉਨ੍ਹਾਂ ਦਾ ਪੰਜਾਬ ਦੇਣਾ ਪੈਣਾ ਏਂ।
ਤੈਨੂੰ ਸਾਡੇ ਖ਼ੂਨ ਦਾ ਹਿਸਾਬ ਦੇਣਾ ਪੈਣਾ ਏਂ।

**ਗੁਰਦਿਆਲ ਰੌਸ਼ਨ**

ਡੰਗ ਅਤੇ ਚੋਭਾਂ



ਗੁਰਮੀਤ ਸਿੰਘ ਪਲਾਹੀ
98158-02070

# ਨਸ਼ਾ ਕੁਰਸੀ ਦਾ ਚੜ੍ਹੇ ਜਿਉਂ ਲੀਡਰਾਂ ਨੂੰ, ਚੜ੍ਹੇ ਜਿਵੇਂ ਸ਼ਰਾਬ ਸ਼ਰਾਬੀਆਂ ਨੂੰ

ਖ਼ਬਰ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ)ਦੇ ਮੈਂਬਰਾਂ ਨੇ ਬਿਕਰਮ ਸਿੰਘ ਮਜੀਠੀਆਂ ਦੀ ਅਗਵਾਈ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਿਰੁੱਧ, ਪਾਕਿਸਤਾਨ ਵਲੋਂ ਪੁਲਵਾਮਾ ਵਿਖੇ ਕਾਰਵਾਈ ਕਰਨ ਦੇ ਮਾਮਲੇ 'ਚ ਵਿਰੋਧਤਾ ਨਾ ਕਰਨ ਤੇ, ਨਾਹਰੇਬਾਜੀ ਕੀਤੀ ਅਤੇ ਉਸ ਨੂੰ ਦੇਸ਼ ਦਾ ਗਦਾਰ ਕਿਹਾ। ਸਿੱਧੂ ਨੇ ਇਸ ਕਾਰਵਾਈ ਦਾ ਤਿੱਖਾ ਵਿਰੋਧ ਕੀਤਾ ਅਤੇ ਮਜੀਠੀਆ ਨੂੰ ਚਿੱਟੇ ਦਾ ਸੌਦਾਗਰ ਆਖਿਆ। ਦੋਹਾਂ ਦੀ ਆਪਸੀ ਬਹਿਸ ਹੱਥੋਪਾਈ ਤੱਕ ਪੁੱਜਣ ਦੀ ਸੰਭਾਵਨਾ ਬਣ ਗਈ। ਪੰਜਾਬ ਦੇ ਸਪੀਕਰ ਨੇ ਵਿਧਾਨ ਸਭਾ ਦੇ ਮਾਰਸ਼ਲਾਂ ਨੂੰ ਕਿਹਾ ਕਿ ਉਹ ਜਬਰਦਸਤੀ ਅਕਾਲੀ-ਭਾਜਪਾ ਮੈਂਬਰਾਂ ਨੂੰ ਸਦਨ 'ਚੋਂ ਬਾਹਰ ਕੱਢ ਦੇਣ। ਇਸ ਦੌਰਾਨ ਮੁੱਖ ਮੰਤਰੀ ਚੁੱਪ ਬੈਠੇ ਰਹੇ।



ਸਭ ਤਾਕਤ ਦੀਆਂ ਗੱਲਾਂ ਨੇ। ਸੁਣਿਆ ਸੀ ਪਿੰਡਾਂ 'ਚ ਲੋਕ ਖੇਤਾਂ ਦੇ ਬੰਨਿਆ ਲਈ ਲੜਿਆ ਕਰਦੇ ਸਨ, ਹੱਥੋਪਾਈ, ਡਾਂਗੋ ਸੋਟੀ, ਹੋਇਆ ਕਰਦੇ ਸਨ। ਸੁਣਿਆ ਸੀ ਪਿੰਡ 'ਚ ਲੋਕ ਪੰਚੈਤਾਂ 'ਚ ਬੈਠੇ ਗਾਲੀ ਗਲੋਚ ਕਰਿਆ ਕਰਦੇ ਸਨ ਤੇ ਇੱਕ ਦੂਜੇ ਦੇ ਪੋਤੜੇ ਫੋਲਿਆ ਕਰਦੇ ਸਨ। ਲਓ ਆਹ ਵੇਖ ਲਓ ਸਾਡੇ 'ਪਹਿਲਵਾਨ' ਨੇਤਾ, ਜਿਹਨਾ ਨੇ 'ਪੰਜਾਬ' ਗਿਰਵੀ ਰੱਖਤਾ, ਜਿਹਨਾ ਨੇ ਪੰਜਾਬ 'ਮਾਫੀਏ' ਹੱਥ ਫੜਾਤਾ, ਜਿਹਨਾ ਨੇ ਪੰਜਾਬ ਦਾ 'ਬਰੇਨ' ਡਰੇਨ ਕਰਨ ਲਈ ਟਿੱਲ ਲਾਤਾ, 'ਜਿਹਨਾ ਨੇ ਪੰਜਾਬ ਦਾ ਧਰਤੀ ਹੇਠਲਾ ਪਾਣੀ ਡਕਾਰ ਲਿਆ, ਜਿਹਨਾ ਨੇ ਪੰਜਾਬ ਦਾ ਪੋਟਾ ਪੋਟਾ ਕਰਜ਼ਾਈ ਕਰਤਾ ਨੌਜਵਾਨ, ਕਿਸਾਨ ਮਰਨ ਲਈ ਅਤੇ ਪੰਜਾਬੋਂ ਭਗੋੜਾ ਹੋਣ ਲਈ ਮਜ਼ਬੂਰ ਕਰਤਾ, ਉਹੋ ਨੇਤਾ ਭਾਈ ਆਪਣੇ ਕਬੱਡੀ ਦੇ ਮੈਚ 'ਚ "ਖੇਡੀਆਂ" ਕਰੀ ਜਾਂਦੇ ਆ। ਕੋਈ ਫਰੈਂਡਲੀ ਮੈਚ ਕਰ ਕਰਵਾ ਰਿਹਾ ਅਤੇ ਕੋਈ ਬੈਠਾ ਸੀਟੀਆਂ ਮਾਰੀ ਜਾ ਰਿਹਾ। ਵਾਹ ਬਈ ਵਾਹ, ਈਹਨੂੰ ਕਹਿੰਦੇ ਆ ਨੇਤਾਗਿਰੀ! ਇਹਨੂੰ ਕਹਿੰਦੇ ਆ" ਲੋਕ ਹਿੱਤਾਂ" ਲਈ ਲੜਾਈ , ਜੀਹਦੇ ਲਈ ਕਰੋੜਾਂ ਲਾਕੇ ਲੋਕਾਂ ਨੇ ਇਹ ਯੋਧੇ "ਕਾਨੂੰਨ ਘੜਨੀਆਂ" ਸਭਾਵਾਂ 'ਚ ਭੇਜੇ ਆ। ਅਤੇ ਜਿਥੇ ਜਾਕੇ ਨੇਤਾ ਸਭੋ ਕੁਝ ਭੁਲ ਭੁਲਾ ਜਾਂਦੇ ਆ ਕਿਸੇ ਕਵੀ ਦੇ ਕਹਿਣ ਵਾਂਗਰ "ਨਸ਼ਾ ਕੁਰਸੀ ਦਾ ਚੜੇ ਜਿਉਂ ਲੀਡਰਾਂ ਨੂੰ, ਚੜ੍ਹੇ ਜਿਵੇਂ ਸ਼ਰਾਬ ਸ਼ਰਾਬੀਆਂ ਨੂੰ"।

**ਤੇਰੇ ਵਿੱਚ ਨੇ ਐਬ ਹਜ਼ਾਰ ਸਾਈਂ,**
**ਕਾਹਨੂੰ ਕੋਸਦੈਂ ਯਾਰ ਬੇਗਾਨਿਆਂ ਨੂੰ ?**

ਖ਼ਬਰ ਹੈ ਕਿ ਬਿਹਾਰ ਦੇ ਮੁਜ਼ੱਫ਼ਰਨਗਰ ਸ਼ੈਲਟਰ ਹੋਮ ਕਾਂਡ 'ਚ ਮੁੱਖ ਮੰਤਰੀ ਨਤੀਸ਼ ਕੁਮਾਰ ਵੀ ਜਾਂਚ ਦੇ ਘੇਰੇ 'ਚ ਆ ਗਏ ਹਨ। ਮਾਮਲੇ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਪਾਕਸੋ ਕੋਰਟ ਨੇ ਸੀ.ਬੀ.ਆਈ. ਨੂੰ ਮੁਜ਼ੱਫਰਪੁਰ ਸ਼ੈਲਟਰ ਹੋਮ ਮਾਮਲੇ 'ਚ ਨਿਤੀਸ਼ ਕੁਮਾਰ ਵਿਰੁੱਧ ਜਾਂਚ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਨਿਤੀਸ਼ ਕੁਮਾਰ ਖ਼ਿਲਾਫ ਆਦੇਸ਼ ਦੇ ਚਲਦੇ ਨਵਾਂ ਮੋੜ ਆ ਗਿਆ ਹੈ। ਇਸ ਮਾਮਲੇ 'ਚ ਡਾ: ਅਸ਼ਵਨੀ ਨੇ ਆਪਣੇ ਵਕੀਲ ਜ਼ਰੀਏ ਸ਼ੈਲਟਰ ਹੋਮ ਦੇ ਸੰਚਾਲਨ 'ਚ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਭੂਮਿਕਾ ਦੀ ਜਾਂਚ ਲਈ ਅਰਜ਼ੀ ਦਾਖ਼ਲ ਕੀਤੀ ਸੀ। ਜ਼ਿਕਰਯੋਗ ਹੈ ਕਿ ਅਸ਼ਵਨੀ ਨੂੰ ਪਿਛਲੇ ਸਾਲ ਨੰਵਬਰ ਮਹੀਨੇ ਗ੍ਰਿਫਤਾਰ ਕੀਤਾ ਗਿਆ ਸੀ। ਅਸ਼ਵਨੀ 'ਤੇ ਨਾਬਾਲਗ ਲੜਕੀਆਂ ਨੂੰ ਨਸ਼ੇ ਦਾ ਟੀਕਾ ਲਾਉਣ ਦਾ ਦੋਸ਼ ਹੈ।

ਕਹਿੰਦੇ ਨੇ ਉਹ ਕੀ ਬੰਦਾ? ਚੰਗਾ ਜਾਂ ਮੰਦਾ, ਰੱਖ ਨਾ ਸਕੇ ਜੋ ਸਭ ਦੁਨੀਆਂ ਤੋਂ ਵੱਖਰਾ ਆਪਣਾ ਆਪਾ, ਕੱਲ ਕਲਾਪਾ। ਪਰ ਇੱਥੇ ਬੰਦੇ ਨੇ ਜੋ ਵਹਿਣ ਵਿੱਚ ਬਹਿ ਤੁਰਦੇ ਹਨ ਤੇ ਪਿੱਛੇ ਮੁੜਕੇ ਹੀ ਨਹੀਂ ਦੇਖਦੇ ਕਿ "ਜ਼ਮੀਨ" ਨਾਲ ਉਹਨਾ ਦਾ ਰਿਸ਼ਤਾ ਹੈ ਕਿਹੜਾ? ਇਹ ਮਨੁੱਖ ਨੇ ਭਾਈ "ਨੇਤਾ" ਜੋ ਇੱਕ ਦੂਜੇ ਦੀ ਟੰਗ ਖਿੱਚਦੇ ਨੇ, ਇੱਕ ਦੂਜੇ ਨੂੰ ਮਿੱਧਦੇ, ਮਾਰਦੇ, ਕੁੱਟਦੇ, ਸਿਆਪੇ ਕਰਦੇ, ਭੁੱਲ ਹੀ ਜਾਂਦੇ ਨੇ ਕਿ ਦੂਜੇ 'ਨੇਤਾ' ਉਹਨਾ ਨਾਲ ਉਹੋ ਜਿਹਾ ਵਰਤਾਉ ਹੀ ਕਰਨਗੇ।

ਗੱਲ ਇਕੱਲੀ "ਨਿਤੀਸ਼" ਨਾਲ ਹੀ ਥੋੜ੍ਹਾ ਹੋਈ ਆ। ਗੱਲ ਇੱਕਲੀ "ਲਾਲੂ" ਨਾਲ ਹੀ ਥੋੜਾ ਹੋਈ ਆ। ਗੱਲ ਚੁਟਾਲਾ ਨਾਲ ਵੀ ਹੋ ਚੁੱਕੀ ਆ ਅਤੇ ਹੋਰ ਨੇਤਾਵਾਂ ਨਾਲ ਵੀ। ਇਸ ਵਿਸ਼ਾਲ ਦੇਸ਼ ਦਾ ਸਭ ਤੋਂ ਵੱਡਾ ਨੇਤਾ "ਦੰਗਿਆਂ" ਦੇ ਕਾਰਿਆਂ 'ਚ ਲਪੇਟਿਆ ਗਿਆ। ਅਤੇ ਦੇਸ਼ ਦੇ ਰਾਖੇ, ਦੇਸ਼ ਦੇ ਨੇਤਾ ਹਾਕਮ 'ਆਪ ਸੱਚੇ' ਤੇ ਦੂਜੇ ਸਾਰੇ ਮਾਰੇ ਦਾ ਭਰਮ ਦੇਸ਼ 'ਚ ਫੈਲਾਅ ਰਹੇ ਆ, ਤੇ ਚੰਗੇ ਬਣਕੇ ਆਪਣੇ ਆਪ ਨੂੰ ਥਪ ਥਪਾ ਰਹੇ ਆ ਤੇ ਟਾਹਰਾਂ ਮਾਰ ਰਹੇ ਆ, "ਅਸੀਂ ਦੇਸ਼ ਦਾ ਬਹੁਤ ਵਿਕਾਸ ਕੀਤਾ"। ਟਾਹਰਾਂ ਮਾਰ ਰਹੇ ਆ ਤੇ ਆਖ ਰਹੇ ਆ, "ਅਸੀਂ ਚੌਕੀਦਾਰੀ ਕਰਕੇ ਦੇਸ਼ ਭ੍ਰਿਸ਼ਟਾਚਾਰ ਮੁਕਤ ਕਰ ਦਿੱਤਾ ਆ। ਟਾਹਰਾਂ ਮਾਰ ਰਹੇ ਆ ਤੇ ਆਖ ਰਹੇ ਆ, 'ਅਸੀਂ ਦੇਸ਼ ਵਿੱਚ ਰਾਮ ਰਾਜ ਕਾਇਮ ਕਰ ਦਿੱਤਾ ਆ"। ਟਾਹਰਾਂ ਮਾਰਦੇ ਆ ਤੇ ਆਖ ਰਹੇ ਆ ਕਿ ਅਸੀਂ ਮਾੜਿਆਂ ਨੂੰ ਲੋਕਾਂ ਸਾਹਮਣੇ ਨੰਗਿਆਂ ਕਰਨਾ ਆਂ" ਪਰ ਭੁਲ ਗਏ ਆ ਪੰਜਾਬੀ ਦੇ ਬੇਬਾਕ ਕਵੀ ਦੀਆਂ ਇਹ ਸਤਰਾਂ, "ਤੇਰੇ ਵਿੱਚ ਨੇ ਐਬ ਹਜ਼ਾਰ ਸਾਈਂ, ਕਾਹਨੂੰ ਕੋਸਦੈ ਯਾਰ ਬੇਗਾਨਿਆਂ ਨੂੰ"।

**ਦਰ ਸੂਝ ਦਾ ਭੇੜ ਨਾ ਮੂਰਖਾ ਓਏ !**
**ਰੱਖੀਂ ਖੋਲ੍ਹ ਕੇ ਅਕਲ ਦੇ ਖਾਨਿਆਂ ਨੂੰ।**

ਖ਼ਬਰ ਹੈ ਕਿ ਪੁਲਵਾਮਾ ਹਮਲੇ ਦੇ ਮੱਦੇਨਜ਼ਰ ਜੰਮੂ-ਕਸ਼ਮੀਰ ਪ੍ਰਾਸ਼ਾਸ਼ਨ ਨੇ, ਵੱਖਵਾਦੀ ਨੇਤਾਵਾਂ ਨੂੰ ਮਿਲੀ ਸੁਰੱਖਿਆ ਵਾਪਸ ਲੈ ਲਈ ਹੈ। ਇਹਨਾ ਨੇਤਾਵਾਂ ਵਿੱਚ ਮੀਰਵਾਇਜ਼ ਫਾਰੂਕ, ਸ਼ਬੀਰ ਸ਼ਾਹ, ਹਾਸ਼ਿਮ ਕੁਰੈਸ਼ੀ ਬਿਲਾਬ ਲੋਨ ਅਤੇ ਅਬਦੁਲ ਗਨੀ




ਸ਼ਾਮਿਲ ਹਨ। ਇਹਨਾ ਵਿਚੋਂ ਇੱਕ ਵੱਖਵਾਦੀ ਨੇਤਾ ਨੇ ਕਿਹਾ, "ਸਰਕਾਰ ਨੇ ਖੁਦ ਹੀ ਵੱਖਵਾਦੀ ਨੇਤਾਵਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਦਾ ਫੈਸਲਾ ਲਿਆ, ਜਿਸ ਦੀ ਕਦੀ ਮੰਗ ਨਹੀਂ ਕੀਤੀ ਗਈ।" ਉਹਨਾ ਇਹ ਵੀ ਕਿਹਾ ਕਿ ਵੱਖਵਬਾਦੀ ਨੇਤਾਵਾਂ ਦੇ ਰੁਖ 'ਚ ਨਾ ਤਾਂ ਇਸ ਫੈਸਲੇ ਨਾਲ ਬਦਲਾਅ ਆਵੇਗਾ ਨਾ ਹੀ ਇਸ 'ਚ ਜ਼ਮੀਨੀ ਹਾਲਾਤ 'ਤੇ ਕੋਈ ਅਸਰ ਪਵੇਗਾ। ਉਧਰ ਕੇਂਦਰ ਸਰਕਾਰ ਨੇ ਇੱਕ ਹੋਰ ਫੈਸਲੇ ਰਾਹੀਂ ਪਾਕਿਸਤਾਨ ਤੋਂ ਆਉਂਦੀਆਂ ਚੀਜ਼ਾਂ, ਵਸਤਾਂ ਉਤੇ ਡਿਊਟੀ ਦੋ ਸੌ ਫੀਸਦੀ ਵਧਾ ਦਿੱਤੀ ਹੈ ਤਾਂ ਕਿ ਪਾਕਿਸਤਾਨ ਨੂੰ ਆਰਥਿਕ ਸੱਟ ਮਾਰੀ ਜਾ ਸਕੇ।

ਅੱਤਵਾਦ ਦਾ ਕੋਈ ਦੇਸ਼ ਨਹੀਂ, ਅੱਤਵਾਦ ਦਾ ਕੋਈ ਭੇਸ ਨਹੀਂ। ਤਾਂ ਦੱਸੋ ਫਿਰ ਸਰਕਾਰਾਂ ਦਾ 'ਭੇਸ' ਕਿਹੜਾ ਹੈ? ਜਿਹੜਾ ਇਹਨਾ ਦੀ ਪੁਸ਼ਤਪਨਾਹੀ ਕਰਦੀਆਂ ਹਨ, ਉਹ ਸਰਕਾਰਾਂ ਇਧਰਲੀਆਂ ਹੋਣ ਤੇ ਭਾਵੇਂ ਉਧਰਲੀਆਂ। ਘਟਨਾਵਾਂ ਵਾਪਰਦੀਆਂ ਹਨ, ਲੋਕ ਮਰਦੇ ਹਨ। ਘਟਨਾਵਾਂ ਵਾਪਰਦੀਆਂ ਹਨ ਲੋਕ ਘਰੋਂ ਬੇਘਰ ਕਰ ਦਿੱਤੇ ਜਾਂਦੇ ਹਨ। ਕਦੇ 47 ਵਾਪਰਦਾ ਹੈ ਅਤੇ ਕਦੇ 84, ਕਦੇ ਗੁਜਰਾਤ 'ਚ ਦੰਗੇ ਹੁੰਦੇ ਹਨ ਅਤੇ ਕਦੇ ਜੰਮੂ 'ਚ ਕਰਫਿਊ ਲੱਗਦਾ ਹੈ। ਕਦੇ ਪੰਜਾਬ ਜਲਦਾ ਹੈ, ਕਦੇ ਬਿਹਾਰ। ਕਦੇ ਗੁਜਰਾਤ ਜਲਦਾ ਹੈ ਅਤੇ ਕਦੇ ਦਿੱਲੀ! ਲੋਕ ਮਰਦੇ ਹਨ। ਲੋਕ ਦੁੱਖੀ ਹੁੰਦੇ ਹਨ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕ ਹਾਲੋਂ-ਬਹਾਲ ਹੁੰਦੇ ਹਨ। ਪਰ ਨੇਤਾ ਲੋਕ, ਦੇਸ਼ ਦੇ ਹਾਕਮ "ਦੁੱਖ ਦਾ ਪ੍ਰਗਟਾਵਾ" ਕਰਦੇ ਹਨ, ਦੁੱਖੀ ਨਹੀਂ ਹੁੰਦੇ। ਸਹੀ ਕਰਦੇ ਆ ਨੇਤਾ, ਦੁੱਖੀ ਕਿਹੜੀ ਕਿਹੜੀ ਗੱਲੋਂ ਹੋਣ। ਇਥੇ ਤਾਂ ਲੋਕ ਦੁੱਖ ਨਾਲ ਮਰਦੇ ਹਨ। ਇਥੇ ਤਾਂ ਲੋਕ ਭੁੱਖ ਨਾਲ ਮਰਦੇ ਹਨ। ਇਥੇ ਤਾਂ ਲੋਕ "ਭੀੜਾਂ" ਵਲੋਂ ਮਾਰ ਦਿੱਤੇ ਜਾਂਦੇ ਆ। ਇਥੇ ਤਾਂ ਲੋਕ ਹੜ੍ਹਾਂ ਨਾਲ ਮਰਦੇ ਹਨ। ਇਥੇ ਤਾਂ ਲੋਕ ਸੋਕੇ ਨਾਲ ਮਰਦੇ ਆ। ਇਥੇ ਤਾਂ ਲੋਕ ਜੰਗਾਂ ਨਾਲ ਮਰਦੇ ਆ। ਪਰ ਨੇਤਾ ਲੋਕ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ ਤੇ ਬੱਸ ਖਾਨਾ ਪੂਰਤੀ ਕਰਦੇ ਆ ਤੇ ਸਿਆਣੇ ਲੋਕ ਉਹਨਾ ਨੂੰ ਹੁਣ ਨਸੀਹਤ ਦੇਂਦੇ ਆ, "ਦਰ ਸੂਝ ਦਾ ਭੇੜ ਨਾ ਮੂਰਖ ਉਏ, ਰੱਖੀ ਖੋਲ੍ਹਕੇ ਅਕਲ ਦੇ ਖਾਨਿਆਂ ਨੂੰ।

**ਨਹੀਂ ਰੀਸਾਂ ਦੇਸ਼ ਮਹਾਨ ਦੀਆਂ**

ਭਾਰਤ ਵਿੱਚ ਸਾਲ 2014 ਵਿੱਚ 5650 ਕਿਸਾਨਾਂ ਖੁਦਕੁਸ਼ੀ ਕੀਤੀ ਜਦਕਿ ਸਾਲ 2004 ਵਿੱਚ 18241 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਸੀ।










ਜਸਵੰਤ ਜੀਰਖ
98151-69825

# ਦੇਸ਼ ਕਿਹੜੀਆਂ ਉਚਾਈਆਂ ਵੱਲ ਵਧ ਰਿਹਾ ?

ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ ਵਾਲੀ ਕਹਾਵਤ ਪ੍ਰਧਾਨ ਮੰਤਰੀ ਮੋਦੀ ਜੀ ਅਤੇ ਉਹਨਾਂ ਦੀ ਸਰਕਾਰ ਉੱਪਰ ਪੂਰੀ ਢੁਕਦੀ ਹੈ। ਹੁਣੇ ਹੀ ਬਜਟ ਪੇਸ਼ ਕਰਨ ਤੋਂ ਬਾਅਦ ਮੋਦੀ ਜੀ ਵਾਰ ਵਾਰ ਇਹ ਗੱਲ ਕਹਿ ਰਹੇ ਹਨ ਕਿ ਦੇਸ਼ ਨਵੀਆਂ ਉਚਾਈਆਂ ਦੀ ਦਿਸ਼ਾ ਵੱਲ ਅੱਗੇ ਵਧ ਰਿਹਾ ਹੈ।

ਪਰ ਇਹ ਉਚਾਈਆਂ ਕਿਹੜੀਆਂ ਹਨ, ਉਹ ਕਿਧਰੇ ਵਿਖਾਈ ਨਹੀਂ ਦੇ ਰਹੀਆਂ। ਇਕ ਸਮਾਂ ਸੀ ਜਦੋਂ ਇਸੇ ਪਾਰਟੀ ਦੀ ਸਰਕਾਰ ਵੱਲੋਂ ਭਾਰਤ ਨੂੰ ਚਮਕਦਾ ਭਾਰਤਕਹਿਕੇ ਆਪਣੀ ਪਿੱਠ ਆਪੇ ਥੱਪ ਥਪਾਈ ਸੀ, ਪਰ ਭਾਰਤ ਦੀ ਹਾਲਤ ਕਿਸੇ ਤੋਂ ਛੁਪੀ ਨਹੀਂ ਸੀ ਹੋਈ। ਅੱਜ ਫਿਰ 'ਚਮਕਦੇ ਭਾਰਤ' ਦੀ ਥਾਂ 'ਨਵੀਆਂ ਉਚਾਈਆਂ ਵੱਲ ਜਾ ਰਿਹਾ ਭਾਰਤ' ਕਿਹਾ ਜਾ ਰਿਹਾ ਹੈ। ਪਰ ਭਾਰਤ ਦੀ ਅਸਲ ਹਾਲਤ ਅੱਜ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ। ਬੇਰੁਜ਼ਗਾਰਾਂ ਦੀ ਲਾਈਨ ਪਹਿਲਾਂ ਤੋਂ ਵੀ ਲੰਮੀ ਹੋਈ ਹੈ, ਪੂਰੀ ਖ਼ੁਰਾਕ ਨਾ ਮਿਲਣ ਕਰਕੇ ਆਬਾਦੀ ਦਾ ਵੱਡਾ ਹਿੱਸਾ ਕੁਪੋਸ਼ਨ ਦਾ ਸ਼ਿਕਾਰ ਹੈ। ਵਿੱਦਿਆ ਦਾ ਮੁਢਲਾ ਅਧਿਕਾਰ ਵੀ ਆਮ ਲੋਕਾਂ ਤੋਂ ਖੋਹਿਆ ਜਾ ਰਿਹਾ ਹੈ, ਕਿਉਂਕਿ ਇਹ ਮਹਿੰਗੀ ਹੀ ਇਨ੍ਹੀਂ ਕੀਤੀ ਜਾ ਰਹੀ ਹੈ ਕਿ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ। ਇਸੇ ਤਰ੍ਹਾਂ ਸਿਹਤ ਸਹੂਲਤਾਂ ਵਿੱਚ ਸੁਧਾਰਾਂ ਦੀ ਬਜਾਏ, ਸਰਕਾਰੀ ਹਸਪਤਾਲ, ਡਿਸਪੈਂਸਰੀਆਂ ਵੱਡੇ ਪੂੰਜੀਪਤੀਆਂ/ਕਾਰਪੋਰੇਟਾਂ ਦੇ ਨਿੱਜੀ ਹੱਥਾਂ 'ਚ ਵੇਚੀਆਂ ਜਾ ਰਹੀਆਂ ਹਨ। ਇਸ ਸਭ ਕੁੱਝ ਦਾ ਨਿੱਜੀਕਰਣ ਕਰਕੇ ਲੋਕਾਂ ਦੀ ਲੁੱਟ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਨਾ ਪੀਣ ਵਾਲੇ ਪਾਣੀ ਦੇ ਸੁਧਾਰ ਲਈ ਕੋਈ ਬੱਜਟ ਤੇ ਨਾ ਹੀ ਵਾਤਾਵਰਣ ਸੁਧਾਰ ਦੀ ਕੋਈ ਚਿੰਤਾ। ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਰੋਕਣ ਲਈ ਕੋਈ ਉੱਦਮ ਨਹੀਂ ਤੇ ਨਾ ਹੀ ਔਰਤਾਂ ਨਾਲ ਹੋ ਰਹੇ ਅੱਤਿਆਚਾਰ ਰੋਕਣ ਲਈ ਕੋਈ ਕਦਮ। ਬਜਟ ਵਿੱਚ ਸਪਸ਼ਟ ਹੋ ਰਿਹਾ ਹੈ ਕਿ ਕੁੱਝ ਰਿਆਇਤਾਂ ਦੇਣ ਦੇ ਬਹਾਨੇ ਸਰਕਾਰੀ ਪੈਸਾ ਵੋਟਾਂ ਵਟੋਰਨ ਦੇ ਮੰਤਵ ਨਾਲ ਵਰਤਿਆ ਜਾ ਰਿਹਾ ਹੈ। ਕੀ ਇਸੇ ਨੂੰ ਨਵੀਆਂ ਉੱਚਾਈਆਂ ਵੱਲ ਜਾਣਾ ਕਿਹਾ ਜਾ ਰਿਹਾ ਹੈ ?



ਦੂਜੇ ਪਾਸੇ ਹਜਾਰਾਂ ਸਾਲ ਪੁਰਾਣੇ ਮੱਧ ਯੁੱਗੀ ਸਮੇਂ ਨੂੰ ਵਿਡਿਆਉਂਦਿਆਂ, ਦੇਸ਼ ਦੀ ਸੰਸਕ੍ਰਿਤੀ ਦੇ ਨਾਂ ਹੇਠ ਅਜਿਹੀਆਂ ਡੀਂਗਾਂ ਮਾਰੀਆਂ ਜਾ ਰਹੀਆਂ ਹਨ, ਕਿ ਦੇਸ਼ ਨੂੰ ਪੂਰੀ ਦੁਨੀਆਂ ਵਿੱਚ ਸ਼ਰਮਸਾਰ ਹੋਣਾ ਪੈ ਰਿਹਾ ਹੈ। ਇਹ ਕਹਿਣਾ ਕਿੱਧਰਲੀ ਉਚਾਈ ਹੈ ਕਿ ਸਾਡੇ ਦੇਸ਼ ਵਿੱਚ ਉਹਨਾਂ ਪੁਰਾਣੇ ਸਮਿਆਂ ਦੌਰਾਨ ਪਲਾਸਟਿਕ ਸਰਜਰੀ ਪ੍ਰਚੱਲਤ ਸੀ, ਜਿਸ ਨਾਲ ਗਣੇਸ਼ ਜੀ ਦੇ ਹਾਥੀ ਦਾ ਸਿਰ ਲਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਟੈਸਟ ਟਿਊਬ ਵਿਧੀ ਵੀ ਪ੍ਰਚੱਲਤ ਸੀ ਜਿਸ ਰਾਹੀਂ ਸੌ ਕੌਰਵ ਪੈਦਾ ਹੋਏ ਸਨ। ਇੰਟਰਨੈਟ ਵੀ ਓਦੋਂ ਪ੍ਰਚੱਲਤ ਸੀ ਆਦਿ ਸਮੇਤ ਹੋਰ ਵੀ ਬਹੁੱਤ ਕੁੱਝ ਸਰਕਾਰੀ ਤੌਰ ਤੇ ਅਜਿਹਾ ਪ੍ਰਚਾਰਿਆ ਜਾ ਰਿਹਾ ਹੈ ਜੋ ਅੱਜ ਦੇ ਵਿਗਿਆਨ ਦਾ ਮੂੰਹ ਚਿੜਾ ਰਿਹਾ ਹੈ। ਅਜਿਹਾ ਅੰਧ ਵਿਸ਼ਵਾਸੀ ਪ੍ਰਚਾਰ ਕਰਨਾ ਕਿਹੜੀ ਉਚਾਈ ਵੱਲ ਜਾਣ ਦਾ ਰਸਤਾ ਹੈ ?

ਜੇਕਰ ਇਹੋ ਜਿਹੇ ਹਾਲਾਤ ਪੈਦਾ ਕਰਨ ਨੂੰ ਉਚਾਈਆਂ ਵੱਲ ਜਾਣਾਂ ਮੰਨਣਾ ਹੈ ਤਾਂ ਫਿਰ ਉਤਰਾਈਆਂ ਵੱਲ ਜਾਣਾ ਕਿਸ ਨੂੰ ਕਹਿੰਦੇ ਹਨ ?

ਸ਼ਾਇਦ ਮਾਨ ਯੋਗ ਪ੍ਰਧਾਨ ਮੰਤਰੀ ਜੀ ਆਪਣੀ ਕਿਸੇ ਮਨ ਕੀ ਬਾਤ ਰਾਹੀਂ ਹੀ ਇਹ ਗੱਲ ਸਮਝਾ ਦੇਣ। ਬੀਜੇਪੀ ਸਰਕਾਰ ਵਿੱਚ ਮੰਤਰੀ ਪਦਾਂ ਤੇ ਬਿਰਾਜਮਾਨ ਕਈ ਸ਼ਖਸ ਵੀ ਅਜਿਹੇ ਵਿਚਾਰਾਂ ਨੂੰ ਬੜੇ ਮਾਣ ਵਾਲੀ ਗੱਲ ਆਖ ਰਹੇ ਹਨ। ਇਕ ਮਾਨ ਯੋਗ ਜੱਜ ਸਾਹਿਬਾਨ ਤਾਂ ਇਥੋਂ ਤੱਕ ਕਹਿ ਰਹੇ ਹਨ ਕਿ ਮੋਰ ਇਕ ਬ੍ਰਹਮਚਾਰੀ ਪੰਛੀ ਹੈ, ਕਿਉਂਕਿ ਉਸ ਦੇ ਹੰਝੂਆਂ ਨੂੰ ਪੀਕੇ ਹੀ ਮੋਰਨੀ ਗਰਵਵਤੀ ਹੋ ਜਾਂਦੀ ਹੈ। ਪਸ਼ੂਆਂ ਪੰਛੀਆਂ ਨੂੰ ਮਨੁੱਖਤਾ ਨਾਲ਼ੋਂ ਵੀ ਵੱਧ ਮਾਣ ਸਤਿਕਾਰ ਦੇਣਾ ਕਿਸ ਉਚਾਈ ਵੱਲ ਜਾਣ ਦੇ ਲੱਛਣ ਹਨ ? ਲੋਕਾਂ ਤੋਂ ਗਊ ਟੈਕਸ ਦੀ ਉਗਰਾਹੀ ਕਰਕੇ ਵੀ ਗਊ ਨੂੰ ਸਾਂਭਿਆ ਕਿਉਂ ਨਹੀਂ ਜਾ ਰਿਹਾ ? ਉਹ ਗਊਸ਼ਾਲਾ ਵਿੱਚ ਵੀ ਭੁੱਖ ਤੇ ਬਿਮਾਰੀ ਨਾਲ ਕਿਉਂ ਮਰ ਰਹੀਆਂ ਹਨ ? ਇਕ ਪਾਸੇ ਇਹਨਾਂ ਦੇ ਨਾ ਤੇ ਟੈਕਸ ਤਾਂ ਜਬਰੀ ਵਸੂਲ ਲਿਆ ਜਾਂਦਾ ਹੈ, ਪਰ ਦੂਜੇ ਪਾਸੇ ਝੁੰਡਾਂ ਦੇ ਝੁੰਡ ਗਾਵਾਂ ਲੋਕਾਂ ਦੀਆਂ ਫਸਲਾਂ ਦਾ ਉਜਾੜਾ ਵੀ ਕਰ ਰਹੀਆਂ ਹਨ, ਜਿਸ ਨਾਲ ਇਕੱਲੇ ਕਿਸਾਨ ਦਾ ਹੀ ਨੁਕਸਾਨ ਨਹੀਂ ਸਗੋਂ ਦੇਸ਼ ਦੀ ਅਨਾਜ ਪੈਦਾਵਾਰ ਦਾ ਵੀ ਹੋ ਰਿਹਾ ਹੈ। ਇੱਥੇ ਹੀ ਵੱਸ ਨਹੀਂ, ਸੜਕਾਂ ਵਿੱਚ ਘੁੰਮ ਰਹੀਆਂ ਗਾਵਾਂ ਹਾਦਸਿਆਂ ਦਾ ਕਾਰਣ ਬਣ ਰਹੀਆਂ ਹਨ, ਅਨੇਕਾਂ ਲੋਕ ਇਨ੍ਹਾਂ ਹਾਦਸਿਆਂ ਵਿੱਚ ਆਪਣੀਆਂ ਜਾਨਾਂ ਗੁਆ ਚੁੱਕੇ ਤੇ ਗੁਆ ਰਹੇ ਹਨ। ਗੰਦਗੀ ਦੇ ਢੇਰਾਂ ਵਿੱਚ ਮੂੰਹ ਮਾਰਨ ਬਾਅਦ, ਗਲੀਆਂ ਮਹੱਲਿਆਂ ਵਿੱਚ ਘੁੰਮ ਰਹੀਆਂ ਗਾਵਾਂ ਦੇ ਮਲ ਮੂਤਰ ਰਾਹੀਂ ਬਦਬੂ ਫੈਲਕੇ ਵਾਤਾਵਰਣ ਪ੍ਰਦੂਸਤ ਹੋ ਰਿਹਾ ਹੈ ਜੋ ਬਿਮਾਰੀਆਂ ਫੈਲਣ ਦਾ ਕਾਰਣ ਬਣ ਰਿਹਾ ਹੈ। ਜੇ ਕਿਸੇ ਵਿਅਕਤੀ ਨੂੰ ਦੇਸ਼ ਦਾ ਇਸ ਦਿਸ਼ਾ ਵੱਲ ਵਧਣਾ ਉਚਾਈ ਵੱਲ ਵਧਣਾ ਲਗਦਾ ਹੋਵੇ ਤਾਂ ਉਸ ਨੂੰ ਕਿਹੜਾ ਖਿਤਬ ਦਿੱਤਾ ਜਾ ਸਕਦਾ ਹੈ ? ਮੈਨੂੰ ਨਹੀਂ ਪਤਾ। ਮੈਂ ਤਾਂ ਇੰਨਾਂ ਹੀ ਸਮਝ ਸਕਿਆ ਹਾਂ ਕਿ ਗ਼ੈਰ ਵਿਗਿਆਨਿਕ ਸੰਸਕ੍ਰਿਤੀ ਨੂੰ ਧਰਮ ਦੇ ਨਾ ਤੇ ਸਹੀ ਸਿੱਧ ਕਰਨ ਲਈ ਉਸ ਉੱਪਰ ਵਿਗਿਆਨ ਦਾ ਬੁਰਕਾ ਚਾੜ੍ਹਨ ਦੇ ਯਤਨ ਬੜੀ ਚੁਤਰਾਈ ਨਾਲ ਕੀਤੇ ਜਾ ਰਹੇ ਹਨ।

ਦੂਜੇ ਪਾਸੇ ਦੇਸ਼ ਦੇ ਸੰਵਿਧਾਨ ਨੂੰ ਜਾਣਬੁੱਝਕੇ ਅੱਖੋਂ ਪਰੋਖੇ ਕਰਨ ਦੇ ਯਤਨ ਵੀ ਬਾਰ ਬਾਰ ਹੋ ਰਹੇ ਹਨ। ਕੋਈ ਵੀ ਸਰਕਾਰ ਸੰਵਿਧਾਨਿਕ ਤੌਰ ਤੇ ਕਿਸੇ ਧਰਮ ਨੂੰ ਬੜਾਵਾ ਦੇਣ ਲਈ ਸਰਕਾਰੀ ਤਾਕਤ ਦੀ ਵਰਤੋਂ ਨਹੀਂ ਕਰ ਸਕਦੀ। ਪਰ ਸਾਡੇ ਦੇਸ਼ ਵਿੱਚ ਅਜਿਹਾ ਸ਼ਰੇਆਮ ਹੋ ਰਿਹਾ ਹੈ। ਜਿਸ ਦੇਸ਼ ਵਿੱਚ ਧਰਮ ਨੂੰ ਰਾਜਨੀਤਕ ਤੌਰ ਤੇ ਮਨੁੱਖਤਾ ਵਿੱਚ ਨਫ਼ਰਤ ਫੈਲਾਉਣ ਲਈ ਵਰਤਿਆ ਜਾਵੇ ਉਸ ਧਰਮ ਦੀ ਸਮਾਜ ਜਾਂ ਦੇਸ਼ ਨੂੰ ਕੀ ਲੋੜ ਹੈ ? ਸਰਕਾਰਾਂ ਦੀ ਜ਼ੁਮੇਵਾਰੀ ਬਣਦੀ ਹੈ ਕਿ ਉਹ ਵਿਗਿਆਨਿਕ ਵਿਚਾਰਾਂ ਦਾ ਪਸਾਰਾ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇ ਅਤੇ ਉਹਨਾਂ ਸਮਾਜੀ ਸੰਸਥਾਵਾਂ ਨੂੰ ਹੋਰ ਉਤਸ਼ਾਹਿਤ ਕਰੇ ਜੋ ਇਸ ਕੰਮ 'ਚ ਜੁੱਟੀਆਂ ਹੋਈਆਂ ਹਨ। ਪਰ ਇਸ ਦੇਸ਼ ਵਿੱਚ ਸਰਕਾਰਾਂ ਦੀ ਸਰਪ੍ਰਸਤੀ ਹੇਠ ਪਨਪ ਰਹੇ ਗਰੋਹਾਂ ਵੱਲੋਂ ਅਜਿਹੇ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ ਜਿਹੜੇ ਲੋਕਾਂ ਵਿੱਚ ਵਿਗਿਆਨਿਕ ਸਮਝ ਫੈਲਾਉਣ ਦੇ ਯਤਨ ਕਰ ਰਹੇ ਹਨ। ਇਸ ਲੜੀ ਵਿੱਚ ਡਾ. ਨਰਿੰਦਰ ਦਭੋਲਕਰ, ਕਾ. ਗੋਬਿੰਦ ਪੰਸਾਰੇ ਅਤੇ ਉੱਘੀ ਪੱਤਰਕਾਰਾ ਗੌਰੀ ਲੰਕੇਸ਼ ਨੂੰ ਕਤਲ ਕੀਤੇ ਜਾਣ ਵਰਗੀਆਂ ਕਿਨੀਆਂ ਹੀ ਉਦਾਹਰਣਾਂ ਸਾਡੇ ਸਾਹਮਣੇ ਹਨ। ਇਹ ਸਭ ਕੁੱਝ ਇਕ ਵਿਉਂਤਬੰਦ ਢੰਗ ਨਾਲ ਕੀਤਾ ਜਾ ਰਿਹਾ ਹੈ , ਕਿਉਂਕਿ ਸ਼ਾਸਨ ਚਲਾਉਣ ਵਾਲੇ ਕਦੀ ਵੀ ਨਹੀਂ ਚਾਹੁੰਦੇ ਕਿ ਲੋਕ ਸੱਚ ਸਮਝਣ ਦੇ ਯੋਗ ਹੋਣ। ਇਸੇ ਕਰਕੇ ਵਿੱਦਿਆ ਦੇਣ ਵਰਗੇ ਮੁਢਲੇ ਹੱਕ ਤੋਂ ਮਨੁੱਖ ਨੂੰ ਵਾਂਝਾ ਰੱਖਣ ਲਈ, ਇਸ ਨੂੰ ਮਹਿੰਗਾ ਕਰਕੇ ਸਰਕਾਰ ਆਪਣੀ ਮੁੱਢਲੀ ਜੁਮੇਵਾਰੀ ਤੋਂ ਵੀ ਭੱਜ ਰਹੀ ਹੈ।

ਬਹੁ ਗਿਣਤੀ ਭਾਰਤੀ ਵੱਸੋਂ ਅਨਪੜ੍ਹਤਾ, ਬੇਰੁਜ਼ਗਾਰੀ, ਅੰਧਿਵਿਸ਼ਵਾਸੀ, ਬਿਮਾਰੀਆਂ, ਨਸ਼ਿਆਂ, ਭੁੱਖਮਰੀ, ਖੁਦਕਸ਼ੀਆਂ ਦੀ ਸ਼ਿਕਾਰ ਹੋਕੇ ਦਮ ਤੋੜ ਰਹੀ ਹੈ। ਪਰ ਸ਼ਾਸਕ ਅਤੇ ਪੁਜਾਰੀ ਵਰਗ ਇਹਨਾਂ ਦੀ ਇਸ ਹਾਲਤ ਨੂੰ ਕਿਸਮਤ ਦੀ ਮਾਰ ਕਹਿਕੇ ਅਸਲੀ ਕਾਰਣਾਂ ਦੇ ਸਾਹਮਣੇ

जिस देश का प्रधानमंत्री अंधविस्वास और पाखण्डवाद को धर्म मानता हो, और धर्म के नाम पर नन्गे रहने वालो के आगे शीश झुकाता हो उस देश का भविष्य कैसा होगा,








शर्मशार : भारत में आज भी यहां औरतें मर्दों के जूतों से पानी पीने को मजबूर, क्या ऐसा देश है...

उस धर्म का नाम बताईये जो नशा करने के लिए प्रोत्साहित करता है ?
चरस गांजा सिगरेट भांग मदिरा उस धर्म का मुख्य आहार है ?



B & B AUTO REPAIRS
All Makes & Models
Complete Mechanical Service & Tires Tune-Ups, Breaks, Oil Changes, Etc.
WE ALWAYS STOCK ENGINES, TRANSMISSIONS & REAR AXLES
LUCKY KULDIP
OPEN 7 DAYS A WEEK (9am)
46 Racine Road, Etobicoke, ON M9W 2Z3
Tel 416-745-7745 • 416-745-4000

## #अतिथि_देवो_भव: !
## #मेरा_देश_बदल_रहा_है



ਆ ਜਾਣ ਦੇ ਡਰੋਂ ਇਕ ਜੁੱਟ ਹਨ। ਇਸੇ ਕਰਕੇ ਇਸ ਬਹੁ ਗਿਣਤੀ ਨੂੰ ਵਿੱਦਿਆ ਦੇ ਹੱਕ ਤੋਂ ਵਾਂਝਾ ਰੱਖਣ ਲਈ ਆਏ ਰੋਜ਼ ਨਵੀਆਂ ਵਿਉਂਤਾਂ ਘੜਕੇ ਇਨ੍ਹਾਂ ਨੂੰ ਸਿਰਫ ਤੇ ਸਿਰਫ ਆਪਣੀਆਂ ਵੋਟਾਂ ਅਤੇ ਭਗਤ ਬਣੇ ਰਹਿਣ ਤੱਕ ਸੀਮਤ ਕੀਤਾ ਜਾ ਰਿਹਾ ਹੈ।

ਸਾਧੂ, ਸੰਤ, ਯੋਗੀ ਕਹਾਉਣ ਵਾਲੇ ਅਖੌਤੀ ਮਹਾਂਪੁਰਸ਼, ਜੋ ਹੋਰਾਂ ਨੂੰ ਤਾਂ ਦੁਨਿਆਵੀ ਜਿੰਦਗੀ 'ਚ ਮੋਹ ਮਾਇਆ ਤਿਆਗਣ ਦੇ ਉਪਦੇਸ਼ ਦਿੰਦੇ ਹਨ, ਪਰ ਆਪ ਲੋਕਾਂ ਦੀ ਕਿਰਤ ਨਾਲ ਕਮਾਈ ਹੋਈ ਮਾਇਆ ਨੂੰ, ਦਾਨ ਦੇ ਨਾ ਤੇ ਇਕੱਠੀ ਕਰਕੇ ਐਸ਼ਾਂ ਕਰ ਰਹੇ ਹਨ। ਸਮਾਜ ਨੂੰ ਤਿਆਗਕੇ ਆਪਣੇ ਆਪ ਨੂੰ ਸਾਧੂ ਕਹਾਉਣ ਵਾਲੇ ਵੀ ਉਸੇ ਤਿਆਗੇ ਹੋਏ ਸਮਾਜ ਦੀ ਕਿਰਤ ਰਾਹੀਂ ਪੈਦਾ ਕੀਤਾ ਅਨਾਜ ਖਾਕੇ ਜਿਉਂਦੇ ਰਹਿ ਰਹੇ ਹਨ। ਦੂਜੇ ਪਾਸੇ ਸਾਡਾ ਸ਼ਾਸਕੀ ਵਰਗ ਇਹਨਾਂ ਲਈ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਦੇ ਪ੍ਰਬੰਧ ਕਰਕੇ ਇਨ੍ਹਾਂ ਦਾ ਸਮਾਜ ਵਿੱਚ ਸਤਿਕਾਰ ਬਣਾਕੇ ਰੱਖਣ ਲਈ ਵਿਸ਼ੇਸ਼ ਉਪਰਾਲੇ ਕਰਦਾ ਹੈ। ਇਥੋਂ ਤੱਕ ਕਿ ਇਹਨਾਂ ਨੂੰ ਰਾਜ ਭਾਗ ਦਾ ਅੰਗ ਬਣਾਉਣ ਤੋਂ ਵੀ ਕੋਈ ਸੰਕੋਚ ਨਹੀਂ ਕਰਦਾ। ਇਨ੍ਹਾਂ ਨੂੰ ਮੰਤਰੀਆਂ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਸ਼ਾਸਕੀ ਵਰਗ ਅਤੇ ਹਰ ਤਰ੍ਹਾਂ ਦੇ ਪੁਜਾਰੀ ਵਰਗ ਦੀ ਇਸ ਆਪਸੀ ਸਾਂਝ ਨੂੰ ਬਰੀਕੀ ਨਾਲ ਸਮਝਣਾ ਬੇਹੱਦ ਜ਼ਰੂਰੀ ਹੈ। ਇਸ ਦੇ ਸਮਝਣ ਨਾਲ ਹੀ ਜਿੱਥੇ ਮਨੁੱਖ ਆਪਣੀ ਮਾੜੀ ਕਿਸਮਤ ਦੇ ਕਾਰਣਾਂ ਨੂੰ ਸਮਝਣ ਦੇ ਯੋਗ ਹੋਵੇਗਾ ਉੱਥੇ ਮਨੁੱਖਤਾ, ਨਵੇਂ ਭਾਰਤ ਦੀ ਸਿਰਜਣਾ ਕਰਨ ਦੇ ਯੋਗ ਬਣ ਸਕੇਗੀ। ਦੇਸ਼ ਨੂੰ ਨਵੀਆਂ ਉਚਾਈਆਂ ਵੱਲ ਮੋੜਾ ਦੇਣ ਦੇ ਸਮਰੱਥ ਬਣਾਉਣ ਲਈ ਵੀ ਇਹੋ ਜਰੂਰੀ ਹੈ। ਕਿਸੇ ਸਰਕਾਰੀ ਮੰਤਰੀ ਜਾਂ ਪ੍ਰਧਾਨ ਮੰਤਰੀ ਦੇ ਕਹਿਣ ਨਾਲ ਭਾਰਤ ਨਵੀਆਂ ਉਚਾਈਆਂ ਵੱਲ ਨਹੀਂ ਜਾ ਸਕਦਾ ਕਿਉਂਕਿ ਇਹਨਾਂ ਦੀ ਕਹਿਣੀ ਤੇ ਕਰਨੀ ਵਿੱਚ ਕੋਈ ਮੇਲ ਨਹੀਂ। ਇਸੇ ਕਰਕੇ ਹਾਥੀ ਦੇ ਦੰਦਾਂ ਵਾਲੀ ਕਹਾਵਤ ਇਨ੍ਹਾਂ ਉੱਪਰ ਪੂਰੀ ਢੁਕਦੀ ਹੈ।




**ਨਵੀਂਆਂ ਉਚਿਆਈਆਂ ਵੱਲ ਜਾਂਦੇ ਭਾਰਤ ਦੇ ਕੁੱਝ ਦ੍ਰਿਸ਼ ਉਦਾਹਰਣ ਦੇ ਤੌਰ ਤੇ ਹੇਠਾਂ ਦਿੱਤੀਆਂ ਤਸਵੀਰਾਂ ਰਾਹੀਂ ਵੇਖੇ ਜਾ ਸਕਦੇ ਹਨ:**

# ਅਨਾਜ ਦੀ ਵਧਦੀ ਪੈਦਾਵਾਰ ਭੁੱਖਮਰੀ ਦੂਰ ਕਰਨ ਲਈ ਕੰਮ ਆਉਂਦੀ ਕਿਉਂ ਨਹੀਂ ?

ਮਾਰਚ 2018 ਵਿੱਚ ਭੁੱਖਮਰੀ ਬਾਰੇ ਸੰਯੁਕਤ ਰਾਸ਼ਟਰ ਸੰਘ ਨੇ ਇੱਕ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਦੁਨੀਆਂ ਵਿੱਚ ਬਾਰਾਂ ਕਰੋੜ ਲੋਕ ਭੁੱਖ ਨਾਲ ਮਰਨ ਕੰਢੇ ਹਨ, ਇਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਲੋਕ ਭਾਰਤ ਦੇ ਹਨ। ਇਸ ਤੋਂ ਪਿੱਛੋਂ ਪਿੱਛੇ ਜਿਹੇ ਜਾਰੀ ਵਿਸ਼ਵ ਭੁੱਖ ਸੂਚਕ ਅੰਕ–2018 ਵਿੱਚ 119 ਦੇਸ਼ਾਂ ਦੇ ਵਿੱਚੋਂ ਭਾਰਤ 103ਵੇਂ ਸਥਾਨ ਤੇ ਹੈ। ਭੁੱਖਮਰੀ ਦੇ ਮਾਮਲੇ ਵਿੱਚ ਭਾਰਤ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਬਦਤਰ ਹੁੰਦੀ ਜਾ ਰਹੀ ਹੈ। ਗੁਆਢੀ ਦੇਸ਼ ਨੇਪਾਲ, ਸ੍ਰੀਲੰਕਾ, ਬੰਗਲਾ ਦੇਸ਼ ਵੀ ਇਸ ਲਿਹਾਜ ਨਾਲ ਸਾਡੇ ਤੋਂ ਬਿਹਤਰ ਹਾਲਤ ਵਿੱਚ ਹਨ। ਸੰਯੁਕਤ ਰਾਸ਼ਟਰ ਦੀ 2018 ਦੀ ਇਸ ਰਿਪੋਰਟ ਨੂੰ ਸੱਚ ਸਾਬਤ ਕਰਨ ਵਾਲੀਆਂ ਘਟਨਾਵਾਂ ਅਤੇ ਰਿਪੋਰਟਾਂ ਵੀ ਰੋਜ਼ ਹੀ ਸਾਹਮਣੇ ਆ ਰਹੀਆਂ ਹਨ।ਪਿਛਲੇ ਅੱਠ ਮਹੀਨੇ ਵਿੱਚ ਹੀ ਦਿੱਲੀ, ਮੱਧ ਪ੍ਰਦੇਸ਼, ਝਾਰਖੰਡ, ਮਹਾਰਾਸ਼ਟਰ ਵਰਗੇ ਸੂਬਿਆਂ ਵਿੱਚ ਕਈ ਲੋਕਾਂ ਦੀਆਂ ਭੁੱਖ ਨਾਲ ਮੌਤਾ ਦੀਆ ਖਬਰਾਂ ਸੁਣੀਆ ਹਨ। ਪਿਛਲੇ ਸਾਲ ਜੁਲਾਈ ਵਿੱਚ ਰਾਜਧਾਨੀ ਦਿੱਲੀ ਵਿੱਚ ਦਸ ਸਾਲ ਤੋਂ ਘੱਟੋ ਉਮਰ ਦੀਆਂ ਤਿੰਨ ਬੱਚੀਆਂ ਦੀ ਭੁੱਖ ਨਾਲ ਮੌਤ ਹੋ ਗਈ ਸੀ।ਉਸ ਤੋਂ ਪਹਿਲਾਂ ਝਾਰਖੰਡ ਵਿੱਚ ਕਈ ਬੱਚੇ ਭੁੱਖ ਨਾਲ ਮਰ ਗਏ ਸਨ।ਹਾਲ ਹੀ ਵਿੱਚ 30 ਸਤੰਬਰ ਨੂੰ ਮਹਾਰਾਸ਼ਟਰ ਦੇ ਬੁਲਡ਼ਾਣਾ ਜ਼ਿਲ੍ਹੇ ਵਿੱਚ 65 ਸਾਲ ਦੇ ਬਜ਼ੁਰਗ ਦੀ ਭੁੱਖ ਨਾਲ ਮੌਤ ਹੋ ਗਈ। ਉਨ੍ਹਾਂ ਦੀ ਪਤਨੀ ਦਾ ਕਹਿਣਾ ਹੈ ਕਿ ਘਰ ਵਿੱਚ ਦੋ ਦਿਨ ਤੋਂ ਅੰਨ ਦਾ ਇੱਕ ਦਾਣਾ ਵੀ ਨਹੀਂ ਸੀ ਅਤੇ ਆਧਾਰ ਕਾਰਡ ਦੇ ਰਾਸ਼ਨ ਕਾਰਡ ਨਾਲ ਲਿੰਕ ਨਾ ਹੋਣ ਕਰਕੇ ਰਾਸ਼ਣ ਵੀ ਨਹੀਂ ਸੀ ਮਿਲਿਆ ਸੀ। ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਕਰੀਬ ਵੀਹ ਕਰੋੜ ਲੋਕ ਭੁੱਖੇ ਪੇਟ ਸੌਂ ਜਾਂਦੇ ਹਨ। ਸੰਯੁਕਤ ਰਾਸ਼ਟਰ ਦੀ ਦੂਜੀ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਹਰ ਸਾਲ ਦਸ ਲੱਖ ਬੱਚੇ ਕੁਪੋਸ਼ਣ ਦੇ ਕਾਰਨ ਮੌਤ ਦੇ ਮੂੰਹ ਜਾ ਪੈਂਦੇ ਹਨ। ਮੱਧ ਪ੍ਰਦੇਸ਼ ਦੇ ਹਰ ਦਿਨ 92 ਬੱਚਿਆਂ ਦੀ ਮੌਤ ਕੁਪੋਸ਼ਨਣ ਨਾਲ ਹੁੰਦੀ ਹੈ। ਸਾਡੇ ਦੇਸ਼ ਦੀਆਂ 15 ਤੋਂ 49 ਸਾਲ ਉਮਰ ਦੀਆਂ 41 ਫੀਸਦੀ ਔਰਤਾ ਖੂਨ ਦੀ ਘਾਟ ਤੋਂ ਪੀੜਤ ਹਨ,ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਾ ਪੈਦਾ ਕਰਦੇ ਸਮੇਂ ਹੀ ਮਰ ਜਾਂਦੀਆਂ ਹਨ।



ਹਾਲਾਂ ਕਿ ਭਾਰਤ ਦੇ ਸੰਵਿਧਾਨ ਦਾ ਅਣੁਛੇਦ–47 ਕਹਿੰਦਾ ਹੈ ਕਿ "ਰਾਜ ਜਨਤਾ ਦੇ ਪੋਸ਼ਣ ਤੇ ਰਹਿਣ–ਸਹਿਣ ਦਾ ਪੱਧਰ ਉੱਨਤ ਕਰਨ ਅਤੇ ਜਨਤਕ ਸਿਹਤ ਵਿੱਚ ਵਾਧੇ ਨੂੰ ਆਪਣਾ ਮੁੱਖ ਫ਼ਰਜ਼ ਮੰਨੇਗਾ।" ਪਰ ਆਜ਼ਾਦੀ ਦੇ ਸੱਤ ਦਹਾਕਿਆਂ ਤੋਂ ਵੱਧ ਬੀਤ ਜਾਣ ਪਿਛੋਂ ਵੀ ਭਾਰਤ ਭੁੱਖੇ ਲੋਕਾਂ ਦਾ ਦੇਸ਼ ਹੈ।ਇੱਕ ਪਾਸੇ ਭੁੱਖਮਰੀ ਨਾਲ ਜਨਤਾ ਬੇਹਾਲ ਹੈ ਤੇ ਦੂਜੇ ਪਾਸੇ ਦੇਸ਼ ਦੇ ਕਿਸਾਨ ਹਰ ਸਾਲ ਰਿਕਾਰਡ ਤੋੜ ਪੈਦਾਵਾਰ ਕਰ ਰਹੇ ਹਨ। 'ਖੇਤੀ ਸਹਿਕਾਰਤਾ ਅਤੇ ਕਿਸਾਨ ਕਲਿਆਣ ਵਿਭਾਗ' ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇਸ਼ ਵਿੱਚ ਅਨਾਜ ਦੀ ਕੁਲ ਪੈਦਾਵਾਰ ਢਾਈ ਕਰੋੜ ਟਨ ਤੋਂ ਜ਼ਿਆਦਾ ਹੋਈ ਜੋ ਉਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਲਗਭਗ ਤਿੰਨ ਕਰੋੜ ਟਨ ਜ਼ਿਆਦਾ ਹੈ। ਇਹ ਵਾਧਾ ਵੀ ਇੱਕ ਰਿਕਾਰਡ ਹੈ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦੇ ਕੇ ਸਰਕਾਰ ਨੇ ਆਪਣੇ ਆਪ ਨੂੰ ਖੂਬ ਸਾਬਾਸ਼ ਦਿੱਤੀ ਸੀ।ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਦੇਸ਼ ਵਿੱਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਵਿੱਚ ਸਭ ਤੋਂ ਜ਼ਿਆਦਾ ਤੈਦਾਦ ਉਨ੍ਹਾਂ ਕਿਸਾਨਾਂ ਦੀ ਹੈ ਜੋ ਇੰਨੀ ਜ਼ਬਰਦਸਤ ਪੈਦਾਵਾਰ ਕਰ ਰਹੇ ਹਨ।ਇਹ ਕਿਹੋ ਜਿਹੀ ਹਨੇਰਗਰਦੀ ਹੈ ਕਿ ਜਿਸ ਚ ਜ਼ਿਆਦਾ ਪੈਦਾਵਾਰ ਕਰਨ ਨਾਲ ਕਿਸਾਨ ਖੁਸ਼ਹਾਲ ਹੋਣ ਦੀ ਬਜਾਏ ਕੰਗਾਲ ਹੁੰਦਾ ਜਾ ਰਿਹਾ ਹੈ। ਅੱਜ ਜ਼ਿਆਦਾ ਪੈਦਾਵਾਰ ਨਾਲ ਉਨ੍ਹਾਂ ਦੀ ਮਾਲੀ ਹਾਲਤ ਬੇਹਤਰ ਨਹੀਂ ਹੁੰਦੀ ਬਲਕਿ ਭਾਅ ਘਟਣ ਕਰਕੇ ਫਸਲ ਦੀ ਲਾਗਤ ਕੱਢਣੀ ਵੀ ਮੁਸ਼ਕਲ ਹੋ ਰਹੀ ਹੈ। ਸਾਲ ਦਰ ਸਾਲ ਘਾਟਾ ਹੋਣ ਕਰਕੇ ਇੱਕ ਪਾਸੇ ਕਿਸਾਨ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ ਤੇ ਦੂਜੇ ਪਾਸੇ ਲੱਖਾਂ ਜ਼ਰੂਰਤਮੰਦ ਲੋਕ ਇਸ ਲਈ ਭੁੱਖੇ ਮਰਦੇ ਹਨ ਕਿਉਂਕਿ ਅਨਾਜ ਖਰੀਦ ਨਹੀਂ ਸਕਦੇ। ਅਨਾਜ ਜਮ੍ਹਾਂਖੋਰਾਂ ਵੱਲੋਂ ਭਾਅ ਡੇਗ ਦਿੱਤੇ ਜਾਣ ਕਰਕੇ ਜਿਸ ਸਮੇਂ ਕਿਸਾਨ ਆਪਣੀ ਉਪਜ ਸੜਕਾਂ ਤੇ ਸੁੱਟਣ ਲਈ ਮਜ਼ਬੂਰ ਹੁੰਦੇ ਹਨ ਉਸ ਸਮੇਂ ਕਰੋੜਾਂ ਲੋਕ ਭੁੱਖੇ ਪੇਟ ਸੌਂਦੇ ਹਨ। ਇਸ ਬੇਤੁੱਕੀ ਹਾਲਤ ਦੀ ਵਜ੍ਹਾ ਸਰਕਾਰਾਂ ਦੀਆਂ ਉਹ ਨੀਤੀਆਂ ਹਨ ਜਿਨ੍ਹਾਂ ਨੇ ਕਿਸਾਨ ਤੇ ਲੋਕਾਂ ਦੇ ਵਿੱਚ ਦੇਸੀ ਵਿਦੇਸ਼ੀ ਕੰਪਨੀਆਂ ਨੂੰ ਲਿਆ ਖੜਾ ਕੀਤਾ ਹੈ। ਇਨ੍ਹਾਂ ਕੰਪਨੀਆਂ ਦੇ ਮੁਨਾਫ਼ੇ ਨੂੰ ਸੈਂਕੜੇ ਗੁਣਾ ਵਧਾਉਣ ਲਈ ਸਰਕਾਰਾਂ ਨੇ ਕਿਸਾਨਾਂ ਦੀ ਫ਼ਸਲ ਖ਼ਰੀਦਣ ਵੇਲੇ ਭਾਰਤੀ ਖੁਰਾਕ ਨਿਗਮ ਨੂੰ ਖੰਡਰਾਂ ਵਿੱਚ ਤਬਦੀਲ ਕਰ ਦਿੱਤਾ ਅਤਵ ਲੋਕਾਂ ਤੱਕ ਸਸਤਾ ਰਾਸ਼ਨ ਪਹੁੰਚਾਉਣ ਵਾਲੀ ਜਨਤਕ ਵੰਡ ਪ੍ਰਣਾਲੀ ਨੂੰ ਢਹਿ ਢੇਰੀ ਕਰਕੇ ਲੋਕਾਂ ਦੇ ਮੂੰਹ ਵਿਚੋਂ ਸਸਤਾ ਅਨਾਜ ਖੋਹ ਲਿਆ। ਸਿੱਟੇ ਵਜੋਂ ਆਈਟੀਸੀ, ਮੌਨਸੈਂਟੋ, ਕਾਰਗਿਲ ਵਰਗੀਆਂ ਦਿਓ ਕੱਦ ਕੰਪਨੀਆਂ ਖੇਤੀ ਵਪਾਰ ਦੇ ਖੇਤਰ ਵਿੱਚ ਉੱਤਰ ਚੁੱਕੀਆ ਹਨ ਜੋ ਹਰ ਸਾਲ ਕਿਸਾਨਾਂ ਦੀ ਅੰਨ੍ਹੇਵਾਹ ਲੁੱਟ ਕਰ ਰਹੀਆਂ ਹਨ। ਧਿਆਨ ਦੇਣ ਯੋਗ ਗੱਲ ਹੈ ਕਿ ਐਸੀ ਹੀ ਇੱਕ ਖੇਤੀ ਵਪਾਰ ਕੰਪਨੀ ਬਣਾ ਕੇ ਅਮਿਤ ਸ਼ਾਹ ਦੇ ਬੇਟੇ ਨੇ ਕੁਝ ਹੀ ਮਹੀਨਿਆਂ ਵਿੱਚ ਸੈਂਕੜੇ ਗੁਣਾ ਮੁਨਾਫਾ ਕਮਾਇਆ ਸੀ,ਜਿਸ ਦੀ ਚਰਚਾ ਅਖ਼ਬਾਰਾਂ ਵਿੱਚ ਵੀ ਜ਼ੋਰ ਸ਼ੋਰ ਨਾਲ ਸ਼ੁਰੂ ਹੋਈ ਸੀ। ਸਰਕਾਰ ਹਰ ਸਾਲ ਕਣਕ ਦਾ 'ਘੱਟੋ ਘੱਟ ਸਹਾਇਕ ਮੁੱਲ' ਤੈਅ ਕਰਦੀ ਹੈ ਪਰ ਸਰਕਾਰੀ ਖ਼ਰੀਦ ਚ ਦੇਰੀ ਕਰ ਦਿੰਦੀ ਹੈ। ਇਸ ਨਾਲ ਵੱਡੀਆਂ ਵੱਡੀਆਂ ਜਮ੍ਹਾਂਖੋਰ ਨਿੱਜੀ ਕੰਪਨੀਆਂ ਘੱਟੋ ਘੱਟ ਸਹਾਇਕ ਮੁੱਲ ਤੋਂ ਵੀ ਘੱਟ ਭਾਅ ਤੇ ਜ਼ਿਆਦਾਤਰ ਕਣਕ ਖਰੀਦ ਲੈਂਦੀਆਂ ਹਨ ਫਿਰ ਉਸੇ ਤੋਂ ਤਿਆਰ ਮਾਲ ਨੂੰ ਕਈ ਗੁਣਾ ਉੱਚੇ ਭਾਅ ਤੇ ਲੋਕਾਂ ਵਿੱਚ ਵੇਚਦੀਆਂ ਹਨ।ਆਈਟੀਸੀ ਕੰਪਨੀ ਨੇ 2017–18 ਚ ਕਣਕ 1735 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦੀ, ਜਦ ਕਿ ਉਸੇ ਕਣਕ ਨੂੰ ਪੀ ਕੇ ਆਟਾ ਬਣਾ ਕੇ ਪੈਂਤੀ ਸੌ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚਦੀ ਰਹੀ ਹੈ। ਲਹਿਰ ਵਰਗੀ ਕੰਪਨੀ ਕਿਸਾਨਾਂ ਦਾ ਆਲੂ ਦੋ–ਤਿੰਨ ਰੁਪਏ ਕਿੱਲੋ ਖਰੀਦ ਕੇ ਉਹ ਦਾ ਚਿਪਸ ਬਣਾ ਕੇ 400 ਰੁਪਏ ਪ੍ਰਤੀ ਕਿੱਲੋ ਦੀ ਦਰ ਨਾਲ ਵੇਚਦੀ ਹੈ। ਹਰ ਸਾਲ ਲੱਖਾਂ ਟਨ ਅਨਾਜ ਬਾਰਿਸ਼ ਵਿੱਚ ਭਿਉਂ ਕੇ ਖ਼ਰਾਬ ਕੀਤਾ ਜਾਂਦਾ ਹੈ। ਫਿਰ ਉਸ ਨੂੰ ਬਰੈੱਡ ਤੇ ਸ਼ਰਾਬ ਬੁਣਾਉਣ ਵਾਲੀਆਂ ਕੰਪਨੀਆਂ ਕੌਡੀਆਂ ਦੇ ਭਾਅ ਖਰੀਦ ਲੈਂਦੀਆਂ ਹਨ। ਕੈਗ ਦੀ ਇੱਕ ਰਪੋਰਟ ਮੁਤਾਬਕ ਸਿਰਫ ਪੰਜਾਬ ਵਿੱਚ ਹੀ ਭਾਰਤੀ ਖਾਦ ਨਿਗਮ ਦੇ ਗੁਦਾਮਾਂ ਦੀ 72 ਹਜ਼ਾਰ ਟਨ ਕਣਕ ਖੁੱਲ੍ਹੇ ਅਸਮਾਨ ਵਿੱਚ ਰੱਖ ਕੇ ਖਰਾਬ ਕੀਤੀ ਗਈ। ਇੱਕ ਰਿਪੋਟ ਮੁਤਾਬਕ ਭਾਰਤ ਵਿੱਚ ਹਰ ਸਾਲ ਇੰਗਲੈਂਡ ਦੀ ਖਪਤ ਦੇ ਬਰਾਬਰ ਅਨਾਜ ਬਰਬਾਦ ਹੋ ਜਾਂਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਸਰਕਾਰਾਂ ਦਾ ਕੰਮ ਸਿਰਫ਼ ਕੰਪਨੀਆਂ ਦੇ ਮੁਨਾਫ਼ੇ ਵਧਾਉਣ ਦਾ ਇੰਤਜ਼ਾਮ ਕਰਨ ਦਾ ਰਹਿ ਗਿਆ ਹੈ। ਅਮਰੀਕਾ ਦੀਆਂ ਦੋ ਵੱਡੀਆਂ ਅਨਾਜ ਕਾਰੋਬਾਰੀ ਕੰਪਨੀਆਂ ਰਾਈਸ ਐਕਸ ਤੇ ਮੋਨਸੈਂਟੋ ਨੇ ਮਿਲ ਕੇ ਚੋਲਾ ਦੇ ਨਾੜ ਤੇ ਪਰਾਲੀ ਨਾਲ 'ਰਾਇਸ ਬ੍ਰਾਂਨ' ਨਾਂ ਦੀ ਪੌਸ਼ਟਿਕ ਖੁਰਾਕ ਨੂੰ ਭਾਰਤ ਵਿਚ ਵੇਚਣ ਦੀ ਤਿਆਰੀ ਕਰ ਲਈ ਹੈ। ਉਸ ਦੀ ਸਕੀਮ ਹੈ ਕਿ ਇਹ ਸ਼ੁਰੂ ਦੇ ਪੰਜ ਸਾਲਾਂ ਤੱਕ ਇਸ ਉਤਪਾਦ ਨੂੰ ਸਰਕਾਰੀ ਯੋਜਨਾ ਦੇ ਜ਼ਰੀਏ ਗਰੀਬਾਂ ਨੂੰ ਵੇਚੇਗੀ। ਅਮਰੀਕਾ ਤੇ ਯੂਰਪ ਵਿੱਚ 'ਰਾਈਸ ਬ੍ਰਾਨ' ਪਹਿਲਾਂ ਤੋਂ ਪ੍ਰਚੱਲਿਤ ਹੈ। ਉੱਥੇ ਇਸ ਨੂੰ ਮੁਰਗੀਆਂ ਅਤੇ ਸੂਅਰਾਂ ਨੂੰ ਖੁਆਇਆ ਜਾਂਦਾ ਹੈ। ਯਾਨੀ ਕੰਪਨੀਆਂ ਅਮਰੀਕਾ ਦੇ ਸੂਅਰਾਂ ਦਾ ਖਾਣਾ ਭਾਰਤ ਦੇ ਗਰੀਬਾਂ ਤੇ ਅਜ਼ਮਾਏਗੀ ਅਤੇ ਭਾਰਤ ਸਰਕਾਰ ਇਸ ਵਿੱਚ ਉਨ੍ਹਾਂ ਦੀ ਮਦਦ ਕਰੇਗੀ; ਅਸਲ ਵਿੱਚ ਭਾਰਤ ਸਰਕਾਰ ਦੀ ਨਜ਼ਰ ਵਿੱਚ ਗ਼ਰੀਬ ਲੋਕ ਮੁਰਗੀਆਂ ਤੇ ਸੂਅਰਾਂ ਦੇ ਬਰਾਬਰ ਹੀ ਤਾਂ ਹਨ।


**ਡਾ ਅਜੀਤਪਾਲ ਸਿੰਘ ਐਮ ਡੀ**
**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**
**9815629301**

Veerpal Brar, RIBO
[Broker]
veerpal@custominsure.ca
CUSTOM INSURANCE
INSURANCE BROKERS
A DIVISION OF ORACLE RMS
Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO HOME COMMERCIAL LIFE

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD.
REALTOR
REAL ESTATE BOARD
MaxValue Realty Ltd.

Taranjit "T.J" Mand
Real Estate Associate

# .ਗ਼ਦਰ ਲਹਿਰ ਦੀ ਕਵਿਤਾ ਅੱਜ ਦੇ ਪ੍ਰਪੇਖ ਵਿੱਚ


ਪਰਮਿੰਦਰ ਕੌਰ ਸਵੈਚ
604 760 4794



ਪ੍ਰਾਚੀਨ ਕਾਲ ਤੋਂ ਇਤਿਹਾਸ ਵੱਲ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਮੁੱਢੋਂ ਸੁੱਢੋਂ ਹੀ ਕਵਿਤਾ ਤੇ ਮਨੁੱਖੀ ਜ਼ਜਬਿਆਂ ਦਾ ਆਪਸ ਵਿੱਚ ਗੂੜ੍ਹਾ ਸਬੰਧ ਰਿਹਾ ਹੈ। ਜਦੋਂ ਮਨੁੱਖ ਨੇ ਆਪਣੇ ਹਾਵਾਂ-ਭਾਵਾਂ ਨੂੰ ਪ੍ਰਗਟਾ ਕੇ ਆਪਣਾ ਸੁਨੇਹਾ ਦੂਜਿਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਕਵਿਤਾ ਨੂੰ ਸੰਗੀਤਕ ਲੈਅ ਵਿੱਚ ਪ੍ਰੋਇਆ। ਇਹ ਸੁਨੇਹਾ ਮਨੁੱਖ ਦੀਆਂ ਕਲਾ-ਕਿਰਤਾਂ ਵਿੱਚੋਂ ਉੱਭਰ ਕੇ ਉਸਦੇ ਨਿੱਜੀ, ਆਰਥਿਕ. ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਸਰੋਕਾਰਾਂ ਦੀ ਆਵਾਜ਼ ਬਣ ਕੇ ਵਿਕਾਸ ਦੀ ਦਿਸ਼ਾ ਵੱਲ ਸੇਧਤ ਹੁੰਦਾ ਹੋਇਆ ਇੱਕ ਨਵੇਂ ਨਰੋਏ ਸਮਾਜ ਦੀ ਸਥਾਪਨਾ ਵੱਲ ਕਦਮ ਧਰਦਾ ਹੈ। ਕਵਿਤਾ ਸਾਹਿਤ ਦੀ ਇੱਕ ਅਜਿਹੀ ਵਿਧਾ ਹੈ ਜਦੋਂ ਲਿੱਪੀ ਹੋਂਦ ਵਿੱਚ ਵੀ ਨਹੀਂ ਸੀ ਆਈ ਉਦੋਂ ਵੀ ਗਾਈ ਤੇ ਕਹੀ ਜਾਂਦੀ ਸੀ। ਅੱਜ ਵੀ ਲੋਕ ਗੀਤਾਂ ਵਿੱਚ ਰਚਿਆ ਗਿਆ ਸਾਹਿਤ ਮੂੰਹ ਜ਼ਬਾਨੀ ਸੀਨਾ-ਬਸੀਨਾ ਲੋਕਾਂ ਤੱਕ ਪਹੁੰਚਿਆ ਹੈ। ਕਵਿਤਾ ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜੋ ਮਨੁੱਖੀ ਮਨ ਨੂੰ ਸਿੱਧਾ ਪ੍ਰਭਾਵਤ ਕਰਦਾ ਹੈ।ਆਪਣੇ ਲੋਕਾਂ ਦੀਆਂ ਤੱਤੀਆਂ ਧੜਕਣਾਂ ਨੂੰ ਜ਼ੁਲਮ ਦੇ ਵਿਰੁੱਧ ਇਤਿਹਾਸਕ ਲਲਕਾਰ ਬਣਾਉਣਾ ਹੀ ਸਮੇਂ ਦੇ ਕਵੀ ਦਾ ਕਰਤੱਵ ਹੁੰਦਾ ਹੈ।ਬੁਰਜੂਆ ਗੰਦ ਨੂੰ ਹੂੰਝੇ ਬਿਨ੍ਹਾਂ ਸਿਹਤਮੰਦ ਸਮਾਜ ਨਹੀਂ ਸਿਰਜਿਆ ਜਾ ਸਕਦਾ।

100 ਵਰ੍ਹੇ ਪਹਿਲਾ 20ਵੀਂ ਸਦੀ ਦੇ ਸ਼ੁਰੂ ਵਿੱਚ .ਗ਼ਦਰੀ ਦੇਸ਼-ਭਗਤ ਜੋ ਪਰਦੇਸਾਂ ਦੀ ਧਰਤੀ ਤੇ ਗਏ ਉਹਨਾਂ ਦੁਆਰਾ ਲਿਖੀ ਗਈ ਕਵਿਤਾ ਜੋ ਅੱਜ ਤੱਕ ਅਣਗੌਲੀ ਜਾਂਦੀ ਰਹੀ ਹੈ, ਅੱਜ ਜਦੋਂ ਮੈਂ ਇਸ ਭੁੱਲੀ-ਵਿਸਰੀ ਕਵਿਤਾ ਦੇ ਰੂ-ਬਰੂ ਹੋਈ ਹਾਂ ਤਾਂ ਇਸਦੀ ਸਾਰਥਿਕਤਾ ਨੂੰ ਅੱਜ ਦੇ ਹਾਲਾਤਾਂ ਵਿੱਚ ਦੇਖਣਾ ਜਰੂਰੀ ਮਹਿਸੂਸ ਹੋਇਆ ਹੈ। ਇਸ ਨੂੰ ਅੱਜ ਦੇ ਪ੍ਰਪੇਖ ਵਿੱਚ ਦੇਖਣ ਲਈ ਕਵਿਤਾ ਦੀ ਡੂੰਘਾਈ ਤੱਕ ਜਾਣਾ ਲਾਜ਼ਮੀ ਹੈ ਕਿ ਇਹ ਕਵਿਤਾ ਕਿਉਂ ਲਿਖੀ ਗਈ?, ਕਿਸਦੇ ਬਾਰੇ ਲਿਖੀ ਗਈ?, ਲਿਖਣ ਵਾਲੇ ਕੌਣ ਸਨ?, ਕਦੋਂ ਲਿਖੀ ਗਈ?, ਇਸਦੀ ਲੋੜ ਕੀ ਸੀ? ਆਓ ਇਸ ਨੂੰ ਜਾਣੀਏ ਇਹ ਕਵਿਤਾ ਘਰੋਂ-ਬੇਘਰ ਹੋਏ, ਨਾਮ-ਕਟੇ ਫੌਜੀ, ਭੁੱਖ ਦੇ ਸਤਾਏ ਕਿਸਾਨ, ਗ਼ੁਲਾਮੀ, ਗਰੀਬੀ, ਦੁਸ਼ਵਾਰੀਆਂ, ਮਜ਼ਬੂਰੀਆਂ, ਥੋੜ੍ਹੇ ਪੜ੍ਹੇ ਲਿਖੇ ਦੇਸ਼-ਭਗਤਾਂ ਦੇ ਹਾਵਾਂ-ਭਾਵਾਂ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਨੂੰ ਉਹਨਾਂ ਨੇ ਆਪਣੇ ਹੱਡਾਂ ਤੇ ਹੰਢਾਇਆ ਹੈ। ਇਹ ਹਿੰਦੋਸਤਾਨੀ ਜੋ ਸਖ਼ਤ ਮਿਹਨਤ ਕਰਕੇ ਆਪਣੀ ਤੇ ਆਪਣੇ ਪਰਿਵਾਰਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਸੁਪਨਾ ਲੈ ਕੇ ਕਨੇਡਾ, ਅਮਰੀਕਾ ਦੀ ਪਰਾਈ ਧਰਤੀ ਤੇ ਪਹੁੰਚੇ ਤਾਂ ਬਿਗਾਨੇਪਣ ਤੇ ਨਸਲੀ ਵਿਤਕਰੇ ਨੇ ਜੀਣਾ ਦੁੱਭਰ ਕਰ ਦਿੱਤਾ। ਇਸ ਕਰਕੇ ਨਿੱਤ ਦਿਨ ਦੀ ਬੇਇਜ਼ਤੀ, ਗ਼ੁਲਾਮੀ ਦਾ ਅਹਿਸਾਸ, ਬੋਲੀ ਦਾ ਅੰਤਰ, ਰੰਗ ਦਾ ਭੇਦ ਦੇ ਵਿਤਕਰੇ ਵਿਚੋਂ ਵਤਨ-ਪ੍ਰਸਤੀ ਦਾ ਜ਼ਜਬਾ ਅਤੇ ਅਜ਼ਾਦੀ ਦਾ ਅਹਿਸਾਸ ਲਾਬੂੰ ਬਣ ਕੇ ਇਸ ਤਰ੍ਹਾਂ ਬਾਹਰ ਨਿਕਲਿਆ ਜਿਹੜਾ ਕਵਿਤਾ ਦੇ ਰੂਪ ਵਿੱਚ .ਗ਼ਦਰ ਅਖ਼ਬਾਰ ਰਾਂਹੀ ਉਹਨਾਂ ਦੀ ਰੂਹ ਵਿੱਚ ਉੱਤਰ ਗਿਆ ਜਿਸਨੂੰ 1857 ਦੇ .ਗ਼ਦਰ ਬਾਅਦ ਫਿਰ ਉਦੋਂ ਜਾਗ ਲੱਗਿਆ।

.ਗ਼ਦਰ ਲਹਿਰ ਦੀ ਕਵਿਤਾ ਕੋਈ ਅਸਮਾਨ ਵਿੱਚ ਉਡਾਰੀਆਂ ਲਾਉਂਦੀ ਕਲਪਣਾ ਦੀ ਕਵਿਤਾ ਨਹੀਂ ਸਗੋਂ ਨਿੱਤ ਦਿਨ ਦੀ ਜ਼ਿੰਦਗੀ ਵਿੱਚ ਵਿਚਰਦੀ, ਮੁਸ਼ਕਲਾਂ ਦੇ ਰੂ-ਬਰੂ ਹੁੰਦੀ ਹੋਈ, ਨਸਲੀ ਵਿਤਕਰੇ ਦਾ ਪਾਜ ਉਘਾੜਦੀ, ਸਿੱਖ ਵਿਰਸੇ ਦੀ ਕੁਰਬਾਨੀ ਦਾ ਪੱਲਾ ਫੜੀ, ਕੁਰਬਾਨੀ ਦਾ ਜ਼ਜਬਾ ਲੈ ਕੇ, ਅਣਖ ਨੂੰ ਵੰਗਾਰਦੀ, ਰਾਜਸੀ ਲੁੱਟ-ਖਸੁੱਟ ਦਾ ਮਖੌਟਾ ਲਾਹੁੰਦੀ, ਘਟਨਾਵਾਂ ਦਾ ਚਿਤਰਣ ਕਰਦੀ, ਧਰਮ ਨਿਰਪੱਖਤਾ ਦਾ ਸਵਾਲ ਖੜ੍ਹਾ ਕਰਦੀ, ਸੰਘਰਸ਼ ਵਿੱਚ ਕੁੱਦਣ ਦੇ ਪੈ.ਗਾਮ ਨਾਲ ਤੁਰਦੀ ਹੋਈ, ਏਕੇ ਦੇ ਸਿਧਾਂਤ ਦੀਆਂ ਲੀਹਾਂ ਤੇ ਚਲਦੀ, ਜਾਤਾਂ-ਪਾਤਾਂ, ਛੂਤ-ਛਾਤ ਦੇ ਖਿਲਾਫ਼ ਯੁੱਧ ਕਰਦੀ, ਆਪਸੀ ਫੁੱਟ ਕਰਕੇ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਪਰਦਾ ਫਾਸ਼ ਕਰਦੀ, ਸੁੱਤੀ ਖਲਕਤ ਨੂੰ ਆਪਣੇ ਹੱਕਾਂ ਲਈ ਜੂਝਣ ਲਈ ਪ੍ਰੇਰਦੀ, ਮਨੁੱਖ ਦੀ ਪੂਰਨ ਅਜ਼ਾਦੀ ਦਾ ਹੋਕਾ ਦਿੰਦੀ, ਔਖੇ ਪੈਂਡੇ ਤੇ ਅਡੋਲ ਚੱਲਣ ਲਈ ਉਕਸਾਉਂਦੀ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਨਾ ਭੁੱਲਣ ਦਾ ਵਡਮੁੱਲਾ ਸੁਨੇਹਾ ਹੈ।

.ਗ਼ਦਰ ਲਹਿਰ ਦੀ ਕਵਿਤਾ ਵਿੱਚ ਜਦੋਂ ਆਰਥਿਕ ਪੱਖ ਬਾਰੇ ਸੋਚਦੇ ਹਾਂ ਤਾਂ ਪਹਿਲਾਂ ਉਸ ਸਮੇਂ ਦੇ ਹਲਾਤਾਂ ਤੇ ਝਾਤ ਪਾਈਏ ਤਾਂ ਬਰਤਾਨਵੀ ਸਰਕਾਰ ਦੇ ਰਾਜ ਥੱਲੇ ਫੌਜੀ ਭਾਰਤੀਆਂ ਨੇ ਜਦੋਂ ਦੇਖਿਆ ਕਿ ਉਹਨਾਂ ਨਾਲ ਖਾਣ ਪੀਣ ਤੇ ਘੱਟ ਖਰਚ ਕੀਤਾ ਜਾਂਦਾ ਹੈ ਤੇ ਤਨਖਾਹ ਵੀ ਗੋਰੇ ਫੌਜੀਆਂ ਦੇ ਮੁਕਾਬਲੇ ਘੱਟ ਦਿੱਤੀ ਜਾਂਦੀ ਹੈ ਸਗੋਂ ਜੰਗਾਂ ਵਿੱਚ ਸਭ ਤੋਂ ਮੂਹਰੇ ਭੇਜਿਆ ਜਾਂਦਾ ਹੈ ਤਾਂ ਬਹੁਤੇ ਭਾਰਤੀ ਨਾਂ ਕਟਾ ਕੇ ਬਾਹਰਲੇ ਦੇਸ਼ਾਂ ਨੂੰ ਜਾਣ ਲੱਗੇ।ਇਸੇ ਤਰ੍ਹਾਂ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਤੇ ਮਾਮਲਾ ਇੰਨਾ ਵਧਾ ਦਿੱਤਾ ਕਿ ਉਹ ਵੀ ਜ਼ਮੀਨਾਂ ਛੱਡ ਕੇ ਛੋਟੀਆਂ ਮੋਟੀਆਂ ਨੌਕਰੀਆਂ ਜਾਂ ਬਿਦੇਸ਼ਾਂ ਨੂੰ ਰੋਟੀ ਰੋਜ਼ੀ ਦੀ ਭਾਲ ਵਿੱਚ ਤੁਰ ਪਏ। :-

ਬਧਾਏ ਲਗਾਨ, ਕੀਤੇ ਟੈਕਸ ਤਾਂ ਭਾਰੇ ਨੇ
ਜ਼ਿਮੀਦਾਰ ਸਾਰੇ ਭਰਦੇ ਭਰਦੇ ਹਾਰੇ ਨੇ।

ਤਲਬਾਂ ਚੰਗੀਆਂ ਦੇਵੰਦੇ ਗੋਰਿਆਂ ਨੂੰ,
ਖਾਣ ਪੀਣ ਤੇ ਐਸ਼ ਉਡਾਨ ਲੋਕੋ।
ਛੋਲੇ ਚੱਬ ਕੇ ਕਰਨ ਗੁਜ਼ਰਾਨ ਸਾਰੇ,
ਫੌਜੀ ਸਿੰਘ ਹਿੰਦੂ ਮੁਸਲਮਾਨ ਲੋਕੋ।
ਗੋਰੇ ਲੜਨ ਵੇਲੇ ਰੈਂਹਦੇ ਆਪ ਪਿੱਛੇ,
ਦੂਰੋਂ ਖੜ੍ਹੇ ਹੀ ਹੁਕਮ ਚਲਾਨ ਲੋਕੋ।

ਹੌਲੀ ਹੌਲੀ ਘਰ ਸਾਡੇ ਸਾਂਭਣੇ ਫਰੰਗੀਆਂ ਨੇ,
ਏਸ ਦੀ ਨਿਸ਼ਾਨੀ ਵੱਧ ਗਿਆ ਜੋ ਲਗਾਨ ਹੈ।
ਕੁਲੀ ਕੁਲੀ ਸਭ ਆਖਦੇ ਨੇ ਹਿੰਦ ਤਾਂਈ,
ਜੁੱਲੀ ਚੁੱਕ ਫੇਰ ਸਾਨੂੰ ਸੱਦਣਾ ਜਹਾਨ ਨੇ।

ਅਮਰੀਕਾ, ਕਨੇਡਾ ਦੀ ਧਰਤੀ ਤੇ ਜਦੋਂ ਭਾਰਤੀਆਂ ਨੇ ਪੈਰ ਪਾਇਆ ਤਾਂ ਨਿੱਤ ਦੇ ਗੁਜ਼ਾਰੇ ਲਈ ਖੇਤਾਂ ਵਿੱਚ, ਮਿੱਲਾਂ ਵਿੱਚ, ਰੇਲਾਂ ਦੀਆਂ ਪਟੜੀਆਂ ਤੇ, ਲੋਹੇ ਤੇ ਕੋਇਲੇ ਦੀਆਂ ਖਾਣਾਂ ਵਿੱਚ ਜਾਂ ਸੜਕਾਂ ਦੇ ਲੁੱਕ ਪਾਉਣ ਦਾ ਸਖ਼ਤ ਕੰਮ ਕਰਦੇ ਫਿਰ ਵੀ ਉਹਨਾਂ ਨੂੰ ਘੱਟ ਉਜਰਤ ਦੇ ਨਾਲ ਨਾਲ ਹਿੰਸਕ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਤਾਂ ਉਹ ਕਿਰਤੀ ਕਵੀ ਕਵਿਤਾ ਦੇ ਰੂਪ ਵਿੱਚ ਇਸ ਤਰ੍ਹਾਂ ਕੁਰਲਾ ਉੱਠਦਾ ਹੈ:-

ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ
ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।

ਏਸ ਸੂਬੇ ਦੇ ਗੋਰਿਆਂ ਅੱਤ ਚੁੱਕੀ,
ਹਿੰਦੀ ਤੱਕ ਕੇ ਜੀਅੜਾ ਸਾੜਦੇ ਨੇ।
ਸੱਚ ਅਤੇ ਇਨਸਾਫ ਨੂੰ ਪਰ੍ਹਾਂ ਸਿੱਟਣ,
ਹੱਕ ਨਾਹੀਂ ਨਾਹੱਕ ਵਚਾਰਦੇ ਨੇ।
ਸੁੰਨਾ ਸਾਰੇ ਕਨੇਡਾ ਦਾ ਇਹ ਟੋਟਾ,
ਜਿੱਥੇ ਬੈਠ ਕੂਹਣੀ ਸਾਨੂੰ ਮਾਰਦੇ ਨੇ।

ਦੋਹੀਂ ਹੱਥੀ ਲੁੱਟ ਮਚਾਈ,
ਰੋਕੇ ਮੂਲ ਨਾ ਕੋਈ ਜੀ।
ਧੱਕੇ ਪੈਣ ਚੁਫੇਰੇ ਸਾਨੂੰ,
ਕਿਧਰੇ ਮਿਲੇ ਨਾ ਢੋਈ ਜੀ।

ਇਹਨਾਂ ਹੀ ਮੁਸ਼ਕਲਾਤਾਂ ਨੇ ਭਾਰਤੀਆਂ ਵਿੱਚ .ਗ਼ੁਲਾਮੀ ਦਾ ਅਹਿਸਾਸ ਪੈਦਾ ਕਰ ਦਿੱਤਾ ਕਿ ਅਗਰ ਸਾਡਾ ਆਪਦਾ ਦੇਸ਼ ਅਜ਼ਾਦ ਹੋਵੇ ਤਾਂ ਉਹਨਾਂ ਨੂੰ ਘਰੋਂ ਬੇਘਰ ਨਹੀਂ ਹੋਣਾ ਪਵੇਗਾ। ਇਸ ਲੋੜ ਨੂੰ ਮੁੱਖ ਰੱਖ ਕੇ ਹੀ 1913 ਵਿੱਚ .ਗ਼ਦਰ ਪਾਰਟੀ ਹੋਂਦ ਵਿੱਚ ਆਈ। ਉਸ ਦਾ ਮੁੱਖ ਮੰਤਵ ਹਥਿਆਰਬੰਦ ਸੰਗਰਾਮ ਰਾਂਹੀ ਬਰਤਾਨਵੀ ਸਾਮਰਾਜ ਦਾ ਵਿਰੋਧ ਕਰਕੇ ਫਰੰਗੀ ਨੂੰ ਦੇਸ਼ ਵਿੱਚੋਂ ਕੱਢ ਕੇ ਭਾਰਤ ਦੀ ਪ੍ਰਭੂਸਤਾ ਦੇਸ਼ ਵਾਸੀਆਂ ਦੇ ਹਥ ਵਿੱਚ ਕਰਨਾ ਸੀ। ਇਸ ਕਵਿਤਾ ਦਾ ਮੁੱਖ ਵਿਸ਼ਾ ਵਸਤੂ ਵਿਦਰੋਹ ਤੇ ਟੱਕਰ ਹੈ ਇਸ ਕਰਕੇ ਉਸ ਸਮੇਂ ਉਹਨਾਂ ਦਾ ਮਨੋਰਥ ਸਾਫ਼ ਸਪੱਸ਼ਟ ਸ਼ਬਦਾਂ ਵਿੱਚ ਨਜ਼ਰ ਆਉਂਦਾ ਹੈ :-

ਅਸੀਂ ਵਿੱਚ ਪਰਦੇਸਾਂ ਦੇ ਖੁਆਰ ਫਿਰਦੇ,
ਸਾਡਾ ਜੀਵਣਾ ਹੋਇਆ ਮੁਹਾਲ ਸਿੰਘੋ।
ਦੁਰੇ ਦੁਰੇ ਪੁਕਾਰਦਾ ਜੱਗ ਸਾਰਾ,
ਸਾਡਾ ਕੋਈ ਨਾ ਬਣੇ ਰਖਵਾਲ ਸਿੰਘੋ।
ਜੇਕਰ ਅਜੇ ਇਲਾਜ ਨਾ ਤੁਸਾਂ ਕੀਤਾ,
ਦਮਾ ਹੋ ਜਾਸੀ ਇਹਦੇ ਨਾਲ ਸਿੰਘੋ।
ਅਸੀਂ ਨਾਮ ਦੇ ਸਿੰਘ ਸਦਾਵੰਦੇ ਹਾਂ,
ਭੈੜੀ ਗਿੱਦੜਾਂ ਤੋਂ ਸਾਡੀ ਚਾਲ ਸਿੰਘੋ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ।
ਕਾਇਰਤਾ, ਗਰੀਬੀ, ਮਿਟ ਜਾਏ ਤਾਪ ਤਾਂ।
ਪਾ ਲਈਏ ਸ਼ਹੀਦੀ ਸਿੰਘ ਸ਼ੇਰ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਦੁਨੀਆਂ ਕਦੇ ਵੀ ਨਹੀਂ ਸਾਡੀ ਕਰੂ ਇੱਜ਼ਤ,
ਜਿਚਰ ਗਲੋਂ ਗੁਲਾਮੀ ਨੂੰ ਲਾਹੋਗੇ ਨਾ।
ਆਓ ਭਗਤ ਕਰਸੀ ਉੱਚਰ ਤੀਕ ਕੇਹੜਾ,
ਜਿਚਰ ਆਪ ਅਜ਼ਾਦ ਕਹਿਲਾਉਗੇ ਨਾ।

ਬੇਸ਼ੱਕ .ਗ਼ਦਰੀ ਕਵੀਆਂ ਨੇ ਕਵਿਤਾ ਨੂੰ ਬਿਲਕੁੱਲ ਸਾਦੀ ਤੇ ਸੌਖੀ ਪੰਜਾਬੀ ਭਾਸ਼ਾ ਵਿੱਚ ਲਿਖਿਆ ਪਰ .ਗ਼ਦਰੀ ਕਵੀ ਵਿੱਚ ਜਮਾਤੀ ਤੌਰ ਤੇ ਚੇਤਨਾ ਉੱਭਰ ਕੇ ਸਾਹਮਣੇ ਆਉਂਦੀ ਹੈ ਜਦੋਂ ਇਹ ਸਾਬਤ ਹੁੰਦਾ ਹੈ ਕਿ ਉਹਨਾਂ ਦੀ ਗੁਲਾਮੀ ਦਾ ਕਾਰਣ ਉਹਨਾਂ ਵਿੱਚ ਪਾਈ ਜਾਣ ਵਾਲੀ ਆਪਸੀ ਫੁੱਟ ਹੈ। ਇਸ ਤਰ੍ਹਾਂ ਉਹਨਾਂ ਨੇ ਲੋਕਾਂ ਨੂੰ ਧਰਮ ਨਿਰਪੱਖਤਾ ਦਾ ਸੁਨੇਹਾ ਆਪਦੀ ਬੁਲੰਦ ਆਵਾਜ਼ ਵਿੱਚ ਦਿੱਤਾ ਕਿ ਅਸੀਂ ਸਾਰੇ ਭਾਈ ਭਾਈ ਹਾਂ ਤੇ ਬਰਤਾਨਵੀ ਸਾਮਰਾਜ ਸਾਡੇ ਵਿੱਚ ਮਜ਼ਬੀ ਝਗੜੇ ਪਾ ਕੇ ਆਪ ਫਾਇਦਾ ਲੈ ਰਿਹਾ ਹੈ।

ਅਸੀਂ ਭਾਈ ਹਾਂ ਹਿੰਦ ਦੇ ਸਭ ਜਾਏ,
ਜੁਦਾ ਜੁਦਾ ਸਾਨੂੰ ਦ.ਗ਼ੇਵਾਜ਼ ਕੀਤਾ।
ਵੀਰੋ ਕਰੋ ਜਲਦੀ ਬਚੀਏ ਜ਼ਾਲਮਾਂ ਤੋਂ,
ਛੂਤ ਛਾਤ ਨੇ ਕੰਮ ਖ਼ਰਾਬ ਕੀਤਾ।

ਆਪਸ ਵਿੱਚ ਮੰਦਾ ਕੰਮ ਫੜਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਉਹਨਾਂ ਖਾਕ ਰੋਲ਼ ਦਿੱਤਾ, ਰੌਲੇ
ਘੱਤ ਕੇ ਵੇਦ ਕੁਰਾਨ ਵਾਲੇ।
ਗਾਂਈ ਸੂਰ ਝਟਕਾ ਜੇ ਦੁੱਖ ਦਿੰਦਾ,
ਗੋਰੇ ਹੈਨ ਤਿੰਨੇ ਚੀਜ਼ਾਂ ਖਾਣ ਵਾਲੇ।

.ਗ਼ਦਰੀ ਕਵੀ ਇਸ ਗੱਲੋਂ ਸੁਚੇਤ ਹੋ ਚੁੱਕੇ ਸਨ ਕਿ ਹੁਣ ਮੰਦਰ, ਮਸਜਦਾਂ ਤੇ ਗੁਰਦਵਾਰੇ, ਧਰਮਾਂ ਦੀਆਂ ਫੋਕੀਆਂ ਰਸਮਾਂ, ਕਰਮਕਾਂਡਾ, ਧੜੇਬੰਦੀਆਂ ਦਾ ਰਾਹ ਛੱਡ ਕੇ ਹਰ ਹਾਲਤ ਵਿੱਚ ਹਥਿਆਰਬੰਦ ਇਨਕਲਾਬ ਦੇ ਰਾਹ ਤੁਰਨਾ ਪੈਣਾ ਹੈ ਜਿਹੜੀ ਸਮੇਂ ਦੀ ਮੁੱਖ ਲੋੜ ਹੈ। ਹਥਿਆਰਾਂ ਦਾ ਜਵਾਬ ਹਥਿਆਰਾਂ ਨਾਲ ਹੀ ਦਿੱਤਾ ਜਾ ਸਕਦਾ ਹੈ। ਅਰਦਾਸਾਂ ਦਾ ਸਮਾਂ ਵਿਹਾ ਚੁੱਕਿਆ ਹੈ ਤਾਂ ਹੀ ਤਾਂ ਕਵੀ ਕਹਿ ਉੱਠਦਾ ਹੈ:-

ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ,
ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।
ਮੰਦਰ ਮਸਜਦਾਂ ਕਿਸੇ ਨਾ ਕੰਮ ਸਾਡੇ,
ਛੱਡੋ ਖਿਆਲ ਗੁਰਦਵਾਰੇ ਬਣਾਵਣੇ ਦਾ।
ਕਿਸੇ ਕੰਮ ਨਾ ਪੋਥੀਆਂ ਪਿਛਲੀਆਂ ਜੋ,
ਐਵੇਂ ਢੰਗ ਸੀ ਬਖ਼ਤ ਲੰਘਾਵਣੇ ਦਾ।
ਜਪ ਜਾਪ ਦਾ ਬਖ਼ਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ।

.ਗ਼ਦਰੀ ਕਵੀ ਕਵਿਤਾ ਵਿੱਚ 1857 ਵਾਲੇ ਇਤਿਹਾਸਕ .ਗ਼ਦਰ ਨੂੰ ਯਾਦ ਕਰਕੇ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ ਤੇ ਉਹਨਾਂ ਦੀ ਕੁਰਬਾਨੀ ਦਾ ਜਜ਼ਬਾ ਲੈ ਕੇ ਅੱਗੇ ਆਪ ਦੇਸ਼ ਲਈ ਕੁਰਬਾਨੀ ਦੇਣ ਲਈ ਉਹਨਾਂ ਤੇ ਰਾਹਾਂ ਤੇ ਚੱਲ ਕੇ ਪ੍ਰਤੀਬੱਧਤਾ ਦਾ ਸਬੂਤ ਦਿੰਦੇ ਹਨ ਅਤੇ .ਗ਼ਦਰ ਦੇ ਫੇਲ ਹੋਣ ਦੇ ਕਾਰਣਾਂ ਨੂੰ ਦੱਸਦੇ

ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ।ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜ਼ਟਰ ਟੂ ਕੈਨੇਡਾ (ਐਫੀਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜ਼ਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜ਼ਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕੇਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜ਼ਿਟਰ ਵੀਜ਼ਾ
15. ਵਿਜ਼ਿਟਰ, ਵਰਕ, ਸਟੂਡੈਂਟ ਵੀਜ਼ਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਮਿਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜ਼ਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6

ਹਨ। ਜਿਵੇਂ:-

ਪੈਹਲੇ ਗ਼ਦਰ ਅੰਦਰ ਜਿਨ੍ਹਾਂ ਕੰਮ ਕੀਤਾ,
ਨਾਨਾ ਸਾਹਿਬ ਅਲੀ ਨਕੀ ਖਾਨ ਹੋ ਗਏ।
ਰਾਣੀ ਲਖਸ਼ਮੀ ਮੌਲਵੀ ਸ਼ਾਹ ਐਹਮਦ,
ਤੋਪੀ ਤਾਂਤੀਆ ਬੀਰ ਬਲਵਾਨ ਹੋ ਗਏ।
ਲੜਿਆ ਵਿੱਚ ਮੈਦਾਨ ਦੇ ਮੰਗਲ ਪਾਂਡੇ,
ਨਾਲ ਪੂਰਬੀ ਕਈ ਜਵਾਨ ਹੋ ਗਏ।
ਦੇਸ਼ ਘਾਤੀਆਂ ਕੰਮ ਵਿਗਾੜ ਦਿੱਤਾ,
ਵਿੱਚੋਂ ਕਈ ਮੂਰਖ ਬੇਈਮਾਨ ਹੋ ਗਏ।

ਇਸੇ ਤਰ੍ਹਾਂ ਗ਼ਦਰ ਲਹਿਰ ਦੀ ਕਵਿਤਾ ਵਿੱਚ ਸਿੱਖ ਇਤਿਹਾਸ ਦੀ ਕੁਰਬਾਨੀ ਦੇ ਜਜ਼ਬੇ ਦਾ ਜ਼ਿਕਰ ਬਾਰ ਬਾਰ ਆਉਂਦਾ ਹੈ। ਕਵੀ ਸਿੱਖ ਸੂਰਬੀਰਾਂ ਦੀ ਬਹਾਦਰੀ ਜਿਸਨੂੰ ਲੋਕਾਂ ਨੇ ਭੁਲਾ ਦਿੱਤਾ ਸੀ ਉਹ ਕਵਿਤਾ ਰਾਂਹੀ ਚੇਤਿਆਂ ਵਿੱਚ ਉਜਾਗਰ ਕਰਨ ਦੀ ਕੋਸ਼ਿਸ਼ ਵਿੱਚ ਹੈ ਅਤੇ ਗ਼ਦਰ ਲਈ ਜੂਝ ਮਰਨ ਲਈ ਕਹਿੰਦਾ ਹੈ।

ਜਿਮੀਂ ਵੇਹਲ ਦੇਵੇ ਅਸੀਂ ਗਰਕ ਜਾਈਏ,
ਪੈਦਾ ਹੋ ਗਿਆ ਤੀਹ ਕਰੋੜ ਕਾਹਨੂੰ।
ਜੇਕਰ ਅੱਜ ਹੁੰਦੇ ਦੀਪ ਸਿੰਘ ਵਰਗੇ,
ਮੇਹਣੇ ਸਿੰਘਾਂ ਨੂੰ ਵੱਜਦੇ ਮੋੜ ਕਾਹਨੂੰ।
ਜੇਕਰ ਅੱਜ ਹੁੰਦੇ ਮਨੀ ਸਿੰਘ ਭਾਈ,
ਹਿੰਦੋਸਤਾਨ ਹੁੰਦਾ ਭਲਾ ਚੌੜ ਕਾਹਨੂੰ।
ਹਿੰਦੋਸਤਾਨ ਦੇ ਤੀਹ ਕਰੋੜ ਬੰਦੇ,
ਕਰਦੇ ਰਾਜ ਇਹ ਚਾਰ ਕਰੋੜ ਕਾਹਨੂੰ
ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ,
ਤੁਸਾਂ ਛੱਡੀ ਹੈ ਦੇਸ਼ ਦੀ ਲੋੜ ਕਾਹਨੂੰ।

ਕੈਨੇਡਾ ਦੀ ਧਰਤੀ ਤੇ ਜਦੋਂ ਕਨੇਡਾ ਦੀ ਬਰਤਾਨੀਆ ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤਾ ਕਿ ਹਿੰਦੋਸਤਾਨੀ ਆਪਣੇ ਪਰਿਵਾਰਾਂ ਨੂੰ ਇੱਥੇ ਨਹੀਂ ਲਿਆ ਸਕਦੇ ਤਾਂ ਭਾਰਤੀਆਂ ਵਿੱਚ ਰੋਹ ਦੀ ਚਿਣਗ ਜਾਗੀ ਕਿ ਹੱਕ ਮੰਗਿਆਂ ਨਹੀਂ ਮਿਲਦੇ ਇਹਦੇ ਲਈ ਜਦੋਜਹਿਦ ਦੀ ਲੋੜ ਹੈ।

ਤਰਲੇ ਕਰਦਿਆਂ ਨਹੀਂ ਇਨਸਾਫ ਮਿਲਦਾ,
ਬਾਦਸ਼ਾਹ ਨੀਚ ਬਦਕਾਰ ਕੋਲੋਂ।
ਬੈਰੀ ਮਿੰਨਤਾਂ ਨਾਲ ਨਾ ਸੂਤ ਆਉਂਦਾ,
ਠੀਕ ਡਰੇਗਾ ਖੰਡੇ ਦੀ ਧਾਰ ਕੋਲੋਂ।

ਹੱਥਾਂ ਬਾਝ ਕਰਾਰਿਆਂ ਯਾਰੋ,
ਦੁਸ਼ਮਣ ਹੋਵੇ ਮਿੱਤ ਨਹੀਂ।
ਅਣਖ ਵਾਸਤੇ ਲੜੀਏ ਜੇਕਰ,
ਕਿਉਂ ਫਿਰ ਹੋਵੇ ਜਿੱਤ ਨਹੀਂ।

ਔਰਤ ਮਰਦ ਕੋਲੋਂ ਜਬਰਨ ਜੁਦਾ ਕੀਤੇ,
ਭੌਂਦੂ ਅਜੇ ਬੀ ਵਾਸਤੇ ਪਾਣ ਤੇਰੇ।
ਵਾਂਗ ਗਿੱਦੜਾਂ ਭੱਜਦੇ ਪਿੱਠ ਦੇ ਕੇ,
ਸ਼ੇਰ ਕਿਉਂ ਨਹੀਂ ਹੱਥ ਵਖਾਣ ਤੇਰੇ।

ਇਸ ਕਵਿਤਾ ਵਿੱਚ ਜਮਾਤੀ ਏਕਤਾ ਕਾਇਮ ਕਰਕੇ ਇੱਕ ਜਨਤਕ ਲਹਿਰ ਉਸਾਰਨ ਤੇ ਜੋਰ ਦਿੱਤਾ ਗਿਆ ਹੈ।ਗ਼ਦਰ ਪਾਰਟੀ ਦੇ ਸਾਰੇ ਪ੍ਰੋਗਰਾਮਾਂ ਏਕੇ ਦੇ ਸਿਧਾਂਤ, ਗੁਰੀਲਾ ਯੁੱਧ ਦੀ ਵਿਧੀ ਨਾਲ ਦੁਸ਼ਮਣ ਤੇ ਸਿੱਧਾ ਹਮਲਾ ਅਤੇ ਸਰਕਾਰੀ ਗ਼ਦਾਰਾਂ ਜਾਂ ਮੁਖਬਰਾਂ ਨੂੰ ਸੋਧਣ, ਖੁਫੀਆ ਸੰਸਥਾਵਾਂ ਬਣਾ ਕੇ ਗ਼ਦਰ ਨੂੰ ਅੰਜਾਮ ਦੇਣ ਲਈ ਪਾਰਟੀ ਦੀ ਕਾਰਜ ਵਿਧੀ ਤੇ ਉਸਦੇ ਅਦੇਸ਼ਾਂ ਦੀ ਕਾਫ਼ੀ ਚਰਚਾ ਕੀਤੀ ਗਈ ਹੈ ਕਿਉਂਕਿ ਇਹ ਉਹਨਾਂ ਦੀ ਸੱਚੀ ਸੁੱਚੀ ਭਾਵਨਾ ਦੀ ਕਵਿਤਾ ਹੈ।

ਘਰ ਘਰ ਗੁਪਤੀ ਸਭਾ ਬਣਾਓ,
ਲੋਗਨ ਕੋ ਮੰਤਰ ਸਿਖਲਾਓ,
ਹਰ ਇੱਕ ਦਿਲ ਮੇਂ ਜੋਤ ਜਗਾਓ,
ਬਿਨਾਂ ਜੂਤ ਏਹ ਭੂਤ ਨਾ ਜਾਈ।
ਜਲਦੀ ਗ਼ਦਰ ਮਚਾ ਦਿਓ ਭਾਈ।

ਖੁਫੀਆ ਰਾਜ ਸੁਸਾਇਟੀਆਂ ਕਰੋ ਕਾਇਮ,
ਮਰ੍ਹੈਠ ਅਤੇ ਬੰਗਾਲੇ ਦੇ ਯਾਰ ਹੋ ਜਾਓ।
ਪਹਿਲਾਂ ਖਬਰ ਲੈ ਕੇ ਦੇਸ਼ ਘਾਤੀਆਂ ਦੀ,
ਛਾਤੀ ਦੁਸ਼ਮਣਾਂ ਦੀ ਅਸਵਾਰ ਹੋ ਜਾਓ।

ਗ਼ਦਰ ਦੀ ਕਵਿਤਾ ਲੋਕਾਂ ਦੀ ਅਵਾਜ਼ ਬਣਕੇ ਸੰਘਰਸ਼ ਵਿੱਚ ਕੁੱਦਣ ਲਈ ਪ੍ਰੇਰਤ ਕਰਦੀ ਹੈ ਅਤੇ ਪੁਰਾਣੇ ਬਸਤੀਵਾਦੀ ਰਾਜ ਦੀਆਂ ਜੜ੍ਹਾਂ ਉਖਾੜ ਕੇ ਇੱਕ ਯੁੱਗ ਪਲਟਾਊ ਸਮਾਜ ਦਾ ਆਗਮਨ ਚਾਹੁੰਦੀ ਹੈ। ਲੋਕਾਂ ਵਿੱਚ ਅਜ਼ਾਦੀ ਦੀ ਚਿਣਗ ਪੈਦਾ ਕਰਦੀ ਹੈ ਕਿ ਇਹ ਜਨਮ ਵਾਰ ਵਾਰ ਨਹੀਂ ਆਉਣਾ। ਇਸ ਕਰਕੇ ਗੁਲਾਮੀ ਦੀ ਜ਼ਿੰਦਗੀ ਜੀਣ ਨਾਲੋਂ ਅਜ਼ਾਦੀ ਦੇ ਕੁਝ ਪਲ ਅਸਰਦਾਇਕ ਹੋਣੇ ਚਾਹੀਦੇ ਹਨ।

ਹਿੰਦੋਸਤਾਨੀਓ ਆਓ ਸ਼ਹੀਦ ਹੋਈਏ,
ਹਿੰਦੋਸਤਾਨ ਦਾ ਜ਼ੁਲਮ ਮਿਟਾ ਲਈਯੇ।
ਮਰੀਯੇ ਆਪ ਜਾਂ ਦੁਸ਼ਮਣਾਂ ਮਾਰ ਲਈਯੇ,
ਗਲੋਂ ਤੌਂਕ ਗ਼ੁਲਾਮੀ ਦਾ ਲਾਹ ਲਈਯੇ।

ਅੱਤ ਭਾਗਾਂ ਵਾਲਿਆਂ ਨੂੰ ਮਿਲਦੀ ਸ਼ਹੀਦੀ ਵੀਰੋ,
ਦੇਸ਼ ਦੇ ਪਿਆਰਿਆਂ ਦੇ ਕੰਮ ਹੈ ਚਲਾਉਣ ਦਾ।
ਕਾਇਰ ਕਲੰਕ ਲੱਗੇ ਸੂਰਮਾ ਸ਼ਹੀਦ ਹੋਵੇ,
ਧਾਰ ਲੋ ਇਰਾਦਾ ਵੀਰੋ ਭਾਰਤ ਬਚਾਉਣ ਦਾ।

ਸਿਰ ਦਿੱਤੇ ਬਾਝ ਨਹੀਂ ਸਰਨਾ।
ਯੁੱਧ ਵਿੱਚ ਪਵੇਗਾ ਜਰੂਰ ਮਰਨਾ।

ਗ਼ਦਰ ਲਹਿਰ ਦੀ ਕਵਿਤਾ ਵਿੱਚ ਸੁੱਤੇ ਹਿੰਦੋਸਤਾਨੀਆਂ ਨੂੰ ਜਗਾਉਣ ਲਈ ਇੱਕ ਅਜਿਹਾ ਹੋਕਾ ਹੈ ਕਿ ਉਹਨਾਂ ਦੇ ਮਨਾਂ ਵਿੱਚ ਅਜ਼ਾਦੀ ਦਾ ਦੀਪ ਲਟ ਲਟ ਜਗ ਉੱਠੇ।

ਸਾਰੀ ਖ਼ਲਕ ਖੁਦਾਇ ਬੇਦਾਰ ਬੈਠੀ,
ਸੁੱਤਾ ਜਾਗਦਾ ਤੂੰ ਹਿੰਦੋਸਤਾਨ ਕਿਉਂ ਨੀ।
ਪਾਟੇ ਕੱਪੜੇ ਜਿਸਮ ਕਮਜ਼ੋਰ ਹੋਇਆ,
ਜੁੱਸੇ ਜੋਸ਼ ਤੇ ਜਿਗਰ ਦਾ ਤਾਣ ਕਿਉਂ ਨੀ।
ਕਾਲਾ ਚੋਰ ਆਖੇ ਸਾਰਾ ਜੱਗ ਸਾਨੂੰ,
ਸੁਖੀ ਵਸਦੀ ਤੇਰੀ ਸੰਤਾਨ ਕਿਉਂ ਨੀ।

ਜਦੋਂ ਕਨੇਡਾ ਅਮਰੀਕਾ ਤੋਂ ਦੇਸ਼ ਭਗਤਾਂ ਨੇ ਭਾਰਤ ਨੂੰ ਜਾਣ ਲਈ ਗ਼ਦਰ ਪਾਰਟੀ ਦਾ ਸੁਨੇਹਾ ਗ਼ਦਰ ਅਖ਼ਬਾਰ ਰਾਂਹੀ ਪਹੁੰਚਾਹਿਆ ਤਾਂ ਕਵੀ ਦੀ ਕਲਮ ਨੇ ਇਸ ਨੂੰ ਇਸ ਤਰਾਂ ਬਿਆਨ ਕੀਤਾ।

ਅਸੀਂ ਦੇਸ਼ ਦਾ ਛੱਡ ਖਿਆਲ ਦਿੱਤਾ,
ਤਾਹੀਓਂ ਦੋਸਤੋ ਕੰਮ ਵੈਰਾਨ ਹੋ ਗਏ।
ਚਲੋ ਦੇਸ਼ ਨੂੰ ਚੱਲੀਏ ਯੁੱਧ ਕਰਨੇ,
ਇਹੋ ਆਖਰੀ ਬਚਨ ਫੁਰਮਾਨ ਹੋ ਗਏ।

ਗ਼ਦਰ ਚੌਂਕੀਦਾਰੀ ਕਰਦਾ,
ਜਿਹਨੂੰ ਫਿਕਰ ਤੁਸਾਂ ਦੇ ਘਰਦਾ।

ਅਬ ਸਾਰ ਗ਼ਦਰ ਨੂੰ ਆਈ ਹੈ,
ਦੇਂਦਾ ਖੜਾ ਦੁਹਾਈ ਹੈ।

ਇਹ ਕਵਿਤਾ ਗ਼ਦਰ ਵਰਗੇ ਔਖੇ ਕੰਮ ਦੇ ਰਾਹ ਚੱਲਣ ਵਾਲਿਆਂ ਤੇ ਸ਼ਹੀਦੀਆਂ ਦੇਣ ਵਾਲਿਆਂ ਦਾ ਸੁਨੇਹਾ ਹੈ ਕਿ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਤਾਂ ਕਿ ਤੁਸੀਂ ਉਹਨਾਂ ਦੁਆਰਾ ਉਲੀਕੇ ਰਸਤੇ ਤੇ ਜਾ ਸਕੋ।

ਹਿੰਦੋਸਤਾਨੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ।
ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ ਤੇ,
ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।

ਜਦੋਂ ਗ਼ਦਰ ਪਾਰਟੀ ਬਣੀ ਤਾਂ ਉਹ ਆਪਣੇ ਕੁੱਝ ਆਸ਼ੇ ਤੇ ਸੁਪਨੇ ਲੈ ਕੇ ਤੁਰੀ ਸੀ ਜਿਹਨਾਂ ਨੂੰ ਗ਼ਦਰੀਆਂ ਨੇ ਪੂਰਾ ਕਰਨਾ ਸੀ। ਉਹਨਾਂ ਨੂੰ ਭਾਰਤੀ ਸਮਾਜ ਵਿੱਚ ਫੈਲੀ ਅਨਪੜ੍ਹਤਾ, ਜਾਤ ਪਾਤ, ਛੂਤ ਛਾਤ, ਪੁਰਾਣੇ ਦਕੀਆਨੂਸੀ ਵਿਚਾਰ, ਕਰਮਕਾਂਡਾਂ, ਰਸਮੋਂ-ਰਿਵਾਜ, ਕਿਸਮਤਵਾਦ, ਦੇਸ਼ ਦੀ ਗ਼ੁਲਾਮੀ ਤੇ ਜ਼ਿਹਨੀ ਗ਼ੁਲਾਮੀ, ਟੈਕਸਾਂ ਦੀ ਪੰਡ, ਟੋਡੀ ਜਮਾਤ ਆਦਿ ਜਿਹੜੇ ਸਮਾਜ ਦੇ ਵਿਕਾਸ ਨੂੰ ਖੋਰਾ ਲਾਉਂਦੇ ਸਨ, ਉਸਨੂੰ ਜੜ੍ਹੋਂ ਪੁੱਟਣਾ ਸੀ। ਅਜ਼ਾਦ ਦੇਸ਼ ਦਾ ਨਮੂਨਾ ਉਹਨਾਂ ਦੇ ਸ਼ਬਦਾਂ ਵਿੱਚ:

ਵਿਦਯਾ ਬਥੇਰੀ ਵਧ ਜਾਏਗੀ ਆਜ਼ਾਦੀ ਹੋਇਆਂ,
ਕਿਸੇ ਦਾ ਮਜਾਲ ਫਿਰ ਸਾਨੂੰ ਅਟਕਾਨ ਦੀ।
ਬਸੇ ਰਸੇ ਹਸੇਗਾ ਤਾਂ ਸਾਰਾ ਹੀ ਅਜ਼ਾਦ ਹਿੰਦ,
ਹੌਲੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ।
ਹੋਵੇਗੀ ਤਰੱਕੀ ਪਿੱਛੋਂ ਬੌਹਤ ਹੀ ਸੁਖਾਲ ਸਾਡੀ,
ਕਰ ਲੋ ਤਿਯਾਰੀ ਪੈਹਲਾਂ ਗ਼ਦਰ ਮਚੌਣ ਦੀ।

ਗ਼ਦਰ ਲਹਿਰ ਦਾ ਅਧਿਅਨ ਕਰਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਘੱਟ ਪੜ੍ਹੇ ਲਿਖੇ ਕਿਸਾਨ ਜਾਂ ਨਾਮ ਕਟੇ ਫੌਜੀਆਂ ਦੀ ਰਚਨਾ ਹੈ ਜਿਹੜੀ ਉਹਨਾਂ ਦੀਆਂ ਮੁਸ਼ਕਲਾਂ ਵਿਚੋਂ ਪੈਦਾ ਹੋਈ ਤੇ ਜਿਹੜੀ ਉਸ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਲੋਕ-ਅਵਾਜ਼ ਬਣ ਕੇ ਲੋਕਾਂ ਸਾਹਮਣੇ ਆਈ।ਇਹ ਧਰਤੀ ਦੀ ਕਵਿਤਾ ਹੈ, ਧਰਤੀ ਦੇ ਜੀਵਾਂ, ਮਨੁੱਖਾਂ ਵਿੱਚ ਜੀਵੀ ਜਾਣ ਵਾਲੀ ਕਵਿਤਾ ਜੋ ਉਹਨਾਂ ਦੇ ਦੁੱਖਾਂ-ਸੁੱਖਾਂ ਵਿੱਚੋਂ ਵਿਚਰਦੀ ਹੋਈ ਜੋਸ਼ ਨਾਲ ਉਬਾਲੇ ਖਾਂਦੀ ਇੱਕ ਵੰਗਾਰ ਦੇ ਰੂਪ ਵਿੱਚ ਐਲਾਨ, ਉਪਦੇਸ਼ ਤੇ ਫਰਿਆਦ ਹੈ।ਇਹ ਕਵਿਤਾ ਗ਼ੁਲਾਮੀ ਤੋਂ ਅਜ਼ਾਦੀ ਦਾ ਫਾਸਲਾ ਦਰਸਾਉਂਦੀ ਹੈ।ਗ਼ੁਲਾਮੀ ਦੇ ਯਥਾਰਥ ਵਿੱਚੋਂ ਪੁਲਾਘਾਂ ਪੁੱਟਦੀ ਹੋਈ ਅਜ਼ਾਦੀ ਦੇ ਸੁਪਨੇ ਤੱਕ ਪਹੁੰਚਣ ਦੀ ਪੌੜੀ ਹੈ। ਗ਼ਦਰ ਦੀ ਕਵਿਤਾ ਗ਼ਦਰ ਪਾਰਟੀ ਦਾ ਇੱਕ ਅਜਿਹਾ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿਚੋਂ 17ਵੀਂ-18ਵੀਂ ਸਦੀ ਦਾ ਸਮਾਂ, 1857 ਦਾ ਗ਼ਦਰ, ਕੂਕਾ ਲਹਿਰ, ਗ਼ਦਰ ਲਹਿਰ ਦੀ ਸਥਾਪਨਾ, ਕਾਮਾਗਾਟਾਮਾਰੂ ਦਾ ਦੁਖਾਂਤ, ਦੇਸ਼-ਭਗਤਾਂ ਦੀਆਂ ਸ਼ਹੀਦੀਆਂ, ਕੁਰਬਾਨੀਆਂ, ਸਰਗਰਮੀਆਂ, ਭੁੱਖ ਹੜਤਾਲਾਂ, ਕਾਲੇ ਪਾਣੀ ਦੀਆਂ ਸਜ਼ਾਵਾਂ ਆਦਿ ਦੀਆਂ ਘਟਨਾਵਾਂ ਵਿਚੋਂ ਸਾਰੇ ਹਲਾਤਾਂ ਦੀ ਅਸਲੀਅਤ ਸਾਡੇ ਸਾਹਮਣੇ ਹੈ।



ਉਸ ਸਮੇਂ ਦੀ ਗੁਰਬਤ ਦੀ ਜ਼ਿੰਦਗੀ ਨੂੰ ਦੇਖਦਿਆਂ ਅੱਜ ਦੇ ਹਲਾਤਾਂ ਤੇ ਨਜ਼ਰ ਮਾਰਦੇ ਹਾਂ ਚਾਹੇ ਇਹ ਕਵਿਤਾ ਸੌ ਸਾਲ ਪਹਿਲਾ ਰਚੀ ਗਈ ਸੀ ਫਿਰ ਵੀ ਇਹ ਅੱਜ ਦੀ ਕਵਿਤਾ ਲੱਗਦੀ ਹੈ ਕਿਉਂਕਿ ਗਰੀਬੀ, ਗ਼ੁਲਾਮੀ, ਲੁੱਟ-ਖਸੁੱਟ, ਧਾਰਮਿਕ ਪਾੜੇ, ਜਾਤ-ਪਾਤ, ਛੂਤ-ਛਾਤ, ਨਸਲੀ ਵਿਤਕਰੇ ਦੇ ਸਿਰਫ਼ ਢੰਗ ਤਰੀਕੇ ਹੀ ਬਦਲੇ ਹਨ। ਬਸਤੀਵਾਦੀ ਸਿਸਟਮ ਦੀ ਥਾਂ ਸਰਮਾਏਦਾਰੀ ਸਿਸਟਮ ਨੇ ਲੈ ਲਈ ਹੈ। ਲੋਕਾਂ ਕੋਲੋਂ ਜ਼ਮੀਨ ਤੇ ਜੰਗਲ ਅੱਜ ਵੀ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਵਿਕਾਸ ਦੇ ਨਾਂ ਥੱਲੇ ਖੋਹ ਰਹੀਆਂ ਹਨ। ਗ਼ਰੀਬ ਤੇ ਅਮੀਰ ਦਾ ਜਮਾਤੀ ਪਾੜਾ ਲਗਾਤਾਰ ਵੱਧਦਾ ਜਾ ਰਿਹਾ ਹੈ। ਅੱਜ ਨਵੇਂ ਸੰਦਰਭ ਵਿੱਚ ਧਰਮਾਂ ਤੇ ਨਾਂ ਤੇ ਵੋਟ ਬੈਂਕ ਨੂੰ ਕਾਬੂ ਕਰਨ ਲਈ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ ਜਿਵੇਂ ਤਾਜ਼ੀ ਘਟਨਾ ਅਫਜ਼ਲ ਗੁਰੂ ਨੂੰ ਫਾਂਸੀ ਦੇ ਕੇ ਹਿੰਦੂ ਵੋਟਰ ਆਪਣੇ ਵੱਲ ਕਰਨਾ ਆਦਿ। 1947 ਤੇ 1984 ਦੀਆਂ ਉਦਾਹਰਣਾਂ ਲੋਕਾਂ ਨੂੰ ਧਰਮ ਦੇ ਨਾਂ ਤੇ ਪਾੜ ਕੇ ਰਾਜਨੀਤੀ ਦੀਆਂ ਰੋਟੀਆਂ ਸੇਕਣੀਆਂ ਹੀ ਸਨ। ਹੁਣ ਸਰਮਾਏਦਾਰ ਅੱਗੇ ਨਾਲੋਂ ਦੋ ਕਦਮ ਅੱਗੇ ਚੱਲ ਕੇ ਜਾਤ-ਪਾਤ ਤੇ ਛੂਤ-ਛਾਤ ਦਾ ਸਿੱਧਾ ਵਾਰ ਨਹੀਂ ਕਰਦਾ ਸਗੋਂ ਬੁੱਕਲ ਵਿੱਚ ਲੈ ਕੇ, ਢੰਗ ਤਰੀਕੇ ਨਵੇਂ ਬਣਾ ਕੇ ਪੱਠੇ ਪਾਉਂਦਾ ਹੈ। ਉਸ ਸਮੇਂ ਲੋਕਾਂ ਦੀ ਲੋੜ ਰੋਟੀ, ਕੱਪੜਾ ਅਤੇ ਮਕਾਨ ਤੱਕ ਸੀਮਤ ਸੀ ਹੁਣ ਉਹਨਾਂ ਦੀ ਲੋੜ ਇਸ ਚਮਕੀਲੇ ਭੜਕੀਲੇ ਸਮਾਜ ਦੇ ਅਨੁਕੂਲ ਹੋਣ ਦੀ ਦੌੜ ਲਈ ਹੋ ਗਈ ਹੈ ਕਿਉਂਕਿ ਪੂੰਜੀਵਾਦੀ ਸਿਸਟਮ ਨੇ ਬੇਅਥਾਹ ਬੇਲੋੜੀਆਂ ਚੀਜ਼ਾਂ ਦਾ ਉਤਪਾਦਨ ਕਰਕੇ ਮੀਡੀਏ ਰਾਂਹੀ ਲੋਕਾਂ ਨੂੰ ਵਰਗਲ਼ਾ ਕੇ ਉਹਨਾਂ ਦੀ ਲੋੜ ਬਣਾ ਕੇ ਰੱਖ ਦਿੱਤਾ ਹੈ।

ਅੱਜ ਵੀ ਗੁਰਬਤ ਦੇ ਮਾਰੇ ਨੌਜਵਾਨ ਡਿਗਰੀਆਂ ਕੂੜੇ ਦੇ ਢੇਰ ਵਿੱਚ ਸਿੱਟ ਕੇ ਬਿਦੇਸ਼ਾਂ ਵਿੱਚ ਜਾ ਕੇ ਦੂਹਰੀ ਗ਼ੁਲਾਮੀ ਅਪਣਾਉਣ ਲਈ ਹਰ ਵੇਲੇ ਤਿਆਰ ਬਰ ਤਿਆਰ ਬੈਠੇ ਹਨ।ਸੋਹਣੀਆਂ ਸੁਨੱਖੀਆਂ ਬੱਚੀਆਂ ਨੂੰ ਬੁੱਢਿਆਂ ਦੇ ਨਾਲ ਵਿਆਹ ਕੇ ਹਰ ਇਨਸਾਨ ਬਿਦੇਸ਼ਾਂ ਦੀ ਪੌੜੀ ਦੇ ਡੰਡੇ ਤੇ ਚੜ੍ਹਨਾ ਚਾਹੁੰਦਾ ਹੈ। ਗ਼ਦਰ ਲਹਿਰ ਦੀ ਕਵਿਤਾ ਨੇ ਇਤਿਹਾਸ ਵਿੱਚੋਂ ਕੁੱਝ ਸਿੱਖ ਕੇ ਅੱਗੇ ਵਧਣ ਲਈ ਪ੍ਰੇਰਿਆ ਹੈ ਪਰ ਅੱਜ ਇਤਿਹਾਸ ਨੂੰ ਹੀ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਜਿਵੇਂ ਸੌ ਸਾਲਾਂ ਬਾਅਦ ਕੁੱਝ ਫਿਰਕੂ ਜਥੇਬੰਦੀਆਂ ਗ਼ਦਰੀ ਬਾਬਿਆਂ ਨੂੰ ਯਾਦ ਤਾਂ ਕਰ ਰਹੀਆਂ ਹਨ ਪਰ ਉਹਨਾਂ ਦੀ ਧਰਮ ਨਿਰਪੱਖਤਾ ਦੀ ਸੋਚ ਤੇ ਠੱਪਾ ਲਾ ਕੇ ਗ਼ਦਰ ਲਹਿਰ ਨੂੰ ਸਿਰਫ਼ ਸਿੱਖ ਧਰਮ ਦੀ ਲਹਿਰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ।ਗ਼ਦਰ ਦੀ ਕਵਿਤਾ ਵਿੱਚ ਵਤਨ-ਪ੍ਰਸਤੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਹੈ। ਜਿਸਤੋਂ ਪ੍ਰਭਾਵਤ ਹੋ ਕੇ ਹੀ ਦੇਸ਼-ਭਗਤਾਂ ਨੇ ਆਪਣੀ ਵਧੀਆ ਜ਼ਿੰਦਗੀ ਨੂੰ ਤਿਆਗ ਕੇ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਫਾਂਸੀਆਂ ਦੇ ਰੱਸੇ ਚੁੰਮੇ, ਕੁਰਬਾਨੀਆਂ ਦਿੱਤੀਆਂ ਤੇ ਉਮਰ ਭਰ ਲਈ ਪਿੰਜਰਾ ਬੰਦ ਕੈਦਾਂ ਕੱਟੀਆਂ।

ਅੱਜ ਦੇ ਸਮੇਂ ਵਿੱਚ ਵਿਸ਼ਵੀਕਰਣ ਮੁਤਾਬਕ ਸਾਰਾ ਸੰਸਾਰ ਇੱਕ ਪਿੰਡ ਬਣ ਚੁੱਕਿਆ ਹੈ ਜਿੱਥੇ ਕਿਤੇ ਵੀ ਕੁਝ ਮਾੜਾ ਹੋ ਰਿਹਾ ਹੈ ਤਾਂ ਮਨੁੱਖਤਾ ਦੀ ਭਾਵਨਾ ਦੇ ਸੰਦਰਭ ਵਿੱਚੋਂ ਸੋਚਣਾ ਪਵੇਗਾ। ਗ਼ਦਰ ਦੀ ਕਵਿਤਾ ਵਾਲੇ ਜੋਸ਼-ਖਰੋਸ਼ ਦੀ ਅੱਜ ਵੀ ਉੱਨੀ ਲੋੜ ਹੈ ਕਿਉਂਕਿ ਅੱਜ ਅਗਰ ਸੋਚੀਏ ਜਨਤਾ ਸੁੱਤੀ ਹੋਈ ਨਹੀਂ ਤਾਂ ਆਪਣੇ ਹੱਕਾਂ ਪ੍ਰਤੀ ਸੁਚੇਤ ਵੀ ਨਹੀਂ ਹੈ। ਫਰਕ ਇੰਨਾ ਹੈ ਅੱਗੇ ਲੁਟੇਰਾ ਅੱਖਾਂ ਦੇ ਸਾਹਮਣੇ ਨਜ਼ਰ ਆਉਂਦਾ ਸੀ ਹੁਣ ਉਹ ਟੇਢੇ ਢੰਗ ਨਾਲ ਲੁੱਟਦਾ ਹੈ ਜਿਹੜੀਆਂ ਅਗਾਂਹਵਧੂ ਮਨੁੱਖੀ ਤਾਕਤਾਂ ਇਸ ਖਾਸੇ ਤੋਂ ਜਾਣੂ ਹਨ, ਉਹ ਗ਼ਦਰ ਲਹਿਰ ਦੀ ਕਵਿਤਾ ਦੀ ਸਾਰਥਿਕਤਾ ਨੂੰ ਅੱਖੋਂ ਪਰੋਖੇ ਨਹੀਂ ਕਰ ਰਹੀਆਂ ਸਗੋਂ ਉਹਨਾਂ ਦੇ ਦਰਸਾਏ ਰਾਹ ਤੇ ਚੱਲ ਰਹੀਆਂ ਹਨ।ਉਹ ਅੱਜ ਵੀ ਜੂਝ ਰਹੀਆਂ ਹਨ, ਕੁਰਬਾਨੀਆਂ ਦੇ ਰਹੀਆਂ ਹਨ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰ ਰਹੀਆਂ ਹਨ। ਕਨੇਡਾ, ਅਮਰੀਕਾ ਵਿੱਚੋਂ ਸ਼ੁਰੂ ਹੋਈ ਇਹ ਕਵਿਤਾ ਉਸ ਵੇਲੇ ਨਸਲੀ ਵਿਤਕਰੇ, ਇੰਮੀਗ੍ਰੇਸ਼ਨ ਦੇ ਵਿਤਕਰੇ ਖ਼ਿਲਾਫ ਹੱਕਾਂ ਦੀ ਲੜਾਈ ਨੂੰ ਦਰਸਾਉਂਦੀ ਹੈ। ਅੱਜ ਵੀ ਜਦੋਂ ਆਹੇ-ਵਗਾਹੇ ਇਹਨਾਂ ਹੀ ਮਸਲਿਆਂ ਤੇ ਸਾਨੂੰ ਦਰਪੇਸ਼ ਮੁਸਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਅੱਜ ਦੀ ਮੌਜੂਦਾ ਸਰਕਾਰ ਨਿੱਤ ਇੰਮੀਗ੍ਰੇਸ਼ਨ ਲਾਅ ਬਦਲਦੀ ਹੈ ਤੇ ਅਵਾਸੀਆਂ ਦੇ ਆਉਣ ਤੇ ਕੱਟ ਤੇ ਕੱਟ ਲਾਏ ਜਾ ਰਹੇ ਹਨ, ਜਿਹੜਾ ਪਰਿਵਾਰਾਂ ਨੂੰ ਸੱਦਣ ਦਾ ਹੱਕ ਸਾਡੇ ਗ਼ਦਰੀਆਂ ਨੇ ਸੌ ਸਾਲ ਪਹਿਲਾਂ ਜੱਦੋਜਹਿਦ ਕਰਕੇ ਲਿਆ ਸੀ ਉਹ ਹੁਣ ਸੁਪਰ ਵੀਜੇ ਦੇ ਨਾਂ ਤੇ ਟੈਂਪਰੇਰੀ ਸੱਦ ਕੇ ਮਣਾਂ ਮੂੰਹੀਂ ਖਰਚਾ ਕਰਕੇ ਹੱਕਾਂ ਤੋਂ ਵਾਂਝਿਆਂ ਕਰਨ ਦਾ ਢਕਵੰਜ ਹੈ ਇਸੇ ਕਰਕੇ ਅੱਜ ਫਿਰ ਉਹੋ ਜਿਹੀ ਕਵਿਤਾ ਦੀ ਲੋੜ ਹੈ ਜੋ ਸਾਨੂੰ ਦਿਨ ਦੁਪਹਿਰੇ ਸੁਤਿਆਂ ਨੂੰ ਜਗਾ ਸਕੇ।

ਕਵਿਤਾ ਵਿੱਚ ਇੱਕ ਅਹਿਮ ਗੱਲ ਜਿਸ ਤੇ ਸਾਰਿਆਂ ਪੱਖਾਂ ਨਾਲੋਂ ਜਿਆਦਾ ਜੋਰ ਦਿੱਤਾ ਗਿਆ ਹੈ ਉਹ ਹੈ ਏਕੇ ਦੇ ਸਿਧਾਂਤ ਦੀ। ਜਿਸਦਾ ਸਬੂਤ ਗ਼ਦਰ ਲਹਿਰ ਨੇ ਗ਼ਦਰ ਅਖਬਾਰ ਰਾਂਹੀ ਏਕਤਾ ਦਾ ਸੱਦਾ ਕਨੇਡਾ, ਅਮਰੀਕਾ, ਜਪਾਨ, ਪੈਨਾਮਾ, ਅਰਜਨਟਾਇਨਾ, ਫਿਜੀ, ਚੀਨ, ਸਿੰਘਾਪੁਰ, ਮਲੇਸ਼ੀਆ, ਹਾਂਗਕਾਂਗ, ਮਲਾਇਆ, ਬਰਾਜ਼ੀਲ, ਫਿਲਪਾਈਨਜ਼, ਸਿਆਮ, ਬਰ੍ਹਮਾ, ਹਿੰਦੋਸਤਾਨ ਆਦਿ ਤੱਕ ਪਹੁੰਚਾਇਆ ਤਾਂ ਕਿ ਬਾਹਰਲੇ ਦੇਸ਼ਾਂ ਵਿੱਚ ਬੈਠੇ ਹਿੰਦੋਸਤਾਨੀ ਇਕੱਠੇ ਹੋ ਕੇ ਗ਼ਦਰ ਕਰਨ ਲਈ ਤੁਰਨ ਤੇ ਇਹ ਹੋਇਆ ਵੀ। 100 ਸਾਲਾਂ ਬਾਅਦ ਵੀ ਇਸ ਏਕੇ ਦੇ ਸਿਧਾਂਤ ਦੀ ਸਾਰਥਿਕਤਾ ਉੱਨੀ ਹੀ ਹੈ ਕਿ ਲੋਕ ਇਕੱਠੇ ਹੋ ਕੇ ਦਰਿਆਵਾਂ ਦੇ ਵਹਿਣ ਮੋੜ ਦੇਣ ਵਾਂਗੂੰ ਯੁੱਗ ਪਲਟਾ ਸਕਦੇ ਹਨ, ਸਮਾਜ ਵਿੱਚ ਬਰਾਬਰਤਾ ਲਿਆ ਸਕਦੇ ਹਨ ਤੇ ਮਨੁੱਖ ਨੂੰ ਅਜ਼ਾਦੀ ਦਾ ਜੀਵਨ ਦੇ ਸਕਦੇ ਹਨ ਜਿਹੜਾ ਗ਼ਦਰ ਲਹਿਰ ਦੇ ਲੇਖਕਾਂ ਦਾ ਸਾਰੀ ਮਨੁੱਖਤਾ ਲਈ ਇੱਕ ਸੁੰਦਰ ਸੁਪਨਾ ਸੀ।


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਂਸ਼ਾਂ ਤੇ ਰੇਖਾਂਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜ਼ਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588



ਸਾਧੂ ਬਿਨਿੰਗ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਉਹ ਕੈਨੇਡਾ ਦੇ ਪਹਿਲੀ ਪਾਲ ਦੇ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਕੈਨੇਡਾ ਵਿਚ ਪੰਜਾਬੀ ਸਾਹਿਤ ਦਾ ਛਿੱਟਾ ਹੀ ਨਹੀਂ ਦਿੱਤਾ ਬਲਕਿ ਸਾਹਿਤ ਦੇ ਬੂਟੇ ਨੂੰ ਪਾਲ਼ਿਆ ਵੀ ਹੈ। ਸਾਧੂ ਬਿਨਿੰਗ ਉਨ੍ਹਾਂ ਲੇਖਕਾਂ ਵਿਚੋਂ ਹੈ ਜੋ ਸਿਰਫ ਲਿਖਦੇ ਹੀ ਨਹੀਂ ਸਗੋਂ ਆਪਦੀ ਲਿਖਤ ਨੂੰ ਜਿਉਂਦੇ ਵੀ ਹਨ। ਚਾਹੇ ਨਸਲਵਾਦ ਵਿਰੋਧੀ ਮੁਜ਼ਾਹਰਾ ਹੋਵੇ ਚਾਹੇ ਕੈਨੇਡੀਅਨ ਫਾਰਮ ਵਰਕਰਾਂ ਦਾ ਮੁਜ਼ਾਹਰਾ ਹੋਵੇ ਸਾਧੂ ਬਿਨਿੰਗ ਫਰੰਟ ਲਾਈਨ 'ਤੇ ਰਿਹਾ ਹੈ। ਪੰਦਰਾਂ ਵੀਹ ਕਿਤਾਬਾਂ ਦਾ ਲੇਖਕ ਸਾਧੂ ਅਜੇ ਵੀ ਸਾਹਿਤਕ ਗਤੀਵਿਧੀਆਂ ਵਿਚ ਪੂਰਾ ਵਿਅਸਤ ਹੈ। ਪਿਛੇ ਜਿਹੇ ਉਸਦੀ ਕਿਤਾਬ 'ਨਾਸਤਿਕ ਬਾਣੀ' ਕਾਫ਼ੀ ਚਰਚਿਤ ਹੋਈ। ਇਸੇ ਹੀ ਕਿਤਾਬ ਵਿਚੋਂ ਉਸਦੀਆਂ ਕੁਝ ਕਵਿਤਾਵਾਂ ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹੈ-ਹਰੀਪਾਲ

## ਨਾਸਤਿਕ ਹੋਣ ਬਾਅਦ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ
ਭਾਰ ਲਹਿ ਜਾਂਦਾ ਹੈ
ਹਲਕੇ ਸੁਰਖ਼ਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ

ਬਾਕੀ ਰਹਿ ਜਾਂਦਾ ਹੈ
ਨਾਸਤਿਕ ਹੋਣ ਬਾਅਦ
ਚੱਲੇ ਪਤਾ
ਡਰ ਡਰ ਕੇ ਜੀਣ ਵਿਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ਼
ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆਂ ਕਿਸੇ
ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ
ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦੀਆਂ ਬੰਦਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ 'ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ 'ਤੇ ਉੱਗੇ ਵਾਲ਼ਾਂ ਨੂੰ
ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ
ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ ਤੇ ਸਿਰਫ ਇਨਸਾਨ
ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ 'ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿਚ
ਵੱਖਰੀ ਹੀ ਖੁਸ਼ੀ ਵਿਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਉਰੀਅਸ
ਸਿਸਰੋ, ਸੈਨੇਕਾ ਜਿਹੇ ਨਾਸਤਿਕ
ਬਾਣੀ ਦੇ ਰਚੇਤਿਆਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ
ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿਚ ਡੋਲ੍ਹਿਆ ਹੈ
ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ
ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ
ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ
ਨਾਲ ਭਰ ਜਾਂਦੇ ਹੋ

ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉੱਤਲਾ ਸਮੁੱਚਾ ਜੀਵਨ
ਇਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ
ਬਦਲ ਜਾਂਦਾ ਹੈ
ਆਸਾ ਪਾਸਾ ਤੇ ਖੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉੱਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਮਸਝ
ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ
ਖੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ
• • •

## ਸੋਹਣਾ ਤੇ ਸੁਥਰਾ ਸ਼ਬਦ

ਗੁਰਦਵਾਰੇ ਦੀ ਗੋਲਕ ਵਿਚੋਂ
ਚੋਰੀ ਕਰਨ ਵਾਲਾ ਜ਼ਰੂਰ ਹੁੰਦਾ ਹੈ
ਚੋਰ, ਧੋਖੇਬਾਜ਼, ਬੇਈਮਾਨ
ਹਰ ਪੱਖੋਂ ਘਟੀਆ ਇਨਸਾਨ
ਪਰ ਨਾਸਤਿਕ ਨਹੀਂ

ਇਸ ਸੋਹਣੇ, ਸੁਥਰੇ ਸ਼ਬਦ ਦੀ
ਨਾ ਕਰੋ ਇਸ ਤਰ੍ਹਾਂ ਤੌਹੀਨ
ਉਸ ਘਟੀਆ ਇਨਸਾਨ ਨੂੰ
ਨਾਸਤਿਕ ਨਾ ਕਹੋ
ਨਾਸਤਿਕ ਮਹਾਤਮਾ ਬੁੱਧ ਹੁੰਦਾ ਹੈ
ਨਾਸਤਿਕ ਭਗਤ ਸਿੰਘ ਹੁੰਦਾ ਹੈ
ਤੁਹਾਡਾ ਗੋਲਕ ਚੋਰ ਨਹੀਂ

ਨਾਸਤਿਕ ਕਦੇ ਨਹੀਂ ਜਾਂਦਾ
ਤੁਹਾਡੀ ਗੋਲਕ ਦੇ ਲਾਗੇ
ਨਾ ਪੈਸੇ ਪਾਉਣ ਲਈ
ਨਾ ਕੱਢਣ ਲਈ
ਤੁਹਾਡਾ ਦੋਸ਼ੀ
ਹੋਰ ਬੜਾ ਕੁਝ ਹੋ ਸਕਦਾ ਹੈ
ਪਰ ਨਾਸਤਿਕ ਨਹੀਂ
• • •

## ਹੈਰਾਨੀ ਦੀ ਗੱਲ

ਸਵੇਰੇ ਸਵੱਖਤੇ ਤੱਤੇ ਪਾਣੀ ਨਾਲ ਨ੍ਹਾਉਂਦਿਆਂ
ਪੱਲ ਕੁ ਲਈ ਚੇਤਾ ਕਰ ਉਹ ਕੰਬ ਜਾਂਦਾ ਹੈ
ਕਿੰਨਾ ਸੀਤ ਹੁੰਦਾ ਸੀ ਪਾਣੀ
ਪਿੰਡ ਨਹਾਉਣ ਲੱਗਿਆਂ
ਪਰ ਉਹ ਕਦੇ ਧੰਨਵਾਦ ਨਹੀਂ ਕਰਦਾ
ਪਾਣੀ ਨੂੰ ਠੰਡਾ ਤੱਤਾ ਕਰਨ ਦੀ
ਇਹ ਜਾਦੂ ਵਰਗੀ ਸ਼ਕਤੀ ਦੇਣ ਵਾਲਿਆਂ ਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਫਰਿੱਜ ਵਿਚੋਂ ਚੁੱਕ ਕੇ ਲੋੜੀਂਦੀਆਂ ਵਸਤਾਂ
ਉਹ ਮਨ ਭਾਉਂਦਾ ਨਾਸ਼ਤਾ ਬਣਾਵੇ
ਪੱਲ ਕੁ ਲਈ ਚੇਤਾ ਕਰ ਕੰਬ ਜਾਵੇ
ਕਿੰਨੀ ਔਖੀ ਹੁੰਦੀ ਸੀ ਮਾਂ
ਗਿੱਲੇ ਬਾਲਣ ਨਾਲ ਰੋਟੀਆਂ ਲਾਹੁੰਦੀ
ਪਰ ਉਹ ਕਦੇ ਧੰਨਵਾਦ ਨਹੀਂ ਕਰਦਾ
ਇਹ ਸਭ ਕੁਝ ਬਣਾਉਣ ਵਾਲਿਆਂ ਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਕੰਮ 'ਤੇ ਜਾਣ ਵੇਲੇ
ਨਵੀਂ ਕਾਰ 'ਚ ਪੰਜਾਬੀ ਰੇਡੀਓ ਸੁਣਦਿਆਂ
ਪੱਲ ਕੁ ਲਈ ਕੰਬ ਜਾਂਦਾ ਹੈ ਚੇਤਾ ਕਰਕੇ
ਗਾਰੇ ਵਿਚ ਅੜੇ ਪੁਰਾਣੇ ਸਾਈਕਲ ਦਾ
ਨਾ ਕਾਰ ਲਈ, ਨਾ ਰੇਡੀਓ ਲਈ
ਤੇ ਨਾ ਹੀ ਸਾਫ ਸੁਥਰੀ ਸੜਕ ਲਈ
ਉਹ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ
ਹਰ ਵੇਲੇ ਚਾਅ ਨਾਲ ਵਰਤਦਾ ਹੈ
ਟੀ ਵੀ, ਸੈੱਲ ਫੋਨ, ਲੈਪਟੌਪ
ਕਦੇ ਫੇਸਬੁੱਕ ਕਦੇ ਯੂ-ਟਿਊਬ
ਉਹ ਕਦੇ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਕੁਝ ਵਰ੍ਹੇ ਪਹਿਲਾਂ ਪਏ
ਦਿਲ ਦੇ ਵੱਡੇ ਦੌਰੇ ਬਾਅਦ
ਹੁਣ ਬੜੇ ਚਾਅ ਨਾਲ ਮਨਾਉਂਦਾ ਹੈ
ਆਪਣਾ ਹਰ ਜਨਮ ਦਿਨ
ਤੇ ਚੇਤੇ ਕਰਕੇ ਡਰ ਜਾਂਦਾ ਹੈ ਕਿ
ਪਿੰਡ ਰਹਿ ਗਏ ਉਹਦੀ ਉਮਰ ਦੇ
ਕਈ ਤਾਂ ਚੱਲ ਵੀ ਵਸੇ ਹਨ
ਪਰ ਇਸ ਚਮਤਕਾਰ ਲਈ ਵੀ
ਉਹ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਉਹਦੀ ਇਹ ਅਜੀਬੋ ਗਰੀਬ ਹਰਕਤ
ਹੈਰਾਨ ਕਰਨ ਵਾਲੀ ਹੈ
ਪਰ ਇਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ
ਲੋਕ ਬੜਾ ਮਾਣ ਸਤਿਕਾਰ ਕਰਦੇ ਨੇ ਉਸ ਦਾ
• • •

## ਸ਼ਹੀਦ ਭਗਤ ਸਿੰਘ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਫਰੀਦ ਦਾ ਸ਼ਲੋਕ ਹੈ
ਨਾਨਕ ਦੀ ਬਾਣੀ
ਬੁੱਲੇ ਦੀ ਕਾਫੀ
ਤੇ ਵਾਰਸ ਦੀ ਕਹਾਣੀ

ਇਹ ਗਲੀਲਿਓ ਦੀ ਦੂਰਬੀਨ ਵੀ ਹੈ
ਡਾਰਵਿਨ ਦਾ ਸਿਧਾਂਤ ਵੀ
ਮਾਰਕਸ ਦਾ ਪੂੰਜੀਵਾਦ ਵੀ ਹੈ
ਲੈਨਿਨ ਦਾ ਇੰਨਕਲਾਬ ਵੀ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਸ ਮਿੱਠੀ ਕਵਿਤਾ ਨੂੰ
ਜਿੰਨਾਂ ਪੜ੍ਹੋ
ਜਿੰਨੀ ਵਾਰੀ ਵੀ ਪੜ੍ਹੋ
ਹਰ ਵਾਰੀ ਜਾਪਦੀ ਹੈ
ਪਿਆਰੀ ਤੇ ਨਿਆਰੀ
ਡੂੰਘੀ ਤੇ ਮਿਆਰੀ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਹ ਕਵਿਤਾ
ਕਿਸੇ ਗੁਰੂ ਅੱਗੇ
ਕਿਸੇ ਰੱਬ ਅੱਗੇ
ਮੱਥੇ ਟੇਕਣੇ ਨਹੀਂ ਸਿਖਾਉਂਦੀ
ਇਹ ਫਾਂਸੀ ਗਲ਼ ਪਾ ਕੇ ਦੱਸਦੀ ਹੈ
ਮਾਣਮੱਤਾ ਜੀਵਨ ਕੀ ਹੁੰਦਾ ਹੈ
ਕੁਰਬਾਨੀ ਕੀ ਹੁੰਦੀ ਹੈ
ਪਿਆਰ ਕੀ ਹੁੰਦਾ ਹੈ
ਸਤਿਕਾਰ ਕੀ ਹੁੰਦਾ ਹੈ

ਇਹ ਕਵਿਤਾ
ਮਹਿਜ ਪੜ੍ਹਨ, ਸੁਣਨ ਜਾਂ
ਗਾਉਣ ਲਈ ਨਹੀਂ ਹੈ
ਅੱਖਾਂ ਮੀਟ ਕੇ
ਸਿਰ ਹਿਲਾਉਣ ਲਈ ਨਹੀਂ ਹੈ
ਇਸ ਕਵਿਤਾ ਨੂੰ ਪੜ੍ਹਿਆਂ
ਇਸ ਦਾ ਸੰਗੀਤ ਸੁਣਿਆਂ
ਸਮਝ ਲਗਦੀ ਹੈ
ਸਾਮਰਾਜ ਦੀ ਲੁੱਟ ਨੂੰ ਕਿੰਞ ਪੜ੍ਹੀਦਾ ਹੈ
ਤੇ ਉਸ ਲੁੱਟ ਵਿਰੁੱਧ ਕਿੰਞ ਲੜੀਦਾ ਹੈ
ਇਹ ਕਵਿਤਾ ਦੱਸਦੀ ਹੈ
ਭੁੱਖ ਹੜਤਾਲ ਕੀ ਹੁੰਦੀ ਹੈ
ਮੰਜ਼ਲ ਦੀ ਭਾਲ ਕੀ ਹੁੰਦੀ ਹੈ

ਇਸ ਕਵਿਤਾ ਵਲੋਂ
ਇਨਕਲਾਬ, ਸਮਾਜਵਾਦ
ਤਰਕ ਤੇ ਨਾਸਤਿਕਤਾ
ਜਿਹੇ ਸ਼ਬਦਾਂ ਵਿਚ ਭਰੇ ਅਰਥ
ਸੁਹਿਰਦ ਮਨਾਂ 'ਚ ਲਹਿ ਜਾਂਦੇ ਨੇ
ਸਦਾ ਸਦਾ ਲਈ ਡੂੰਘੇ ਬਹਿ ਜਾਂਦੇ ਨੇ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਸ ਕਵਿਤਾ ਦੇ ਜਲੌਅ ਨੂੰ
ਪੱਗ, ਦਾਹੜੀ ਜਾਂ ਭਗਵੇਂ ਰੰਗ ਨਾਲ
ਕਦੇ ਢਕਿਆ ਨਹੀਂ ਜਾ ਸਕੇਗਾ
ਇਹ ਚੇਅ ਗੁਵੇਰਾ
ਨਾਂਅ ਦੀ ਕਵਿਤਾ ਵਾਂਗ
ਦੁਨੀਆਂ ਭਰ ਵਿਚ
ਰਲ਼ ਕੇ ਪੜ੍ਹੀ ਜਾਏਗੀ
ਇਹ ਹਰ ਥਾਂ ਅਤੇ ਹਰ ਜੁੱਗ ਦੇ ਲੁਟੇਰਿਆਂ ਨੂੰ
ਸਦੀਵੀ ਕੰਬਣੀ ਲਾਏਗੀ
ਉਨ੍ਹਾਂ ਨੂੰ ਸੁਪਨਿਆਂ ਵਿਚ ਵੀ ਤੜਫਾਏਗੀ

ਇਸ ਕਵਿਤਾ ਨੂੰ ਪੜ੍ਹਨ ਬਾਅਦ
ਕੋਈ ਮੰਦਰਾਂ ਜਾਂ ਚਰਚਾਂ 'ਚ
ਸਮਾਂ ਨਸ਼ਟ ਨਹੀਂ ਕਰੇਗਾ
ਉਹ ਮਨੁੱਖਤਾ 'ਚ ਵਿਸ਼ਵਾਸ ਕਰੇਗਾ
ਤੇ ਮਨੁੱਖ ਨੂੰ ਪਿਆਰ ਕਰੇਗਾ

ਸ਼ਹੀਦ ਭਗਤ ਸਿੰਘ
ਕਵਿਤਾ ਹੈ
• • •

## ਮੈਂ ਤੇ ਰੱਬ

ਜੀਵਨ ਦੇ ਅਮੁੱਕ ਸਫਰ ਦੌਰਾਨ
ਮੈਂ ਦੋ ਪੈਰ ਹੱਥ ਬਣਾਏ
ਹੱਥਾਂ ਵਿੱਚ ਮੈਂ ਡੰਡਾ ਫੜਿਆ
ਅੱਗੇ ਪੱਥਰ ਲਾਇਆ
ਐਸੀ ਮੇਰੇ 'ਚ ਸ਼ਕਤੀ ਆਈ
ਵੱਡੇ ਵੱਡੇ ਜਨੌਰਾਂ ਨੂੰ
ਅੱਗੇ ਲਾ ਦੌੜਾਇਆ

ਸ਼ਕਤੀ ਮੇਰੀ ਪਰ ਬੜੀ ਹੀ ਸੀਮਤ
ਹਰ ਪਾਸੇ ਖਤਰੇ
ਕੜਕਦੀਆਂ ਧੁੱਪਾਂ, ਗੜਕਦੇ ਬੱਦਲ
ਬਿਜਲੀਆਂ, ਤੂਫਾਨ, ਭੂਚਾਲ
ਜੀਵਨ ਮੌਤ
ਕੁਝ ਵੀ ਸਮਝ ਨਾ ਆਵੇ

ਇਸ ਸਮਝਣ ਦੇ ਚੱਕਰ ਵਿਚਾਲੇ
ਮੈਂ ਖਿਆਲਾਂ ਵਿਚ ਕਹਿ ਬੈਠਾ
'ਖਬਰੇ ਤੂੰ ਹੈਂਤੂੰ
ਉਤੇ ਬੈਠਾ ਕਰਦਾ
ਮੈਂ ਥੱਲੇ ਬੈਠਾ ਦੇਖਾਂ

ਮੇਰੇ ਹੱਥਾਂ 'ਚ ਜੰਮਿਆਂ ਪਲ਼ਿਆ
ਮੇਰਾ ਆਪਣਾ ਹੀ ਖਿਆਲ - ਤੂੰ
ਐਸਾ ਮੇਰੇ 'ਤੇ ਛਾਇਆ
ਸਦੀਆਂ ਮੈਂ ਖੁਦ ਨੂੰ
ਕਿਤੇ ਵੀ ਨਜ਼ਰ ਨਾ ਆਇਆ

ਮੈਂ ਮਾਲਕ ਸੀ
ਖੁੱਦ ਸਾਰੀ ਸ਼ਕਤੀ ਦਿੱਤੀ ਤੈਨੂੰ
ਤੇਰੇ ਬੇਸਿਰ ਤਾਜ ਟਕਾਇਆ
ਆਪਣੇ ਘਰ ਤੋਂ ਕਿਤੇ ਸੁਹਾਣਾ
ਤੇਰੇ ਲਈ ਹਰ ਥਾਂ ਘਰ ਬਣਾਇਆ

ਤੇਰੇ ਅੱਗੇ ਝੁਕਣੇ ਬਿਨ੍ਹਾਂ
ਕੋਈ ਕੰਮ ਨਾ ਮੇਰੇ ਸਿਰ ਦਾ
ਆਪੇ ਨੂੰ ਮੈਂ ਹੁਕਮ ਸੁਣਾਇਆ

ਹੁਣ ਇਸ ਰਿਸ਼ਤੇ ਦਾ ਹੈ
ਸਮਾਂ ਵਿਹਾਜਾ
ਹੁਣ ਤੂੰ ਇਕ ਭਾਰ ਜਿਹਾ ਏਂ
ਵਾਧੂ ਹੱਡਾਂ ਦਾ ਖਾਰ ਜਿਹਾ ਏਂ

ਉਂਞ ਅਸਲੀਅਤ ਮੈਂ ਜਾਣਾਂ
ਤੂੰ ਸਿਰਫ ਮੇਰੇ ਖਿਆਲਾਂ 'ਚ ਵਸਦਾ
ਤੇਰੀ ਅਸਲੀ ਹੋਂਦ ਨਾ ਹੋਰ
ਆਪਣੇ ਵਿਚੋਂ ਕੱਢਿਆ ਸੀ ਤੈਨੂੰ
ਇਕ ਦਿਨ ਆਪਣੇ ਵਿਚ ਹੀ ਲੈਣਾ ਖੋਰ
• • •

## ਮਾਪਿਆਂ ਦੀ ਸਿੱਖਿਆ

ਤੜਕੇ ਕੀਰਤਨਾਂ ਦੇ ਰੌਲੇ 'ਚ
ਕਿਸੇ ਵੀ ਸੁਣੀ ਨਾ ਸਿੱਖਿਆ
ਜੋ ਬਾਂਦਰ ਨੇ ਆਪਣੇ ਬੱਚੇ ਨੂੰ ਦਿੱਤੀ
ਬੱਚਿਆ ਆਪਾਂ ਬਾਂਦਰ ਹਾਂ
ਬਾਂਦਰ ਹੀ ਬਣੇ ਰਹਿਣਾ
ਰੋਟੀ ਦੀ ਭਾਲ 'ਚ ਮੰਦਰ ਜਾਣਾ
ਜਦ ਵੀ ਮੌਕਾ ਮਿਲੇ ਖਾਣਾ ਚੁੱਕਣਾ
ਤੇ ਸਿਰਤੋੜ ਭੱਜ ਜਾਣਾ
ਮਨੁੱਖ ਵਾਂਗ
ਨਾ ਕਿਸੇ ਅੱਗੇ ਮੱਥਾ ਟੇਕਣਾ
ਨਾ ਟਕਵਾਉਣਾ

ਤੜਕੇ ਕੀਰਤਨਾਂ ਦੇ ਰੌਲੇ 'ਚ
ਕਿਸੇ ਵੀ ਸੁਣੀ ਨਾ ਸਿੱਖਿਆ
ਜੋ ਖੋਤੀ ਨੇ ਆਪਣੇ ਬੱਚੇ ਨੂੰ ਦਿੱਤੀ
ਬੱਚਿਆ ਆਖਰੀ ਦਮ ਤੱਕ
ਆਪਣਾ ਕਰਮ ਕਮਾਈਂ
ਆਪਣਾ ਭਾਰ ਸਦਾ ਆਪ ਚੁੱਕੀਂ
ਮਨੁੱਖ ਵਾਂਗ
ਕਿਸੇ ਹੋਰ ਤੋਂ ਨਾ ਚੁਕਾਵੀਂ
ਮੇਰੇ ਬੱਚਿਆ ਮੇਰੇ ਦੁੱਧ ਨੂੰ
ਲਾਜ ਨਾ ਲਾਵੀਂ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਵਿੱਦਿਆ ਦੇ ਖੇਤਰ 'ਚ ਕੁਝ ਬੋਲਦੇ ਅੰਕੜੇ ਤੇ ਚੀਕਦੀਆਂ ਸਚਾਈਆਂ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਚਾਲੀ ਵਿਦੇਸ਼ੀ ਯੂਨੀਵਰਸਿਟੀਆਂ ਨੇ ਆਪਣੇ ਕੈਂਪਸ ਖੋਲ੍ਹਣ ਲਈ ਮਹਾਰਾਸ਼ਟਰ ਸਰਕਾਰ ਤੋਂ ਜ਼ਮੀਨ ਮੰਗੀ ਹੈ ਸਾਡੇ ਦੇਸ਼ ਵਿਚ 12ਵੀਂ ਪਾਸ ਕਰਨ ਵਾਲੇ ਗਿਆਰਾਂ ਕਰੋੜ ਵਿਦਿਆਰਥੀਆਂ 'ਚੋਂ ਸਿਰਫ 10 ਫੀਸਦੀ ਹੀ ਉੱਚ ਸਿੱਖਿਆ ਵਿੱਚ ਦਾਖਲਾ ਲੈ ਸਕਦੇ ਹਨ। ਉੱਚ ਸਿੱਖਿਆ ਤੇ ਜੀਡੀਪੀ ਦਾ ਸਿਰਫ਼ 0.37 ਫ਼ੀਸਦੀ ਹੀ ਖ਼ਰਚ ਕੀਤਾ ਜਾਂਦਾ ਹੈ। ਭਾਰਤ ਵਿੱਚ 18 ਹਜ਼ਾਰ ਉਚ ਸਿੱਖਿਆ ਸੰਸਥਾਵਾਂ ਹਨ ਜਿਨ੍ਹਾਂ ਚੋਂ 370 ਯੂਨੀਵਰਸਿਟੀਆਂ ਹਨ। ਸਾਡੀ ਦੇਸ਼ ਵਿੱਚ ਹਰ ਸਾਲ ਦਸ ਕਰੋੜ ਵਿਦਿਆਰਥੀਆਂ ਨੂੰ ਉੱਚ ਸਿੱਖਿਆ 'ਚ ਦਾਖਲਾ ਲੈਣ ਤੋਂ ਵਾਂਝੇ ਰਹਿਣ ਪੈਂਦਾ ਹੈ। ਇਹ ਦਸ ਕਰੋੜ ਉੱਚ ਸਿੱਖਿਆ ਦੇ ਗਾਹਕ ਹਨ, ਇਸ ਲਈ ਦੇ ਵਿਦੇਸ਼ੀ ਯੂਨੀਵਰਸਿਟੀਆਂ ਇੱਥੇ ਕੈਂਪਸ (ਦੁਕਾਨਾਂ। ਸਥਾਪਤ ਕਰਨਾ ਚਾਹੁੰਦੀਆਂ ਹਨ। ਯੋਜਨਾ ਕਮਿਸ਼ਨ ਮੁਤਾਬਕ ਦੋ ਸੌ ਵਾਧੂ ਯੂਨੀਵਰਸਿਟੀਆਂ ਖੁੱਲ੍ਹਣ ਦੀ ਲੋੜ ਹੈ। ਇਸ ਵਾਸਤੇ 30682 ਕਰੋੜ ਸਰਕਾਰੀ ਖਰਚੇ ਤੋਂ ਇਲਾਵਾ 19318 ਕਰੋੜ ਰੁਪਏ ਦੇ ਨਿਜੀ ਨਿਵੇਸ਼ ਦੀ ਲੋੜ ਹੈ। ਗਿਆਨ ਅਯੋਗ ਮੁਤਾਬਿਕ 1500 ਨਵੀਆਂ ਯੂਨੀਵਰਸਿਟੀਆਂ ਦੀ ਲੋੜ ਦਰਸਾਈ ਗਈ ਹੈ। ਭਾਰਤ ਵਿੱਚ ਸਿੱਖਿਆ ਦੇ ਖੇਤਰ ਅਰਬਾਂ ਰੁਪਏ ਦੇ ਨਿਵੇਸ਼ ਦੀ ਸੰਭਾਵਨਾ ਪਈ ਹੈ। ਸਿੱਖਿਆ ਦੇ ਕੌਮਾਂਤਰੀ ਵਪਾਰੀ ਉੱਚ ਸਿੱਖਿਆ ਨੂੰ ਜਿਣਸ ਬਣਾ ਰਹੇ ਹਨ। ਬ੍ਰਿਟੇਨ ਤੇ ਆਸਟ੍ਰੇਲੀਆ ਸਮੇਤ ਕਈ ਦੇਸ਼ਾਂ ਦੀ ਤਾਂ ਇਹ ਕੌਮੀ ਨੀਤੀ ਹੀ ਹੈ ਕਿ ਉੱਚ ਸਿੱਖਿਆ ਦੀ ਬਰਾਮਦ ਕਰਕੇ ਮੁਨਾਫਾ ਕਮਾਉਣਾ। ਅਮਰੀਕਾ ਵਿੱਚ ਕੋਈ ਵੀ ਕੌਮੀ ਸਿੱਖਿਆ ਨੀਤੀ ਨਹੀਂ ਹੈ ਪਰ ਉੱਥੇ ਦੀਆਂ ਘਟੀਆ ਦਰਜੇ ਦੀਆਂ ਸੰਸਥਾਵਾਂ ਭਾਰਤੀ ਬਾਜ਼ਾਰ ਚ ਪੈਰ ਜਮਾਉਣ ਲਈ ਸਰਗਰਮ ਹਨ। ਸਿੱਖਿਆ ਬਜ਼ਾਰ ਦੇ ਸਭ ਤੋਂ ਵੱਡੇ ਖਿਡਾਰੀ ਲਾਰੀਆਟ ਦੀ ਨੀਤੀ ਵਿਦੇਸ਼ੀ ਯੂਨੀਵਰਸਿਟੀਆਂ ਖਰੀਦਣ ਦੀ ਹੈ। ਉਸੇ ਨੇ 29 ਯੂਨੀਵਰਸਿਟੀਆਂ (ਮਹਾਂ ਦੇਸ਼ਾਂ ਦੀਆਂ) ਨੂੰ ਖਰੀਦ ਲਿਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਕੋਈ ਕਾਨੂੰਨ ਮੰਨ ਨੂੰ ਤਿਆਰ ਨਹੀਂ ਹਨ। ਸਸਤੀ ਤੇ ਸੌਖੀ ਸਿੱਖਿਆ ਦੇਣਾ ਜੋ ਸਰਕਾਰ ਦਾ ਫਰਜ਼ ਹੈ ਉਸ ਨੂੰ ਲੁਟੇਰੀਆਂ ਕੰਪਨੀਆਂ ਹਵਾਲੇ ਕੀਤਾ ਜਾ ਰਿਹਾ ਹੈ। ਉੱਚ ਸਿੱਖਿਆ ਵਿਦੇਸ਼ੀ ਪੂੰਜੀ ਦੇ ਹਵਾਲੇ ਕਰਨਾ ਨਿੱਜੀਕਰਨ ਦੀ ਨੀਤੀ ਦਾ ਅਟੁੱਟ ਅੰਗ ਹੈ। ਮੱਧ ਵਰਗ ਦਾ ਵੱਡਾ ਹਿੱਸਾ ਹੁਣ ਕਰਜੇ ਲੈ ਕੇ ਸਿੱਖਿਆ ਹਾਸਲ ਕਰ ਰਿਹਾ ਹੈ। ਸੁਪਰੀਮ ਕੋਰਟ ਨੇ ਵੀ ਆਪਣੇ ਇਕ ਫੈਸਲੇ ਚ ਮੰਨਿਆ ਹੈ ਕਿ ਸਿੱਖਿਆ ਜੀਵਨ ਦੇ ਅਧਾਰ ਦਾ ਇੱਕ ਹਿੱਸਾ ਹੈ ਪਰ ਸਰਕਾਰ ਨੇ ਜੀਵਨ ਦੇ ਇਸ ਆਧਾਰ ਨੂੰ ਸੀਮਤ ਕਰਨ ਲਈ 83ਵੀ ਸੰਵਿਧਾਨਕ ਸੋਧ ਕੀਤੀ ਅਤੇ ਸਿਖਿਆ ਨੂੰ ਸਿਰਫ 6-14 ਸਾਲ ਤੱਕ ਦੇ ਬੱਚਿਆਂ ਦਾ ਮੌਲਿਕ ਅਧਿਕਾਰ ਮੰਨਿਆ। ਭਾਵ ਛੇ ਸਾਲ ਤੋਂ ਘੱਟ ਤੇ ਚੌਦਾਂ ਸਾਲ ਤੋਂ ਉੱਪਰ ਦੇ ਬੱਚਿਆਂ ਦੀ ਸਿੱਖਿਆ ਦੀ ਜਿੰਮੇਵਾਰੀ ਮਾਪਿਆਂ ਦੀ ਹੈ। ਮੌਜੂਦਾ ਨਿੱਜੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਤੇ ਕਰਮਚਾਰੀਆਂ ਸਮੇਤ ਸਮੁੱਚੇ ਸਮਾਜ ਦੀ ਲੁੱਟ ਕਰ ਕਰਦੀ ਹੈ ਅੰਗਰੇਜ਼ੀ ਹੀ ਸਿੱਖਿਆ ਦਾ ਇੱਕੋ ਇੱਕ ਮਾਧਿਅਮ ਵਜੋਂ ਠੋਸੀ ਜਾ ਰਹੀ ਹੈ। ਨਿੱਜੀ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਦੀ ਥਾਂ ਉਨ੍ਹਾਂ ਦੀ ਮਾਨਸਿਕ ਤੇ ਆਰਥਿਕ ਲੁੱਟ ਕਰਦੀਆਂ ਹਨ। ਕੌਡੀਆਂ ਦੇ ਭਾਅ ਤਨਖਾਹ ਦੇ ਕੇ ਨਿਯੁਕਤ ਅਧਿਆਪਕ ਆਪ ਹੀ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਕੇ ਵਿਦਿਆਰਥੀ ਨੂੰ ਸਿੱਖਿਆ ਕੀ ਦੇਣਗੇ? ਉਹ ਤਾਂ ਮਾਨਸਕ ਤੌਰ ਤੇ ਰੋਗੀ ਵਿਦਿਆਰਥੀ ਹੀ ਪੈਦਾ ਕਰਨਗੇ। ਸਰਕਾਰੀ ਸਕੂਲਾਂ 'ਚ ਸੈਂਕੜੇ ਹਜ਼ਾਰਾ ਅਧਿਆਪਕਾਂ ਦੀਆਂ ਅਸਾਮੀਆਂ ਖ਼ਾਲੀ ਪਈਆਂ ਹਨ। ਠੇਕੇ ਤੇ ਨਿਗੂਨੀਆ ਤਨਖਾਹਾ ਦੇ ਕੇ ਭਰਤੀ ਹੋ ਰਹੀ ਹੈ। ਅਧਿਆਪਕਾਂ ਨੂੰ ਨੌਕਰੀ ਤੋਂ ਕੱਢਣ ਦਾ ਡਰ ਸਮਾਜਕ ਅਸੁਰੱਖਿਆ ਤੇ ਸਮਾਜ 'ਚ ਤਰਸਯੋਗ ਅਪਮਾਨਜਨਕ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਮਾਨਸਕ ਤਣਾਅ ਕਰਕੇ ਸਮਾਜ ਦਾ ਕਿਹੋ ਜਿਹਾ ਨਿਰਮਾਣ ਕਰਨਗੇ? ਨਿੱਜੀ ਸਕੂਲਾਂ ਸਰਕਾਰ ਸਸਤੇ ਭਾਅ ਜ਼ਮੀਨ ਦਿੰਦੀ ਹੈ। ਫਿੱਕਾ ਹਰ ਬੰਦੇ ਦਾ ਬੁਨਿਆਦੀ ਹੱਕ ਤੇ ਸਰਕਾਰ ਦਾ ਸੰਵਿਧਾਨਕ ਫ਼ਰਜ਼ ਹੈ। ਸਰਕਾਰ ਨਿੱਜੀ ਮੈਡੀਕਲ ਕਾਲਜ/ ਯੂਨੀਵਰਸਿਟੀਆਂ ਖੋਲ੍ਹਣ ਦੀ ਇਜਾਜ਼ਤ ਦੇ ਕੇ (ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ) ਲੁੱਟ ਘਸੁੱਟ ਲਈ ਰਾਹ ਪੱਧਰਾ ਕਰਦੀ ਹੈ। ਮੈਡੀਕਲ ਕਾਲਜ ਖੋਲ੍ਹਣ ਲਈ ਰਾਜਸੀ ਤੇ ਪ੍ਰਭਾਵਸ਼ਾਲੀ ਵਿਅਕਤੀ ਮੋਟੀ ਰਿਸ਼ਵਤ ਦੇ ਕੇ ਮਾਨਤਾ ਹਾਸਲ ਕਰ ਲੈਂਦੇ ਹਨ। ਜਾਅਲੀ (ਕਿਰਾਏ ਦੇ) ਡਾਕਟਰਾਂ ਅਤੇ ਅਧਿਆਪਕਾਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਬਿਨਾਂ ਪੜ੍ਹੇ ਪੜ੍ਹਾਏ ਡਿਗਰੀਆਂ ਦੇਣ ਦੀ ਜ਼ਿੰਮੇਵਾਰੀ (ਪੈਸੇ ਲੈ ਕੇ) ਮੈਡੀਕਲ ਕਾਲਜ ਦੀ ਹੁੰਦੀ ਹੈ। ਵਿਦੇਸ਼ੀ ਪੁਸਤਕਾਂ ਵਿੱਚ ਵਿਦੇਸ਼ੀ ਬਿਮਾਰੀਆਂ ਹੀ ਪੜ੍ਹਾਈਆਂ ਜਾਂਦੀਆਂ ਹਨ। ਬਹੁਪੱਖੀ ਪ੍ਰਤਿਭਾ ਵਾਲੇ ਡਾਕਟਰਾ ਲਈ ਨੈਤਿਕ ਸਿੱਖਿਆ ਨਹੀਂ ਦਿੱਤੀ ਜਾਂਦੀ। ਨਿੱਜੀ ਪ੍ਰੈਕਟਿਸ ਕਰਕੇ ਕਮਾਈ ਕਰਨ ਦੀ ਦੌੜ ਲੱਗੀ ਹੋਈ ਹੈ। ਡਾਕਟਰਾਂ ਦੀ ਚਿੱਤਰ ਦੀ ਨਿਜੀ ਖੇਤਰ ਤੇ ਵਿਦੇਸ਼ਾਂ ਵੱਲ ਹਿਜਰਤ ਜਾਰੀ ਹੈ। ਪੂੰਜੀਪਤੀ ਡਾਕਟਰਾਂ ਨੂੰ ਵੱਡੀ ਰਕਮ ਦਾ ਲਾਲਚ ਦੇ ਕੇ ਖਰੀਦ ਲੈਂਦੇ ਹਨ। ਇਸੇ ਕਰਕੇ ਸਰਕਾਰੀ ਹਸਪਤਾਲ ਤਜਰਬੇਕਾਰ ਡਾਕਟਰਾਂ ਤੇ ਸੱਖਣੇ ਹੋ ਜਾਂਦੇ ਹਨ। ਲੋਕਾਂ ਤੋਂ ਟੈਕਸਾਂ ਰਾਹੀਂ ਉਗਰਾਹੀ ਕਰਕੇ ਉਸਾਰੇ ਜਨਤਕ ਖਿੱਤੇ ਦੇ ਮੈਡੀਕਲ ਕਾਲਜ ਤੇ ਹਸਪਤਾਲ ਮਿਆਰੀ ਇਲਾਜ ਸਹੂਲਤਾਂ ਦੇਣ ਤੋਂ ਅਸਮਰੱਥ ਹਨ। ਸਾਰੇ ਕਾਲਜਾਂ ਵਿੱਚ ਇੱਕੋ ਜਿਹਾ ਸਿਲੇਬਸ ਤੇ ਪੜ੍ਹਾਈ ਹੋਣੀ ਚਾਹੀਦੀ ਹੈ। ਸਰਕਾਰੀ ਤੇ ਨਿੱਜੀ ਇਲਾਜ ਪ੍ਰਣਾਲੀ ਦੋ ਵਿਵਸਥਾਵਾ ਨੂੰ ਇਕੱਠਿਆ ਚਲਾ ਕੇ ਡਾਕਟਰੀ ਪੇਸ਼ੇ ਤੇ ਇਲਾਜ ਪ੍ਰਣਾਲੀ ਵਿੱਚ ਗੜਬੜ ਖਤਮ ਹੋ ਹੀ ਨਹੀਂ ਸਕਦੀ। ਉੱਨੀ ਸੌ ਅੱਸੀ ਦੇ ਦਹਾਕੇ ਚ 57 ਫੀਸਦੀ ਨਿੱਜੀ ਉੱਚ ਸਿੱਖਿਆ ਦੇ ਅਦਾਰੇ ਉਨ੍ਹਾਂ ਨਿਯਮਾਂ ਦਾ ਪਾਲਨ ਕਰਨ ਲਈ ਵਚਨਬੱਧ ਸਨ ਜੋ ਸਰਕਾਰੀ ਅਦਾਰੇ ਲਈ ਸਨ। ਡੋਨੇਸ਼ਨ ਲੈਣਾ ਉਦੋਂ ਜੁਰਮ ਹੁੰਦਾ ਸੀ। 1947 ਤੋਂ ਪਹਿਲਾਂ ਡੀਏਵੀ, ਕਾਂਸ਼ੀ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜਾਮੀਆ ਮਿਲੀਆ ਅਸਲਾਮੀਆ ਯੂਨੀਵਰਸਿਟੀ ਵਰਗੀਆਂ ਅਨੇਕਾਂ ਮੁਨਾਫ਼ਾ ਰਹਿਤ ਸਮਾਜ ਸੇਵੀ ਸੰਸਥਾਵਾਂ ਸਨ। ਬਿੱਰਲਾ ਅੰਬਾਨੀ ਨੇ ਸਿੱਖਿਆ ਸਬੰਧੀ ਰਿਪੋਰਟ ਇਹੋ ਜਿਹੀ ਤਿਆਰ ਕੀਤੀ ਜਿੱਥੇ ਸਿੱਖਿਆ 'ਚ ਮੁਨਾਫਾ ਕੋਈ ਅਪਰਾਧ ਨਹੀਂ ਰਿਹਾ। ਸੁਪਰੀਮ ਕੋਰਟ ਨੇ ਵੀ ਕੇਰਲਾ ਸਬੰਧੀ ਆਪਣੇ ਇੱਕ ਫ਼ੈਸਲੇ ਵਿੱਚ ਮੈਨੇਜਮੈਂਟ ਕੋਟੇ ਦੀ ਪ੍ਰਵਾਨਗੀ ਅਤੇ ਕੈਪੀਟੇਸ਼ਨ ਫੀਸ ਤੇ ਮੋਹਰ ਲਾ ਦਿੱਤੀ ਹੁਣ ਤਾਂ ਹੋਟਲ ਮੈਨੇਜਮੈਂਟ, ਟੂਰਿਜ਼ਮ, ਫੈਸ਼ਨ ਹਾਸਪੀਟਲਟੀ, ਬਿਊਟੀ ਕੇਅਰ, ਮਾਡਲਿੰਗ, ਕੰਪਿਊਟਰ ਤੇ ਪੈਰਾਮੈਡੀਕਲ ਆਦਿ ਅਨੇਕਾਂ ਮੁਨਾਫੇ ਵਾਲੇ ਖੇਤਰ ਤੇ ਕੋਰਸ ਖੁੱਲ੍ਹ ਗਏ ਹਨ। ਉਦਯੋਗ ਤੇ ਖੇਤੀ ਕਿੱਤੇ ਪਿਛੜ ਗਏ ਹਨ। ਸੰਤਾਲੀ ਤੋਂ ਪਿੱਛੋਂ ਯੂਜੀਸੀ ਐੱਮਸੀਆਈ ਅਤੇ ਕੁਲਹਿੰਦ ਤਕਨੀਕੀ ਸਿੱਖਿਆ ਪ੍ਰੀਸ਼ਦ (ਆਈ ਸੀ ਟੀ ਈ) ਵਰਗੀਆਂ ਸੰਸਥਾਵਾਂ ਸਿੱਖਿਆ ਅਤੇ ਨਿਯਮਤ ਕੰਟਰੋਲ ਲਈ ਬਣੀਆਂ ਸਨ ਜੋ ਆਪ ਹੀ ਹੁਣ ਭ੍ਰਿਸ਼ਟਾਚਾਰ ਵਿੱਚ ਡੁੱਬ ਕੇ ਨਿੱਜੀਕਰਨ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। 28 ਸਤੰਬਰ 2002 ਨੂੰ ਯੂਜੀਸੀ ਦੀ ਗੋਲਡਨ ਜੁਬਲੀ ਮੌਕੇ ਪ੍ਰਧਾਨ ਮੰਤਰੀ ਵਾਜਪਾਈ ਨੇ ਉੱਚ ਸਿੱਖਿਆ ਦੇ ਵਪਾਰੀਕਰਨ ਦੀ ਸਿਫਾਰਸ਼ ਕਰਦਿਆਂ ਯੂਜੀਸੀ ਦਾ ਨਾਂ ਬਦਲਣ ਦਾ ਸੁਝਾਅ ਦਿੱਤਾ ਕਿਉਂਕਿ ਹੁਣ ਯੂ ਜੀ ਸੀ ਵੀ ਵਪਾਰੀਕਰਨ ਨੂੰ ਰੋਕ ਨਹੀਂ ਰਹੀ। ਯਾਨੀ ਗ੍ਰਾਂਟ ਸ਼ਬਦ ਦੀ ਥਾਂ ਸਿੱਖਿਆ ਵਿਕਾਸ ਜਾਂ ਪ੍ਰਬੰਧ ਸ਼ਬਦ ਰੱਖ ਲਓ। "ਯੂਨੀਵਰਸਿਟੀ ਵਿਕਾਸ ਕਮਿਸ਼ਨ" ਜਾਂ "ਪ੍ਰਬੰਧਕੀ ਕਮਿਸ਼ਨ" ਇਸ ਦਾ ਨਾ ਹੋਣਾ ਚਾਹੀਦਾ ਹੈ। ਯੂ ਜੀ ਸੀ ਨੇ ਗਰਾਂਟ ਖਤਮ ਕਰ ਕੇ ਸਵੈ ਪੋਸ਼ਿਤ ਸਿਲੇਬਸ ਸ਼ੁਰੂ ਕਰਵਾ ਦਿੱਤੇ ਹਨ। ਸਰਕਾਰੀ ਤੇ ਨਿੱਜੀ ਯੂਨੀਵਰਸਿਟੀਆਂ ਚ ਫ਼ਰਕ ਖ਼ਤਮ ਕਰਨ ਦੇ ਰਾਹ ਤੁਰੀ ਹੈ ਯੂ ਜੀ ਸੀ। 14-15 ਸਾਲਾਂ ਵਿੱਚ ਯੂਜੀਸੀ ਨੇ ਉਦਯੋਗ ਤੇ ਯੂਨੀਵਰਸਿਟੀਆਂ ਵਿਚਕਾਰ ਤਾਲਮੇਲ ਲਈ ਕਈ ਯੂਨੀਵਰਸਿਟੀਆਂ ਨੇ ਕਈ ਯੂਨੀਵਰਸਿਟੀਆਂ ਵਿੱਚ "ਯੂਨੀਵਰਸਿਟੀ ਇੰਡਸਟਰੀ ਸੈੱਲ ਜਥੇਬੰਦ ਕਰ ਲਏ ਹਨ। ਯੂਜੀਸੀ ਅੱਜ ਦੁਨੀਆਂ ਭਰ ਚ ਸਿੱਖਿਆ ਦੀ ਮਾਰਕੀਟਿੰਗ ਕਰ ਰਹੀ ਹੈ। ਵਿਦੇਸ਼ਾਂ ਚੋਂ ਉੱਚ ਸਿੱਖਿਆ ਨਿਵੇਸ਼ਕਾ (ਵਪਾਰੀਆਂ) ਨੂੰ ਸੱਦਾ ਦੇ ਰਹੀ ਹੈ। ਕਿਉਂਕਿ ਪੂੰਜੀਵਾਦੀਆਂ ਦੇ ਨਾਲ ਨਾਲ ਖਪਤਕਾਰੀ ਜਮਾਤ ਦਾ ਵੀ ਵਿਕਾਸ ਹੋਇਆ ਹੈ, ਮਿਸਾਲ ਵਜੋਂ ਮਹਾਰਾਸ਼ਟਰ ਦੀ ਕੁੱਲ ਅਬਾਦੀ 32 ਫੀ ਸਦੀ ਪਰ ਵਪਾਰਕ ਸੰਸਥਾਵਾਂ 60 ਫੀ ਸਦੀ ਹਨ। ਭਾਰੀ ਮੁਨਾਫੇ ਵਾਲੇ ਰੁਜ਼ਗਾਰ ਮੁਖੀ ਸਲੇਬਸਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸੰਨ 2000 ਵਿੱਚ ਭਾਰਤ ਚ 1200 ਤੋਂ ਉੱਪਰ ਨਿੱਜੀ ਇੰਜਨੀਅਰਿੰਗ ਤੇ 720 ਮੈਨੇਜਮੈਂਟ ਕਾਲਜ ਸਨ। ਇਸ ਤਰ੍ਹਾਂ ਚਾਰ ਵੱਡੇ ਖੇਤਰ ਕੰਪਿਊਟਰ ਇਲੈਕਟ੍ਰੋਨਿਕਸ ਸੂਚਨਾ ਤਕਨਾਲੋਜੀ ਅਤੇ ਕਮਿਊਨਟੀ ਕੇਸ ਵਿਕਸਿਤ ਹੋ ਰਹੇ ਹਨ। ਭਾਰਤ ਚ ਸਿੱਖਿਆ ਦੇ ਵਪਾਰੀਕਰਨ ਕਰਕੇ ਪਿਛਲੇ ਪੰਜ ਸਾਲਾਂ ਵਿੱਚ ਪ੍ਰਿੰਟ ਮੀਡੀਆ ਚ ਇਸ਼ਤਿਹਾਰਬਾਜ਼ੀ, ਤਿੰਨ ਸਭ ਤੋਂ ਵੱਡੇ ਖੇਤਰਾਂ 'ਚੋਂ ਪਹਿਲੇ ਨੰਬਰ ਤੇ ਆ ਗਿਆ ਹੈ। ਵਪਾਰਕ ਸਿਲੇਬਸਾਂ ਦੇ ਭਰਮਾਊ ਇਸ਼ਤਿਹਾਰਾ ਨਾਲ ਭਰੇ ਹਫ਼ਤਾਵਾਰੀ ਅਖ਼ਬਾਰੀ ਅੰਕ ਨਿਕਲ ਰਹੇ ਹਨ।

**ਡੀਮਡ ਯੂਨੀਵਰਸਿਟੀਆਂ ਦਾ ਵਰਤਾਰਾ:-** ਉੱਤਰ ਪ੍ਰਦੇਸ਼ ਦੇ ਵਿਧਾਇਕਾਂ ਨੇ 2009 ਦੇ ਕਾਨੂੰਨ-14 ਤਹਿਤ ਸੂਬਾਈ ਨਿੱਜੀ ਯੂਨੀਵਰਸਿਟੀਆਂ ਦੀ ਮਾਨਤਾ ਹਾਸਲ ਕਰ ਲਈ ਸੀ ਲਵਲੀ ਯੂਨੀਵਰਸਿਟੀ ਦਾ ਹਾਲ ਇਸ ਤੋਂ ਵੀ ਬੁਰਾ ਹੈ। ਆਪ ਹੀ ਇਸ਼ਤਿਹਾਰ ਦੇ ਕੇ ਇਹ ਖ਼ੁਦ ਨੂੰ ਭਾਰਤ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੋਣ ਦਾ ਐਲਾਨ ਕਰਦੀ ਹੈ। ਇਸ ਦਾ ਕੈਂਪਸ 600 ਏਕੜ ਵਿੱਚ ਬਣਿਆ ਹੋਇਆ ਹੈ। 2005 ਵਿੱਚ ਸੁਪਰੀਮ ਕੋਰਟ ਨੇ 97 ਨਿੱਜੀ ਯੂਨੀਵਰਸਿਟੀਆਂ ਨੂੰ ਬੰਦ ਕਰਨ ਦਾ ਫ਼ੈਸਲਾ ਦਿੱਤਾ। ਲਵਲੀ ਯੂਨੀਵਰਸਿਟੀ ਇਹਨਾਂ ਵਿਚ ਸ਼ਾਮਲ ਸੀ। ਛਤੀਸਗੜ੍ਹ (2002) ਨਿੱਜੀ ਯੂਨੀਵਰਸਿਟੀ ਕਾਨੂੰਨ ਤਹਿਤ 112 ਯੂਨੀਵਰਸਿਟੀਆਂ ਵਿੱਚੋਂ 77 ਦੀ ਹੋਣ ਸਿਰਫ਼ ਕਾਗਜ਼ਾ ਵਿੱਚ ਹੈ। ਲਵਲੀ ਯੂਨੀਵਰਸਿਟੀ ਸਤੀਸ਼ਗੜ੍ਹ ਤੋਂ ਭੱਜ ਕੇ ਫਗਵਾੜੇ ਆ ਗਈ ਹੈ। ਪੰਜਾਬ ਸਰਕਾਰ ਨੇ ਇਸ ਨੂੰ ਮਾਨਤਾ ਦੇ ਦਿੱਤੀ ਹੈ।

**ਸਿੱਖਿਆ ਦੀ ਗੁਣਵੰਤਾ:-** 20 ਚੋਂ 19 ਸਾਫਟਵੇਅਰ ਇੰਜੀਨੀਅਰ ਤੇ 7 ਚੋਂ 6 ਪੀਜੀ ਵਿਦਿਆਰਥੀ ਨੌਕਰੀ ਦੇ ਲਾਇਕ ਨਹੀਂ ਹਨ। ਡੀਮੰਡ ਯੂਨੀਵਰਸਿਟੀਆਂ ਦਾ ਦਿਸ਼ਾ ਨਿਰਦੇਸ਼ 2000 ਵਿੱਚ ਮੁਰਲੀ ਮਨੋਹਰ ਜੋਸ਼ੀ (ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰੀ) ਨੇ ਦਿੱਤਾ। ਅੱਜ ਦੇਸ਼ ਵਿੱਚ 357 ਯੂਨੀਵਰਸਿਟੀਆਂ ਚੋਂ ਇੱਕ ਤਿਹਾਈ ਤੋਂ ਵੱਧ ਡੀਮਡ ਯੂਨੀਵਰਸਿਟੀਆਂ ਹਨ। 1958 ਤੋਂ 1995 ਤੱਕ 36 ਡੀਮਡ ਯੂਨੀਵਰਸਿਟੀਆਂ ਹੀ ਸਨ। ਹੁਣ ਦੀਆਂ ਸਾਰੀਆਂ ਹੀ ਡੀਮਡ ਯੂਨੀਵਰਸਿਟੀਆਂ ਮੁਨਾਫਾਖੋਰੀ ਦਾ ਅੱਡਾ ਬਣ ਗਈਆਂ ਹਨ। ਪਹਿਲਾਂ ਤਾਂ ਜਿਪਮਰ ਵਰਗੀਆਂ ਯੂਨੀਵਰਸਿਟੀਆਂ ਸਨਮਾਨਜਨਕ ਸਨ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਬੋਗਸ ਫੈਕਲਟੀ ਹੈ,ਠੇਕੇ ਤੇ ਅਧਿਆਪਕਾਂ ਦੀ ਭਰਤੀ ਹੈ, ਸਹੂਲਤਾਂ ਨਾਂਹ ਦੇ ਬਰਾਬਰ ਹਨ। 1956 ਦੇ ਨਿਯਮ ਮੁਤਾਬਕ ਦਸ ਸਾਲ ਪੁਰਾਣੀ ਯੂਨੀਵਰਸਿਟੀ ਹੀ ਡੀਮਡ ਯੂਨੀਵਰਸਿਟੀ ਹੋ ਸਕਦੀ ਸੀ ਹੁਣ ਡੀਮਡ ਯੂਨੀਵਰਸਿਟੀ ਆਪਣੀਆਂ ਬ੍ਰਾਂਚਾਂ ਖੋਲ੍ਹ ਕੇ ਡਿਗਰੀਆਂ ਦੇ ਰਹੀਆਂ ਹਨ। (ਡੀ ਨੋਵੋ) ਡੀਮਡ ਯੂਨੀਵਰਸਿਟੀਆਂ 'ਚ ਇੱਟਾਂ ਦੇ ਭੱਠੇ ਮਾਲਕਾਂ, ਠੇਕੇਦਾਰਾਂ, ਬਿਲਡਰਾਂ, ਹਲਵਾਈਆਂ ਅਤੇ ਪ੍ਰਾਪਰਟੀ ਡੀਲਰਾ ਤੋਂ ਇਲਾਵਾ ਰਾਜਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋ ਗਏ ਹਨ। 1995 ਤੋਂ 2008 ਤਕ 400 ਨੇ ਡੀਮਡ ਯੂਨੀਵਰਸਿਟੀਆਂ ਲਈ ਅਪਲਾਈ ਕੀਤਾ ਸੀ ਯਸ਼ਪਾਲ ਵਰਗੇ ਸਿੱਖਿਆ ਮਾਹਰਾ ਨੂੰ ਇਨ੍ਹਾਂ ਤੇ ਰੋਕ ਲਾਉਂਦੀ ਦੀ ਸਿਫਾਰਸ਼ ਕਰਨੀ ਪਈ ਹੈ।

**ਵਿਦੇਸ਼ੀ ਯੂਨੀਵਰਸਿਟੀਆਂ:** ਅੱਜਕਲ (2013 ਵਿੱਚ) 150 ਵਿਦੇਸ਼ੀ ਯੂਨੀਵਰਸਿਟੀਆਂ ਹਨ (ਯੂ ਕੇ ਦੀਆਂ-50, ਯੂਐਸਏ ਦੀਆਂ, 30 ਤੇ ਆਸਟਰੇਲੀਆ ਦੀਆਂ-45) ਇਨ੍ਹਾਂ 'ਚ 150 ਸਿਲੇਬਸ ਚੱਲਦੇ ਹਨ। 15000 ਵਿਦਿਆਰਥੀ ਹਨ। ਇਨ੍ਹਾਂ ਵਿੱਚ ਜਾਰੀ ਸਿਲੇਬਸਾ ਨੂੰ ਦੇਸ਼ 'ਚ ਮਾਨਤਾ ਨਹੀਂ ਹੈ। ਵਿਦੇਸ਼ੀ ਯੂਨੀਵਰਸਿਟੀਆਂ ਪਿੱਛੇ ਦਲੀਲ ਇਹ ਸੀ ਕਿ ਇਹ ਵਿਦੇਸ਼ੀ ਨਿਵੇਸ਼ ਕਰਨਗੀਆ। "ਟਿਨਿੰਗ ਪ੍ਰੋਗਰਾਮ" ਤਹਿਤ ਅੱਧੀ ਪੜ੍ਹਾਈ ਭਾਰਤ 'ਚ ਅਤੇ ਅੱਧੀ ਪੜ੍ਹਾਈ ਵਿਦੇਸ਼ਾਂ ਵਿੱਚ ਹੁੰਦੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਇੱਥੋਂ ਦੀਆਂ ਮੁਨਾਫ਼ਾਖ਼ੋਰ ਡੀਮਡ 'ਵਰਸਿਟੀਆਂ ਦਾ ਕੈਂਪਸ ਹੀ ਵਰਤ ਲੈਂਦੀਆਂ ਹਨ। ਹੁਣ ਦੀ ਕੋਈ ਕੰਟਰੋਲ ਨਹੀਂ ਕੋਈ ਗੁਣਵੰਤਾ ਨਹੀਂ। ਵਿਦੇਸ਼ੀ ਡਿਗਰੀਆਂ ਦੇ ਨਾਂ ਹੇਠ ਕੂੜਾ ਕਰਕਟ ਵੇਚ ਰਹੀਆਂ ਹਨ। ਜੇ ਘਾਟਾ ਪੈਂਦਾ ਦਿਸੇ ਤਾਂ ਇਹ ਯੂਨੀਵਰਸਿਟੀਆਂ ਭੱਜ ਜਾਂਦੀਆਂ ਹਨ। ਸਿੱਖਿਆ ਤੇ ਬਜਟ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦਾ ਸਿਰਫ਼ 0.3 ਫੀਸਦੀ ਹੈ ਜਦਕਿ ਨੌਕਰਸ਼ਾਹੀ ਦੇ ਘਰ ਖਰਚ 10 ਫੀਸਦੀ ਹੈ। ਬਾਕੀ ਦੇਸ਼ ਖਾਸ ਕਰਕੇ ਬ੍ਰਿਟੇਨ ਸਿੱਖਿਆ ਤੇ ਜੀਡੀਪੀ ਦਾ 5.6 ਫੀਸਦੀ ਖਰਚ ਕਰਦਾ ਹੈ। ਉੱਥੇ 46 ਫੀਸਦੀ ਨੂੰ ਉੱਚ ਸਿੱਖਿਆ ਸਰਕਾਰ ਦਿੰਦੀ ਹੈ

ਪਰ ਸਾਡੇ ਇੱਥੇ ਸਿਰਫ ਸੱਤ ਫੀਸਦੀ। ਉਲਟਾ ਸਰਕਾਰ ਨਿੱਜੀ ਸੰਸਥਾਵਾਂ ਲਈ ਜ਼ਮੀਨ ਲੋਨ ਬਿਜਲੀ ਪਾਣੀ ਸਬਸਿਡੀ ਦਿੰਦੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਧਰਮ ਦੇ ਨਾਂ ਤੇ ਸਿੱਖਿਆ ਸੰਸਥਾਵਾਂ ਚਲਾ ਕੇ ਟੈਕਸ ਛੋਟ ਲੈਂਦੀਆਂ ਹਨ। ਅਮਰੀਕਾ ਦੀ ਸੰਸਥਾ ਸੈਲਵਨ ਇੰਸਟੀਚਿਊਟ ਕਾਰਨੇਗੀ ਮੇਲਨ ਯੂਨੀਵਰਸਿਟੀ ਤੇ ਏਲੀਅਨ ਯੂਨੀਵਰਸਿਟੀਆਂ ਇਹੋ ਕੰਮ ਕਰਦਿਆਂ ਹਨ।ਗੈਟਸ ਸਮਝੌਤੇ ਅਨੁਸਾਰ ਵਿਦੇਸ਼ੀ ਅਦਾਰੇ ਵੀ ਟੈਕਸ ਛੋਟ ਲੈਣਗੇ। ਬਿਰਲਾ-ਅੰਬਾਨੀ ਰਿਪੋਰਟ ਲਾਗੂ ਕਰਦਿਆਂ ਸਰਕਾਰ ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਛੋਟ ਦਿੱਤੀ ਹੈ ਕਿ ਉਹ ਦੇਸ਼ ਦਾ ਕੋਈ ਵੀ ਕਾਨੂੰਨ ਮੰਨਣ ਲਈ ਵਚਨਬੱਧ ਨਹੀਂ ਹੋਣਗੀਆਂ। ਉਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ ਹੋਵੇਗੀ। ਫਿਨਿਕਸ ਯੂਨੀਵਰਸਿਟੀ ਦੁਨੀਆ ਭਾਰਤ ਚ ਵਪਾਰਕ ਅਦਾਰੇ ਵਾਂਗ ਸਿੱਖਿਆ ਦਿੰਦੀ ਹੈ। ਇਹ ਨਿਊਯਾਰਕ ਦੇ ਸ਼ੇਅਰ ਬਾਜ਼ਾਰ 'ਚ ਸੂਚੀਬੱਧ ਹੈ। ਸੱਟੇਬਾਜ਼ੀ ਕਰਦੀ ਹੈ। ਗਲੋਬਲ ਅਲਾਇੰਸ ਦੇ ਟਰਾਂਸ ਨੈਸ਼ਨਲ ਐਜੂਕੇਸ਼ਨ ਨੀਟ ਤੇ ਮਾਈਕ੍ਰੋਸਾਫਟ ਨੇ ਵੀ ਕੰਪਿਊਟਰ ਸਿੱਖਿਆ ਦੇ ਖੇਤਰ ਤੇ ਜਾਲ ਫੈਲਾ ਰੱਖਿਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਤਾਂ ਪੂੰਜੀ ਵਿਸਥਾਰ ਚ ਆਪਣਾ ਸੰਕਟ ਹੱਲ ਕਰਨ ਆਈਆਂ ਹਨ। 1986 ਦੀ ਸਿੱਖਿਆ ਨੀਤੀ ਨੇ ਜ਼ਹਿਰੀਲਾ ਬੀਜ ਬੀਜਿਆ ਹੈ ਜੋ ਹੁਣ ਤੱਕ ਦਰੱਖਤ ਬਣ ਗਿਆ ਹੈ। ਉਦੋਂ ਯੂਨੇਸਕੋ, ਯੂਨੀਸੈਫ ਤੇ ਹੋਰਨਾਂ ਦੀ ਛਤਰ ਛਾਇਆ 'ਚ ਜੋ ਕੌਮਾਂਤਰੀ ਸਿੱਖਿਆ ਸੰਮੇਲਨ ਹੋਇਆ (ਥਾਈਲੈਂਡ ਦੇ ਮਿਤਿਅਨ ਸ਼ਹਿਰ ਵਿੱਚ) ਤਾਂ ਕਿਹਾ ਗਿਆ ਕਿ ਸਾਰੇ ਸ਼ਾਮਲ ਦੇਸ਼ ਸਭ ਲਈ ਮੁੱਢਲੀ ਸਿੱਖਿਆ ਤੋਂ ਆਪਣਾ ਧਿਆਨ ਹਟਾ ਲੈਣ। ਉੱਚ ਸਿੱਖਿਆ ਦੀ ਅਣਦੇਖੀ ਹੋਣ ਲੱਗੀ। 1991 ਦੀ ਨਵੀਂ ਆਰਥਿਕ ਨੀਤੀ ਅੱਠਵੀਂ ਪੰਜ ਸਾਲਾ ਯੋਜਨਾ (1992-97) ਵਿੱਚ ਕਿਹਾ ਗਿਆ ਕਿ "ਹੁਣ ਨਵੇਂ ਰਵਾਇਤੀ ਕਾਲਜਾਂ/ ਯੂਨੀਵਰਸਿਟੀਆਂ ਨੂੰ ਹੱਲਾਸ਼ੇਰੀ ਦੇਣੀ ਗ਼ਲਤ ਹੈ। ਇਸ ਦੀ ਥਾਂ ਨਿੱਜੀ ਪੂੰਜੀ ਸਿਖਿਆ ਖੇਤਰ 'ਚ ਲਾਉਣ ਨੂੰ ਹੱਲਾਸ਼ੇਰੀ ਦਿਓ।" ਡਾਕਟਰ ਸਵਾਮੀਨਾਥਨ ਕਮੇਟੀ (1993-94) ਸਰਕਾਰੀ ਧਨ ਦੇਣ ਦੀ ਸਿਫਾਰਸ਼ ਸਰਕਾਰ ਨੇ ਰੱਦ ਕਰ ਦਿੱਤੀ। ਉਲਟਾ ਫੀਸਾਂ ਵਿੱਚ ਵਾਧਾ, ਕੰਸਲਟੈਂਸੀ ਪੂੰਜੀਪਤੀਆਂ ਤੋਂ ਧਨ ਲੈਣਾ, ਸਵੈਪੋਸ਼ਿਤ ਸਿਲੇਬਸ ਸਟੱਡੀ ਲੋਨ ਆਦਿ ਨਰਸਿੰਮਾ ਰਾਓ ਮਨਮੋਹਨ ਸਿੰਘ ਸਰਕਾਰ ਦੀਆਂ ਨੀਤੀਆਂ ਲਾਗੂ ਕੀਤੀਆਂ। 1984 ਵਿੱਚ ਸਰਕਾਰ ਨੇ ਸਿੱਖਿਆ ਤੋਂ ਹੱਥ ਪਰਾ ਕੀਤੇ ਅਤੇ ਕਿਹਾ "ਸਰਕਾਰ ਕੋਈ ਧਰਮਸ਼ਾਲਾ ਨਹੀਂ ਹੈ।" 1995 ਵਿੱਚ ਨਿੱਜੀ ਯੂਨੀਵਰਸਿਟੀ ਕਨੂੰਨ ਪਾਸ ਕੀਤਾ। 1997 ਵਿੱਚ ਦਰਮਿਆਨੀ ਤੇ ਉੱਚ ਸਿੱਖਿਆ ਨੂੰ ਨਾਨ ਮੈਰਿਟ ਵਿੱਚ ਪਾ ਕੇ ਸਰਕਾਰੀ ਸਹਾਇਤਾ ਚ ਕਟੌਤੀ ਕਰ ਦਿੱਤੀ। 2002 ਚ ਸਰਕਾਰੀ ਸਹਾਇਤਾ ਉੱਚ ਸਿੱਖਿਆ ਲਈ ਬੰਦ ਕਰਨ ਦੀ ਵਕਾਲਤ ਕੀਤੀ। ਬਿੱਲਾ ਅੰਬਾਨੀ ਰਿਪੋਰਟ ਨੇ ਉੱਚ ਸਿੱਖਿਆ ਨਿੱਜੀ ਸਰਮਾਏਦਾਰਾਂ ਨੂੰ ਦੇਣ ਦੀ ਸਿਫ਼ਾਰਸ਼ ਕਰ ਦਿੱਤੀ। 2004 ਚ ਸੁਪਰੀਮ ਕੋਰਟ ਨੇ ਸਰਕਾਰੀ ਤੇ ਮੈਨਜਮੈਂਟ ਕੋਟੇ ਦੀ ਫੀਸ ਬਰਾਬਰ ਕਰ ਦਿੱਤੀ। ਵਧੀ ਫੀਸ ਨਾ ਦੇਣ ਜਾਕੇ ਇੱਕ ਵਿਦਿਆਰਥੀ ਰਜਨੀ ਨੇ ਖੁਦਕੁਸ਼ੀ ਕਰ ਲਈ। 2005 ਵਿੱਚ ਫਿਰ ਸੁਪਰੀਮ ਕੋਰਟ ਨੇ ਕਿਹਾ "ਜਿੰਨਾ ਘੱਟ ਗਿਣਤੀ ਜਾਂ ਪ੍ਰਾਈਵੇਟ ਸੰਸਥਾਵਾਂ ਨੂੰ ਸਰਕਾਰੀ ਖੇਤਰ ਤੋਂ ਸਹਾਇਤਾ ਨਹੀਂ ਮਿਲਦੀ ਉੱਥੇ ਸਰਕਾਰੀ ਕੋਟਾ ਖ਼ਤਮ। ਫੀਸ ਮਨਮੱਤੀ ਤਹਿ ਹੋ ਸਕਦੀ ਹੈ।"ਪ੍ਰਵਾਸੀ ਭਾਰਤੀਆਂ ਨੂੰ ਪੰਦਰਾਂ ਫ਼ੀਸਦੀ ਸੀਟਾਂ ਦੇ ਦਿੱਤੀਆਂ। ਅਦਾਲਤਾਂ ਦੇ ਫ਼ੈਸਲੇ ਵੀ ਵਪਾਰੀਕਰਨ ਦੇ ਪੱਖ ਵਿੱਚ ਹਨ। ਸਾਡੇ ਦੇਸ਼ ਵਿੱਚ 290 ਯੂਨੀਵਰਸਿਟੀਆਂ, 13150 ਕਾਲਜ, 14.27 ਲੱਖ ਅਧਿਆਪਕ ਤੇ 86 ਲੱਖ ਵਿਦਿਆਰਥੀ ਹਨ। ਇਸ ਤਰ੍ਹਾਂ 2300 ਹੋਰਨਾਂ ਯੂਨੀਵਰਸਿਟੀਆਂ ਦੀ ਅਜੇ ਲੋੜ ਪਈ ਹੈ।



### ਕਾਪਰਨਿਕਸ, ਬਰੂਨੋ, ਗੈਲੀਲਿਓ ਤੇ ਡਾਰਵਿਨ ਨੂੰ ਯਾਦ ਕਰਦਿਆਂ

# ਵਿਗਿਆਨ ਦੀ ਜੁਝਾਰੂ ਵਿਰਾਸਤ ਤੇ ਸਾਡੇ ਸਮੇਂ ਦੀਆਂ ਚੁਣੌਤੀਆਂ

ਗੁਰਪ੍ਰੀਤ



ਮੁੱਢ ਤੋਂ ਹੀ ਮਨੁੱਖ ਦੀ ਆਪਣੇ ਆਲ਼ੇ-ਦੁਆਲ਼ੇ ਦੇ ਕੁਦਰਤੀ ਪਸਾਰੇ ਤੇ ਘਟਨਾਵਾਂ ਵਿੱਚ ਦਿਲਚਸਪੀ ਰਹੀ ਹੈ। ਮਨੁੱਖ ਧਰਤੀ ਉੱਪਰ ਕਿਵੇਂ ਆਇਆ, ਮੀਂਹ ਕਿਉਂ ਪੈਂਦਾ ਹੈ, ਦਿਨ-ਰਾਤ ਕਿਉਂ ਹੁੰਦਾ ਹੈ, ਸੂਰਜ, ਚੰਦ ਤੇ ਤਾਰੇ ਕੀ ਹਨ ਆਦਿ ਜਿਹੇ ਲੱਖਾਂ ਸਵਾਲਾਂ ਨੇ ਹਮੇਸ਼ਾ ਹੀ ਉਸਦੀ ਸੋਚਣੀ ਨੂੰ ਪ੍ਰੇਸ਼ਾਨ ਕੀਤਾ ਹੈ। ਇਸੇ ਜਗਿਆਸਾ ਨੇ ਇੱਕ ਪਾਸੇ ਬਹੁਤ ਸਾਰੇ ਅੰਧ-ਵਿਸ਼ਵਾਸਾਂ, ਦੇਵੀ-ਦੇਵਤਿਆਂ ਤੇ ਮਿੱਥਾਂ ਨੂੰ ਜਨਮ ਦਿੱਤਾ ਦੂਜੇ ਪਾਸੇ ਮਨੁੱਖ ਨੇ ਕੁਦਰਤ ਦੇ ਰੌਂਸ ਜਾਣਦਿਆਂ ਵਿਗਿਆਨ ਨੂੰ ਵੀ ਜਨਮ ਦਿੱਤਾ। ਜਦੋਂ ਸਮਾਜ ਵਿੱਚ ਨਿੱਜੀ ਜਾਇਦਾਦ ਹੋਂਦ ਵਿੱਚ ਆਈ ਤੇ ਸਮਾਜ ਜਮਾਤਾਂ ਵਿੱਚ ਵੰਡਿਆ ਗਿਆ ਤਾਂ ਧਰਮ, ਅੰਧ-ਵਿਸ਼ਵਾਸ ਤੇ ਅਗਿਆਨਤਾ ਹਾਕਮ ਜਮਾਤਾਂ ਦੀ ਸੇਵਾ ਕਰਨ ਲੱਗੇ। ਇਸ ਲਈ ਅੰਧ-ਵਿਸ਼ਵਾਸ, ਵਿਚਾਰਵਾਦੀ ਫਲਸਫਿਆਂ ਤੇ ਧਾਰਮਿਕ ਮਾਨਤਾਵਾਂ ਨੂੰ ਸੱਤਾ ਦਾ ਥਾਪੜਾ ਰਿਹਾ ਹੈ। ਇਸਦੇ ਉਲਟ ਪਦਾਰਥਵਾਦੀ ਫਲਸਫਿਆਂ ਤੇ ਵਿਗਿਆਨ ਨੂੰ ਨਵੇਂ ਵਿਚਾਰਾਂ ਲਈ ਨਾ ਸਿਰਫ ਅੰਧ-ਵਿਸ਼ਵਾਸਾਂ ਤੇ ਪੁਰਾਣੀਆਂ ਮਾਨਤਾਵਾਂ ਨਾਲ਼ ਟੱਕਰ ਲੈਣੀ ਪਈ ਸਗੋਂ ਆਪਣੇ ਵੇਲ਼ੇ ਦੀਆਂ ਧਾਰਮਿਕ ਤੇ ਰਾਜਸੀ ਸੱਤਾ ਦੀ ਦੁਸ਼ਮਣੀ ਦਾ ਵੀ ਸਾਹਮਣਾ ਕਰਨਾ ਪਿਆ ਹੈ। ਅਸਲ ਵਿੱਚ ਵਿਗਿਆਨ ਨੂੰ ਆਪਣੀ ਹੋਂਦ ਦਾ ਹੱਕ ਹਾਸਲ ਕਰਨ ਲਈ ਸੰਘਰਸ਼ ਕਰਨਾ ਪਿਆ। ਪਰ ਹਮੇਸ਼ਾ ਹੀ ਅਜਿਹੇ ਦਾਰਸ਼ਨਿਕ, ਵਿਗਿਆਨੀ ਰਹੇ ਹਨ ਜਿਹਨਾਂ ਵਿਗਿਆਨ ਦਾ ਦੀਵਾ ਬਾਲੀ ਰੱਖਿਆ ਤੇ ਮਨੁੱਖੀ ਦਿਮਾਗ ਅੰਦਰਲੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਤੇ ਕੁਦਰਤ ਤੇ ਸਮਾਜ ਦੇ ਭੇਤਾਂ ਨੂੰ ਸਮਝਣ ਵਿੱਚ ਮਦਦ ਕੀਤੀ ਹੈ। ਫਰਵਰੀ ਮਹੀਨੇ ਨੂੰ ਅਜਿਹੇ ਹੀ ਚਾਰ ਵਿਗਿਆਨੀਆਂ ਲਈ ਜਾਣਿਆ ਜਾਂਦਾ ਹੈ।

19 ਫਰਵਰੀ 1473 ਨੂੰ ਪੋਲੈਂਡ ਵਿੱਚ ਖਗੋਲ ਵਿਗਿਆਨੀ ਨਿਕੋਲਸ ਕਾਪਰਨਿਕਸ ਦਾ ਜਨਮ ਹੋਇਆ। ਇਹ ਦੌਰ ਮੱਧਯੁੱਗ ਦਾ ਉਹ ਦੌਰ ਸੀ ਜਿੱਥੇ ਧਰਮ ਦਾ ਬੋਲਬਾਲਾ ਸੀ। ਜਗੀਰੂ ਰਾਜੇ ਨੂੰ ਲੋਕਾਂ ਉੱਪਰ ਰਾਜ ਕਰਨ ਦੀ ਮਾਨਤਾ ਧਰਮ ਤੋਂ ਮਿਲ਼ਦੀ ਸੀ ਤਾਂ ਧਰਮ ਵੀ ਸੱਤਾ ਦੇ ਅੰਗ ਵਜੋਂ ਵਿਚਰਦਾ ਸੀ। ਉਸ ਵੇਲ਼ੇ ਦੀ ਧਾਰਮਿਕ ਮਾਨਤਾ ਇਹ ਸੀ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਤੇ ਸੂਰਜ ਇਸ ਦੁਆਲੇ ਘੁੰਮਦਾ ਹੈ। ਕਾਪਰਨਿਕਸ ਨੇ ਤਾਰਿਆਂ, ਗ੍ਰਹਿਆਂ, ਸੂਰਜ ਵਿੱਚ ਰੁਚੀ ਲੈਣੀ ਸ਼ੁਰੂ ਕੀਤੀ ਤੇ ਆਪਣੇ ਬਹੁਤ ਸਾਰੇ ਤਜਰਬਿਆਂ ਦੇ ਅਧਾਰ 'ਤੇ 1514 ਤੱਕ ਉਸਨੂੰ ਇਸ ਗੱਲ ਦਾ ਯਕੀਨ ਹੋ ਗਿਆ ਕਿ ਸੂਰਜ ਧਰਤੀ ਦੁਆਲੇ ਨਹੀਂ ਸਗੋਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਉਸਨੇ ਧਰਤੀ ਦੇ ਸੂਰਜ ਦੁਆਲੇ ਪਰਿਕਰਮਾ ਦੇ ਰਾਹ ਦੀ ਵੀ ਵਿਆਖਿਆ ਕੀਤੀ। ਉਸਨੇ ਉਸ ਵੇਲੇ ਤੱਕ ਜਾਣੇ ਜਾਂਦੇ ਹੋਰ ਗ੍ਰਹਿਆਂ ਦੀ ਸਥਿਤੀ ਤੇ ਪਰਿਕਰਮਾ, ਅਤੇ ਮੌਸਮਾਂ ਦੇ ਬਣਨ ਦੀ ਵਿਆਖਿਆ ਕੀਤੀ। 21 ਮਈ 1543 ਨੂੰ ਉਸਦੀ ਮੌਤ ਹੋ ਗਈ ਪਰ ਉਸਦੀਆਂ ਲਿਖਤਾਂ ਨੇ ਤਰਥੱਲੀ ਮਚਾ ਦਿੱਤੀ। ਧਾਰਮਿਕ ਆਗੂਆਂ ਨੇ ਇਸ ਉੱਪਰ ਪਾਬੰਦੀ ਦਾ ਐਲਾਨ ਕਰ ਦਿੱਤਾ।

ਕਾਪਰਨਿਕਸ ਦੀਆਂ ਕਿਤਾਬਾਂ ਧੂੜ 'ਚ ਜੰਮਣੀਆਂ ਸ਼ੁਰੂ ਹੋਈਆਂ ਤਾਂ ਉਸ ਵੇਲ਼ੇ 1548 'ਚ ਇਟਲੀ 'ਚ ਨੇਪਲਜ ਨੇੜੇ ਗਿਆਰਦਾਨੋ ਬਰੂਨੋ ਦਾ ਜਨਮ ਹੋਇਆ। ਬਚਪਨ ਵਿੱਚ ਅਨਾਥ ਹੋਣ ਮਗਰੋਂ ਉਹ ਇੱਕ ਗਿਰਜੇ ਦੇ ਧਾਰਮਿਕ ਮਹੌਲ ਵਿੱਚ ਪਲਿਆ। 1572 ਵਿੱਚ ਉਹ ਪਾਦਰੀ ਬਣਿਆ। ਇੱਥੇ ਹੀ ਉਸਨੂੰ ਕਾਪਰਨਿਕਸ ਦੀ ਧੂੜ ਜੰਮੀ ਕਿਤਾਬ ਲੱਭੀ। ਹੌਲ਼ੀ-ਹੌਲ਼ੀ ਉਸਦਾ ਧਾਰਮਿਕ ਮਾਨਤਾਵਾਂ ਤੋਂ ਮੋਹ ਭੰਗ ਹੁੰਦਾ ਗਿਆ ਤੇ ਉਹ ਸ਼ਰਧਾ ਨਾਲ਼ੋਂ ਤਰਕ ਤੇ ਦਲੀਲ ਵਿੱਚ ਵਧੇਰੇ ਯਕੀਨ ਕਰਨ ਲੱਗਾ। ਉਹ ਵਿਗਿਆਨੀ ਨਾਲ਼ੋਂ ਵਧਕੇ ਦਾਰਸ਼ਨਿਕ ਸੀ। ਉਹ ਇਟਲੀ, ਇੰਗਲੈਂਡ, ਫਰਾਂਸ ਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਘੁੰਮਿਆ। ਉਸਨੇ 20 ਦੇ ਕਰੀਬ ਕਿਤਾਬਾਂ ਲਿਖੀਆਂ ਤੇ ਬਹੁਤ ਸਾਰੀਆਂ ਪੁਰਾਣੀਆਂ ਮਾਨਤਾਵਾਂ ਦੇ ਪਰਖੱਚੇ ਉਡਾ ਦਿੱਤੇ। ਉਸਨੇ ਨਾ ਸਿਰਫ ਬ੍ਰਹਿਮੰਡ ਬਾਰੇ ਕਾਪਰਨਿਕਸ ਦੇ ਸਿਧਾਂਤ ਦੀ ਵਕਾਲਤ ਕੀਤੀ ਸਗੋਂ ਉਸਨੇ ਅੱਗੇ ਵਧਕੇ ਇਹ ਵੀ ਕਿਹਾ ਕਿ ਸੂਰਜ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਸਗੋਂ ਅਣਗਿਣਤ ਬ੍ਰਹਿਮੰਡ ਹਨ। ਉਸ ਵੇਲ਼ੇ ਵਧ ਰਹੇ 'ਨਾਸਤਕਿਤਾ ਦੇ ਖ਼ਤਰੇ' ਦਾ ਮੁਕਾਬਲਾ ਕਰਨ ਲਈ ਪੋਪ ਦੁਆਰਾ ਵਿਸ਼ੇਸ਼ ਤਫਤੀਸੀ ਸੂਹੀਏ ਨਿਯੁਕਤ ਕੀਤੇ ਜਾਂਦੇ ਸਨ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਗੁਪਤ ਮੁਕੱਦਮੇ ਚਲਾਏ ਜਾਂਦੇ ਸਨ। ਉਹਨਾਂ ਤੋਂ ਜਾਂ ਮਾਫੀ ਮੰਗਵਾਈ ਜਾਂਦੀ ਸੀ ਤੇ ਜਾਂ ਫੇਰ ਉਹਨਾਂ ਨੂੰ ਸਜਾ ਦਿੱਤੀ ਜਾਂਦੀ ਸੀ। ਬਰੂਨੋ ਕਾਫੀ ਚਿਰ ਤੋਂ ਇਹਨਾਂ ਸੂਹੀਆਂ ਦੇ ਨਿਸ਼ਾਨੇ ਉੱਪਰ ਸੀ ਜਿਸ ਕਰਕੇ ਉਹ ਇਟਲੀ ਛੱਡ ਗਿਆ ਸੀ। 1591 ਵਿੱਚ ਉਹ ਇਟਲੀ ਦੁਬਾਰਾ ਮੁੜਿਆ ਤੇ ਵੀਨਸ ਵਿੱਚ ਉਸਨੂੰ ਗ੍ਰਿਫਤਾਰ ਕਰਕੇ 130 ਦੋਸ਼ ਲਾਏ ਗਏ। 23 ਮਈ 1592 ਨੂੰ ਬਰੂਨੋ ਨੂੰ ਜੇਲ 'ਚ ਡੱਕ ਦਿੱਤਾ ਗਿਆ ਜਿੱਥੇ ਉਸਨੂੰ 8 ਸਾਲ ਕੈਦ ਰੱਖਕੇ ਤਸੀਹੇ ਦਿੱਤੇ ਗਏ। ਪਰ ਉਹ ਆਪਣੀ ਸੋਚ 'ਤੇ ਅਡੋਲ ਰਿਹਾ ਜਿਸ ਮਗਰੋਂ ਉਸਨੂੰ ਬਿਨਾਂ ਖੂਨ ਵਹਾਏ ਮੌਤ ਦੀ ਸਜਾ ਸੁਣਾਈ ਗਈ। 17 ਫ਼ਰਵਰੀ ਸਾਲ 1600 ਨੂੰ ਧਰਮ ਦੇ ਠੇਕੇਦਾਰਾਂ ਨੇ ਉਸਨੂੰ ਰੋਮ ਸ਼ਹਿਰ 'ਚ ਖੰਭੇ ਨਾਲ਼ ਬੰਨ ਕੇ ਜਿਉਂਦਾ ਸਾੜ ਦਿੱਤਾ।

15 ਫਰਵਰੀ 1564 ਨੂੰ ਇਟਲੀ ਦੇ ਸ਼ਹਿਰ ਪੀਸਾ ਵਿੱਚ ਗੈਲੀਲਿਓ ਦਾ ਜਨਮ ਹੋਇਆ। 23 ਸਾਲ ਦੀ ਉਮਰੇ ਉਹ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਭਰਤੀ ਹੋ ਗਿਆ। ਉਸਨੇ ਆਪਣੀ ਵਿਗਿਆਨਕ ਸੂਝ ਰਾਹੀਂ ਬਹੁਤ ਸਾਰੀਆਂ ਪੁਰਾਣੀਆਂ ਮਾਨਤਾਵਾਂ ਨੂੰ ਚੁਣੌਤੀ ਦਿੱਤੀ ਤੇ ਪੈਂਡੂਲਮ ਤੇ ਦੂਰਬੀਨ ਸਮੇਤ ਕਈ ਖੋਜਾਂ ਕੀਤੀਆਂ। ਆਪਣੀ ਦੂਰਬੀਨ ਨੂੰ ਪੁਲਾੜ ਵੱਲ ਬੀੜ ਕੇ ਉਸਨੇ ਕਾਪਰਨਿਕਸ ਤੇ ਬਰੂਨੋ ਦੇ ਵਿਚਾਰਾਂ ਦੀ ਡਟਵੀਂ ਹਮਾਇਤ ਕੀਤੀ, ਉਹਨਾਂ ਦੇ ਹੱਕ 'ਚ ਸਬੂਤ ਪੇਸ਼ ਕੀਤੇ ਤੇ ਉਹਨਾਂ ਵਿੱਚ ਵਾਧਾ ਵੀ ਕੀਤਾ। ਬਰੂਨੋ ਨੂੰ ਸਾੜਨ ਵਾਲ਼ੇ ਗਿਰਜੇ ਨੂੰ ਇਹ ਮਨਜੂਰ ਨਹੀਂ ਸੀ ਜਿਸ ਕਰਕੇ 1623 'ਚ ਗਿਰਜੇ ਨੇ ਉਸ ਉੱਪਰ ਮੁਕੱਦਮਾ ਚਲਾ ਕੇ ਉਸਨੂੰ ਆਪਣੇ ਵਿਚਾਰਾਂ ਲਈ ਪਿੱਛੇ ਹਟਣ ਤੋਂ ਮਜਬੂਰ ਕੀਤਾ ਗਿਆ। ਗਿਰਜੇ ਸਾਹਮਣੇ ਸਮਝੌਤਾ ਕਰਨ ਮਗਰੋਂ ਉਹਦਾ ਮਨ ਪਛਤਾਵੇ ਨਾਲ਼ ਭਰ ਗਿਆ ਤੇ ਉਸਨੇ ਆਪਣੀਆਂ ਖੋਜਾਂ ਜਾਰੀ ਰੱਖੀਆਂ। 1632 ਵਿੱਚ ਉਸਨੇ ਬ੍ਰਹਿਮੰਡ ਬਾਰੇ ਕਾਪਰਨਿਕਸ ਦੇ ਵਿਚਾਰਾਂ ਬਾਰੇ ਇੱਕ ਕਿਤਾਬ ਲਿਖੀ ਜਿਸ ਮਗਰੋਂ ਉਸਨੂੰ ਘਰ ਵਿੱਚ ਨਜ਼ਰਬੰਦੀ ਦੀ ਸਜਾ ਸੁਣਾਈ ਗਈ। ਆਪਣੀ ਉਮਰ ਦੇ ਬਾਕੀ ਸਾਲ ਉਸਨੇ ਆਪਣੇ ਘਰ ਵਿੱਚ ਕੈਦ ਹੋ ਕੇ ਹੀ ਬਿਤਾਏ। ਦੂਰਬੀਨ ਰਾਹੀਂ ਲਗਾਤਾਰ ਸੂਰਜ ਤੇ ਹੋਰ ਤਾਰਿਆਂ ਵੱਲ ਝਾਕਦੇ ਰਹਿਣ ਕਾਰਨ 1637 ਵਿੱਚ ਉਸਦੀਆਂ ਅੱਖਾਂ ਦੀ ਜੋਤ ਚਲੀ ਗਈ। 8 ਜਨਵਰੀ 1642 ਨੂੰ ਆਪਣੇ ਘਰ ਵਿੱਚ ਹੀ ਉਸਦੀ ਮੌਤ ਹੋ ਗਈ।

ਇਹ ਵਿਗਿਆਨੀ ਇਕੱਲੇ ਰਹਿ ਜਾਣ ਦੀ ਸ਼ਰਤ ਉੱਪਰ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾ ਕੇ ਜਿਹਨਾਂ ਮਾਨਤਾਵਾਂ ਦੇ ਹੱਕ ਵਿੱਚ ਡਟੇ ਉਹ ਅੱਜ ਸਰਵ-ਪ੍ਰਵਾਨਿਤ ਹਨ। ਇਸ ਕਰਕੇ ਗਿਰਜੇ ਨੂੰ ਵੀ 400 ਸਾਲ ਬਾਅਦ ਬਰੂਨੋ ਤੇ ਗੈਲੀਲਿਓ ਖਿਲਾਫ ਆਪਣੇ ਕੀਤੇ ਜੁਰਮਾਂ ਲਈ ਮਾਫੀ ਮੰਗਣ ਲਈ ਮਜ਼ਬੂਰ ਹੋਣਾ ਪਿਆ।

ਫਰਵਰੀ ਮਹੀਨੇ ਯਾਦ ਕੀਤਾ ਜਾਣਾ ਵਾਲ਼ਾ ਅਜਿਹਾ ਇੱਕ ਹੋਰ ਸ਼ਖਸ਼ ਇੰਗਲੈਂਡ ਦਾ ਜੀਵ ਵਿਗਿਆਨੀ ਚਾਰਲਸ ਡਾਰਵਿਨ ਹੈ ਜਿਸਦਾ ਜਨਮ 12 ਫਰਵਰੀ, 1809 ਨੂੰ ਹੋਇਆ। ਉਸ ਨੇ ਮਨੁੱਖ ਦੇ ਦੁਨੀਆਂ ਨੂੰ ਦੇਖਣ ਦੇ ਨਜ਼ਰੀਏ ਨੂੰ ਸਦਾ ਲਈ ਬਦਲ ਦਿੱਤਾ। ਉਸ ਦੇ ਸਿਧਾਤਾਂ ਨੇ ਧਰਮ ਦੀਆਂ ਸਦੀਆਂ ਤੋਂ ਪ੍ਰਚਾਰੀਆਂ ਜਾਂਦੀਆਂ ਉਹ ਸਭ ਖੋਖਲੀਆਂ ਧਾਰਨਾਵਾਂ ਤੋੜਕੇ ਰੱਖ ਦਿੱਤੀਆਂ ਜਿਨਾਂ ਮੁਤਾਬਕ ਸਮੁੱਚੀ ਕਾਇਨਾਤ ਰੱਬ ਜਾਂ ਕਿਸੇ ਪਰਾਭੌਤਿਕ ਤਾਕਤ ਨੇ ਸਿਰਜੀ ਹੈ ਤੇ ਸਭ ਜਾਨਵਰ, ਪਸ਼ੂ, ਪੰਛੀ, ਪੌਦੇ ਆਦਿ ਹਮੇਸ਼ਾ ਤੋਂ ਹੀ ਹੁਣ ਵਰਗੇ ਸਨ। ਕੁੱਝ ਧਰਮ ਇਹ ਦੈਵੀ ਸਿਰਜਣਾ ਕੁੱਝ ਦਿਨਾਂ ਵਿੱਚ ਹੋਈ ਮੰਨਦੇ ਹਨ ਤੇ ਕੁੱਝ ਮੰਨਦੇ ਹਨ ਕਿ ਇਹ ਸਿਰਜਣਾ ਰੱਬ ਨੇ ਇੱਕੋ ਝਟਕੇ ਵਿੱਚ ਕਰ ਦਿੱਤੀ। ਪਰ ਡਾਰਵਿਨ ਨੇ ਆਪਣੇ 'ਕੁਦਰਤੀ ਚੋਣ' ਤੇ 'ਜਿਉਂਦੇ ਰਹਿਣ ਲਈ ਸੰਘਰਸ਼' ਦੇ ਸਿਧਾਂਤਾਂ 'ਤੇ ਇਹਨਾਂ ਦੇ ਹੱਕ ਵਿੱਚ ਕਈ ਸਾਲਾਂ ਦੀਆਂ ਹੈਰਾਨਕੁੰਨ ਯਾਤਰਾਵਾਂ ਰਾਹੀਂ ਇਕੱਠੇ ਕੀਤੇ ਪਥਰਾਟਾਂ ਤੇ ਜਿਉਂਦੇ ਜੀਵਾਂ ਦੇ ਅਧਿਐਨ ਜਿਹੇ ਸਬੂਤਾਂ ਰਾਹੀਂ ਇਹ ਸਿੱਧ ਕੀਤਾ ਕਿ ਧਰਤੀ 'ਤੇ ਅਜੋਕਾ ਜੀਵਨ ਲੱਖਾਂ ਸਾਲ ਦੇ ਇੱਕ ਲੰਮੇ ਵਿਗਾਸ ਦੀ ਪ੍ਰਕਿਰਿਆ ਵਿੱਚੋਂ ਉਪਜਿਆ ਹੈ ਜਿਸ ਵਿੱਚ ਇੱਕ ਜੀਵ ਬਦਲੀਆਂ ਹਾਲਤਾਂ ਵਿੱਚ ਦੂਜੇ ਜੀਵ ਵਿੱਚ ਤਬਦੀਲ ਹੁੰਦਾ ਗਿਆ। ਮਨੁੱਖ ਵੀ ਇਸੇ ਵਿਗਾਸ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਹੀ ਹੋਂਦ ਵਿੱਚ ਆਇਆ ਹੈ। ਇੰਝ ਡਾਰਵਿਨ ਨੇ ਧਰਤੀ ਅਤੇ ਮਨੁੱਖ ਦੀ ਸਿਰਜਣਾ ਸਬੰਧੀ ਸਭ ਗੈਰ-ਵਿਗਿਆਨਕ ਤੇ ਧਾਰਮਿਕ ਧਾਰਨਾਵਾਂ ਦਾ ਖੰਡਨ ਕਰ ਦਿੱਤਾ। ਆਪਣੇ ਸਮੇਂ ਵਿੱਚ ਡਾਰਵਿਨ ਨੂੰ ਵੀ ਕਾਫੀ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਹਕਸਲੇ, ਹਾਲਡੇਨ ਜਿਹੇ ਵਿਗਿਆਨੀਆਂ ਨੇ ਉਸਦੀ ਡਟਵੀਂ ਹਮਾਇਤ ਵੀ ਕੀਤੀ। ਅਮਰੀਕਾ ਵਰਗੇ ਮੁਲਕਾਂ ਵਿੱਚ ਡਾਰਵਿਨ ਦਾ ਸਿਧਾਂਤ ਪੜਾਉਣ ਉੱਪਰ ਪਾਬੰਦੀਆਂ ਲੱਗੀਆਂ ਰਹੀਆਂ ਤੇ ਹੁਣ ਵੀ ਕੇਂਦਰੀ ਮੰਤਰੀ ਸੱਤਿਆਪਾਲ ਸਿੰਘ ਜਿਹਾ ਕੋਈ ਮੂਰਖ ਡਾਰਵਿਨ ਦੇ ਸਿਧਾਂਤ ਗਲ਼ਤ ਹੋਣ ਦੇ ਦਾਅਵੇ ਕਰਦਾ ਹੈ।

ਕਾਪਰਨਿਕਸ, ਬਰੂਨੋ ਤੇ ਗੈਲੀਲਿਓ ਨੂੰ ਪਾਬੰਦੀਆਂ ਤੇ ਸਜਾਵਾਂ ਦਾ ਮਸਲਾ ਸਿਰਫ ਕੁਦਰਤ ਬਾਰੇ ਸਹੀ/ਗਲ਼ਤ ਸਮਝ ਦਾ ਹੀ ਮਸਲਾ ਨਹੀਂ ਸੀ। ਅਸਲ ਵਿੱਚ ਮੱਧਯੁੱਗ ਦੀ ਪੂਰੀ ਸੱਤਾ ਹੀ ਧਰਮ ਕੇਂਦਰਤ ਹੁੰਦੀ ਸੀ ਤੇ ਇਸ ਲਈ ਧਾਰਮਿਕ ਮਾਨਤਾਵਾਂ ਦਾ ਅਟੱਲ ਸੱਚਾਈ ਹੋਣਾ ਜਰੂਰੀ ਸ਼ਰਤ ਸੀ। ਇਹਨਾਂ ਧਾਰਮਿਕ ਮਾਨਤਾਵਾਂ ਦੇ ਹਿੱਲਣ ਨਾਲ਼ ਧਰਮ ਕੇਂਦਰਤ ਸਮੁੱਚੀ ਸੱਤਾ ਨੇ ਹੀ ਹਿੱਲ ਜਾਣਾ ਸੀ। ਧਰਤੀ ਦੇ ਬ੍ਰਹਿਮੰਡ ਦਾ ਕੇਂਦਰ ਹੋਣ ਉੱਪਰ ਸਵਾਲ ਖੜੇ ਕਰਨ ਦਾ ਦਾਰਸ਼ਨਿਕ ਅਰਥ ਰਾਜੇ ਜਾਂ ਗਿਰਜੇ ਦੇ ਸਮਾਜ ਦੇ ਕੇਂਦਰ ਉੱਪਰ ਸਵਾਲ ਖੜਾ ਹੋਣਾ ਵੀ ਸੀ। ਇੰਝ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਦੀ ਵੀ ਆਸਥਾ ਦੀ ਥਾਂ ਵਿਗਿਆਨ ਨੂੰ ਦੇਣ ਵਿੱਚ ਅਹਿਮ ਭੂਮਿਕਾ ਸੀ। ਇਹ ਪੂਰਾ ਦੌਰ ਸੰਸਾਰ ਵਿੱਚ ਸਰਮਾਏਦਾਰੀ ਦੇ ਉਭਾਰ ਦਾ ਦੌਰ ਸੀ ਜਿਸਨੇ ਜਗੀਰਦਾਰੀ ਵਿਰੁੱਧ ਸੰਘਰਸ਼ ਵਿੱਚ ਵਿਗਿਆਨ ਨੂੰ ਆਪਣਾ ਹਥਿਆਰ ਬਣਾਇਆ। ਪਰ ਅੱਜ ਆਪਣੇ ਮਰਨਾਊ ਦੌਰ ਵਿੱਚ ਸਰਮਾਏਦਾਰੀ ਵਿਗਿਆਨ ਦੀ ਇਸ ਅਗਾਂਹਵਧੂ ਭੂਮਿਕਾ ਨੂੰ ਤਿਲਾਂਜਲੀ ਦੇ ਚੁੱਕੀ ਹੈ। ਵਿਗਿਆਨ ਦੀ ਵਰਤੋਂ ਨਵੀਆਂ ਖੋਜ਼ਾਂ ਰਾਹੀਂ ਵੱਧ ਮੁਨਾਫੇ ਕਮਾਉਣ ਲਈ ਤਾਂ ਹੋ ਰਹੀ ਹੈ ਪਰ ਆਮ ਲੋਕਾਂ ਵਿੱਚ ਵਿਗਿਆਨਕ ਸੂਝ ਪੈਦਾ ਕਰਨ ਦੀ ਥਾਂ ਮੁੜ ਅੰਧ-ਵਿਸ਼ਵਾਸਾਂ ਤੇ ਧਰਮ ਦੇ ਮੁਰਦਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਸਗੋਂ ਕਈ ਵੇਰ ਤਾਂ ਵਿਗਿਆਨ ਦੇ ਨਾਮ ਉੱਪਰ ਵੀ ਅੰਧ-ਵਿਸ਼ਵਾਸ ਫੈਲਾਏ ਜਾਂਦੇ ਹਨ। ਕਾਰਨ ਸਾਫ ਹੈ, ਵਿਗਿਆਨ ਸੂਝ ਮੁਤਾਬਕ ਸਰਮਾਏਦਾਰਾ ਢਾਂਚਾ ਹੀ ਗੈਰ-ਵਿਗਿਆਨਕ ਹੈ, ਇਸ ਲਈ ਵਿਗਿਆਨਕ ਸੂਝ ਫੈਲਾਉਣ ਦਾ ਮਤਲਬ ਸਰਮਾਏਦਾਰਾ ਢਾਂਚੇ ਦਾ ਖਾਤਮਾ ਹੈ। ਇੰਝ ਅੱਜ ਵਿਗਿਆਨ ਦੇ ਵਿਕਾਸ ਨੂੰ ਧਰਮ ਦੀ ਥਾਂ ਮੁਨਾਫੇਖੋਰ ਢਾਂਚੇ ਨੇ ਜਕੜ ਲਿਆ ਹੈ।

ਇਸ ਕਰਕੇ ਅੱਜ ਜਦੋਂ ਅਸੀਂ ਇਹਨਾਂ ਵਿਗਿਆਨੀਆਂ ਨੂੰ ਯਾਦ ਕਰਦੇ ਹਾਂ ਤਾਂ ਨਾ ਸਿਰਫ ਇਹਨਾਂ ਤੋਂ ਆਸਥਾ, ਅੰਧ-ਵਿਸ਼ਵਾਸਾਂ ਦੀ ਥਾਂ ਵਿਗਿਆਨਕ ਨਜ਼ਰੀਏ ਨੂੰ ਅਪਨਾਉਣ ਦੀ ਪ੍ਰੇਰਨਾ ਹਾਸਲ ਕਰਨੀ ਬਣਦੀ ਹੈ ਸਗੋਂ ਵਿਗਿਆਨ ਦੇ ਅਗਲੇਰੇ ਵਿਕਾਸ ਦੇ ਰਾਹ ਵਿਚਲੀਆਂ ਰੋਕਾਂ ਨੂੰ ਉਹਨਾਂ ਵਾਂਗ ਟੱਕਰਨ ਦੀ ਚੁਣੌਤੀ ਵੀ ਸਾਡੇ ਸਾਹਮਣੇ ਹੈ। ਇਸ ਚੁਣੌਤੀ ਵਿੱਚ ਕੁਦਰਤ ਤੇ ਸਮਾਜ ਦੇ ਗਿਆਨ, ਵਿਗਿਆਨ ਦੀਆਂ ਜਾਣਕਾਰੀਆਂ ਸਮਾਜ ਦੇ ਮਿਹਨਤ-ਮਜਦੂਰੀ ਕਰਨ ਵਾਲ਼ੇ ਲੋਕਾਂ ਤੱਕ ਲਿਜਾਣ ਦਾ ਕੰਮ ਪਿਆ ਹੈ ਜੋ ਅੱਜ ਵੀ ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਵਿੱਚ ਜਕੜੇ ਪਏ ਹਨ। ਵਿਗਿਆਨ ਨੂੰ ਪਿੱਠ ਵਿਖਾ ਚੁੱਕਿਆ ਸਰਮਾਏਦਾਰਾ ਢਾਂਚਾ, ਇਸਦੀ ਸੱਤਾ ਜਾਂ ਹੋਰ ਸੰਸਥਾਵਾਂ ਨੇ ਇਹ ਕੰਮ ਨਹੀਂ ਕਰਨਾ ਸਗੋਂ ਇਹ ਜ਼ਿੰਮੇਵਾਰੀ ਸਮਾਜ ਦੇ ਅਗਾਂਹਵਧੂ ਨੌਜਵਾਨ-ਵਿਦਿਆਰਥੀਆਂ ਨੂੰ ਹੀ ਚੁੱਕਣੀ ਪਵੇਗੀ। ਦੂਜਾ, ਵਿਗਿਆਨ ਨੂੰ ਅੱਜ ਮੁਨਾਫੇ ਦੀ ਜਕੜ ਵਿੱਚੋਂ ਵੀ ਅਜ਼ਾਦ ਕਰਨਾ ਜਰੂਰੀ ਹੈ ਜਿਸ ਵਿੱਚ ਹਰ ਵਿਗਿਆਨਕ ਖੋਜ ਮੁੱਠੀ ਭਰ ਸਰਮਾਏਦਾਰਾਂ ਹੱਥ ਹੋਰ ਵੱਧ ਜਾਇਦਾਦ ਇਕੱਠੀ ਕਰਨ ਤੇ ਹੋਰ ਵੱਧ ਅਬਾਦੀ ਨੂੰ ਕੰਗਾਲ ਕਰਨ, ਲੋਕਾਂ ਉੱਪਰ ਨਿਹੱਕੀਆਂ ਜੰਗਾਂ ਥੋਪਣ ਦਾ ਸਬੱਬ ਬਣਦੀ ਹੈ। ਅੱਜ ਵਿਗਿਆਨ ਦਾ ਅਗਲੇਰਾ ਵਿਕਾਸ ਅਜਿਹੇ ਸਮਾਜਿਕ ਢਾਂਚੇ ਵਿੱਚ ਸੰਭਵ ਹੈ ਜਿੱਥੇ ਇਹ ਕੁੱਝ ਲੋਕਾਂ ਦੀ ਜਾਇਦਾਦ ਵਧਾਉਣ ਦੀ ਥਾਂ ਸਮੁੱਚੀ ਮਨੁੱਖਤਾ ਦੀ ਬਿਹਤਰੀ ਦਾ ਸਾਧਨ ਹੋਵੇ। ਇਸ ਲਈ ਅੱਜ ਵਿਗਿਆਨ ਪ੍ਰਤੀ ਸਮਰਪਿਤ ਹੋਣ ਦਾ ਮਤਲਬ ਇਹ ਬਣਦਾ ਹੈ ਕਿ ਸਰਮਾਏਦਾਰਾ ਢਾਂਚੇ ਖਿਲਾਫ ਇਨਕਲਾਬੀ ਲੜਾਈ ਦਾ ਹਿੱਸਾ ਬਣਿਆ ਜਾਵੇ। ਇਸ ਲੜਾਈ ਵਿੱਚ ਅਸੀਂ ਇਹਨਾਂ ਵਿਗਿਆਨੀਆਂ ਤੋਂ ਇੱਕ ਹੋਰ ਚੀਜ਼ ਸਿੱਖ ਸਕਦੇ ਹਾਂ- ਉਹ ਹੈ ਆਪਣੇ ਵਿਚਾਰਾਂ ਵਿੱਚ ਦ੍ਰਿੜ ਭਰੋਸਾ ਤੇ ਇਕੱਲੇ ਰਹਿ ਜਾਣ ਜਾਂ ਜ਼ਿੰਦਗੀ ਖਤਰੇ ਵਿੱਚ ਪੈ ਜਾਣ ਦੀ ਸ਼ਰਤ ਉੱਪਰ ਵੀ ਸਮਾਜ ਤੇ ਸੱਤਾ ਦੀਆਂ ਸਭ ਤਾਕਤਾਂ ਨਾਲ਼ ਟੱਕਰ ਲੈਣ ਦੀ ਦਲੇਰੀ ਤੇ ਗਲ਼ਤ ਵਿਚਾਰਾਂ, ਮਾਨਤਾਵਾਂ ਨਾਲ਼ ਬਿਲਕੁਲ ਵੀ ਸਮਝੌਤਾ ਨਾ ਕਰਨਾ। ਆਪਣੇ ਵਿਚਾਰਾਂ ਲਈ ਅਜਿਹੀ ਦਲੇਰੀ ਨਾਲ਼ ਹੀ ਅੱਜ ਵਿਗਿਆਨ ਦੇ ਵਿਕਾਸ ਦੇ ਰਾਹ ਵਿੱਚ ਇਹਨਾਂ ਚੁਣੌਤੀਆਂ ਨੂੰ ਟੱਕਰ ਦਿੱਤੀ ਜਾ ਸਕਦੀ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# "ਆਮ ਚੁਨਾਵ ਰੋਕ ਦੋ, ਪਾਕਿਸਤਾਨ ਕੋ ਠੋਕ ਦੋ !"

ਸ਼ੱਕ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ! ਉੱਤਰੀ ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਵਿਚ ਭੜਕਾਊ ਨਾਹਰਿਆਂ ਨਾਲ ਜਲੂਸ ਨਿੱਕਲ ਰਹੇ ਹਨ, ਨਾਹਰੇ ਕੁਝ ਇਸ ਤਰ੍ਹਾਂ ਦੇ ਲੱਗ ਰਹੇ ਹਨ ਅਤੇ ਤਖਤੀਆਂ 'ਤੇ ਲਿਖੇ ਗਏ ਹਨ ਕਿ

"ਹਮੇਂ ਨੌਕਰੀ ਨਹੀਂ ਬਦਲਾ ਚਾਹਿਏ!"

"ਹਮ ਭੂਖੇ ਰਹਿ ਲੇਂਗੇ ਪਰ ਮੋਦੀ ਜੀ, ਬਦਲਾ ਲੋ!"

"ਆਮ ਚੁਨਾਵ ਰੋਕ ਦੋ, ਪਾਕਿਸਤਾਨ ਕੋ ਠੋਕ ਦੋ!"

"ਪਾਕਿਸਤਾਨ ਕੀ ਮਾਂ ਕੀ ........!"

"ਦੇਸ਼ ਕੋ ਬਚਾਓ ਮੋਦੀ ਜੀ ਕੋ ਫਿਰ ਸੇ ਲਾਓ!"...!

ਸਕੂਲੀ ਬੱਚੇ ਵੀ ਤਖਤੀਆਂ ਲੈ ਕੇ ਜਲੂਸ ਕੱਢ ਰਹੇ ਹਨ। ਇਹਨਾਂ ਵਿੱਚ ਸਰਸਵਤੀ ਸ਼ਿਸ਼ੂ ਮੰਦਿਰਾਂ ਦੇ ਬੱਚਿਆਂ ਦੇ ਨਾਲ ਹੀ ਪ੍ਰਾਈਵੇਟ ਸਕੂਲਾਂ ਦੇ ਬੱਚੇ ਵੀ ਵੱਡੀ ਪੱਧਰ 'ਤੇ ਸ਼ਾਮਲ ਹਨ! ਇਹਨਾਂ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟ ਨੂੰ ਭਾਜਪਾ ਦੇ ਨੇਤਾ ਜਲੂਸ ਕੱਢਣ ਲਈ ਕਹਿ ਰਹੇ ਹਨ ? ਇਹਨਾਂ ਜਲੂਸਾਂ ਵਿਚ ਮੁਸਲਮਾਨਾਂ ਨੂੰ ਗੱਦਾਰ 'ਤੇ ਪਾਕਿਸਤਾਨ-ਪਰਸਤ ਦੱਸਦੇ ਹੋਏ ਵੀ ਨਾਹਰੇ ਲਗਾਏ ਜਾ ਰਹੇ ਹਨ! ਮੁਸਲਮਾਨ ਆਬਾਦੀ ਦੀਆਂ ਬਸਤੀਆਂ ਵਿੱਚੋਂ ਗੁਜਰਦੇ ਹੋਏ ਜਾਣ ਬੁੱਝਕੇ ਤਨਾਓ ਵਧਾਉਣ ਤੇ ਸੰਤਾਪ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ! ਜੀ-ਨਿਊਜ਼, ਆਜ ਤਕ, ਰਿਪਬਲਿਕ ਟੀਵੀ, ਸੁਦਰਸ਼ਨ ਆਦਿ ਚੈਨਲ ਤਾਂ ਦਿਨ-ਰਾਤ ਜ਼ਹਿਰ ਉਗਲ ਰਹੇ ਹਨ! ਭਾੜੇ ਦੇ ਸਾਇਬਰ ਪ੍ਰਚਾਰਕ ਅਤੇ ਸਾਇਬਰ ਗੁੰਡੇ ਸਰਗਰਮ ਹੋ ਗਏ ਨੇ! ਵਟਸ-ਐਪ ਆਦਿ ਦੇ ਜ਼ਰੀਏ ਅਫਵਾਹਾਂ ਤੇ ਫਾਸਿਸਟ ਪ੍ਰਚਾਰ ਦਾ ਹਨ੍ਹੇਰ ਫੈਲਾ ਦਿੱਤਾ ਗਿਐ! ਦੇਹਰਾਦੂਨ, ਉਦੈਪੁਰ, ਬਿਹਾਰ ਤੇ ਦੇਸ਼ ਦੇ ਕਈ ਸ਼ਹਿਰਾਂ ਵਿੱਚ ਕਸ਼ਮੀਰੀ ਵਿਦਿਆਰਥੀਆਂ ਤੇ ਦੁਕਾਨਦਾਰਾਂ ਤੇ ਹਮਲੇ ਤਾਂ ਪੁਲਵਾਮਾ ਦੇ ਦੂਜੇ ਦਿਨ ਈ ਸ਼ੁਰੂ ਹੋ ਗਏ ਸਨ! ਜੰਮੂ ਦੀਆਂ ਮੁਸਲਮਾਨ ਬਸਤੀਆਂ 'ਤੇ ਵੀ ਹਮਲਾ ਓਸੇ ਦਿਨ ਹੋ ਗਿਆ ਸੀ! ਮੋਦੀ ਸਮੇਤ ਭਾਜਪਾ ਦੇ ਨੇਤਾ ਅਗਲੇ ਈ ਦਿਨ ਤੋਂ ਧੁਆਂਧਾਰ ਰੈਲੀਆਂ ਵਿੱਚ ਜੁੱਟ ਗਏ ਸਨ। ਸੀ.ਆਰ.ਪੀ.ਐਫ. ਦੇ ਸ਼ਹੀਦ ਹੋਏ ਜਵਾਨਾਂ ਦੀਆਂ ਲਾਸ਼ਾਂ ਦੇ ਨਾਲ ਕਈ ਭਾਜਪਾ ਨੇਤਾਵਾਂ ਨੇ ਬਕਾਇਦਾ ਰੋਡ ਸ਼ੋਅ ਕੀਤੇ! ਜਨੂਨੀ ਦੇਸਭਗਤੀ ਦਾ ਪ੍ਰੇਤ ਉਨ੍ਹਾਂ ਆਮ ਘਰਾਂ ਦੇ ਸਭਨਾਂ ਲੋਕਾਂ ਦੇ ਸਿਰ ਤੇ ਚੜ੍ਹਕੇ ਵੀ ਨੱਚ ਰਿਹਾ ਐ ਜੋ ਜੀ.ਐਸ.ਟੀ., ਨੋਟਬੰਦੀ, ਰਿਕਾਰਡ ਤੋੜ ਬੇਰੁਜ਼ਗਾਰੀ ਤੇ ਅੰਬਰ ਨੂੰ ਛੂੰਹਦੀ ਮਹਿੰਗਾਈ ਤੋਂ ਅੰਤਾਂ ਦੇ ਪ੍ਰੇਸ਼ਾਨ ਸਨ ਤੇ ਮੋਦੀ ਸਰਕਾਰ ਨੂੰ ਗਾਲਾਂ ਦੇ ਰਹੇ ਸਨ! ਰਾਮ ਮੰਦਿਰ ਦਾ ਮਾਮਲਾ ਠੁੱਸ ਹੋ ਗਿਆ ਸੀ, ਹਿੰਦੂ ਅਖਬਾਰ ਦੇ ਭਾਂਡਾ ਭੰਨਣ ਤੋਂ ਬਾਅਦ ਰਫ਼ਾਲ ਘਪਲੇ ਨਾਲ ਚਿਹਰੇ ਤੇ ਕਾਲਖ ਪੁਤ ਚੁੱਕੀ ਸੀ, ਸੀ.ਬੀ.ਆਈ. ਕਾਂਡ ਨਾਲ ਵੀ ਖੂਬ ਕਿਰਕਿਰੀ ਹੋਈ ਸੀ, ਮਹਾਗਠਬੰਧਨ ਤੇ ਪ੍ਰਿਅੰਕਾ ਦੇ ਰਾਜਨੀਤੀ 'ਚ ਉੱਤਰਨ ਨਾਲ ਮਾਹੌਲ ਬਦਲਣ ਦੀਆਂ ਚਿੰਤਾਵਾਂ ਵੀ ਸਨ, ਲੋਕ ਭਾਜਪਾਈਆਂ ਨੂੰ ਸੜਕਾਂ ਤੇ ਘੇਰਕੇ 15 ਲੱਖ ਆਲੇ ਜੁਮਲੇ ਦੇ ਬਾਰੇ ਪੁੱਛਦੇ ਸਨ! ਤੇ ਹੁਣ ਆਹ ਸਾਰੀਆਂ ਗੱਲਾਂ ਠੰਡੇ ਬਸਤੇ ਵਿੱਚ ਪੈ ਗਈਆਂ ਹਨ! ਪੁਲਵਾਮਾ ਦੀ ਘਟਨਾ ਦੇ ਬਾਅਦ ਭਾਜਪਾਈਆਂ ਦੇ ਚਿਹਰੇ ਖਿੜੇ ਹੋਏ ਨੇ! ਇੱਕ ਵਾਰ ਫੇਰ ਇਹ ਪ੍ਰਤੱਖ ਹੋ ਗਿਆ ਹੈ ਕਿ ਅੰਧਰਾਸ਼ਟਰਵਾਦੀ ਤਨਾਓ ਹੀ ਫ਼ਾਸਿਸਟਾਂ ਦੀ ਆਖਰੀ ਪਨਾਹ ਅਤੇ ਆਖਰੀ ਹਥਿਆਰ ਹੁੰਦੈ!

ਬੁਰਜੁਆ ਰਾਸ਼ਟਰਵਾਦ ਦੇ ਇਸ ਵਿਗੜੇ ਭੱਦੇ-ਖੂਨੀ ਰੂਪ ਦੇ ਮੁਕਾਬਲੇ ਹੋਰ ਬੁਰਜੁਆ ਪਾਰਟੀਆਂ ਦੇ ਬੁਰਜੁਆ ਰਾਸ਼ਟਰਵਾਦ ਦਾ ਰੰਗ ਕਾਫ਼ੀ ਫਿੱਕਾ ਪੈ ਜਾਂਦਾ ਹੈ ਅਤੇ ਓਹ ਵੀ ਆਪਣੇ ਆਪ ਨੂੰ ਦੇਸਭਗਤ ਸਾਬਿਤ ਕਰਨ ਲਈ ਹੋਰ ਸਭਨਾਂ ਮਸਲਿਆਂ ਨੂੰ ਆਲਮਾਰੀ ਵਿੱਚ ਬੰਦ ਕਰ ਦੇਣ ਲਈ ਮਜ਼ਬੂਰ ਹੋ ਜਾਂਦੇ ਹਨ! ਸੋਸ਼ਲ ਡੇਮੋਕਰੇਟ ਵੀ ਜਾਂ ਤਾਂ ਦੇਸਭਗਤੀ ਦੀ ਲਹਿਰ ਵਿੱਚ ਰੁੜ੍ਹਨ ਲੱਗਦੇ ਹਨ ਜਾਂ ਅਜਿਹੇ ਵੇਲੇ ਚੁੱਪੀ ਸਾਧ ਲੈਂਦੇ ਹਨ ਕਿ ਉਨ੍ਹਾਂ ਨੂੰ ਦੇਸ਼ਦਰੋਹੀ ਕਰਾਰ ਦੇ ਦਿੱਤਾ ਜਾਊ ਜਾਂ ਸਿੱਧੇ ਗਲਤ ਮਲਤ ਚੀਜ਼ ਤੇ ਉਂਗਲ ਚੁੱਕਣ ਦੀ ਥਾਂ ਮਿਮਿਆ ਕੇ ਤੇ ਘੁਮਾ ਫਿਰਾ ਕੇ ਉਲਝਾਵੀਂ ਭਾਸ਼ਾ ਵਿੱਚ ਗੱਲ ਕਰਨ ਲੱਗਦੇ ਹਨ!

ਯਾਦ ਕਰੋ! ਅਮਰਨਾਥ ਮੁਸਾਫਰਾਂ ਤੇ ਹਮਲਾ ਵੀ ਚੋਣਾਂ ਦੇ ਐਨ ਪਹਿਲਾਂ ਹੋਇਆ ਸੀ! ਉੜੀ ਦੀ ਘਟਨਾ ਵੀ ਚੋਣਾਂ ਦੇ ਐਨ ਪਹਿਲਾਂ ਹੋਈ ਸੀ! ਇਸ ਲਈ ਸ਼ੱਕ ਤਾਂ ਹੁੰਦਾ ਈ ਐ! ਜਿਸਨੂੰ ਨਹੀਂ ਹੁੰਦਾ, ਓਹ ਜਾਂ ਤਾਂ ਇਤਿਹਾਸ ਬਾਰੇ ਕੁੱਝ ਜਾਣਦਾ ਨਹੀਂ, ਨਾ ਹੀ ਫਾਸਿਸਟਾਂ ਦੀ ਕਾਰਜ-ਪ੍ਰਣਾਲੀ ਦੇ ਬਾਰੇ 'ਚ ਜਾਣਦੈ! ਆ ਰਹੀ ਐ ਗੱਲ ਸਮਝ ਵਿਚ ? ਜਿਨ੍ਹਾਂ ਦੇ ਆ ਰਹੀ ਐ, ਓਹ ਤਾਂ ਘੱਟੋ ਘੱਟ ਜਾਗ ਜਾਣ ਤੇ ਇਹਨਾਂ ਗੱਲਾਂ ਨੂੰ ਸਾਰੇ ਸੰਭਵ ਮਾਧਿਅਮਾਂ ਰਾਹੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚਾਉਣ! ਓਏ, ਘੱਟੋ ਘੱਟ ਇਸ ਪੋਸਟ ਨੂੰ ਤਾਂ ਸ਼ੇਅਰ ਕਰਕੇ, ਗਰੁੱਪਾਂ ਵਿੱਚ ਪਾਕੇ ਤੇ ਹੋਰ ਮਾਧਿਅਮਾਂ ਨਾਲ ਵੱਧ ਤੋਂ ਵੱਧ ਲੋਕਾਂ ਤਾਈਂ ਪਹੁੰਚਾਓ! ਸਿਰਫ਼ ਲਾਇਕ ਕਰਕੇ ਨਾ ਬੈਠ ਜਾਇਓ ....

**ਵਾਇਆ : ਕਵਿਤਾ ਕ੍ਰਿਸ਼ਨਾ ਪੱਲਵੀ**

# ਫਾਸਿਸਟ ਝੂਠ-ਉਤਪਾਦਨ ਕਾਰਖਾਨਿਆਂ ਅਤੇ ਸੰਘੀ ਸਾਇਬਰ ਗੁੰਡਿਆਂ ਦੇ ਗਾਲੀ-ਗਲੋਚ ਬਾਬਤ ਕੁੱਝ ਗੱਲਾਂ

Youtube ਉੱਤੇ ਜਾਓ। ਸਰਚ ਕਰੋ : BJP IT Cell . ਤੁਹਾਨੂੰ ਦਰਜ਼ਨਾਂ ਅਜਿਹੇ ਵੀਡੀਓ ਮਿਲਣਗੇ ਜਿਨ੍ਹਾਂ ਤੋਂ ਪਤਾ ਚੱਲੇਗਾ ਕਿ ਕਿਸ ਤਰਾਂ ਹਜਾਰਾਂ ਭਾੜੇ ਦੇ ਲੋਕਾਂ ਨੂੰ ਬਿਠਾਕੇ ਭਾਜਪਾ ਅਣਗਿਣਤ ਫਰਜੀ ਵੈਬਸਾਈਟਾਂ ਚਲਾਉਂਦੀ ਹੈ (ਇਹਨਾਂ ਵਿੱਚ ਕਈ ਭਾਰਤੀ ਫੌਜ ਦੇ ਨਾਮ ਉੱਤੇ ਹਨ) ਅਤੇ ਫੇਸਬੁਕ, ਟਵਿੱਟਰ, ਵਟਸ ਐਪ ਆਦਿ ਦੇ ਜ਼ਰੀਏ ਅਫਵਾਹਾਂ ਅਤੇ ਫਰਜ਼ੀ ਨਿਊਜ਼ ਫੈਲਾਉਣ ਦਾ ਕੰਮ ਕਰਦੀ ਹੈ! ਦਿੱਲੀ ਤੋਂ ਲੈ ਕੇ ਛੋਟੇ ਸ਼ਹਿਰਾਂ ਤੱਕ 30,000 ਤੋਂ ਲੈ ਕੇ 5-10 ਹਜ਼ਾਰ ਰੁਪਈਆਂ ਦੀ ਤਨਖਾਹ ਉੱਤੇ ਹਜ਼ਾਰਾਂ ਨੌਜਵਾਨਾਂ ਨੂੰ ਇਸ ਕੰਮ ਉੱਤੇ ਲਗਾਇਆ ਗਿਆ ਹੈ ਅਤੇ ਕੇਂਦਰੀ ਪੱਧਰ ਉੱਤੇ ਵੱਡੀਆਂ ਆਈ.ਟੀ. ਕੰਪਨੀਆਂ ਦੇ ਐਕਸਪਰਟਸ ਦੀਆਂ ਸੇਵਾਵਾਂ ਵੀ ਲਈ ਜਾਂਦੀਆਂ ਹਨ! Youtube ਉੱਤੇ ਧਰੁਵ ਰਾਠੀ ਦੇ ਵੀਡੀਓ ਜਰੂਰ ਵੇਖੋ! ਭਾਜਪਾ ਦੇ ਆਈ.ਟੀ. ਸੈੱਲ ਵਿੱਚ ਕੰਮ ਕਰ ਚੁੱਕੇ ਮਹਾਵੀਰ ਨਾਮਕ ਵਿਅਕਤੀ ਨੇ ਧਰੁਵ ਰਾਠੀ ਨੂੰ ਇਹਨਾਂ ਦੀ ਪੂਰੀ ਕਾਰਜ-ਪ੍ਰਣਾਲੀ ਬਾਰੇ ਵਿਸਥਾਰ ਨਾਲ ਦੱਸਿਆ ਹੈ! ਉਸਦੇ ਕਈ ਵੀਡੀਓ ਹਨ। ਉਨ੍ਹਾਂ ਨੂੰ ਜ਼ਰੂਰ ਵੇਖੋ! ਅਤੇ ਜੇਕਰ ਤੁਸੀਂ ਹੁਣ ਤੱਕ ਨਹੀਂ ਵੇਖੀ ਹੈ, ਤਾਂ Alt News ਟਕਮਤ ਦੀ ਵੈਬਸਾਈਟ ਜਰੂਰ ਵੇਖੋ ਅਤੇ ਇਹ ਜਾਣਕਾਰੀ ਹਾਸਿਲ ਕਰੋ ਕਿ ਫਰਜੀ ਖਬਰਾਂ ਅਤੇ ਤਸਵੀਰਾਂ ਕਿਸ ਤਰ੍ਹਾਂ ਅਤੇ ਕਿੰਨੇ ਵੱਡੇ ਪੈਮਾਨੇ ਉੱਤੇ ਹਿੰਦੁਤਵੀ ਫੈਕਟਰੀ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ!

ਝੂਠੀਆਂ ਖਬਰਾਂ ਨਾਲ ਉਤੇਜਨਾ ਭੜਕਾਉਣ ਵਾਲੀ ਅਤੇ ਅਫਵਾਹਾਂ ਫੈਲਾਉਣ ਵਾਲੀ ਸੰਘ ਦੀ ਪ੍ਰੋਪੇਗੰਡਾ ਫੈਕਟਰੀ ਜਿੰਨੇ ਵੱਡੇ ਪੈਮਾਨੇ ਉੱਤੇ ਨਵੀਨਤਮ ਆਈ.ਟੀ. ਤਕਨੋਲੋਜੀ ਦਾ ਸਹਾਰਾ ਲੈ ਕੇ ਕੰਮ ਕਰ ਰਹੀ ਹੈ, ਉਸਦੇ ਅੱਗੇ ਹਿਟਲਰ ਦੇ ਪ੍ਰਚਾਰ ਮੰਤਰੀ ਗੋਏਬਲਸ ਦੀ ਪ੍ਰਚਾਰ ਮਸ਼ੀਨਰੀ ਵੀ ਬੇਹੱਦ ਛੋਟੀ ਅਤੇ ਬੇਹੱਦ ਘੱਟ ਪਰਭਾਵੀ ਸੀ! ਕਾਂਗਰਸ ਅਤੇ ਹੋਰ ਬੁਰਜੁਆ ਪਾਰਟੀਆਂ ਦੇ ਵੀ ਆਈ.ਟੀ. ਸੈੱਲ ਹਨ ਪਰ ਉਨ੍ਹਾਂ ਦਾ ਸਾਇਜ਼, ਤਾਕਤ, ਵਿਸਥਾਰ ਅਤੇ ਪ੍ਰਭਾਵ ਸੰਘੀਆਂ ਦੇ ਆਈ.ਟੀ. ਸੈੱਲ ਦੇ ਅੱਗੇ ਕੁੱਝ ਵੀ ਨਹੀਂ! ਧਿਆਨ ਯੋਗ ਹੈ ਕਿ ਆਈ.ਟੀ. ਸੈੱਲ ਦੇ ਇਲਾਵਾ ਮਾਨਵ ਉਪਾਦਾਨ ਅਤੇ ਮੁਹੱਲੇ-ਮੁਹੱਲੇ ਤੱਕ ਫੈਲੇ ਸ਼ਾਖਾਵਾਂ ਦੇ ਨੈੱਟਵਰਕ ਦੇ ਜ਼ਰੀਏ ਕੰਮ ਕਰਨ ਵਾਲੀ ਸੰਘ ਦੀ ਪਾਰੰਪਰਕ ਪ੍ਰਚਾਰ ਮਸ਼ੀਨਰੀ ਅੱਜ ਵੀ ਉਸੇ ਮੁਸਤੈਦੀ ਨਾਲ ਕੰਮ ਕਰ ਰਹੀ ਹੈ ! ਸਾਫ਼ ਹੈ ਕਿ ਇਸ ਵਿਸ਼ਾਲ ਅਫਵਾਹ-ਤੰਤਰ ਅਤੇ ਉਤੇਜਨਾ-ਭੜਕਾਊ ਤੰਤਰ ਨੂੰ ਸੰਗਠਿਤ ਕਰਨ ਵਿੱਚ ਪੈਸੇ ਦੀ ਬਹੁਤ ਵੱਡੀ ਭੂਮਿਕਾ ਹੈ, ਪਰ ਉਸਤੋਂ ਵੀ ਵੱਡੀ ਭੂਮਿਕਾ ਮਾਨਵ-ਉਪਾਦਾਨ ਦੀ ਹੈ! ਅਸਾਧ ਢਾਂਚਾਗਤ ਸੰਕਟ ਵਲੋਂ ਗਰਸਤ ਜਿਸ ਭਾਰਤੀ ਪੂੰਜੀਵਾਦ ਨੇ ਰਾਜਨੀਤਕ-ਸਮਾਜਿਕ ਪੱਧਰ ਉੱਤੇ ਧਾਰਮਿਕ ਕੱਟੜਪੰਥੀ ਫਾਸੀਵਾਦ ਦੇ ਇਸ ਵਿਸ਼ਾਲ ਉਭਾਰ ਨੂੰ ਜਨਮ ਦਿੱਤਾ ਹੈ, ਉਸੇ ਨੇ ਸਮਾਜਿਕ - ਸੱਭਿਆਚਾਰਕ ਜੀਵਨ ਵਿੱਚ ਉਸ ਗੰਦ ਭਰੇ ਆਤਮਕ - ਸੱਭਿਆਚਾਰਕ ਮਹਾਗਰਤ ਦੀ ਉਸਾਰੀ ਕੀਤੀ ਹੈ, ਜਿਸ ਵਿੱਚ ਆਤਮਾ ਅਤੇ ਸਰੀਰ ਉੱਤੇ ਲਾਗ ਦੀਆਂ ਬੀਮਾਰੀਆਂ ਵਾਲੇ ਪੀਲੇ-ਬਿਮਾਰ ਚਿਹਰਿਆਂ ਵਾਲੇ ਮੱਧਵਰਗੀਏ ਕੀੜੇ ਕੁਲਬੁਲਾ ਰਹੇ ਹਨ। ਇਹਨਾਂ ਕੀੜਿਆਂ ਨੂੰ ਉੱਗਰ ਫਾਸਿਸਟ ਨਾਹਰਿਆਂ ਦੀ ਉਤੇਜਕ ਨਸ਼ੀਲੀ ਖੁਰਾਕ ਨਾਲ ਹੀ ਥੋੜ੍ਹਾ ਚੈਨ ਮਿਲਦਾ ਹੈ! ਦਰਅਸਲ ਫਾਸੀਵਾਦ ਇਸ ਨਿਮਨ ਬੁਰਜੁਆ ਵਰਗ ਦਾ ਇੱਕ ਧੁਰ-ਪ੍ਰਤੀਕਰਿਆਵਾਦੀ ਸਾਮਾਜਕ ਅੰਦੋਲਨ ਹੁੰਦਾ ਹੈ ! ਸੋਸ਼ਲ ਮੀਡੀਆ ਉੱਤੇ ਜੋ ਟਰੌਲ ਅਤੇ ਸਾਇਬਰ ਗੁੰਡੇ ਲਗਾਤਾਰ ਆਕੇ ਗਾਲੀ-ਗਲੋਚ ਕਰਦੇ ਰਹਿੰਦੇ ਹਨ, ਇਹ ਸਾਰੇ ਭਾੜੇ ਦੇ ਟੱਟੂ ਨਹੀਂ ਹਨ! ਇਹਨਾਂ ਵਿੱਚੋਂ ਬਹੁਤੇ ਅਜਿਹੇ ਹਨ ਜੋ ਆਪਣੀ ਜਿੰਦਗੀ ਦੀਆਂ ਨਿਰਾਸ਼ਾਵਾਂ-ਕੁੰਠਾਵਾਂ-ਬਿਮਾਰੀਆਂ ਵਿੱਚ ਜਿਉਂਦੇ ਹੋਏ ਅਤੇ ਫਾਸੀਵਾਦੀ ਪ੍ਰਚਾਰ ਦੀ ਬਾਕਾਇਦਾ ਖੁਰਾਕ ਉੱਤੇ ਪਲਦੇ ਹੋਏ ਦਲੀਲ਼ ਅਤੇ ਤਰਕ ਦੀ ਦੁਨੀਆਂ ਤੋਂ ਕੋਹਾਂ ਦੂਰ ਜਾ ਚੁੱਕੇ ਹਨ। ਇਹ ਮਨੋਰੋਗੀ ਕਿਸਮ ਦੇ ਲੋਕ ਦਲੀਲ਼, ਤਰਕ ਅਤੇ ਸੈਕੂਲਰ-ਲੋਕਤੰਤਰਿਕ ਮੁੱਲਾਂ ਦੀ ਗੱਲ ਕਰਨ ਵਾਲਿਆਂ ਨਾਲ ਅਸਲ ਵਿੱਚ ਰੋਮ-ਰੋਮ ਤੋਂ ਨਫ਼ਰਤ ਕਰਦੇ ਹਨ, ਮੁਸਲਮਾਨਾਂ ਨਾਲ ਨਫ਼ਰਤ ਕਰਦੇ ਹਨ, ਆਜ਼ਾਦ ਖਿਆਲ ਔਰਤਾਂ ਨਾਲ ਨਫ਼ਰਤ ਕਰਦੇ ਹਨ ਅਤੇ ਉਨ੍ਹਾਂ ਮਜ਼ਦੂਰਾਂ ਨਾਲ ਨਫ਼ਰਤ ਕਰਦੇ ਹਨ ਜੋ ਗੁਲਾਮਾਂ ਦੀ ਤਰਾਂ ਪਿੱਠ ਝੁਕਾਕੇ ਜਿਉਣ ਦੇ ਬਜਾਏ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਹਨ। ਜਦੋਂ ਵੀ ਇਹ ਭੜਕ ਕੇ ਉਨਮਾਦ ਦੇ ਰੋਗੀਆਂ ਦੀ ਤਰ੍ਹਾਂ ਬਕਵਾਸ ਸ਼ੁਰੂ ਕਰਦੇ ਹਨ ਤਾਂ ਇਨ੍ਹਾਂ ਦੇ ਮੂੰਹ ਚੋਂ ਨਿੱਕਲਣ ਵਾਲੀਆਂ ਗਾਲਾਂ ਔਰਤਾਂ ਦੇ ਪ੍ਰਤੀ ਇਹਨਾਂ ਦੀ ਮਨੋਰੋਗੀਪੁਣੇ ਨੂੰ ਸ਼ਰੇਆਮ ਉਘਾੜ ਕੇ ਰੱਖ ਦਿੰਦਿਆਂ ਹਨ। ਆਪਣੇ ਰੋਜ ਦੇ ਜੀਵਨ ਵਿੱਚ ਕਿਸਾਨ ਵੀ ਅਕਸਰ ਗਾਲਾਂ ਦਿੰਦੇ ਹਨ, ਪਰੰਤੂ ਇਹ ਉਨ੍ਹਾਂ ਦੀ ਆਦਤ ਹੀ ਹੁੰਦੀ ਹੈ ਜੋ ਉਨ੍ਹਾਂ ਦੇ ਕਿਸਾਨੀ ਜੀਵਨ ਦੀ ਅਕਾਊ ਗਤੀਹੀਨਤਾ ਅਤੇ ਪ੍ਰਤਿਗਾਮੀ ਸੱਭਿਆਚਾਰਕ ਮਾਹੌਲ ਦੀ ਦੇਣ ਹੁੰਦੀ ਹੈ! ਕਿਸਾਨ ਜਦੋਂ ਆਪਣੇ ਪੁੱਤਰ ਨੂੰ ਵੀ ਧੀ ਦੀ ਗਾਲ ਦਿੰਦਾ ਹੈ ਤਾਂ ਉਸਦੇ ਸ਼ਬਦੀ ਅਰਥਾਂ ਵੱਲ ਉਸਦਾ ਦਿਮਾਗ ਜਾਂਦਾ ਹੀ ਨਹੀਂ! ਗਾਲਾਂ ਉਸਦੇ ਲਈ ਡਾਂਟਣ, ਅਪਮਾਨਿਤ ਕਰਨ ਅਤੇ ਔਰਤਾਂ ਅਤੇ ਜੁਆਨਾਂ ਨੂੰ ਆਪਣੀ ਸੱਤਾ ਦਾ ਅਹਿਸਾਸ ਕਰਾਉਣ ਦਾ ਮਾਧਿਅਮ ਹੁੰਦੀਆਂ ਹਨ। ਪਰੰਤੂ ਇੱਕ ਫਾਸੀਵਾਦੀ ਜਿਹਨਿਅਤ ਦਾ ਮਧਵਰਗੀ ਨਾਗਰਿਕ ਜਦੋਂ ਯੋਨ-ਹਿੰਸਾ ਦਾ ਅਰਥ ਜਾਣਦੇ ਹੋਏ ਕੋਈ ਗਾਲ ਦਿੰਦਾ ਹੈ ਤਾਂ ਉਹ ਸ਼ਾਬਦਿਕ ਪੱਧਰ ਉੱਤੇ ਹਿੰਸਾ ਖ਼ੁਦ ਕਰਨ ਦਾ, ਕਲਪਨਾ ਵਿੱਚ ਉਸਨੂੰ ਜਿਉਣ ਦਾ ਬਿਮਾਰ ਪਰਪੀੜਕ ਆਨੰਦ ਲੈਂਦਾ ਹੈ। ਫਾਸਿਸਟ ਜਦੋਂ ਆਪਣੇ ਕਿਸੇ ਵਿਰੋਧੀ ਉੱਤੇ ਚੁਣ-ਚੁਣ ਕੇ ਅਤੇ ਘੜ-ਘੜ ਕੇ ਗਾਲਾਂ ਅਤੇ ਤਮਾਮ ਭੱਦੀਆਂ ਗੱਲਾਂ ਦੀ ਬੌਛਾੜ ਕਰਦਾ ਹੈ ਤਾਂ ਉਸਦੇ ਰਾਜਨੀਤਕ ਪੱਧਰ ਦੇ ਹਿਸਾਬ ਨਾਲ ਇਹ ਉਸਦੇ ਰਾਜਨੀਤਕ ਸੰਘਰਸ਼ ਦਾ ਉੱਚਤਮ ਰੂਪ ਹੁੰਦਾ ਹੈ ਅਤੇ ਸੱਭਿਆਚਾਰਕ-ਆਤਮਕ ਪੱਧਰ ਦੇ ਹਿਸਾਬ ਨਾਲ, ਇਹ ਉਸਦਾ ਉੱਚ ਕੋਟਿ ਦਾ ਮਨੋਰੰਜਨ ਹੁੰਦਾ ਹੈ! ਉਸਦੇ ਮਨੋਰੰਜਨ ਦਾ ਉੱਚਤਮ ਪੱਧਰ ਇੱਕ ਕਾਮ ਉਨਮਾਦ ਦੇ ਰੋਗੀ ਦੇ ਆਤਮ-ਉੱਤੇਜਨ ਅਤੇ ਇੱਕ ਸੜਕ ਦੇ ਕੁੱਤੇ ਦੇ +ਗਪ ਨਾਲੋਂ ਜ਼ਿਆਦਾ ਕੁੱਝ ਨਹੀਂ ਹੋ ਸਕਦਾ !

ਹੁਣ ਆ ਜਾਓ ਇਸ ਸਵਾਲ ਉੱਤੇ ਕਿ ਇਸ ਮਨੋਰੋਗੀ, ਹਲਕਾਏ ਕੁੱਤਿਆਂ ਜਿਵੇਂ ਗੁੰਡਿਆਂ ਦੀ ਭੀੜ ਦੇ ਪਿੱਛੇ ਚਿਕਨੇ-ਚੋਪੜੇ ਚਿਹਰਿਆਂ ਵਾਲੇ ਜੋ ਸ਼ਾਂਤਚਿੱਤ ਫਾਸਿਸਟ ਨੀਤੀ-ਨਿਰਧਾਰਕ ਅਤੇ ਰਣਨੀਤੀ ਸ਼ਾਸਤਰੀ ਬੈਠੇ ਹਨ, ਦਰਅਸਲ ਉਹ ਕੀ ਸੋਚਦੇ ਹਨ! ਪਹਿਲੀ ਗੱਲ, ਫਾਸਿਸਟ ਨੇਤਾ ਅਤੇ ਬੁੱਧੀਜੀਵੀ ਵੀ ਖਿੱਲਰੀ ਸ਼ਖਸੀਅਤ ਅਤੇ ਵਿਗੜੀ ਹੋਈ ਮਾਨਸਿਕਤਾ ਦੇ ਲੋਕ ਹੁੰਦੇ ਹਨ! ਬੁਰਜੁਆ ਰਾਜਨੀਤੀ ਦੇ ਬੰਧਨ ਉਨ੍ਹਾਂ ਨੂੰ ਖੁੱਲਕੇ ਗਾਲੀ-ਗਲੋਚ ਦੀ ਭਾਸ਼ਾ ਵਿੱਚ ਗੱਲ ਨਹੀਂ ਕਰਨ ਦਿੰਦੇ, ਪਰੰਤੂ ਉਨ੍ਹਾਂ ਦੇ ਭਾੜੇ ਦੇ ਟੱਟੂ ਅਤੇ ਛੁਟਭਾਈਏ ਨੇਤਾ ਜਦੋਂ ਗਾਲੀ-ਗਲੋਚ ਅਤੇ ਬੇਹੱਦ ਫੂਹੜ-ਗੰਦੀਆਂ ਗੱਲਾਂ ਕਰਦੇ ਹਨ ਤਾਂ ਇਹ ਚੀਜ਼ ਉਨ੍ਹਾਂ ਨੂੰ ਵੀ ਇੱਕ ਕਿਸਮ ਦੀ ਮਾਨਸਿਕ ਤ੍ਰਿਪਤੀ ਅਤੇ ਆਤਮਿਕ ਆਨੰਦ ਦਿੰਦੀ ਹੈ! ਹਰ ਗਾਲ ਵਿੱਚ ਫਾਸਿਸਟ ਨੂੰ ਆਪਣੇ ਵਿਰੋਧੀ ਨੂੰ ਹਰਾਉਣ ਦੇ ਨਾਲ ਹੀ ਔਰਤਾਂ ਨੂੰ ਅਪਮਾਨਿਤ ਕਰਨ ਅਤੇ ਦਬਾਉਣ ਦਾ ਆਨੰਦ ਵੀ ਮਿਲਦਾ ਹੈ। ਇਸ ਲਈ, ਕਹਿ ਸਕਦੇ ਹਾਂ ਕਿ ਜੋ ਔਰਤਾਂ ਫਾਸਿਸਟਾਂ ਦੇ ਆਗੂਆਂ ਵਿੱਚ ਸਥਾਨ ਹਾਸਲ ਕਰਦੀਆਂ ਹਨ ਅਤੇ ਜੋ ਉਨ੍ਹਾਂ ਦੀਆਂ ਭੀੜਾਂ ਵਿੱਚ ਪੱਲਾ ਲਪੇਟ ਕੇ ਉਨਮਾਦੀ ਨਾਹਰੇ ਲਗਾਉਂਦੀਆਂ ਹਨ, ਉਹ ਦੋਵੇਂ ਆਪਣੇ ਵਿਅਕਤੀਗਤ ਇਤਹਾਸ ਅਤੇ ਵਰਗ-ਪਿੱਠਭੂਮੀ ਦੇ ਮਿਲੇ-ਜੁਲੇ ਕਾਰਨਾਂ ਕਰਕੇ ਖਿੱਲਰੀ ਅਤੇ ਵਿਗੜੀ ਮਾਨਸਿਕਤਾ ਵਾਲੀਆਂ ਔਰਤਾਂ ਹੁੰਦੀਆਂ ਹਨ।

ਫਲਸਫੇ ਅਤੇ ਵਿਚਾਰਾਂ ਦੀ ਦੁਨੀਆਂ ਆਲੋਚਨਾ ਤੋਂ ਬਿਨਾਂ ਅੱਗੇ ਵਿਕਸਤ ਨਹੀਂ ਹੁੰਦੀ। ਆਲੋਚਨਾ ਹੀ ਵਿਚਾਰਕ ਸੰਘਰਸ਼ ਦਾ ਉਹ ਰੂਪ ਹੈ ਜੋ ਵਿਚਾਰਾਂ ਨੂੰ ਗੁਣਾਤਮਕ ਰੂਪ ਤੋਂ ਨਵੀਂ ਉਚਾਈ ਉੱਤੇ ਲੈ ਜਾਂਦਾ ਹੈ। ਇਹ ਐਵੇਂ ਹੀ ਨਹੀਂ ਕਿ ਹੀਗਲ ਤੋਂ ਲੈ ਕੇ ਮਾਰਕਸ ਤੱਕ ਦੇ ਸਿਧਾਂਤਕ ਲੇਖਣ ਵਿੱਚ 'ਆਲੋਚਨਾ' ਸ਼ਬਦ ਇੱਕ ਬੀਜ-ਸ਼ਬਦ ਦੀ ਤਰਾਂ ਵਾਰ-ਵਾਰ ਆਉਂਦਾ ਹੈ। ਆਲੋਚਨਾ ਜਦੋਂ ਕਿਸੇ ਭਰਾਤਰੀ ਵਿਚਾਰ ਦੀ ਹੁੰਦੀ ਹੈ ਤਾਂ ਉਹ ਮਿੱਤਰਤਾਪੂਰਨ ਹੁੰਦੀ ਹੈ ਅਤੇ ਜਦੋਂ ਕਿਸੇ ਵਿਰੋਧੀ ਵਿਚਾਰ ਦੀ ਹੁੰਦੀ ਹੈ ਤਾਂ ਦੁਸ਼ਮਣਾਨਾ ਹੁੰਦੀ ਹੈ! ਦੋਨਾਂ ਹੀ ਸੂਰਤਾਂ ਵਿੱਚ ਵਿਚਾਰਕ ਭੇੜ ਠੀਕ ਵਿਚਾਰ ਨੂੰ ਵਿਕਾਸ ਦੀ ਅਗਲੀ ਮੰਜਿਲ ਉੱਤੇ ਲੈਕੇ ਜਾਂਦਾ ਹੈ ਅਤੇ ਗਲਤ ਵਿਚਾਰ ਨੂੰ ਨਸ਼ਟ ਹੋਣ ਦੀ ਦਿਸ਼ਾ ਵਿੱਚ ਧੱਕ ਦਿੰਦਾ ਹੈ, ਉਸਦੇ ਸਾਮਾਜਕ ਆਧਾਰ ਨੂੰ ਖੋਰਾ ਲਾਉਂਦਾ ਹੈ (ਹਾਲਾਂਕਿ ਅੰਤਮ ਫੈਸਲਾ ਸਾਮਾਜਕ ਸੰਘਰਸ਼ ਵਿੱਚ ਹੀ ਹੁੰਦਾ ਹੈ)। ਇੱਕ ਵਿਗਿਆਨਿਕ ਆਲੋਚਨਾ ਆਪਣੇ ਸਭ ਤੋਂ ਤਿੱਖੇ ਰੂਪ ਵਿੱਚ ਵੀ ਹਮਲਾਵਰ ਦਲੀਲ਼ ਦੇ ਨਾਲ ਸਾਹਿਤਕ ਭਾਸ਼ਾ ਵਿੱਚ ਵਿਰੋਧੀ ਪੱਖ ਉੱਤੇ ਹਮਲਾ ਕਰਦੀ ਹੈ, ਵਿਅੰਗ ਕਰਦੀ ਹੈ, ਉਸ ਉੱਤੇ ਚੋਟ ਕਰਦੀ ਹੈ, ਪਰੰਤੂ ਕਿਸੇ ਵੀ ਰੂਪ ਵਿੱਚ ਉਹ ਵਿਅਕਤੀਗਤ ਗੰਦੇ ਦੂਸ਼ਣਾਂ ਅਤੇ ਭੱਦੇ-ਅਸ਼ਲੀਲ, ਔਰਤਾਂ ਅਤੇ ਪੂਰੀ ਮਨੁੱਖਤਾ ਨੂੰ ਅਪਮਾਨਿਤ ਕਰਨ ਵਾਲੇ ਗਾਲੀ -ਗਲੋਚ ਤੱਕ ਨਹੀਂ ਉੱਤਰ ਸਕਦੀ! ਸਮਾਜ ਵਿੱਚ ਤੁਸੀਂ ਆਮ ਤੌਰ 'ਤੇ ਦੇਖਦੇ ਹੋ ਕਿ ਅਫਵਾਹਬਾਜ਼ੀ ਅਤੇ ਗਾਲੀ-ਗਲੋਚ 'ਤੇ ਆਮ ਤੌਰ ਉੱਤੇ ਉਹੀ ਲੋਕ ਉਤਾਰੂ ਹੁੰਦੇ ਹਨ ਜੋ ਜਾਂ ਤਾਂ ਸਾਇੰਟਿਫਿਕ ਟੈਂਪਰ ਦੇ ਲੋਕ ਨਹੀਂ ਹੁੰਦੇ , ਜਾਂ ਫਿਰ ਅਜਿਹੇ ਫਰਜੀ ਭੱਦਰ ਪੁਰਸ਼ ਹੁੰਦੇ ਹਨ ਜਿਨ੍ਹਾਂ ਦੀ ਆਲਮਾਰੀ ਵਿੱਚ ਕੰਕਾਲ ਬੰਦ ਰਹਿੰਦੇ ਹਨ। ਜਿਵੇਂ, ਮਾਰਕਸਵਾਦੀ ਇਹ ਮੰਨ ਕੇ ਚਲਦੇ ਹਨ ਕਿ ਰਾਜਨੀਤੀ ਅਤੇ ਸਿਧਾਂਤ ਦੀ ਗੱਲ ਛੱਡਕੇ ਜਦੋਂ ਵੀ ਕੋਈ ਵਿਅਕਤੀਗਤ ਦੂਸ਼ਣ ਅਤੇ ਨਿੰਦਿਆ-ਪ੍ਰਚਾਰ ਕਰਦਾ ਹੈ, ਤਾਂ ਉਹ ਕੋਈ ਭਰੌਂੜਾ, ਪਤਿਤ ਤੱਤ ਜਾਂ ਸਟੇਟ-ਏਜੰਟ ਹੁੰਦਾ ਹੈ! ਪ੍ਰਤੀਕਰਿਆਵਾਦੀ ਬੁਰਜੁਆ ਚੇਤਨਾ ਦਾ ਉੱਨਤ ਸੰਗਠਿਤ ਰੂਪ ਹੋਣ ਦੇ ਨਾਤੇ, ਫਾਸਿਸਟ ਮਨੁੱਖ ਦੀ ਬਣਤਰ ਹੀ ਅਜਿਹੀ ਹੁੰਦੀ ਹੈ ਜੋ ਬੁਨਿਆਦੀ ਤੌਰ ਉੱਤੇ ਵਿਗਿਆਨਕ ਸੋਚ ਦਾ ਹੀ ਵਿਰੋਧੀ ਹੁੰਦਾ ਹੈ! ਫਾਸਿਸਟ ਮਨੁੱਖ ਕਿਸੇ ਨਾ ਕਿਸੇ ਕਿਸਮ ਦੀ ਅੰਨ੍ਹੀ ਸ਼ਰਧਾ ਦੀ ਖੁਰਾਕ 'ਤੇ ਜਿਉਂਦਾ ਹੈ। ਦਲੀਲ਼ ਅਤੇ ਸੱਚੀਆਂ ਗੱਲਾਂ, ਵਿਗਿਆਨਕ ਪਹੁੰਚ ਅਤੇ ਇਤਿਹਾਸ-ਬੋਧ ਦੀਆਂ ਗੱਲਾਂ ਉਸਦੇ ਤਨ-ਬਦਨ ਵਿੱਚ ਅੱਗ ਲਾ ਦਿੰਦੀਆਂ ਹਨ। ਫਾਸਿਸਟ ਬੁੱਧੀਜੀਵੀ ਦੇ ਮਿਥਿਆਸਕ ਤਰਕ ਘੜੇ ਗਏ ਤੱਥਾਂ ਦੀ ਬੁਨਿਆਦ ਉੱਤੇ ਖੜੇ ਹੁੰਦੇ ਹਨ! ਜੇਕਰ ਤੁਸੀ ਉਸਦੀਆਂ ਧਾਰਣਾਵਾਂ ਉੱਤੇ ਚੋਟ ਕਰਦੇ ਹੋਂ, ਤਾਂ, ਹਾਲਾਂਕਿ ਉਹ ਦਲੀਲ਼ ਨਹੀਂ ਦੇ ਸਕਦਾ, ਇਸ ਲਈ ਉਸਦੇ ਸਾਹਮਣੇ ਗਾਲੀ-ਗਲੋਚ ਤੋਂ ਬਿਨ੍ਹਾਂ ਹੋਰ ਕੋਈ ਰਸਤਾ ਬਚਦਾ ਹੀ ਨਹੀਂ! ਉਸਦਾ ਵੱਸ ਚੱਲੇ ਤਾਂ ਉਹ ਅਜਿਹੇ ਤਮਾਮ ਲੋਕਾਂ ਦੀ ਜਾਨ ਲੈ ਲਵੇ! ਪਰੰਤੂ ਸਮੱਸਿਆ ਇਹ ਹੈ ਕਿ ਇੱਕ ਰਸਮੀ ਹੀ ਸਹੀ, ਪਰ ਬੁਰਜੁਆ ਸੰਸਦੀ ਪ੍ਰਣਾਲੀ ਵਿੱਚ ਕੰਮ ਕਰਨ ਦੇ ਕਾਰਨ ਸਾਰੇ ਤਰਕਸ਼ੀਲ ਬੁੱਧੀਜੀਵੀਆਂ ਨੂੰ ਪਾਨਸਾਰੇ, ਕਲਬੁਰਗੀ, ਗੌਰੀ ਲੰਕੇਸ਼ ਦੀ ਤਰ੍ਹਾਂ ਮੌਤ ਦੇ ਘਾਟ ਤਾਂ ਨਹੀਂ ਉਤਾਰਿਆ ਜਾ ਸਕਦਾ! ਗਾਲ਼-ਦੁੱਪੜ, ਮਾਰ ਕੁੱਟ ਅਤੇ ਭੈਅਭੀਤ ਕਰਨ ਨਾਲ ਅਤੇ ਸੱਤਾ ਵਿੱਚ ਹੋਣ ਉੱਤੇ ਕਾਨੂੰਨੀ ਦਾਬੇ ਨਾਲ ਹੀ ਫਾਸਿਸਟ ਨਿਸ਼ਾਨਾ-ਪੂਰਤੀ ਕਰਨ ਦੀ ਕੋਸ਼ਿਸ਼ ਕਰਨਗੇ! ਫਿਰ 'Final Solution' ਤਾਂ ਹੱਥ ਵਿੱਚ ਰਹੇਗਾ ਹੀ! ਆਖ਼ਿਰਕਾਰ, ਅਜੋਕਾ ਫਾਸਿਜਮ ਇੱਕਦਮ ਹਿਟਲਰ ਅਤੇ ਮੁਸੋਲਿਨੀ ਦੇ ਫਾਸਿਜਮ ਵਰਗਾ ਵਰਤਾਉ ਨਹੀਂ ਕਰ ਸਕਦਾ। ਹਾਲਾਤ ਵੱਖਰੇ ਹਨ ਅਤੇ ਇਤਿਹਾਸ ਤੋਂ ਫਾਸ਼ੀਵਾਦੀਆਂ ਨੇ ਵੀ ਤਾਂ ਸਿੱਖਿਆ ਹੈ! ਫਾਸਿਸਟ ਸੋਚਦੇ ਹਨ ਕਿ ਜਦੋਂ ਉਹ ਭੱਦੀਆਂ - ਭੱਦੀਆਂ ਗਾਲਾਂ ਸੜਕਾਂ ਉੱਤੇ ਜਾਂ ਸੋਸ਼ਲ ਮੀਡਿਆ ਉੱਤੇ ਦੇਣਗੇ ਤਾਂ ਸ਼ਰੀਫ ਨਾਗਰਿਕ ਅਤੇ ਖਾਸ ਤੌਰ 'ਤੇ ਔਰਤਾਂ, ਸ਼ਰਮਾਕੇ, ਡਰਕੇ ਨਿਰ-ਉਤਸ਼ਾਹਿਤ ਹੋਕੇ ਚੁਪ ਹੋ ਜਾਣਗੇ! ਇਸਦਾ ਇੱਕਮਾਤਰ ਜਵਾਬ ਇਹ ਹੈ ਕਿ ਉਨ੍ਹਾਂ ਨੂੰ ਇਹ ਦੋ-ਟੁੱਕ ਦੱਸ ਦਿੱਤਾ ਜਾਵੇ ਕਿ ਕੁੱਤਿਆਂ ਅਤੇ ਮਨੋਰੋਗੀਆਂ ਤੋਂ ਭਲਾ ਕੀ ਸ਼ਰਮਾਉਣਾ ? ਕੁਕਰਮ ਕਰੋ ਤੁਸੀਂ, ਮਾਨਸਿਕ ਬੀਮਾਰ ਤੁਸੀ ਅਤੇ ਸ਼ਰਮਾਈਏ ਅਸੀਂ ? ਜੇਕਰ ਉਹ ਬਰਖਾ ਦੱਤ, ਰਵੀਸ਼ ਕੁਮਾਰ, ਸਵਾਤੀ ਚਤੁਰਵੇਦੀ, ਅਭਿਸਾਰ ਆਦਿ ਤੋਂ ਲੈ ਕੇ ਸਾਧਵੀ ਮੀਨੂ ਜੈਨ ਅਤੇ ਕਵਿਤਾ ਕ੍ਰਿਸ਼ਨਾਪੱਲਵੀ ਉੱਤੇ ਬੇਹੱਦ ਅਸ਼ਲੀਲ ਟਿੱਪਣੀਆਂ ਅਤੇ ਗਾਲਾਂ ਦੀ ਬੌਛਾੜ ਕਰਦੇ ਹਨ ਤਾਂ ਉਨ੍ਹਾਂ ਨੂੰ ਨਹੀਂ, ਸ਼ਰਮਾਉਣਾ ਚਾਹੀਦਾ ਹੈ ਸੁਸ਼ਮਾ ਸਵਰਾਜ, ਨਿਰਮਲਾ ਸੀਤਾਰਮਣ, ਮੇਨਕਾ ਗਾਂਧੀ, ਹੇਮਾ ਮਾਲਿਨੀ, ਵਸੁੰਧਰਾ ਰਾਜੇ ਆਦਿ-ਆਦਿ ਨੂੰ ਅਤੇ ਅਜਿਹੀਆਂ ਮਨੋਰੋਗੀ ਔਲਾਦਾਂ ਦੇ ਮਾਪਿਆਂ ਨੂੰ ! Sadhvi Meenu Jain ਨੇ ਅੱਜ ਆਪਣੀ ਵਾਲ ਉੱਤੇ ਕਿਸੇ ਸੰਘੀ ਸਾਇਬਰ ਗੁੰਡੇ ਦੁਆਰਾ ਕੱਢੀ ਗਈ ਬੇਹੱਦ ਭੱਦੀ ਗਾਲ ਦਾ ਸਕਰੀਨ-ਸ਼ਾਟ ਪਾਇਆ ਸੀ! ਪੁਲਵਾਮਾ ਘਟਨਾ ਦੇ ਬਾਅਦ ਭਾਜਪਾ ਜੋ ਅੰਧਰਾਸ਼ਟਰਵਾਦੀ ਉਂਨਮਾਦੀ ਲਹਿਰ ਫੈਲਾਕੇ ਵੋਟਾਂ ਵਿੱਚ ਲਾਭ ਲੈਣ ਦੀ ਤਾਕ ਵਿੱਚ ਹੈ, ਉਸ 'ਤੇ ਪਿਛਲੇ ਤਿੰਨ ਦਿਨਾਂ ਵਿੱਚ ਮੈਂ ਜੋ ਪੋਸਟਾਂ ਪਾਈਆਂ, ਉਨ੍ਹਾਂ ਓੱਤੇ ਕੁਛ ਸੰਘੀ ਟਰੋਲਸ ਲਗਾਤਾਰ ਆਕੇ ਗਾਲੀ-ਗਲੋਚ ਕਰਦੇ ਰਹੇ! ਜੋ ਸਿਰਫ ਕੁਤਰਕ ਕਰਦੇ ਸਨ, ਉਨ੍ਹਾਂ ਨਾਲ ਤਾਂ ਫਿਰ ਵੀ ਮੈਂ ਕੁੱਝ ਦੇਰ ਸੰਵਾਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਜੋ ਗਾਲਾਂ ਦੀ ਬੌਛਾਰ ਹੀ ਕਰ ਰਹੇ ਸਨ, ਉਨ੍ਹਾਂ ਦੀਆਂ ਟਿੱਪਣੀਆਂ ਮੈਂ ਡਿਲੀਟ ਕਰਦੀ ਜਾ ਰਹੀ ਸੀ ਸ਼ਾਂਤੀਪੂਰਵਕ ! ਇਹਨਾਂ ਗਾਲੀਬਾਜਾਂ ਵਿੱਚ ਬਿਨਏ ਕੁਮਾਰ ਸਿਨਹਾ ਨਾਮਕ ਗੁੰਡਾ ਸਭ ਤੋਂ ਅੱਗੇ ਸੀ ਪਰ ਇਹਨਾਂ ਘਟਨਾਵਾਂ ਦੇ ਬਾਅਦ ਹੀ ਦਿਮਾਗ ਵਿੱਚ ਇਹ ਗੱਲ ਆਈ ਕਿ ਇਸ ਪ੍ਰਸ਼ਨ ਉੱਤੇ ਤਫਸੀਲ ਨਾਲ ਕੁੱਝ ਲਿਖਣਾ ਚਾਹੀਦਾ ਹੈ! ਇੱਕ ਗੱਲ ਇੱਕਦਮ ਸਾਫ਼ ਹੈ! ਫਾਸਿਜਮ ਨਾਲ ਲੜਨਾ ਹੈ ਤਾਂ ਸੜਕ ਉੱਤੇ ਤਾਂ ਉਤਰਨਾ ਹੀ ਹੋਵੇਗਾ! ਇਹਨਾਂ ਬਰਬਰਾਂ ਨਾਲ ਸੜਕ ਉੱਤੇ ਵੀ ਨਿੱਬੜਨਾ ਹੋਵੇਗਾ ਅਤੇ ਵਿਕਲਪਿਕ ਮੀਡਿਆ ਦਾ ਤਾਣਾ-ਬਾਣਾ ਸੰਗਠਿਤ ਕਰਕੇ ਸੋਸ਼ਲ ਮੀਡਿਆ ਉੱਤੇ ਵੀ ਨਿੱਬੜਨਾ ਪਵੇਗਾ।

**Via - Kavita Krishnapallavi**

***ਬਰਸੀ ਮੌਕੇ ਵਿਸ਼ੇਸ਼***

# ਮਹਾਨ ਇਨਕਲਾਬੀ ਦੇਸ਼-ਭਗਤ : ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ


ਗਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ

ਗ਼ਦਰੀ ਸੂਰਮੇਂ ਗੁਰਮੁੱਖ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਲਲਤੋਂ ਖੁਰਦ ਵਿਖੇ ਇੱਕ ਸਾਧਾਰਨ ਕਿਸਾਨ ਹੁਸ਼ਨਾਕ ਸਿੰਘ ਦੇ ਘਰੇ 3 ਦਸੰਬਰ 1892 ਨੂੰ ਜਨਮ ਲਿਆ । ਮੁਢਲੀ ਪੜ੍ਹਾਈ ਪਿੰਡ 'ਚ ਕਰਨ ਉਪਰੰਤ ਆਪ ਨੇ ਮਿਸ਼ਨ ਸਕੂਲ ਲੁਧਿਆਣਾ 'ਚੋਂ ਮੈਟਰਿਕ ਪਾਸ ਕੀਤੀ ।

ਰੋਟੀ-ਰੋਜ਼ੀ ਲਈ 4 ਅਪ੍ਰੈਲ 1914 ਨੂੰ ਹਾਂਗ ਕਾਂਗ ਤੋਂ ਚੱਲ ਕੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਰਾਹੀਂ ਵੈਨਕੂਵਰ (ਕੈਨੇਡਾ) ਨੇੜੇ ਪਹੁੰਚੇ । ਬਰਤਾਨਵੀ ਤੇ ਕੈਨੇਡਾ ਸਰਕਾਰਾਂ ਨੇ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦਿੱਤਾ । 'ਸੀ-ਲਾਇਨ' ਨਾਂ ਦੇ ਟੱਗ ਜਹਾਜ ਰਾਹੀਂ ਰਾਹੀਂ ਸਾਮਰਾਜੀ ਪੁਲਿਸ ਨੇ ਮੁਸਾਫਰਾਂ 'ਤੇ ਹੱਲਾ ਬੋਲਿਆ । ਮੁਸਾਫਰਾਂ ਨੇ ਇਸਦਾ ਟਾਕਰਾ ਕੀਤਾ । ਜ਼ਿੰਦਗੀ-ਮੌਤ ਦੀ ਇਸ ਲੜਾਈ 'ਚ ਬਹਾਦਰ ਗੁਰਮੁੱਖ ਸਿੰਘ ਉਭਰ ਕੇ ਸਾਹਮਣੇ ਆਇਆ ਤੇ ਉਹ ਗ਼ਦਰ ਪਾਰਟੀ ਦਾ ਨਾਮਵਰ ਯੋਧਾ ਬਣ ਗਿਆ। ਕੌਮਾਗਾਟਾਮਾਰੂ ਦੀ ਇਸ ਮਿਸਾਲੀ ਲੜਾਈ ਤੇ ਕੈਨੇਡਾ ਵਸਦੀ ਭਾਰਤੀ ਜਨਤਾ ਦੇ ਹੱਕੀ ਸੰਘਰਸ਼ ਦੇ ਸਿੱਟੇ ਵਜੋਂ ਮੁਸਾਫਰਾਂ ਨੂੰ ਰਾਸ਼ਨ-ਪਾਣੀ ਦੇਣ ਦੀ ਆਗਿਆ ਮਿਲੀ । ਜਹਾਜ਼ ਵਾਪਸ ਹੋ ਕੇ ਬੱਜ-ਬੱਜ ਘਾਟ, ਕਲਕੱਤਾ 'ਤੇ ਆ ਲੱਗਿਆ । ਅੰਗਰੇਜ਼ੀ ਹਕੂਮਤ ਨੇ 29 ਸਤੰਬਰ ਨੂੰ ਬੇਤਹਾਸ਼ਾ ਗੋਲੀਆਂ ਚਲਾ ਕੇ 19 ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਤੇ 23 ਗੰਭੀਰ ਫੱਟੜ ਕਰ ਦਿੱਤੇ । ਗੁਰਮੁੱਖ ਸਿੰਘ ਸਮੇਤ ਅਨੇਕਾਂ ਜੁਝਾਰੂਆਂ ਨੂੰ ਫੜ ਕੇ ਅਲੀਪੁਰ ਜੇਲ੍ਹ 'ਚ ਡੱਕ ਦਿੱਤਾ ਤੇ ਪਿੱਛੋਂ ਪਿੰਡਾਂ 'ਚ ਜੂਹਬੰਦੀ ਕਰ ਦਿੱਤੀ ਗਈ । ਇਸੇ ਦੌਰਾਨ ਕੀਤੇ ਵਾਅਦੇ ਅਨੁਸਾਰ ਇੱਕ ਰਾਤ ਕਰਤਾਰ ਸਿੰਘ ਸਰਾਭਾ ਆਪ ਨੂੰ ਘਰੇ ਆ ਮਿਲਿਆ। ਅਗਲੇ ਦਿਨ ਹੀ ਇਨ੍ਹਾਂ ਰੋਕਾਂ ਨੂੰ ਤੋੜਦੇ ਹੋਏ, ਆਪ ਗ਼ਦਰ ਪਾਰਟੀ ਦੀਆਂ ਮੋਹਰੀ ਸਫਾਂ 'ਤ ਹੋ ਕੇ ਬਰਤਾਨਵੀ ਰਾਜ ਦਾ ਤਖਤਾ ਪਲਟਣ ਲਈ ਹਥਿਆਰਬੰਦ ਗ਼ਦਰ ਦੀ ਤਿਆਰੀ 'ਚ ਜੁੱਟ ਗਏ । ਜੇਹਲਮ/ਬੰਨੂੰ ਕੋਹਾਟ ਦੀਆਂ ਫੌਜੀ ਛਾਉਣੀਆਂ 'ਚ ਦੇਸੀ ਫੌਜੀਆਂ ਨੂੰ ਗਦਰ ਲਈ ਤਿਆਰ ਕੀਤਾ।

1915 'ਚ ਆਪ ਲਹੌਰ ਤੋਂ ਭਾਈ ਪਰਮਾਨੰਦ ਝਾਂਸੀ ਨਾਲ ਗ੍ਰਿਫ਼ਤਾਰ ਕਰ ਲਏ ਗਏ । ਕਾਲੇ ਪਾਣੀ ਦੀ ਉਮਰ ਕੈਦ ਹੋਈ, ਘਰ-ਬਾਰ ਤੇ ਜ਼ਮੀਨ ਜ਼ਬਤ ਕਰ ਲਈ ਗਈ ਅਤੇ ਅੰਡੇਮਾਨ ਭੇਜ ਦਿੱਤਾ ਗਿਆ । 1922 'ਚ ਜੇਲ੍ਹ ਬਦਲੀ ਮੌਕੇ ਆਪ ਨੇ ਤਰਿਚਨਾਪਲੀ (ਮਦਰਾਸ) ਨੇੜੇ ਚੱਲਦੀ ਰੇਲ ਗੱਡੀ 'ਚੋਂ ਸਣੇ ਬੇੜੀਆਂ ਛਾਲਾਂ ਮਾਰ ਦਿੱਤੀਆਂ । ਬੇੜੀਆਂ ਦੇ ਸੰਗਲ ਕਟਵਾ ਕੇ, ਫੁਰਤੀ ਨਾਲ ਗੁਪਤਵਾਸ ਹੋ ਕੇ ਅਫ਼ਗਾਨਿਸਤਾਨ ਜਾ ਪੁੱਜੇ ਤੇ ਅੰਗਰੇਜ਼ ਸਰਕਾਰ ਵਿਰੁੱਧ ਗ਼ਦਰ ਦੇ ਨਵੇਂ ਪੜਾਅ ਦੀ ਤਿਆਰੀ ਲਈ ਡਟ ਗਏ ।

ਰੂਸ 'ਚ ਅਕਤੂਬਰ 1917 ਦੇ ਮਹਾਨ ਇਨਕਲਾਬ ਦੇ ਸਾਰੀ ਦੁਨੀਆਂ 'ਤੇ ਡੂੰਘੇ ਪ੍ਰਭਾਵ ਅਧੀਨ ਕਾਬਲ ਰਹਿੰਦਿਆਂ ਆਪ ਨੇ ਕਮਿਊਨਿਸਟ ਵਿਚਾਰਧਾਰਾ ਤੇ ਰਾਜਨੀਤੀ ਨੂੰ ਪੱਕੇ ਤੌਰ ਤੇ ਅਪਣਾਅ ਲਿਆ। ਸਾਲਾਂ ਬੱਧੀ ਗਦਰ ਪਾਰਟੀ ਦੇ ਕਾਬਲ ਕੇਂਦਰ ਦੀ ਅਗਵਾਈ ਕੀਤੀ ਅਤੇ ਗੁਪਤ ਰੂਪ 'ਚ ਭਾਰਤ ਆਉਣਾ ਜਾਣਾ ਜਾਰੀ ਰੱਖਿਆ ਤਾਂ ਜੋ ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ ਤੇ ਹੋਰ ਸੰਸਥਾਵਾਂ ਦੀਆਂ ਸਰਗਰਮੀਆਂ ਨੂੰ ਦੇਸ਼ ਅੰਦਰ ਮੁੜ ਹਥਿਆਰਬੰਦ ਗਦਰ ਦੀ ਦਿਸ਼ਾ 'ਚ ਸੇਧਤ ਕੀਤਾ ਜਾ ਸਕੇ। 'ਅਨੂਪ ਸਿੰਘ' ਦੇ ਨਾਂ ਹੇਠ ਅਫਗਾਨੀ ਪਾਸਪੋਰਟ ਨਾਲ ਅੱਡ-ਅੱਡ ਮੁਲਕਾਂ 'ਚ ਜਾ ਕੇ ਦੇਸ਼ ਦੀ ਆਜ਼ਾਦੀ ਤੇ ਕੌਮੀ ਜਮਹੂਰੀ ਰਾਜਪ੍ਰਬੰਧ ਦੀ ਸਿਰਜਣਾ ਲਈ ਸੰਘਰਸ਼ ਜਾਰੀ ਰੱਖਿਆ । ਕਈ ਵਾਰੀ ਰੂਸ ਪੁੱਜ ਕੇ, ਕਮਿਊਨਿਸਟ ਵਿੱਦਿਆ ਤੇ ਸਿਖਲਾਈ ਹਾਸਲ ਕੀਤੀ । 1928 'ਚ ਅਮਰੀਕਾ ਜਾ ਕੇ ਗ਼ਦਰ ਪਾਰਟੀ ਦੀ ਮੁੜ ਜੱਥੇਬੰਦੀ ਦਾ ਕਾਰਜ ਅੱਗੇ ਤੋਰਿਆ । 1929 'ਚ ਮੁੜ ਕਾਬਲ ਆ ਕੇ ਇਨਕਲਾਬੀ ਕੰਮ ਦੀ ਵਾਗਡੋਰ ਸਾਂਭੀ।

1935 'ਚ ਆਪ ਪੰਜਾਬ ਪਰੋਵਿੰਸ਼ੀਅਲ ਸੂਬਾ ਕਮੇਟੀ ਆਫ਼ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਸਕੱਤਰ ਚੁਣੇ ਗਏ। ਲਾਹੌਰ ਵਿਖੇ ਗੁਪਤ ਹੈਡ ਕੁਆਟਰ ਕਾਇਮ ਕਰ ਕੇ, 'ਕੇਸ਼ੋਰਾਮ' ਦੇ ਨਾ ਹੇਠ ਕੰਮ ਕਰਦਿਆਂ ਕਿਰਤੀ ਪਾਰਟੀ ਦੀ ਅਗਵਾਈ ਜਾਰੀ ਰੱਖੀ। ਪਾਰਟੀ ਦੇ 2 ਪਰਚਿਆਂ-'ਕਿਰਤੀ' ਤੇ 'ਲਾਲ ਢੰਡੋਰਾ' ਦੇ ਇੰਚਾਰਜ ਰਹੇ । 1936 'ਚ ਲਾਹੌਰ ਤੋਂ ਮੁੜ ਫੜੇ ਗਏ । ਦੁਬਾਰਾ ਕਾਲੇ ਪਾਣੀ ਭੇਜਿਆ ਗਿਆ । 1946 ਤੱਕ ਵੱਖ-ਵੱਖ ਜੇਲ੍ਹਾਂ 'ਚ ਰਹਿ ਕੇ ਬਾਮੁਸ਼ੱਕਤ ਕੈਦਾਂ ਕੱਟੀਆਂ ਅਤੇ ਅਨੇਕਾਂ ਭੁੱਖ ਹੜਤਾਲਾ ਸਮੇਤ ਜੇਲ੍ਹ-ਘੋਲਾਂ ਦੀ ਰਹਿਨੁਮਾਈ ਕੀਤੀ । 1947 'ਚ ਅੰਗਰੇਜ਼ਾਂ ਨੂੰ ਭਾਰਤ 'ਚੋਂ ਨਿਕਲਣਾ ਪਿਆ । ਆਪ ਨੇ 1948 ਤੋਂ 52 ਤੱਕ ਗੁਪਤਵਾਸ ਰਹਿ ਕੇ ਸਾਮਰਾਜੀ-ਜਗੀਰੂ ਪ੍ਰਬੰਧ ਨੂੰ ਬਦਲ ਕੇ ਨਵਾਂ ਲੋਕਰਾਜੀ ਪ੍ਰਬੰਧ ਕਾਇਮ ਕਰਨ ਲਈ ਖਾੜਕੂ ਕਿਸਾਨ ਲਹਿਰ ਦੀ ਅਗਵਾਈ 'ਚ ਅਹਿਮ ਰੋਲ ਨਿਭਾਇਆ । 1959 'ਚ ਆਪ ਦੀ ਕਮਾਂਡ ਹੇਠ ਪੰਜਾਬ ਕਿਸਾਨ ਸਭਾ ਨੇ ਖੁਸ਼ਹੈਸੀਅਤੀ ਟੈਕਸ ਵਿਰੁੱਧ ਇਤਿਹਾਸਕ ਜੇਤੂ ਮੋਰਚਾ ਲਾਇਆ । 1962 ਦੀ ਹਿੰਦ-ਚੀਨ ਜੰਗ ਵੇਲੇ ਆਪ ਨੂੰ ਮੁੜ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ।ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਬਣਾਉਣ ਲਈ ਆਪ ਨੇ ਬਿਰਧ ਅਵਸਥਾ ਦੇ ਬਾਵਜੂਦ ਦੇਸ਼-ਪ੍ਰਦੇਸ਼ ਵਿੱਚੋਂ ਭਾਰੀ ਸਹਾਇਤਾ ਹਾਸਲ ਕਰਵਾਈ ਤੇ ਉਸਾਰੀ ਕਰਵਾਈ। ਚੜ੍ਹਦੀ ਜਵਾਨੀ ਵੇਲੇ ਤੋਂ ਲੈ ਕੇ ਅੰਤਮ ਸਾਹਾਂ ਤੱਕ ਆਪ ਦੀ ਜ਼ਿੰਦਗੀ ਦਾ ਪਲ ਪਲ ਜਮਹੂਰੀ ਇਨਕਲਾਬ ਰਾਹੀਂ ਨਵਾਂ ਨਰੋਆ ਲੋਕ ਜਮਹੂਰੀ ਤੇ ਸਮਾਜਵਾਦੀ ਰਾਜ ਪ੍ਰਬੰਧ ਉਸਾਰਨ ਦੇ ਮਹਾਨ ਕਾਜ ਨੂੰ ਸਮਰਪਤ ਸੀ । ਆਪ 13 ਮਾਰਚ 1977 ਨੂੰ ਵਤਨ-ਵਾਸੀਆਂ ਨੂੰ ਸਦੀਵੀ ਅਲਵਿਦਾ ਕਹਿ ਗਏ । ਜਲੰਧਰ ਆਪਦੇ ਰਹਿਣ ਵਾਲੀ ਛੰਨ ਦੀ ਥਾਂ 'ਤੇ ਗਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਹਾਲ ਬਣਾਇਆ ਗਿਆ ਹੈ। ਆਪ ਦੇ ਜੱਦੀ ਪਿੰਡ 'ਚ ਯਾਦਗਾਰ ਵਿਖੇ ਸੁੰਦਰ ਬੁੱਤ ਲਗਾਇਆ ਗਿਆ ਹੈ। ਮਿਹਨਤਕਸ਼ ਲੋਕਾਂ ਲਈ ਤੇ ਦੇਸ਼ ਲਈ ਕੀਤੀਆਂ ਭਾਰੀ ਕੁਰਬਾਨੀਆਂ ਤੇ ਵੱਡੇ ਤਿਆਗ ਸਦਕਾ ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਸਦਾ ਲਈ ਅਮਰ ਰਹਿਣਗੇ ਤੇ ਰੌਸ਼ਨ ਲਾਲ ਸਿਤਾਰੇ ਦੀ ਹੈਸੀਅਤ 'ਚ ਨਵੀਂ ਰੋਸ਼ਨੀ ਦਿੰਦੇ ਰਹਿਣਗੇ ।

ਸਕੂਲ ਵਿਦਿਆਰਥੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਅੱਜ 16 ਫਰਵਰੀ 2019ਦਿਨ ਸ਼ਨੀਵਾਰ ਨੂੰ ਉਨ੍ਹਾਂ ਦੀ ਵਾਰਿਸ-ਗਦਰੀ ਬਾਬਾ ਗੁਰਮੁੱਖ ਸਿੰਘ ਯਾਦਗਾਰ ਕਮੇਟੀ ਲਲਤੋਂ ਖੁਰਦ (ਰਜਿ.) ਵਲੋਂ ਕੌਮਾਗਾਟਾਮਾਰੂ ਯਾਦਗਾਰੀ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਸਰਪ੍ਰਸਤੀ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੁੱਖ ਸਰਪ੍ਰਸਤੀ ਹੇਠ ਅਤੇ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਨ੍ਹਾਂ ਦੀ 42ਵੀਂ ਸਲਾਨਾ ਬਰਸੀ ਵਿਸ਼ਾਲ ਦੇਸ਼ ਭਗਤ ਮੇਲਾ ਲਲਤੋਂ ਖੁਰਦ (ਜ਼ਿਲ੍ਹਾ ਲੁਧਿਆਣਾ) ਦੇ ਸਕੂਲ ਵਿਖੇ ਲਗਾਇਆ ਜਾ ਰਿਹਾ ਹੈ । ਇਸ ਵਿੱਚ ਇਨਕਲਾਬੀ ਨਾਟਕ, ਕੋਰੀਓਗ੍ਰਾਫੀਆਂ, ਗੀਤ-ਸੰਗੀਤ, ਤੇ ਚੋਣਵੇਂ ਬੁਲਾਰੇ ਗਦਰੀ ਬਾਬਾ ਜੀ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨਗੇ ।

**ਜਸਦੇਵ ਸਿੰਘ ਲਲਤੋਂ**
ਫੋਨ ਨੰ: 0161-2805677

# ਵਕਤ ਦੀਆਂ ਮਾਰਾਂ ਝਲਦਾ ਵੀ ਕਿਊਬਾ ਜੀਅ ਰਿਹਾ ਹੈ ਅਣਖ ਦੇ ਨਾਲ

ਡਾ ਬਲਜਿੰਦਰ ਸਿੰਘ ਸੇਖੋਂ

ਛੋਟੇ ਦੀਪਾਂ ਦਾ ਸਮੂਹ ਕਿਊਬਾ, ਵਕਤ ਦੀਆਂ ਵੱਡੀਆਂ ਮਾਰਾਂ ਝਲਦਾ ਹੋਇਆ, ਅੱਜ ਵੀ ਦੁਨੀਆਂ ਦੇ ਸਭ ਤੋਂ ਤਾਕਤਵਾਰ ਮੰਨੇ ਜਾਂਦੇ ਦੇਸ਼, ਅਮਰੀਕਾਥ ਦੇ ਬਹੁਤ ਹੀ ਨੇੜੇ ਹੋਣ ਦੇ ਬਾਵਜੂਦ, ਉਸਦੀ ਅੱਖ ਵਿਚ ਅੱਖ ਪਾ ਕੇ ਵੇਖਦਾ ਹੈ, ਵੱਡੀਆਂ ਰੋਕਾਂ ਦੇ ਬਾਵਜੂਦ, ਈਨ ਮੰਨਣ ਤੋਂ ਇਨਕਾਰੀ ਹੈ, ਆਪਣੇ ਲੋਕਾਂ ਦੇ ਸਾਥ ਸਦਕਾ, ਅਪਣੇ ਚੁਣੇ ਹੋਏ ਸਮਾਜਵਾਦ ਦੇ ਵਿੰਗੇ ਟੇਢੇ ਰਾਹ ਤੇ ਚੱਲਣ ਲਈ ਬਜਿੱਦ ਹੈ ਅਤੇ ਚੱਲ ਰਿਹਾ ਹੈ। ਹਰ ਇੱਕ ਦੇ ਸਿਰ ਤੇ ਛੱਤ ਹੈ, ਹਰ ਘਰ ਵਿਚ ਬਿਜਲੀ ਪਾਣੀ ਦਾ ਪ੍ਰਬੰਧ ਹੈ, ਕੋਈ ਬੇਰੁਜ਼ਗਾਰ ਨਹੀਂ, ਕੋਈ ਅਨਪੜ੍ਹ ਨਹੀਂ, ਹਰ ਇੱਕ ਨੂੰ ਨੌਵੀਂ ਤੱਕ ਪੜ੍ਹਨਾ ਲਾਜ਼ਮੀ ਹੈ, ਕੋਈ ਚੁੱਲਾ ਟੈਕਸ (ਹਾਊਸ ਟੈਕਸ) ਨਹੀ, ਕੋਈ ਭੁੱਖਾ ਨਹੀਂ ਸੌਂਦਾ, ਬੇਸ਼ੱਕ ਕਾਰਡਾਂ ਤੇ ਹੀ ਸਹੀ ਲੋੜੀਂਦੀ ਖ਼ੁਰਾਕ ਸਰਕਾਰ ਵਲੋਂ ਬੜੇ ਹੀ ਸਸਤੇ ਭਾਅ ਦਿੱਤੀ ਜਾਂਦੀ ਹੈ, ਸਿਰੇ ਤੱਕ ਬੇਸ਼ੱਕ ਡਾਕਟਰੀ ਦੀ ਹੀ ਕਿਉਂ ਨਾ ਹੋਵੇ, ਪੜਾਈ ਮੁਫਤ ਹੈ, ਹਸਪਤਾਲ ਵੱਧੀਆ ਹਨ, ਇਲਾਜ ਮੁਫਤ ਹੈ।

ਕਿਊਬਾ ਕਨੇਡਾ ਤੋਂ ਜ਼ਿਆਦਾ ਦੂਰ ਨਹੀਂ, ਟੋਰਾਂਟੋ ਤੋਂ ਵੈਨਕੂਵਰ ਜਾਣ ਤੇ ਜ਼ਿਆਦਾ ਵਕਤ ਲਗਦਾ ਹੈ, ਕਿਊਬਾ ਜਾਣ ਤੇ ਘੱਟ। ਇੱਕ ਪਾਸੇ ਦਾ ਸਫਰ ਤਕਰੀਬਨ ਤਿੰਨ ਘੰਟੇ ਦਾ ਹੈ। ਰਸਤੇ ਵਿਚ ਕੁਝ ਖਰੀਦ ਕੇ ਖਾਣਾ ਹੈ ਤਾਂ ਖਾ ਲਵੋ, ਹਵਾਈ ਜ਼ਹਾਜ ਵਿਚ ਮੁਫਤ ਸਿਰਫ ਪੀਣ ਲਈ ਚਾਹ ਜਾਂ ਜਿਊਸ ਦਿੱਤਾ ਜਾਂਦਾ ਹੈ। ਅਸੀਂ ਵਾਰਾਡੀਰੋ ਹਵਾਈ ਅੱਡੇ ਤੇ ਉਤਰੇ ਸੀ। ਕਿਊਬਾ ਜਾਨ ਲਈ ਵੀਜ਼ਾ ਲੈਣ ਦੀ ਲੋੜ ਨਹੀਂ, ਹਵਾਈ ਜਹਾਜ਼ ਵਿਚ ਹੀ ਇੱਕ ਫਾਰਮ ਫੜਾ ਦਿੱਤਾ ਜਾਂਦਾ ਹੈ, ਜੋ ਇਮੀਗਰੇਸ਼ਨ ਦੀ ਮੋਹਰ ਲੱਗਣ ਤੇ ਇੱਕ ਪਰਮਿਟ ਬਣ ਜਾਂਦਾ ਹੈ, ਇਸੇ ਨੂੰ ਆਉਣ ਵੇਲੇ ਵਾਪਿਸ ਲੈ ਲਿਆ ਜਾਂਦਾ ਹੈ ਅਤੇ ਪਾਸਪੋਰਟ ਤੇ ਮੋਹਰ ਲਾ ਦਿੱਤੀ ਜਾਂਦੀ ਹੈ। ਹਵਾਈ ਅੱਡਾ ਵੇਖਣ ਨੂੰ ਪੁਰਾਣਾ ਲਗਦਾ ਹੈ, ਬਹੁਤਾ ਵੱਡਾ ਵੀ ਨਹੀਂ, ਇਮੀਗਰੇਸ਼ਨ ਕਾਊਂਟਰ ਲੋੜ ਮੁਤਾਬਿਕ ਕਾਫੀ ਹਨ, ਸਮਾਂ ਜਿਆਦਾ ਨਹੀਂ ਲਗਦਾ, ਪਰ ਇੱਕ ਗੱਲ ਅਜ਼ੀਬ ਲੱਗੀ ਕਿ ਇੱਕ ਵੇਲੇ ਪਤੀ ਪਤਨੀ ਨੂੰ ਵੀ ਇਕੱਠੇ ਇਮੀਗਰੇਸ਼ਨ ਇਜੰਟ ਕੋਲ ਖੜ੍ਹਨ ਨਹੀਂ ਦਿੱਤਾ ਜਾਂਦਾ। ਇੱਕ ਵੇਲੇ ਸਿਰਫ ਇੱਕ ਯਾਤਰੀ ਬਾਰੀ ਅੱਗੇ ਹੁੰਦਾ ਹੈ। ਆਉਣ ਵੇਲੇ ਕਈ ਉਡਾਨਾ ਇੱਕੋ ਵੇਲੇ ਹੋਣ ਕਾਰਨ ਕਾਫੀ ਭੀੜ ਸੀ। ਜਿਆਦਾ ਉਡਾਨਾ ਕਨੇਡਾ ਨੂੰ ਆ ਰਹੀਆਂ ਸਨ। ਵਾਸ਼ਰੂਮ ਸਿਰਫ ਦੋ, ਇੱਕ ਮਰਦਾਂ ਲਈ, ਤੇ ਇੱਕ ਔਰਤਾਂ ਲਈ, ਉਹ ਵੀ ਛੋਟੇ। ਇੱਥੇ ਖਾਸ ਕਰ ਔਰਤਾਂ ਵਾਲੇ ਪਾਸੇ ਕਤਾਰ ਲੱਗੀ ਰਹੀ। ਉਡੀਕ ਰਹੇ ਇਨਸਾਨ ਨੂੰ ਸਮਾਂ ਥੋੜਾ ਵੀ ਹੋਵੇ ਵੱਧ ਲਗਦਾ ਹੈ, ਪਰ ਮੈਂ ਵੇਖਿਆ ਕਿ ਇਮੀਗਰੇਸ਼ਨ ਲੰਘਣ ਲਈ ਲਾਈਨ ਵਿਚ ਤਕਰੀਬਨ 40-45 ਮਿੰਟ ਲੱਗ ਗਏ। ਇਹ ਵੱਖਰੀ ਗੱਲ ਹੈ ਕਿ ਜੇਕਰ ਤੁਸੀਂ ਲੇਟ ਹੋ ਰਹੇ ਹੋ ਤਾਂ ਹਵਾਈ ਜ਼ਹਾਜ ਦੀ ਕੰਪਨੀ ਵਾਲੇ ਭੀੜ ਵਿਚੋਂ ਤੁਹਾਨੂੰ ਜਲਦੀ ਆਪ ਕੱਢਾ ਕੇ ਲੈ ਜਾਂਦੇ ਹਨ। ਇਸ ਤਰ੍ਹਾਂ ਤਕਰੀਬਨ ਸਾਰੀ ਦੁਨੀਆਂ ਵਿਚ ਹੁੰਦਾ ਹੈ, ਮੈਂ ਦਿੱਲੀ ਵੀ ਇਸੇ ਤਰ੍ਹਾਂ ਵੇਖਿਆ ਹੋਇਆ ਹੈ।

ਤਕਰੀਬਨ ਸਾਰੇ ਸੈਲਾਨੀਆਂ ਨੇ ਹੋਟਲਾਂ ਤੱਕ ਜਾਣ ਲਈ, 'ਸਭ ਕੁਝ ਸ਼ਾਮਿਲ' ਪੈਕੇਜ਼ ਵਿਚ ਪਹਿਲਾਂ ਹੀ ਪੈਸੇ ਦਿੱਤੇ ਹੁੰਦੇ ਹਨ। ਕੰਪਨੀ ਦੇ ਇਜੰਟ ਆਪ ਹੀ ਲੱਭ ਕੇ ਤੁਹਾਨੂੰ ਬੱਸ ਵਿਚ ਬਿਠਾ ਦਿੰਦੇ ਹਨ। ਬੱਸ ਵਿਚ ਬੈਠਣ ਤੇ ਆਸੇ ਪਾਸੇ ਵੇਖਣ ਤੇ ਹੀ, ਉਮੀਦ ਮੁਤਾਬਿਕ, ਮੌਸਮ ਤੇ ਦਰਖਤ ਬੂਟੇ, ਭਾਰਤ ਦੇ ਕੇਰਲ ਸੂਬੇ ਵਾਲੇ ਦਿਸਦੇ ਹਨ, ਜਿਆਦਾ ਤਰ ਨਾਰੀਅਲ ਦੇ ਦਰੱਖਤ। ਬੱਸ ਵਿਚਲਾ ਕੰਡਕਟਰ ਜਾਂ ਗਾਈਡ ਹੋਟਲ ਤੱਕ ਗੱਲਾਂ ਬਾਤਾਂ ਰਾਹੀਂ ਯਾਤਰੀਆਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਾ ਰਿਹਾ ਅਤੇ ਕਿਊਬਾ ਵਿਚ ਅੱਜ ਕਲ੍ਹ, ਇਸ ਕੰਮ ਵਿਚ ਪ੍ਰਚੱਲਤ ਟਿੱਪ ਦੇਣ ਲਈ ਵੀ ਕਹਿੰਦਾ ਰਿਹਾ ਜੋ ਬਹੁਤ ਸਾਰੇ ਯਾਤਰੀਆਂ ਨੇ ਦਿੱਤੀ। ਇੱਸ ਅੱਧ ਕੁ ਘੰਟੇ ਦੇ ਸਫਰ ਵਿਚ ਉਸ ਨੇ ਅਪਣੇ ਵਲੋਂ ਕਿਊਬਾ ਦੀ ਬੀਅਰ ਵੇਚ ਕੇ ਵੀ ਕੁਝ ਪੈਸੇ ਕਮਾਏ। ਹੋਟਲ ਚੰਗਾ ਬੁੱਕ ਕਰਵਾਇਆ ਹੋਇਆ ਸੀ ਜਿਸ ਵਿਚ ਕਮਰੇ ਵੀ ਵੱਧੀਆ ਸਨ, ਸਮੁੰਦਰ ਕਿਨਾਰੇ ਸੀ, ਜਿਥੇ ਬਹੁਤ ਵਧੀਆ ਸਾਫ ਸੁਥਰੀ ਬੀਚ, ਸਮੁੰਦਰੀ ਕਿਨਾਰਾ ਸੀ ਅਤੇ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਸੀ। ਹੋਟਲ ਦੇ ਵਿਚ ਵਿਚ ਤਕਰੀਬਨ 8 ਖਾਣ ਪੀਣ ਦੀਆਂ ਥਾਂਵਾਂ ਸਨ, ਜਿਨ੍ਹਾਂ ਵਿਚੋਂ ਇੱਕ ਦੋ 24 ਘੰਟੇ ਖੁਲੀਆਂ ਰਹਿੰਦੀਆਂ ਸਨ, ਜਿਥੋਂ ਜੋ ਮਰਜੀ ਪੀਓ ਤੇ ਖਾਓ। ਨਾਸ਼ਤੇ, ਦੁਪਿਹਰ ਦੀ ਅਤੇ ਸ਼ਾਮ ਦੀ ਰੋਟੀ ਸਮੇਂ ਪੰਜਾਬੀ ਕਹਾਵਤ ਮੁਤਾਬਿਕ ਛੱਤੀ ਪਦਾਰਥ ਨਹੀਂ ਸਗੋਂ ਇਸ ਤੋਂ ਵੀ ਤਿਗਣੇ ਪਦਾਰਥ ਪਰੋਸੇ ਜਾਂਦੇ ਸਨ। ਅੰਡਾ ਮੀਟ ਮੱਛੀ ਖਾਣ ਵਾਲੇ ਅਪਣੀ ਪਸੰਦ ਮੁਤਾਬਿਕ ਤਾਜਾ ਬਣਵਾ ਕੇ ਵੀ ਲੈ ਸਕਦੇ ਸਨ। ਮੇਜ਼ ਤੇ ਬੀਅਰ, ਵਾਈਨ ਵਿਸਕੀ, ਚਾਹ ਜਾਂ ਕੌਫੀ ਮੰਗਵਾਈ ਜਾ ਸਕਦੀ ਸੀ। ਮਿੱਠੇ ਫਲ, ਆਈਸਕਰੀਮ ਵਗੈਰਾ ਵੀ ਕਈ ਕਿਸਮ ਦੇ ਰੱਖੇ ਹੁੰਦੇ ਸਨ। ਤਕਰੀਬਨ ਬਹੁਤ ਸੈਰ ਸਪਾਟਾ ਕਰਨ ਆਏ ਤਾਂ ਸਵੇਰ ਬੀਅਰ ਦੇ ਗਲਾਸ ਤੋਂ ਹੀ ਸ਼ੁਰੂ ਕਰਦੇ ਜਾਪਦੇ ਸਨ।

ਪੁਰਾਣੇ ਸ਼ਹਿਰ ਕਿਊਬਾ ਨੇ ਤਕਰੀਬਨ ਉਸੇ ਤਰ੍ਹਾਂ ਰੱਖੇ ਹੋਏ ਹਨ। ਕਈ ਸ਼ਹਿਰਾਂ ਵਿਚ ਸੜਕਾਂ, ਗੋਲ ਜਾਂ ਚੌਰਸ ਪੱਥਰਾਂ ਦੀਆਂ ਜਾਂ ਇੱਕ ਪੁਰਾਣੇ ਮਹਿਲ ਸਾਹਮਣੇ ਲੱਕੜ ਦੀਆਂ ਵੀ ਹਨ। ਲੱਕੜ ਦੀ ਸੜਕ ਹਵਾਨਾ ਵਿਚ



ਪੁਰਾਣੇ ਗਵਰਨਰ ਦੇ ਮਹਿਲ ਸਾਹਮਣੇ ਹੈ। ਉਸ ਸਮੇਂ ਇਸ ਥਾਂ ਕਾਫੀ ਆਵਾਜਾਈ ਰਹਿੰਦੀ ਸੀ, ਅਪਣੀ ਪਤਨੀ ਦੀ ਰੌਲੇ ਦੀ ਸ਼ਕਾਇਤ ਨੂੰ ਦੂਰ ਕਰਨ ਲਈ ਗਵਰਨਰ ਨੇ ਇਹ ਲੱਕੜ ਦੀ ਬਣਵਾ ਦਿੱਤੀ, ਜੋ ਅਜੇ ਵਧੀਆ ਹਾਲਤ ਵਿਚ ਕਾਇਮ ਹੈ। ਹਵਾਨਾ ਜੋ ਦੇਸ਼ ਦੀ ਰਾਜਧਾਨੀ ਹੈ, ਵਿਚ ਵੱਡੀਆਂ ਸੜਕਾਂ ਤੋਂ ਹੱਟ ਕੇ ਬਹੁਤ ਸਾਰੀਆਂ ਬਿਲਡਿਗਾਂ ਦੀ ਹਾਲਤ ਖਸਤਾ ਸੀ। ਇਸ ਦਾ ਕਾਰਨ ਸੀਮਿੰਟ ਲੋਹਾ ਵਗੈਰਾ ਦਾ ਕੰਟਰੋਲ ਸਰਕਾਰ ਕੋਲ ਹੈ। ਪਿੰਡ ਦੇ ਕਿਸਾਨ ਦੇ ਘਰ ਬਣਾਉਣ ਨੂੰ ਸ਼ਹਿਰ ਦੀਆਂ ਹਵੇਲੀਆਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਉਨ੍ਹਾਂ ਮੁਤਾਬਿਕ ਆਮ ਲੋਕਾਂ ਦੇ ਸਿਰ ਤੇ ਛੱਤ ਜ਼ਰੂਰੀ ਹੈ, ਮਹਿਲ ਸਮਾਂ ਆਉਣ ਤੇ ਮੁਰੰਮਤ ਕਰ ਲਏ ਜਾਣਗੇ। ਦੇਸ਼ ਦੀ ਆਥਿਕਤਾ ਮਜ਼ਬੂਤ ਕਰਨ ਲਈ ਨਵੇਂ ਹੋਟਲ ਜਾਂ ਰਿਸੋਰਟ ਬਣਾਉਣ ਤੇ ਵੀ ਜੋਰ ਦਿੱਤਾ ਜਾ ਰਿਹਾ ਹੈ।

ਚੀ ਗੁਵੇਰਾ ਦੀ ਬੜੀ ਵਧੀਆ ਯਾਦਗਾਰ, ਜਿਸਦਾ ਕਿਊਬਾ ਦੇ ਇਨਕਲਾਬ ਦੀ ਲੜਾਈ ਵਿਚ ਵੱਡਾ ਯੋਗਦਾਨ ਸੀ, ਸੈਂਟਾ ਕਲਾਰਾ ਸ਼ਹਿਰ ਵਿਚ ਬਣਾਈ ਹੋਈ ਹੈ। ਉਸ ਦੀ ਜਿੰਦਗੀ ਨਾਲ ਸਬੰਧਿਤ ਵਸਤਾਂ, ਜਿਨ੍ਹਾਂ ਵਿਚ ਜਿਆਦਾ ਹਥਿਆਰ ਹਨ, ਇਸ ਥਾਂ ਰੱਖੇ ਹੋਏ ਹਨ। ਇਹ ਅਤੇ ਦੋ ਹੋਰ ਸ਼ਹਿਰਾਂ ਨੂੰ ਜਾਂਦਿਆਂ ਅਸੀਂ ਕਿਊਬਾ ਦੇ ਛੋਟੇ ਵੱਡੇ ਕਸਬਿਆਂ ਅਤੇ ਪੇਂਡੂ ਸੜਕਾਂ ਤੋਂ ਗੁਜਰੇ। ਕੁਝ ਰਸਤਾ ਇੱਕ ਵੱਡੇ ਹਾਈਵੇ ਤੇ ਵੀ ਤਹਿ ਕੀਤਾ। ਇਸ ਹਾਈਵੇ ਨੂੰ ਅਮਰੀਕਾ ਦੇ ਹਮਲੇ ਦੇ ਖਤਰੇ ਨੂੰ ਧਿਆਨ ਵਿਚ ਰਖਦਿਆਂ ਬਣਾਇਆ ਗਿਆ ਸੀ। ਇਸ ਤੇ ਸਾਡੀ ਮਿਨੀ ਬੱਸ ਹੀ ਜਾ ਰਹੀ ਸੀ, ਹੋਰ ਕੋਈ ਜਿਆਦਾ ਟੈਫਿਕ ਨਹੀਂ ਸੀ। ਕਿਤੇ ਕਿਤੇ ਕੋਈ ਛੋਟਾ ਟਰੱਕ, ਖੱਚਰ ਰੇਹੜਾ, ਸਕੂਟਰ ਜਾਂ ਕੁਝ ਸਇਕਲ ਵਿਖਾਈ ਦਿੰਦੇ ਸਨ। ਲੋਕ ਪਿੰਡਾਂ ਵਿਚੋਂ ਸ਼ਹਿਰ ਸਮਾਨ ਖਰੀਦਣ ਲਈ ਖੱਚਰ ਰੇਹੜਿਆਂ ਤੇ ਹੀ ਆਉਂਦੇ ਹਨ। ਸ਼ਹਿਰਾਂ ਵਿਚ ਕੁਝ ਕੁ ਰਿਕਸ਼ੇ ਵੀ ਹਨ। ਪਿੰਡਾਂ ਵਿਚ ਕਿਸੇ ਕਿਸੇ ਘਰ ਟਰੈਕਰ ਖੜੇ ਨਜ਼ਰ ਵੀ ਆਉਂਦੇ ਸਨ। ਘਰ ਛੋਟੇ ਪਰ ਸਾਫ ਸੁਥਰੇ ਸਨ। ਗੰਨੇ, ਕੇਲੇ, ਸੰਗਤਰੇ (ਜਿਆਦਾ ਗਰੇਪ ਫਰੂਟ), ਤੰਬਾਕੂ, ਕੌਫੀ ਆਦਿ ਦੇ ਖੇਤ ਰਸਤੇ ਵਿਚ ਆਏ। ਇੱਕ ਥਾਂ ਸਾਡੀ ਬੱਸ ਚਾਹ ਵਗੈਰਾ ਪੀਣ ਲਈ ਰੁਕੀ, ਨਾਲ ਦੇ ਵਿਹੜੇ ਵਿਚ ਮੈਨੂੰ ਕੇਲੇ ਪਏ ਨਜ਼ਰ ਆਏ, ਮੈਂ ਖਰੀਦਣੇ ਚਾਹੇ, ਇਹ ਕਿਸਾਨ ਦਾ ਘਰ ਸੀ, ਉਹ ਵੇਚਣ ਲਈ ਨਹੀਂ ਅਪਣੇ ਘਰ ਲਈ ਇਹ ਲੈ ਕੇ ਆਇਆ ਸੀ, ਮੈਂ ਦੋ ਮੰਗੇ ਉਸ ਨੇ ਸਾਰਾ ਗੁਛਾ ਮੈਨੂੰ ਦੇ ਦਿੱਤਾ, ਕੇਲੇ ਛੋਟੇ ਪਰ ਮਿੱਠੇ ਸਨ। ਮੈਂ ਪੈਸੇ ਦੇਣੇ ਚਾਹੇ ਉਸ ਨੇ ਨਾਂਹ ਕਰ ਦਿੱਤੀ, ਪਰ ਮੈਂ ਫਿਰ ਵੀ ਇੱਕ ਕੱਕ ਉਸ ਨੂੰ ਦੇ ਆਇਆ। ਕਿਊਬਾ ਵਿਚ ਦੋ ਤਰ੍ਹਾਂ ਦੇ ਨੋਟ ਚਲਦੇ ਹਨ, ਆਮ ਕਰਕੇ ਯਾਤਰੂਆਂ ਨੂੰ ਕੱਕ (ਕੰਵਰਟੀਵਲ ਪੀਸੋ) ਦਿੱਤੇ ਜਾਂਦੇ ਹਨ ਅਤੇ ਆਮ ਲੋਕ ਪੀਸੋ ਵਰਤਦੇ ਹਨ। ਇੱਕ ਕੱਕ 24 ਪੀਸੋ ਦੇ ਬਰਾਬਰ



ਹੈ। ਕੱਕ ਕਿਊਬਾ ਵਿਚ ਹੀ ਲਏ ਜਾਂ ਵਾਪਿਸ ਦਿੱਤੇ ਜਾ ਸਕਦੇ ਹਨ, ਕਿਸੇ ਵੀ ਹੋਰ ਦੇਸ਼ ਵਿਚ ਇਹ ਨਹੀਂ ਬਦਲਾਏ ਜਾ ਸਕਦੇ, ਕਨੇਡਾ ਵਿਚ ਵੀ ਨਹੀਂ।

ਇਸ ਤਰ੍ਹਾਂ ਦੇ ਦੇਸ਼ ਦਾ ਨਿਰਮਾਣ ਫੀਡਲ ਕਾਸਟਰੋ ਨੇ ਦੇਸ਼ ਨੂੰ ਸਮਾਜਵਾਦ ਦੇ ਰਸਤੇ ਤੇ ਲਿਜਾ ਕੇ ਕੀਤਾ। ਤਾਨਾਸ਼ਹ ਬਾਟਿਸਟਾ ਦੇ ਰਾਜ ਨੂੰ ਉਲਟਾਉਣ ਲਈ ਉਹ ਅਪਣੇ ਸਿਰਫ 80 ਸਾਥੀਆਂ ਨਾਲ ਇੱਕ ਟੁੱਟੀ ਫੁੱਟੀ ਕਿਸ਼ਤੀ ਰਾਹੀਂ 1956 ਵਿਚ ਮੈਕਸੀਕੋ ਤੋਂ ਆਇਆ ਸੀ। ਪਹਿਲੀ ਲੜਾਈ ਵਿਚ ਵੱਡਾ ਨੁਕਸਾਨ ਹੋਇਆ ਤੇ ਸਿਰਫ 19 ਜਣੇ ਜਿੰਦਾ ਬਚੇ, ਜਿਨ੍ਹਾਂ ਵਿਚ ਫੱਟੜ ਹੋਇਆ ਡਾਕਟਰ ਚੀ ਗੁਵੈਰਾ ਵੀ ਸੀ। ਬਾਟਿਸਟਾ ਨਿਸਚਿੰਤ ਹੋ ਗਿਆ ਕਿ ਉਸ ਨੇ ਅਪਣੇ ਦੁਸ਼ਮਣਾਂ ਦਾ ਖਾਤਮਾ ਕਰ ਦਿੱਤਾ ਹੈ। ਪਰ ਇਨ੍ਹਾਂ 19 ਜਣਿਆਂ ਤੋਂ ਹੀ ਕਾਸਟਰੋ ਨੇ ਵੱਡੀ ਗਿਣਤੀ ਵਿਚ ਗੁਰੀਲਿਆਂ ਨੂੰ ਨਾਲ ਜੋੜ ਜਨਵਰੀ 1959 ਵਿਚ ਬਾਟਿਸਟਾ ਨੂੰ ਦੇਸ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ। ਦੇਸ਼ ਦੀ ਆਰਥਿਕਤਾ ਨਾਲ ਲਗਦੇ ਅਮਰੀਕਾ ਨਾਲ ਵੱਡੇ ਪੱਧਰ ਤੇ ਜੁੜੀ ਹੋਈ ਸੀ, ਕਾਰਾਂ, ਕਾਰਾਂ ਲਈ ਤੇਲ, ਖਾਣ ਪੀਣ ਦੀਆਂ ਵਸਤਾਂ ਆਦਿ ਅਮਰੀਕਾ ਤੋਂ ਹੀ ਆਉਂਦੀਆਂ ਸਨ। ਪਹਿਲਾਂ ਪਹਿਲ ਅਮਰੀਕਾ ਨੂੰ ਇਹ ਰਾਜ ਪਲਟਾ ਠੀਕ ਹੀ ਲੱਗਿਆ ਪਰ ਚੰਗੇ ਸਬੰਧ ਛੇਤੀ ਹੀ ਉਲਝ ਗਏ। ਕਾਸਟਰੋ ਨੇ ਰਾਜ ਪ੍ਰਬੰਧ ਕਮਿਉਨਿਸਟ ਵਿਚਾਰਧਾਰਾ ਤੇ ਚਲਾਉਣਾ ਸ਼ੁਰੂ ਕਰ ਦਿੱਤਾ, ਵੱਡੇ ਜ਼ਿਮੀਦਰਾਂ ਤੋਂ ਜ਼ਮੀਨ ਖੋਹ ਲਈ, ਜਿਸ ਵਿਚ ਅਮਰੀਕੀ ਜ਼ਿਮੀਦਾਰ ਵੀ ਸ਼ਾਮਿਲ ਸਨ, ਤੇਲ ਸਾਫ ਕਰਨ ਵਾਲੀਆਂ ਕੰਪਨੀਆਂ ਨੂੰ ਕਿਹਾ ਕਿ ਤੁਸੀ ਰੂਸ ਤੋਂ ਆ ਰਿਹਾ ਕੱਚਾ ਤੇਲ ਸਾਫ ਕਰੋ, ਅਮਰੀਕੀ ਕੰਪਨੀਆਂ ਦਾ ਨਹੀਂ, ਇਸ ਤੋਂ ਨਾਂਹ ਕਰਨ ਤੇ ਉਨ੍ਹਾ ਦਾ ਕੌਮੀਕਰਨ ਕਰ ਦਿੱਤਾ। ਇਸ ਨਾਲ ਅਮਰੀਕਾ ਨੇ ਇਸ ਛੋਟੇ ਦੇਸ਼ ਦੀ ਘੇਰਾਬੰਦੀ ਕਰ ਦਿੱਤੀ, ਰੋਕਾਂ ਲਾਈਆਂ, ਵਪਾਰ ਕਰਨਾ ਆਪ ਤਾਂ ਬੰਦ ਕਰਨਾ ਹੀ ਸੀ, ਸਗੋਂ ਵੱਡਾ ਸਮੁੰਦਰੀ ਜ਼ਹਾਜ ਕਿਉਬਾ ਦੇ ਪਾਣੀਆਂ ਵਿਚ ਲਿਆ ਖੜਾਇਆ ਜੋ ਵਪਾਰ ਲਈ ਆ ਰਹੇ ਜਹਾਜਾਂ ਦੀ ਸੂਹ ਰਖਦਾ ਸੀ, ਤਾਂ ਜੋ ਲਗਦੀ ਵਾਹ ਦੂਜੇ ਦੇਸ਼ਾਂ ਨੂੰ ਵੀ ਡਰਾ ਧਮਕਾ ਕੇ ਰੋਕਿਆ ਜਾ ਸਕੇ। ਕਾਸਟਰੋ ਦਾ ਕਤਲ ਕਰਨ ਦੀ ਅਮਰੀਕੀ ਖੁਫੀਆ ਇਜੰਸੀ, ਸੀ ਆਈ ਏ ਨੇ ਪੂਰੀ ਵਾਹ ਲਾਈ, ਕਾਮਯਾਬ ਨਾ ਹੋਏ। ਰਾਜ ਪਲਟੇ ਕਰਵਾਉਣ ਲਈ 1400 ਦੇ ਨੇੜ ਬੰਦੇ ਪੂਰੀ ਟਰੇਨਿੰਗ ਤੇ ਹਥਿਆਰ ਦੇ ਕੇ ਭੇਜੇ, ਜੋ ਛੇਤੀ ਹੀ ਮਾਰੇ, ਫੜੇ ਗਏ। ਇਸੇ ਦੁਸ਼ਮਣੀ ਵਿਚੋਂ ਰੂਸ ਅਮਰੀਕਾ ਦੀ 1962 ਵਿਚ ਪ੍ਰਮਾਣੂ ਜੰਗ ਲਗਦੀ ਲਗਦੀ ਬਚੀ, ਜਦ ਰੂਸ ਨੇ ਅਮਰੀਕਾ ਦੇ ਇਟਲੀ ਅਤੇ ਤੁਰਕੀ ਵਿਚ ਲਾਈਆਂ ਮਿਜ਼ਾਇਲਾਂ ਦੇ ਜਵਾਬ ਵਿਚ ਕਿਊਬਾ ਵਿਚ ਅਪਣੀਆਂ ਮਿਜ਼ਾਇਲਾਂ ਬੀੜ ਦਿਤੀਆਂ। ਆਖਿਰ ਦੋਨੋ ਦੇਸ਼ਾਂ ਨੇ ਅਪਣੀਆਂ ਮਿਜ਼ਾਇਲਾਂ ਪੱਟੀਆਂ ਤੇ ਅਮਰੀਕਾ ਨੂੰ ਕਿਊਬਾ ਤੇ ਕਦੇ ਵੀ ਫੌਜ ਨਾ ਚੜ੍ਹਾਉਣ ਦਾ ਵਾਇਦਾ ਕਰਨਾ ਪਿਆ।

ਇਸ ਸਾਮਰਾਜਵਾਦ ਦੇ ਰਾਹ ਤੇ ਤੁਰਦਿਆਂ ਕਿਊਬਾ ਨੂੰ ਵੱਡੀਆਂ ਮੁਸ਼ਕਲਾਂ ਦਾ ਟਾਕਰਾ ਕਰਨਾ ਪਿਆ, ਕਿਊਬਾ ਵਿਚ ਇਸ ਨੂੰ ਹਰ ਰੋਜ ਇੰਨਕਲਾਬ ਕਿਹਾ ਜਾਂਦਾ ਹੈ। ਅਮਰੀਕਾ ਦੀਆਂ ਰੋਕਾਂ ਨਾਲ ਸਾਰੇ ਪਾਸੇ ਜ਼ਰੂਰੀ ਵਸਤਾਂ ਦੀ ਘਾਟ ਆ ਗਈ। ਸਰਕਾਰੀ ਸਟੋਰ ਖਾਲੀ ਹੋ ਗਏ। ਤੇਲ ਬਿਨਾ ਮੋਟਰ ਕਾਰਾਂ ਖੱੜ ਗਈਆਂ। ਸਰਕਾਰ ਨੇ ਇਹ ਔਖਾ ਸਮਾਂ ਟਪਾਉਣ ਲਈ ਲੋਕਾਂ ਨੂੰ 12 ਮਾਰਚ 1962 ਤੋਂ ਰਾਸ਼ਨ ਕਾਰਡ ਤੇ ਖਾਣ ਪੀਣ ਦੀਆਂ ਵਸਤਾਂ ਦੇਣੀਆਂ ਸ਼ੁਰੂ ਕੀਤੀਆਂ। ਡਾਕਟਰਾਂ ਦੀ ਸਿਫਾਰਿਸ਼ ਮੁਤਾਬਿਕ ਜੋ ਘੱਟ ਤੋਂ ਘੱਟ ਲੋੜੀਂਦੀ ਖੁਰਾਕ ਚਾਹੀਦੀ ਸੀ, ਦਿੱਤੀ ਗਈ। ਇਸ ਵੇਲੇ ਤੇ ਫਿਰ ਰੂਸ ਦੇ ਡਿਗਣ ਵੇਲੇ, ਦਿਨ ਲੋਕਾਂ ਔਖੇ ਕੱਟੇ ਪਰ ਸਰਕਾਰ ਨੇ ਭੁਖ ਨਾਲ ਕੋਈ ਮੌਤ ਨਹੀਂ ਹੋਣ ਦਿੱਤੀ। ਇਸ ਦੇ ਉਲਟ ਸਗੋਂ ਕਨੇਡਾ ਦੇ ਕੁਝ ਸਾਇੰਸਦਾਨਾਂ ਨੇ ਅੰਕੜੇ ਇਕੱਠੇ ਕਰਕੇ ਨਤੀਜਾ ਕੱਢਿਆ ਕਿ ਮਜ਼ਬੂਰਨ ਹੀ ਸਹੀ ਪਰ ਇਸ ਤੰਗੀ ਵਾਲੀ ਖੁਰਾਕ ਨਾਲ, ਸ਼ੂਗਰ ਦੀ ਬਿਮਾਰੀ ਘਟੀ, ਦਿਲ ਤੇ ਅਧਰੰਗ ਦੇ ਦੌਰੇ ਘਟੇ ਤੇ ਮੌਤਾਂ ਵੀ ਘਟੀਆਂ। ਇਨ੍ਹਾਂ ਮੁਸ਼ਕਲਾਂ ਨੇ ਅਫਰਾਤਫਰੀ ਜਾਂ ਸਰਕਾਰ ਦੇ ਖਿਲਾਫ ਲੋਕਾਂ ਨੂੰ ਖੜਾ ਕਰਨ ਦੀ ਥਾਂ, ਸਗੋਂ ਸਰਕਾਰ ਨੇ ਨਾਲ ਖੜ੍ਹਾ ਕਰ ਦਿੱਤਾ ਅਤੇ ਲੋਕ ਦੇਸ਼ ਦੇ ਸਿਸਟਮ ਨੂੰ ਬਚਾਉਣ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੋ ਗਏ। ਮਿਜ਼ਾਇਲ ਸੰਕਟ ਵੇਲੇ ਦੀ ਇੱਕ ਗੱਲ ਮਸ਼ਹੂਰ ਹੈ, ਕਿ ਨਿਊਯਾਰਕ ਦੀ ਟੈਲੀਫੋਨ ਅਕਚੇਂਜ ਵਿਚ ਬੈਠੇ ਕਰਮਚਾਰੀ ਨੇ ਹਵਾਨਾ ਵਾਲੇ ਨੂੰ ਕਿਹਾ ਕਿ ਅਮਰੀਕਾ ਵਿਚ ਤਾਂ ਲੋਕ ਇਸ ਪ੍ਰਮਾਣੂ ਜੰਗ ਦੇ ਖਤਰੇ ਤੋਂ ਬਹੁਤ ਡਰੇ ਹੋਏ ਹਨ, ਤੁਹਾਡੇ ਕੀ ਹਾਲ ਹੈ? ਉਸ ਦਾ ਉਤਰ ਸੀ, ਅਸੀਂ ਤਾਂ ਉਲਟਾ ਬੜੇ ਸ਼ਾਤ ਚਿੱਤ ਹਾਂ, ਐਟਮ ਬੰਬ ਦੇ ਡਿਗਣ ਨਾਲ ਕੋਈ ਦੁੱਖ ਦਰਦ ਤਾਂ ਹੁੰਦਾ ਹੀ ਨਹੀਂ, ਬੱਸ ਇੱਕ ਦਮ ਮੌਤ।

ਰੂਸ ਵਿਚ ਜਦ ਕਮਿਊਨਿਸਟ ਪਾਰਟੀ ਗੁਰਬਾਚੋਵ ਦੀ ਅਗਵਾਈ ਵਿਚ ਸਮਾਜਵਾਦੀ ਰਾਹ ਤੋਂ ਥਿੜਕਣ ਲੱਗੀ ਤਾਂ ਕਿਊਬਾ ਦੇ ਪ੍ਰਧਾਨ ਕਾਸਟਰੋ ਨੇ ਇਸ ਨੂੰ ਗਲਤ ਕਿਹਾ। ਰੂਸ ਦੇ ਬਿਖਰਨ ਤੇ ਕਿਊਬਾ ਨੂੰ ਫਿਰ ਇੱਕ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ। ਜਦ ਰੂਸ ਕਿਊਬਾ ਦੀ ਖੰਡ ਖਰੀਦਣੋ ਹਟ ਗਿਆ, ਉਸ ਦੀ ਖੰਡ ਦੁਨੀਆਂ ਦੀ ਮੰਡੀ ਵਿਚ ਵਿਕਣੋ ਰਹਿ ਗਈ। ਮਿੱਲਾਂ ਬੰਦ ਕਰਨੀਆਂ ਪਈਆਂ, ਕਮਾਦ ਦੇ ਖੇਤ ਸੁੰਨੇ ਹੋ ਗਏ। ਖੰਡ ਮਿਲਾਂ ਦੀ ਗਿਣਤੀ 161 ਤੋਂ ਘਟ ਕੇ 50-60 ਰਹਿ ਗਈ। 1991 ਵਿਚ 71 ਲੱਖ ਟਨ ਖੰਡ ਬਣਾਉਣ ਵਾਲਾ ਕਿਊਬਾ 2015 ਵਿਚ 12 ਲੱਖ ਟਨ ਤੇ ਆ ਗਿਆ। ਕਾਮੇ ਵਿਹਲੇ ਹੋ ਗਏ। ਆਰਥਿਕਤਾ ਡਾਵਾਂ ਡੋਲ ਹੋ ਗਈ। ਫਿਰ ਤੋਂ ਖਾਣ ਪੀਣ ਦੀਆਂ ਵਸਤਾਂ ਵੀ ਦੁਰਲੱਭ ਹੋ ਗਈਆਂ। ਤੇਲ ਜੋ ਰੂਸ ਤੋਂ ਆਉਂਦਾ ਸੀ ਬੰਦ ਹੋ ਗਿਆ। ਇਸ ਤੋਂ ਬਿਜਲੀ ਬਣਦੀ ਸੀ ਉਸ ਦੀ ਵੀ ਵੱਡੀ ਘਾਟ ਆ ਗਈ। ਤੇਲ ਦੀ ਕਮੀਂ ਕਾਰਨ ਜੋ ਥੋੜੀਆਂ ਬਹੁਤ ਬੱਸਾਂ ਕਾਰਾਂ ਚਲਦੀਆਂ ਸਨ, ਨੂੰ ਵੀ ਚਲਾਉਣਾ ਔਖਾ ਹੋ ਗਿਆ। ਪ੍ਰਧਾਨ ਫੀਡਲ ਕਾਸਟਰੋ ਨੇ ਲੋਕਾਂ ਨੂੰ ਕਹਿਣ ਤੋਂ ਪਹਿਲਾਂ ਆਪ ਸਾਇਕਲ ਚੁੱਕ ਲਈ, ਅਪਣੇ ਦਫਤਰ ਵੀ ਸਾਇਕਲ ਤੇ ਜਾਣ ਲੱਗਾ, ਤੇ ਕਿਹਾ ਕਿ ਜਦ ਤੱਕ ਦੁਬਾਰਾ ਤੇਲ ਦਾ ਇੰਤਜ਼ਾਮ ਨਹੀਂ ਹੁੰਦਾ ਸਾਇਕਲ ਹੀ ਸਾਡੀ ਸਵਾਰੀ ਹੋਵੇਗੀ। ਲੋਕਾਂ ਨੂੰ ਐਧਰ ਉਧਰ ਲਿਜਾਣ ਲਈ ਉਂਠ ਗਡੀਆਂ ਬਣਾਈਆਂ, ਇਹ ਵੱਡੇ ਟਰੱਕਾਂ ਤੇ ਬਾਡੀ ਲਾ ਕੇ 300 ਸਵਾਰੀਆਂ ਢੋ ਸਕਣ ਵਾਲੀਆਂ ਬੱਸਾਂ ਸਨ। ਵਿਹਲੇ ਹੋਏ ਕਾਮਿਆਂ ਨੂੰ ਜ਼ਮੀਨ ਵੰਡ ਦਿੱਤੀ ਗਈ ਤੇ ਚੌਲ, ਤੰਬਾਕੂ ਆਦਿ ਬੀਜਣ ਲਈ ਉਤਸ਼ਹਿਤ ਕੀਤਾ। ਕੁਝ ਕੁ ਕੰਮ ਪ੍ਰਾਇਵੇਟ ਕਰ ਕੇ ਲੈਨਿਨ ਦੀ 1920 ਦੀ ਨਵੀਂ ਆਰਥਿਕ ਨੀਤੀ ਵਾਂਗ, ਸਮਾਜਵਾਦ ਨੂੰ ਅੱਗੇ ਤੋਰਨ ਲਈ, ਇੱਕ ਕਦਮ ਪਿੱਛੇ ਜਾਣ ਦਾ ਫੈਸਲਾ ਲਿਆ। ਦੇਸ਼ ਨੂੰ ਲੋੜੀਂਦੀ ਵਿਦੇਸ਼ੀ ਮੁਦਰਾ ਕਮਾਉਣ ਲਈ ਸੈਰ ਸਪਾਟਾ (ਟੂਰਿਜ਼ਮ), ਦਵਾਈਆਂ ਦੀ ਖੋਜ ਆਦਿ ਤੇ ਜਿਆਦਾ ਧਿਆਨ ਦਿੱਤਾ ਜਾਣ ਲੱਗਾ।

ਆਮ ਕਰਕੇ ਕਿਊਬਾ ਦੇ ਲੋਕ ਖੁਸ਼ ਹਨ, ਅਮਰੀਕਾ ਵਲੋਂ ਲਾਈਆਂ ਰੋਕਾਂ ਕਾਰਨ ਆਰਥਿਕਤਾ ਵਿਚ ਮੁਸ਼ਕਲਾਂ ਹਨ, ਕੁਝ ਲੋਕ ਸਰਕਾਰ ਵਲੋਂ ਵੱਡੇ ਹੋਟਲ ਬਣਾਉਣ ਵੱਲ ਧਿਆਨ ਵੱਧ ਅਤੇ ਪੜ੍ਹਾਈ ਵੱਲ ਕੁਝ ਘਟ ਗਿਆ ਮਹਿਸੂਸ ਕਰਦੇ ਹਨ, ਜੋ ਲਗਦਾ ਹੈ ਕਿ ਸਰਕਾਰ ਨੂੰ ਵੀ ਮਹਿਸੂਸ ਹੋ ਰਿਹਾ ਹੋਵੇਗਾ ਅਤੇ ਛੇਤੀ ਇਸ ਵੱਲ ਧਿਆਨ ਦੇਵੇਗੀ।

001 905 781 1197

## ਮਾਵਾਂ ਨਹੀਂ ਜਾਣਦੀਆਂ ਫ਼ੌਜੀ ਪੁੱਤ ਦੀ ਚਿਖ਼ਾ ਨੂੰ

ਮਾਵਾਂ ਨਹੀਂ ਜਾਣਦੀਆਂ
ਫ਼ੌਜੀ ਪੁੱਤ ਦੀ ਚਿਖ਼ਾ ਨੂੰ
ਸਲਾਮ ਕਰਨ ਦੀ ਭਾਵਨਾ ਓਹਲੇ
ਫੈਲਾਇਆ ਜਾਂਦਾ ਭਰਮ ਜਾਲ਼
ਕਿੰਨਾ ਖ਼ਤਰਨਾਕ ਹੁੰਦਾ ਹੈ।

ਸੁਹਾਗ ਜੋੜਾ
ਲੋਹੇ ਦੀ ਕਾਲ਼ੀ ਪੇਟੀ ਵਿੱਚ
ਸਦਾ ਲਈ ਦਫ਼ਨ ਹੋਣ ਤੋਂ ਬਾਅਦ

26 ਜਨਵਰੀ ਦੇ
ਬੈਂਡ ਤੇ ਵੱਜਦੀਆਂ ਧੁਨਾਂ ਦਾ ਮਾਤਮ
ਕਿੰਨਾ ਅਸ਼ਲੀਲ ਹੁੰਦਾ ਹੈ
ਚਿੱਟੀਆਂ ਚੁੰਨੀਆਂ ਦੀ ਨਜ਼ਰ ਵਿੱਚ।

ਖਿਡੌਣਿਆਂ ਨਾਲ ਖੇਡਣ ਦੀ ਉਮਰੇ
ਜ਼ਿੰਮੇਵਾਰੀਆਂ ਦੀ ਪੱਗ ਬੰਨ੍ਹ ਕੇ
ਮਾਸੂਮੀਅਤ ਦਾ ਕਤਲ ਕੀਤਾ ਜਾਣਾ

ਤੇ ਸ਼ਰਾਰਤੀ, ਇੱਲਤੀ ਜਿਹੇ ਲਕਬਾਂ ਦਾ
ਵਿਚਾਰੇ ਸ਼ਬਦ ਨਾਲ
ਵਟਾਂਦਰਾ ਹੋ ਜਾਣਾ
ਕਿੰਨੀ ਖੌਅ ਪਾਉਂਦਾ ਹੈ
ਕੋਮਲ ਹਿਰਦਿਆਂ ਅੰਦਰ।

ਲੱਤਾਂ ਹੇਠੋਂ ਕੰਨ ਫੜ ਕੇ
ਸਕੂਲਾਂ ਦੀ ਚਾਰਦੀਵਾਰੀ ਅੰਦਰ ਕੀਤੀ
ਸਾਲਾਂਬੱਧੀ ਤਪੱਸਿਆ
ਜਦੋਂ ਵਿਅਰਥ ਹੁੰਦੀ ਜਾਪਦੀ ਹੈ
ਬੇਰੁਜ਼ਗਾਰੀ ਦੇ ਦੈਂਤ ਮੂਹਰੇ

ਢਿੱਡ ਦੀ ਅੱਗ
ਬਾਪੂ ਦੀਆਂ ਐਨ੍ਹਕਾਂ
ਬੇਬੇ ਦੀਆਂ ਪੁੜੀਆਂ
ਭੈਣਾਂ ਦੀ ਉਮਰ
ਮਜ਼ਬੂਰ ਕਰ ਦਿੰਦੇ ਹਨ

ਅਪਣੇ ਵਜ਼ਨ ਤੋਂ
ਭਾਰੇ ਬੂਟ ਅਤੇ ਪਿੱਠੂ ਚੁੱਕਣ ਲਈ

ਅਪਣੇ ਕੱਦ ਤੋਂ
ਵੱਡੀ ਬੰਦੂਕ ਚੁੱਕਣ ਲਈ

ਜ਼ਮੀਰ ਨੂੰ ਗਹਿਣੇ ਰੱਖ ਕੇ
ਯੈੱਸ ਸਰ ਦੀ
ਮੁਹਾਰਨੀ ਰੱਟਣ ਲਈ।

ਅਖ਼ਬਾਰਾਂ, ਟੈਲੀਵਿਜ਼ਨ, ਰੇਡੀਓ
ਪਹੁੰਚਦੇ ਹਨ ਸਾਡੇ ਤੱਕ
ਦੇਸ਼ ਭਗਤੀ ਦੇ ਕੰਪ੍ਰੈਸ਼ਰ ਲੈਕੇ

ਅਤੇ
ਸਾਡੀਆਂ ਬੰਦੂਕਾਂ ਵਿੱਚੋਂ
ਨਿੱਕਲੀ ਬੇਰੁਜ਼ਗਾਰੀ
ਕਿਸੇ ਦੇ ਪਰਿਵਾਰ 'ਤੇ
ਕਿਸੇ ਦੇ ਰੋਜ਼ਗਾਰ 'ਤੇ
ਕਿਸੇ ਦੇ ਭਵਿੱਖ 'ਤੇ
ਕਿਸੇ ਦੇ ਸੁਪਨਿਆਂ 'ਤੇ
ਕਹਿਰ ਬਣਕੇ ਟੁੱਟਦੀ ਹੈ।

ਮਾਵਾਂ ਨਹੀਂ ਜਾਣਦੀਆਂ
ਫ਼ੌਜੀ ਪੁੱਤ ਦੀ ਚਿਖ਼ਾ ਨੂੰ
ਸਲਾਮ ਕਰਨ ਦੀ ਭਾਵਨਾ ਓਹਲੇ
ਫੈਲਾਇਆ ਜਾਂਦਾ ਭਰਮ ਜਾਲ
ਕਿੰਨਾ ਖ਼ਤਰਨਾਕ ਹੁੰਦਾ ਹੈ।

-ਗੱਗਬਾਣੀ

ਗੁਰਮੇਲ ਬੀਰੋਕੇ

# ਵੇਲਾਂ ਅਤੇ ਦਰਿਆ



ਕੈਨੇਡਾ ਦੇ ਲੋਕ ਜ਼ਿੰਦਗੀ ’ਚ ਕਈ ਕਈ ਘਰ ਬਦਲ ਦਿੰਦੇ ਹਨ। ਕਈ ਕਈ ਨੌਕਰੀਆਂ ਬਦਲ ਦਿੰਦੇ ਹਨ। ...ਉਦੇਸ਼ ਜਦੋਂ ਕਨੇਡਾ ਆਇਆ ਸੀ, ਉਸ ਨੇ ਵੀ ਪਹਿਲੇ ਛੇ ਕੁ ਸਾਲਾਂ ’ਚ ਤਿੰਨ ਕੁ ਕਿਰਾਏ ਵਾਲੇ ਘਰ ਬਦਲੇ ਤੇ ਚਾਰ-ਪੰਜ ਨੌਕਰੀਆਂ।

ਉਸ ਤੋਂ ਬਾਅਦ ਉਸ ਨੇ ਆਪਣਾ ਘਰ ਲੈ ਲਿਆ। ਤੇ ਪਿਛਲੇ ਦਸ ਸਾਲਾਂ ਤੋਂ ਉੱਥੇ ਹੀ ਬੈਠਾ ਹੈ। ਉਹ ਕਹਿੰਦਾ ਹੁੰਦਾ ਹੈ, “ਕਿ ਘਰ ਬਦਲਣ ਨਾਲ ਬੱਚਿਆਂ ਦਾ ਸਕੂਲ ਵੀ ਬਦਲਣਾ ਪੈਂਦੈ, ਬੱਚਿਆਂ ਦੇ ਦੋਸਤ ਵੀ ਬਦਲ ਜਾਂਦੇ ਨੇ। ...ਇਸ ਕਰਕੇ ਬੱਚਿਆਂ ਦੀ ਅਸੀਂ ਲੋਕ ਕਿਤੇ ਜੜ੍ਹ ਈ ਨ੍ਹੀਂ ਲੱਗਣ ਦਿੰਦੇ...।”

ਉਸ ਦੇ ਨੇੜੇ ਵਾਲੇ ਘਰਾਂ ’ਚ ਕਈ ਲੋਕ ਆਏ ਹਨ ਤੇ ਕਈ ਗਏ ਹਨ, ਪਰ ਉਸ ਨੂੰ ਕੋਈ ਫ਼ਰਕ ਨ੍ਹੀਂ ਪੈਂਦਾ। ਉਹ ਹਰੇਕ ਨਵੇਂ ਆਏ ਗੁਆਂਢੀ ਦਾ ਸਵਾਗਤ ਕਰਦਾ ਹੈ। ਉਸ ਦੇ ਨਾਲ ਵਾਲੇ ਘਰ ’ਚ ਹੁਣ ਤੱਕ ਤਿੰਨ ਪਰਿਵਾਰ ਬਦਲ ਚੁੱਕੇ ਹਨ। ਸਭ ਤੋਂ ਪਹਿਲਾਂ ਵਾਲੇ ਕਾਫ਼ੀ ਮਿਲਣਸਾਰ ਗੋਰਾ ਤੇ ਗੋਰੀ ਸਨ। ਵਧੀਆ ਨੌਕਰੀਆਂ ’ਤੇ ਲੱਗੇ ਹੋਏ ਸਨ। ਗੋਰਾ ਬਹੁਤ ਹੀ ਹਸਮੁਖ ਸੀ। ਉਸ ਜੋੜੀ ਦੇ ਇਸੇ ਘਰ ’ਚ ਪੁੱਤ ਜੰਮਿਆ ਸੀ। ਉਹ ਬੱਚਾ ਤਿੰਨ ਕੁ ਵਰ੍ਹੇ ਉਦੇਸ਼ ਦੇ ਬੱਚਿਆਂ ਨਾਲ ਖੇਡਦਾ ਵੱਡਾ ਹੋਇਆ। ਫਿਰ ਉਹ ਘਰ ਵੇਚ ਕੇ ਚਲੇ ਗਏ। ਹੋਰ ਜੋੜੀ ਆ ਗਈ। ਉਹ ਵੀ ਕੁਛ ਮਹੀਨਿਆਂ ਮਗਰੋਂ ਚਲੀ ਗਈ। ਉਸ ਤੋਂ ਬਾਅਦ ਹੁਣ ਕੋਈ ਹੋਰ ਜੋੜਾ ਬੱਚਿਆਂ ਨਾਲ ਰਹਿੰਦਾ ਹੈ।

ਗੁਆਂਢੀ ਇੱਥੇ ਇੱਕ ਦੂਜੇ ਨਾਲ ਘੁਲ਼ਦੇ ਮਿਲਦੇ ਘੱਟ ਹੀ ਹਨ। ਪਿਛਲੀ ਗਲ਼ੀ ’ਚ ਇੱਕ ਗੋਰਾ ਸਕੂਲ ਅਧਿਆਪਕ ਰਹਿੰਦਾ ਹੁੰਦਾ, ਉਹ ਉਦੇਸ਼ ਦੇ ਪਰਿਵਾਰ ਦੇ ਕਾਫ਼ੀ ਨੇੜੇ ਹੋ ਗਿਆ ਸੀ। ਦੋਨੋਂ ਪਰਿਵਾਰ ਬਹੁਤ ਵਾਰ ‘ਕੱਠੇ ਬਹਿਕੇ ਖਾਣਾ ਖਾ ਲੈਂਦੇ ਸਨ। ਬੱਚੇ ਵੀ ‘ਕੱਠੇ ਖੇਡ ਲੈਂਦੇ ਸਨ। ਕੁਛ ਸਮੇਂ ਬਾਅਦ ਅਧਿਆਪਕ ਦਾ ਪਰਿਵਾਰ ਅਚਾਨਕ ਹੀ ਘਰ ਵੇਚ ਕੇ ਚਲਾ ਗਿਆ। ਉਦੇਸ਼ ਤੇ ਉਸ ਦੀ ਪਤਨੀ ਦੀਪ ਨੇ ਬਹੁਤ ਪਤਾ ਕੀਤਾ ਕਿ ਉਹ ਕਿਧਰ ਗਏ। ਕਈ ਮਹੀਨਿਆਂ ਬਾਅਦ ਪਤਾ ਲੱਗਾ ਕਿ ਅਧਿਆਪਕ ਦੀ ਘਰਵਾਲੀ ਉਸ ਨਾਲ ਰੁੱਸ ਕੇ ਆਪਣੇ ਮਾਂ ਬਾਪ ਕੋਲ ਚਲੀ ਗਈ। ਅਧਿਆਪਕ ਨੇ ਬਹੁਤ ਮਨਾਈ ਪਰ ਨਾ ਮੰਨੀ। ਕਹਿਣ ਲੱਗੀ, “ਜੇ ਤੈਂ ਮੈਨੂੰ ਰੱਖਣੈ ਤਾਂ ਮੇਰੇ ਮਾਪਿਆਂ ਦੇ ਨੇੜੇ ਆਕੇ ਘਰ ਲੈ ਲੈ।” ਫਸਿਆ ਹੋਇਆ ਅਧਿਆਪਕ ਘਰ ਵੇਚ ਕੇ ਆਪਣੀ ‘ਅੜੀਅਲ’ ਪਤਨੀ ਦੇ ਮਾਪਿਆਂ ਕੋਲ ਰਹਿਣ ਲੱਗ ਪਿਆ।

ਕਨੇਡਾ ਦਾ ਸਮਾਜਿਕ ਤਾਣਾ ਬਾਣਾ ਭਾਰਤੀ ਸਮਾਜ ਨਾਲੋਂ ਬਿਲਕੁਲ ਵੱਖਰਾ ਹੈ। ਉੱਥੇ ਤਾਂ ਸਾਰੀ ਉਮਰ ਉਹੀ ਗੁਆਂਢੀ ਰਹਿੰਦੇ ਹਨ। ਖਾਸ ਕਰਕੇ ਪਿੰਡਾਂ ’ਚ ਤਾਂ ਲੋਕ ਘਰ ਵੀ ਬਹੁਤ ਘਟ ਬਦਲਦੇ ਹਨ। ਪੰਜਾਬ ਵਾਲੇ ਕਈ ਆਂਢੀ ਗੁਆਂਢੀ ਤਾਂ ਉਦੇਸ਼ ਦੇ ਹਾਲੇ ਵੀ ਯਾਦ ਸਨ। ਉਨ੍ਹਾਂ ’ਚ ਗੁਆਂਢਣ ‘ਬਾਂਗਰੋ ਤਾਈ’ ਕਦੇ ਵੀ ਨਹੀਂ ਭੁੱਲਣੀ। ਨਿੱਕੇ ਹੁੰਦੇ ਉਦੇਸ਼ ਦੇ ਕਿਸੇ ‘ਅਲਰਜੀ’ ਕਾਰਨ ਖੁਰਕ ਉੱਠ ਪੈਣੀ। ਵੱਡੇ ਵੱਡੇ ਧੱਫੜ ਹੋ ਜਾਣੇ। ਉਸ ਦੀ ਮਾਂ ਉਸ ਨੂੰ ਬਾਂਗਰੋ ਕੋਲੇ ਲੈ ਜਾਂਦੀ। ਕਈਆਂ ਦਾ ਇਹ ਮੰਨਣਾ ਸੀ ਕਿ ਬਾਂਗਰੋ ਦੇ ਪਿੰਡ ਵਾਲਿਆਂ ਦੇ ‘ਹੱਥ-ਜੱਸ’ ਹੈ ਕਿ ਜੇ ਉਹ ਖੁਰਕ ਵਾਲੇ ਪਿੰਡੇ ’ਤੇ ਹੱਥ ਫੇਰ ਦੇਣ ਤਾਂ ਖੁਰਕ ਹਟ ਜਾਂਦੀ ਹੈ। ਬਾਂਗਰੋ ਤਾਈ ਉਸ ਦੇ ਸਾਰੇ ਪਿੰਡੇ ’ਤੇ ਖੁਰਦਰਾ ਜਿਹੇ ਹੱਥ ਜਿਉਂ ਫੇਰਨ ਲਗਦੀ ਤੇ ਖਾਸਾ-ਖਾਸਾ ਚਿਰ ਹਟਦੀ ਹੀ ਨਾ। ਉਸ ਦੇ ਹੱਥਾਂ ਨਾਲ ਉਦੇਸ਼ ਨੂੰ ਵੀ ਅਰਾਮ ਜਿਹਾ ਆਉਂਦਾ, ਉਹ ਵੀ ਚੁੱਪ ਕਰਕੇ ਝੱਗਾ ਚੁੱਕ ਕੇ ਖੜ੍ਹਾ ਰਹਿੰਦਾ।

ਉਦੇਸ਼ ਦੇ ਪਿੰਡ ਉਨ੍ਹਾਂ ਦਾ ਗੁਆਂਢੀ ਇੱਕ ਛੜਾ ਪੈਂਨਸ਼ਨੀਆਂ ਫੌਜੀ ਹੁੰਦਾ ਸੀ। ਉਹ ਖੱਬੇ ਪੱਖੀ ਸੁਭਾਅ ਦਾ ਮਾਲਕ ਸੀ। ‘ਵਲੰਟੀਅਰ’ ਕੰਮ ਬਹੁਤ ਕਰਦਾ ਸੀ। ਸਾਰੀ ਗਲ਼ੀ, ਮਹੱਲੇ ਦੀਆਂ ਨਾਲੀਆਂ ਉਹ ਸਾਫ਼ ਕਰ ਦਿੰਦਾ ਤੇ ਨਾਲ ਹੀ ਲੋਕਾਂ ਨੂੰ ਗਾਲ਼ਾਂ ਵੀ ਕੱਢੀਂ ਜਾਂਦਾ, “ਇਨ੍ਹਾਂ ਲੋਗਾਂ ਕੋ ਸਾਫ਼-ਸਫ਼ਾਈ ਕਾ ਢੰਗ ਈ ਨ੍ਹੀਂ ਆਤਾ...।”

ਇੱਕ ਗੁਆਂਢੀ ਹੋਰ ਹੁੰਦਾ ਸੀ। ਉਸ ਨੂੰ ਲੋਕ ‘ਗਿਆਨੀ’ ਕਹਿਕੇ ਸੱਦਦੇ ਹੁੰਦੇ। ਉਹ ਧਾਰਮਿਕ ਵਿਚਾਰਾਂ ਦਾ ਮਾਲਕ ਸੀ। ਉਹ ਦੇਸ਼ ਦੀ ਅਜ਼ਾਦੀ ਦੀ ਲੜਾਈ ਵੇਲੇ ਕਈ ਵਾਰ ਜੇਲ੍ਹ ਵੀ ਗਿਆ ਸੀ ਤੇ ਮਰਜੀਵੜਿਆਂ ਦੇ ਜਥੇ ’ਚ ਸ਼ਾਮਿਲ ਵੀ ਹੋਇਆ ਸੀ। ਉਹਦੇ ਜਥੇ ਦੇ ਸਾਰੇ ਆਦਮੀ ਮਰ ਗਏ ਸਨ ਪਰ ਕੁਦਰਤੀ ਉਹ ਬਚ ਗਿਆ ਸੀ। ਗਿਆਨੀ ਵੀ ਪਿੰਡ ਦੇ ਬਹੁਤ ਸਾਰੇ ਸਾਂਝੇ ਕੰਮ ਕਰਦਾ ਸੀ। ਗਿਆਨੀ ਤੇ ਫੌਜੀ ਦਾ ਇੱਟ ਕੁੱਤੇ ਦਾ ਵੈਰ ਸੀ।...ਉਹੋ ਜਿਹੇ ਗੁਆਂਢੀ ਤਾਂ ਕਨੇਡਾ ’ਚ ਕਿਥੇ ਲੱਭਦੇ ਹਨ।

ਜ਼ਿੰਦਗੀ ਇੱਕ ਵੇਲ ਵਾਂਗਰ ਹੈ। ਵੇਲ ਵਾਂਗ ਵਧਦੀ ਹੈ। ਵੇਲ ਵਾਂਗ ਫੈਲਦੀ ਹੈ। ਇਸ ਨੂੰ ਧਰਤੀ ’ਤੇ ਵਿਛੀ ਹੋਈ ਨੂੰ ਉਤਨਾ ਜ਼ਿਆਦਾ ਫਲ਼ ਨਹੀਂ ਲਗਦਾ ਜਿੰਨਾ ਕਿਸੇ ਸਹਾਰੇ ਉੱਤੇ ਚੜ੍ਹ ਕੇ ਲੱਗਦਾ ਹੈ। ਆਂਢ ਗੁਆਂਢ ਤੇ ਮਿੱਤਰ ਵੇਲੀ ਜ਼ਿੰਦਗੀ ਦੀ ਵੇਲ ਦਾ ਸਹਾਰਾ ਹੁੰਦੇ ਨੇ। ਇਹ ਜ਼ਿੰਦਗੀ ਦਾ ਝਾੜ ਵਧਾਉਂਦੇ ਹਨ।

ਸਮਾਜ ਇੱਕ ਵਗਦਾ ਦਰਿਆ ਹੈ। ਇਸ ਦੇ ਦੋ ਕਿਨਾਰੇ ਹਨ। ਇੱਕ ਖੱਬਾ ਕਿਨਾਰਾ ਤੇ ਦੂਜਾ ਸੱਜਾ ਕਿਨਾਰਾ। ਸਭ ਵੇਲਾਂ ਕਿਨਾਰਿਆਂ ’ਤੇ ਉੱਗੀਆਂ ਹਨ। ਕਿਨਾਰੇ ਕਦੇ ਮਿਲਦੇ ਨਹੀਂ ਹੁੰਦੇ। ਖੱਬੇ ਕਿਨਾਰੇ ਵਾਲੀਆਂ ਵੇਲਾਂ ਖੱਬੇ ਪੱਖੀ ਹਨ ਤੇ ਸੱਜੇ ਵਾਲੀਆਂ ਸੱਜੇ ਪੱਖੀ। ਇਹ ਦੋਨੋਂ ਤਰ੍ਹਾਂ ਦੀਆਂ ਵੇਲਾਂ ਇੱਕ ਦੂਜੇ ਤੋਂ ਮਹਾਨ ਨਹੀਂ ਹਨ। ਮਹਾਨ ਤਾਂ ਉਹ ਵੇਲਾਂ ਨੇ ਜਿਹੜੀਆਂ ਦਰਿਆ ਦੇ ਵਿਚਕਾਰ ਡੂੰਘੇ ਪਾਣੀਆਂ ’ਚ ਉੱਗਦੀਆਂ ਨੇ। ਉਹ ਟਾਂਵੀਂਆਂ-ਟਾਂਵੀਂਆਂ ਹੀ ਹੁੰਦੀਆਂ ਨੇ। ਉਹ ਦੋਹਾਂ ਕਿਨਾਰਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ, ਪਰ ਦੋਨੋਂ ਕਿਨਾਰਿਆਂ ’ਤੇ ਉੱਗੀਆਂ ਵੇਲਾਂ ਡੂੰਘੇ ਪਾਣੀ ਵਾਲੀਆਂ ਵੇਲਾਂ ਨੂੰ ਖ਼ਤਮ ਕਰ ਦਿੰਦੀਆਂ ਹਨ। ...ਇੱਕ ਦਿਨ ਜ਼ਰੂਰ ਆਵੇਗਾ ਜਦ ਪਾਣੀ ਦੀਆਂ ਲਹਿਰਾਂ ’ਚ ਉੱਗੀਆਂ ਵੇਲਾਂ ਪੁਲ਼ ਬਣ ਕੇ ਦੋਹਾਂ ਕਿਨਾਰਇਆਂ ਨੂੰ ਮੇਲ਼ ਦੇਣਗੀਆਂ...।

ਉਦੇਸ਼ ਦੇ ਸਾਹਮਣੇ ਘਰ ’ਚ ਇੱਕ ਨਰਸ ਰਹਿੰਦੀ ਹੁੰਦੀ। ਚੰਗੀ ਸੀ, ਮਿਲਣਸਾਰ। ਉਦੇਸ਼ ਕਈ ਵਾਰ ਉਸ ਕੋਲ ਖੜ੍ਹਕੇ ਗੱਲਬਾਤ ਕਰ ਲੈਂਦਾ ਤੇ ਦੀਪ ਵੀ।... ਅਚਾਨਕ ਇੱਕ ਦਿਨ ਦੀਪ ਕਹਿਣ ਲੱਗੀ, “ਸਾਹਮਣੇ ਆਲ਼ੀ ਗੋਰੀ ਨਰਸ ਨਾਲ ਗੱਲ ਨਾ ਕਰਿਆ ਕਰੋ।” ਉਦੇਸ਼ ਹੈਰਾਨ ਹੋਇਆ, “ਕਿਉਂ, ਕੀ ਹੋਗਿਆ?” ਦੀਪ ਕੁਛ ਨਾ ਬੋਲੀ। ਉਹ ਕਈ ਦਿਨ ਪੁੱਛਦਾ ਰਿਹਾ ਕਿ ਦੱਸ ਤਾਂ ਸਹੀ ਨਰਸ ਨੇ ਕੀ ਮਾੜਾ ਕਰ ਦਿੱਤਾ? ...ਕਾਫ਼ੀ ਦਿਨਾਂ ਮਗਰੋਂ ਉਹ ਦੱਸਣ ਲੱਗੀ ਕਿ ਨਰਸ ਦੇ ਨਾਲ ਲਗਵੇਂ ਘਰ ’ਚ ਰਹਿੰਦੇ ਪੰਜਾਬੀਆਂ ਦਾ ਮੁੰਡਾ, ਗਰਾਜ ’ਚ ਉਹਦੀਆਂ ਪੱਪੀਆਂ...।

ਆਂਢ- ਗੁਆਂਢ ਮਿਲ ਕੇ ਭਾਈਚਾਰਾ ਬਣਦਾ ਹੈ। ਵਧੀਆ ਗੁਆਂਢ ਤੇ ਭਾਈਚਾਰਾ ਜੁੜ ਕੇ ਸਮਾਜਿਕ ਸੰਕਟਾਂ ਦਾ ਮੁਕਾਬਲਾ ਕਰ ਸਕਦਾ ਹੈ। ਸਮਾਜਿਕ ਜੁਰਮ ਘਟਾਏ ਜਾ ਸਕਦੇ ਨੇ। ਬੱਚਿਆਂ ਦਾ ਭਵਿੱਖ ਉੱਜਵਲ ਬਣਾਇਆ ਜਾ ਸਕਦਾ ਹੈ। ਕਨੇਡਾ ’ਚ ਆਂਢ- ਗੁਆਂਢ ਦੀ ਕਾਫ਼ੀ ਮਹੱਤਤਾ ਹੈ। ਇੱਥੇ ਬਹੁਤ ਸਾਰੀਆਂ ਆਂਢ- ਗੁਆਂਢ ਸੰਸਥਾਵਾਂ ਚੱਲਦੀਆਂ ਹਨ। ‘ਬਲੌਕ ਵਾਚ’ ਨਾਂ ਦੇ ਪ੍ਰੋਗਰਾਮ ਵੀ ਚੱਲਦੇ ਹਨ। ਇਹਨਾਂ ਦਾ ਮੁੱਖ ਕੰਮ ਹੈ ਸਮਾਜ ’ਚ ਹੁੰਦੇ ਜੁਰਮਾਂ ਨੂੰ ਰੋਕਣਾ, ਸਾਰੇ ਲੋਕਾਂ ਨੂੰ ਚੰਗੇ ਪਾਸੇ ਤੋਰਨਾ ਤੇ ਚੰਗੇ ਆਂਢ- ਗੁਆਂਢ ਨੂੰ ਉਸਾਰ ਕੇ ਇੱਕ ਵਧੀਆ ਸਮਾਜ ਬਣਾਉਣਾ।

ਗੁਆਂਢ ਇਕੱਠੇ ਰਹਿਣਾ ਸਿਖਾਉਂਦਾ ਹੈ। ਗੁਆਂਢੀ ਰਾਤ- ਬਰਾਤੇ ਵੀ ਗੁਆਂਢੀ ਦੇ ਕੰਮ ਆ ਸਕਦਾ ਹੈ। ਗੁਆਂਢੀ, ਗੁਆਂਢੀ ਵਾਸਤੇ ਹਰਜਾ ਵੀ ਝੱਲ ਜਾਂਦਾ ਹੈ। ਗੁਆਂਢੀ ਤੋਂ ਬਿਨਾਂ ਕਿਸੇ ਖਰਚੇ ਤੋਂ ਕੰਮ ਲਿਆ ਜਾ ਸਕਦਾ ਹੈ। ਆਂਢ- ਗੁਆਂਢ ਮਿਲ ਕੇ ਚੁਗਿਰਦੇ ਦੀ ਸਾਂਭ ਕਰ ਸਕਦਾ ਹੈ। ਤੇ ਸਾਫ਼- ਸਫ਼ਾਈ ਕਰ ਸਕਦਾ ਹੈ। ਆਂਢ-ਗੁਆਂਢ ’ਚ ਹੁੰਦੀਆਂ ਗਤੀਵਿਧੀਆਂ ’ਤੇ ਸਰਕਾਰੀ ਕਾਨੂੰਨ ਨਹੀਂ ਲਾਗੂ ਹੁੰਦੇ। ਆਂਢ- ਗੁਆਂਢ ’ਚ ਜੰਮੇ ਬੱਚੇ ਅਤੇ ਵਿਆਹਾਂ ਸਾਦੀਆਂ ’ਚ ਹੁੰਦੇ ਇਕੱਠ ਸਰਕਾਰੀ ਦਖਲ-ਅੰਦਾਜ਼ੀ ਤੋਂ ਪਰ੍ਹਾਂ ਹੁੰਦੇ ਨੇ।

ਕਨੇਡਾ ’ਚ ਨਵੇਂ ਆਏ ਲੋਕ ਆਪਣਿਆਂ ਕੋਲ ਹੀ ਆਉਂਦੇ ਹਨ। ਉਹ ਪਹਿਲਾਂ ਬਣੇ ਹੋਏ ਰਾਹਾਂ ’ਤੇ ਹੀ ਤੁਰਦੇ ਹਨ। ਆਪਣੇ ਆਪਣਿਆਂ ਨੂੰ ਹੀ ਸਾਂਭਦੇ ਹਨ। ਜਦ ਨਵੇਂ ਆਇਆਂ ਦੇ ਖੰਭ ਆ ਜਾਂਦੇ ਹਨ ਤਾਂ ਉਹ ਹੋਰ ਥਾਵਾਂ ’ਤੇ ਉਡਾਰੀਆਂ ਮਾਰ ਜਾਂਦੇ ਹਨ। ਬਹੁਤੀ ਵਾਰ ਦੇਖਣ ’ਚ ਆਇਆ ਹੈ ਕਿ ਭਾਰਤੀ ਲੋਕ ਇੱਥੇ ਆਕੇ ਵੀ ਇਕ ਦੂਜੇ ਨਾਲ ‘ਭਾਰਤੀ ਸਟਾਈਲ’ ਲੜਾਈ ਲੜਦੇ ਹਨ। ਗਾਲ਼ਾਂ ਕੱਢਦੇ ਹਨ। ਘਸੁੰਨ ਮੁੱਕੇ ਜੜਦੇ ਹਨ। ਇੱਥੋਂ ਤੱਕ ਵੀ ਦੇਖਣ ਨੂੰ ਮਿਲ ਜਾਂਦਾ ਹੈ ਕਿ ਪੰਜਾਬੀ ਔਰਤਾਂ ਮਰਦਾਂ ਵਾਂਗ ‘ਮਾਂਵਾਂ ਭੈਣਾਂ’ ਦੀਆਂ ਗਾਲ਼ਾਂ ਦੀਆਂ ਝੜੀਆਂ ਵੀ ਲਾਉਂਦੀਆਂ ਹਨ।

ਭਾਰਤੀ ਲੋਕ ਆਂਢ- ਗੁਆਂਢ ਦੀ ਰੀਸ ਬਹੁਤ ਕਰਦੇ ਹਨ। ਰੀਸ ਕਰਨਾ ਮਾੜੀ ਗੱਲ ਨਹੀਂ ਹੈ। ਰੀਸ ਕਰਕੇ ਤਰੱਕੀ ਕੀਤੀ ਜਾ ਸਕਦੀ ਹੈ। ਸਿੱਧੇ ਰਸਤੇ ਤੁਰਿਆ ਜਾ ਸਕਦਾ ਹੈ। ਪਰ ਇਹ ਲੋਕ ਗੁਆਂਢੀ ਦੇ ਘਰ ਮਹਿੰਗੀ ਚੀਜ਼ ਦੇਖ ਕੇ, ਪਹਿਲਾਂ ਤਾਂ ਅੰਦਰੇ ਅੰਦਰ ਕੁੜ੍ਹਦੇ ਹਨ, ਫਿਰ ਅੱਡੀਆਂ ਚੁੱਕ ਕੇ, ਔਖੇ ਹੋਕੇ, ਉਹੀ ਚੀਜ਼ ਖਰੀਦਦੇ ਹਨ। ਫਿਰ ‘ਦੇਹ ਸ਼ਿਫ਼ਟ ਤੇ ਸ਼ਿਫ਼ਟ’ ਤੇ ‘ਲੈ ਸ਼ਿਫ਼ਟ ਤੇ ਸ਼ਿਫ਼ਟ’, ਬੱਸ ਫਿਰ ਘਰ ਨਹੀਂ ਵੜਦੇ...। ਅਖੀਰ ਨੂੰ ਬਹੁਤ ਕੁਛ ਗੁਆ ਬਹਿੰਦੇ ਹਨ।

ਮੈਕਲੀਨਜ ਮੈਗਜ਼ੀਨ ਲਿਖਦਾ ਹੈ ਕਿ 30 ਪ੍ਰਤੀਸ਼ਤ ਕਨੇਡੀਅਨ ਕਹਿੰਦੇ ਹਨ ਕਿ ਉਹ ਆਪਣੇ ਗੁਆਂਢੀਆਂ ਨਾਲੋਂ ਟੁੱਟ ਗਏ ਹਨ। ਤੇ ਅੱਧੇ ਅਮਰੀਕਨ ਮੰਨਦੇ ਨੇ ਕਿ ਉਹ ਗੁਆਂਢੀਆਂ ਦੇ ਨਾਂ ਨਹੀਂ ਜਾਣਦੇ। ਇਹ ਸਾਰਾ ਕੁਛ ਜ਼ਿਆਦਾ ਸਮਾਂ ਕੰਮਾਂ ’ਤੇ ਰਹਿਣ ਕਰਕੇ ਹੋ ਰਿਹਾ ਹੈ। ਇਹਨਾਂ ਦੂਰੀਆਂ ਦਾ ਮੁੱਖ ਕਾਰਨ ਆਰਥਿਕਤਾ ਹੈ।

ਮਾਂਟਰੀਅਲ ਦੀ ਮਨੋਵਿਗਿਆਨੀ ਸੂਜ਼ਨ ਪਿੰਕਰ ਕਹਿੰਦੀ ਹੈ ਕਿ ਇਨਸਾਨ ਨੂੰ ਇਨਸਾਨ ਨਾਲ ਆਹਮੋ ਸਾਹਮਣੇ ਦਾ ਸੰਪਰਕ ਹਵਾ ਤੇ ਪਾਣੀ ਜਿੰਨਾ ਲਾਜ਼ਮੀ ਹੈ। ਵੱਧ ਦੋਸਤਾਂ ’ਚ ਘਿਰਿਆ, ਵੱਧ ਗੱਲਾਂ ਬਾਤਾਂ ਕਰਨ ਵਾਲਾ, ਤੇ ਮਿੱਤਰਾਂ ’ਚ ਬਹਿਕੇ ਖਾਣਾ ਖਾਣ ਵਾਲਾ ਮਨੁੱਖ ਲਗਭਗ 15 ਸਾਲ ਤੱਕ ਵੱਧ ਜਿਊਂਦਾ ਹੈ। ਉਹ ਲਿਖਦੀ ਹੈ ਕਿ ਖੋਜਾਂ ਦੱਸਦੀਆਂ ਨੇ, ਮਨੁੱਖ ਦਾ ਮਨੁੱਖਾਂ ਦੇ ਵੱਧ ਸੰਪਰਕ ’ਚ ਰਹਿਣ ਨਾਲ ਇਮੂਨ ਸਿਸਟਮ (੍ਹਠਠਚਅਕ ਛਖਤਵਕਠ) ਮਜ਼ਬੂਤ ਹੁੰਦਾ ਹੈ, ਹਾਰਮੋਨ ਦਾ ਪੱਧਰ ਸਥਿਰ ਰਹਿੰਦਾ ਹੈ ਤੇ ਬਿਮਾਰੀਆਂ ਤੋਂ ਬਚਣ ਦੀ ਸ਼ਕਤੀ ਵਧਦੀ ਹੈ। ਦਿਮਾਗੀ ਰੋਗ ਲੱਗਣ ਦਾ ਖ਼ਤਰਾ ਘਟਦਾ ਹੈ। ਇਸ ਨੂੰ ਸਮਾਜਿਕ ਰੋਗ ਪ੍ਰਤਿਰੋਧ ਪ੍ਰਨਾਲੀ (ਇਮੂਨ ਸਿਸਟਮ) ਕਿਹਾ ਜਾ ਸਕਦਾ ਹੈ।

ਇਨਸਾਨ ਇਨਸਾਨ ਦੇ ਨਾਲ ਪਹਿਲਾਂ ਨਜ਼ਰਾਂ ਰਾਹੀਂ ਮਿਲਦਾ ਹੈ। ਉਸ ਤੋਂ ਅੱਗੇ ਜ਼ੁਬਾਨ ਸਾਂਝੀ ਹੁੰਦੀ ਹੈ। ਬਾਕੀ ਸਭ ਉਸ ਤੋਂ ਮਗਰੋਂ...। ਗੱਲਾਂ ਕਿਹੋ ਜਿਹੀਆਂ ਵੀ ਹੋ ਸਕਦੀਆਂ ਹਨ ਜਿਹੜੀਆਂ ਮਨੁੱਖ ਨੂੰ ਮਨੁੱਖ ਨਾਲ ਜੋੜ ਸਕਦੀਆਂ ਨੇ। ਗੱਲਾਂ ਮੌਸਮ ਦੀਆਂ ਹੋ ਸਕਦੀਆਂ ਨੇ, ਬੱਚਿਆਂ ਦੀਆਂ ਹੋ ਸਕਦੀਆਂ ਨੇ, ਸਕੂਲਾਂ ਦੀਆਂ ਹੋ ਸਕਦੀਆਂ ਨੇ, ਤੇ ਉਸ ਤੋਂ ਅੱਗੇ ਖੇਡਾਂ ਦੀਆਂ ਤੇ ਫ਼ਿਲਮਾਂ ਦੀਆਂ ਗੱਲਾਂ ਵੀ ਹੋ ਸਕਦੀਆਂ ਹਨ।

ਅੱਜ ਕਨੇਡਾ ’ਚ ‘ਟਾਊਨ ਹਾਊਸ’ ਤੇ ‘ਕੰਡੋਮੀਨੀਅਮ ਕੰਪਲੈਕਸ’ ਬਣ ਰਹੇ ਹਨ। ਜਿੱਥੇ ਗੁਆਂਢੀ ਦਾ ਗੁਆਂਢੀ ਦੇ ਮੋਢੇ ਨਾਲ ਮੋਢਾ ਖਹਿੰਦਾ ਰਹਿੰਦਾ ਹੈ। ਪਰ ਫਿਰ ਵੀ ਉਹ ਇੱਕ ਦੂਜੇ ਤੋਂ ਦੂਰ ਹਨ। ਇਸ ਦੇ ਬਹੁਤ ਸਾਰੇ ਕਾਰਨ ਹਨ। ਮਨੁੱਖਤਾ ਬਹੁਤ ਸਾਰੇ ਗਰੁੱਪਾਂ ’ਚ ਵੰਡੀ ਪਈ ਹੈ। ਇਸ ਗਰੁੱਪ-ਬਾਜ਼ੀ ਦਾ ਮਨੁੱਖਤਾ ਨੂੰ ਹੀ ਨੁਕਸਾਨ ਹੈ। ਮਨੁੱਖ ਦੀ ਹੀ ਜਾਨ ਔਖੀ ਹੋ ਰਹੀ ਹੈ। ਦੂਜੇ ਪਾਸੇ ਥੋੜ੍ਹੇ ਜਿਹੇ ਲੋਕਾਂ ਨੂੰ ਇਸ ਦਾ ਫ਼ਾਇਦਾ ਪਹੁੰਚ ਰਿਹਾ ਹੈ। ਫ਼ਾਇਦਾ ਲੈਣ ਵਾਲੇ ਕਾਰਪੋਰੇਟਵਾਦੀ ਲੋਕ ਹਨ, ਸਿਆਸਤਦਾਨ ਹਨ ਤੇ ਕਾਫ਼ੀ ਸਾਰੇ ਧਾਰਮਿਕ ਨੇਤਾ ਵੀ ਹਨ।

ਅੱਜ ਦਾ ‘ਡਿਜੀਟਲ ਜ਼ਮਾਨਾ’ ਵੀ ਮਨੁੱਖ ਨੂੰ ਮਨੁੱਖ ਤੋਂ ਦੂਰ ਕਰ ਰਿਹਾ ਹੈ। ਲੋਕ ਫ਼ੋਨਾਂ ਉੱਤੇ ਅਤੇ ਕੰਪਿਊਟਰ ਉੱਤੇ ਲਿਖ ਕੇ ਗੱਲਾਂ ਕਰ ਰਹੇ ਹਨ। ਇੱਥੋਂ ਤੱਕ ਦੇਖਣ ’ਚ ਆਉਂਦਾ ਹੈ ਕਿ ਹਰ ਬੱਸ ਅੱਡੇ ਜਾਂ ਹੋਰ ਸਾਂਝੀ ਥਾਂ ’ਤੇ ਲੋਕ ਆਪੋ ਆਪਣੇ ‘ਇਲੈੱਕਟ੍ਰਾਨਿਕ’ ਉਪਕਰਨਾਂ ਨਾਲ ਜੁੜੇ ਹੁੰਦੇ ਹਨ। ਉਹ ਸਾਹਮਣੇ ਖੜ੍ਹੇ ਇਨਸਾਨਾਂ ਤੋਂ ਕੋਹਾਂ ਦੂਰ ਹੁੰਦੇ ਨੇ।

ਅੱਜ ਹਰ ਕੰਮ ‘ਆਨਲਾਈਨ’ ਹੋ ਰਿਹਾ ਹੈ। ਘਰੋਂ ਨਿਕਲਣ ਦੀ ਜ਼ਰੂਰਤ ਹੀ ਨਹੀਂ। ਬੰਦੇ ਦਾ ਬੰਦੇ ਨਾਲ ਸਾਹਮਣਾ ਬਹੁਤ ਘਟਦਾ ਜਾ ਰਿਹਾ ਹੈ। ਖਰੀਦੋ-ਫਰੋਖ਼ਤ ਵੀ ‘ਆਨਲਾਈਨ’ ਹੋ ਰਹੀ ਹੈ। ਦੁਨੀਆ ਦੀ ਹਰ ਸ਼ੈਅ ਵਿਕ ਰਹੀ ਹੈ।

ਇਨਸਾਨ ‘ਕੱਲਾ ’ਕੱਲਾ ਹੋ ਰਿਹਾ ਹੈ। ਇਸ ਦਾ ਇਕੱਲਤਾ ਦਾ ਕਾਰਨ ਨਿੱਜਤਾ ਅਤੇ ਪਰਦਾ ਵੀ ਹੈ। ਅੱਜ ਹਰ ਕੋਈ ‘ਪ੍ਰਾਈਵੇਸੀ’ ਚਾਹੁੰਦਾ ਹੈ। ‘ਪ੍ਰਾਈਵੇਸੀ’ ਦਾ ਫਾਇਦਾ ਵੀ ਕਾਰਪੋਰੇਟਵਾਦ ਨੂੰ ਹੋ ਰਿਹਾ ਹੈ। ਉਨ੍ਹਾਂ ਦਾ ਵੱਧ ਮਾਲ ਵਿਕ ਰਿਹਾ ਹੈ।

ਮਨੁੱਖ ਕੰਮ ’ਤੇ ਜਾਂਦਾ ਹੈ ਤੇ ਘਰ ਆ ਜਾਂਦਾ ਹੈ। ਖਾ-ਪੀ ਲੈਂਦਾ ਹੈ। ਸੌਂ ਜਾਂਦਾ ਹੈ। ਤੇ ਫਿਰ ਕੰਮ ’ਤੇ ਚਲਾ ਜਾਂਦਾ ਹੈ। ਤੇ ਬੱਸ... ਕੋਹਲੂ ਚੱਲ ਰਿਹਾ ਹੈ। ਬਲ਼ਦ ਤੁਰ ਰਿਹਾ ਹੈ। ਤੇਲ ਨਿਕਲ ਰਿਹਾ ਹੈ। ...ਪਹਿਲਾਂ ਲੋਕ ਦੇਖਦੇ ਸਨ ਕਿ ਗੁਆਂਢੀ ਕਿਹੋ ਜਿਹੇ ਹਨ। ਅੱਜ ਜਦ ਗੁਆਂਢੀਆਂ ਨਾਲ ਕੋਈ ਰਾਬਤਾ ਹੀ ਨਹੀਂ ਤਾਂ ਚੰਗੇ ਮਾੜੇ ਗੁਆਂਢ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹੁਣ ਤਾਂ ਪੰਜਾਬੀ ਦੀ ਇਹ ਲੋਕ ਬੋਲੀ ਵੀ ਸਮਾਜ ’ਤੇ ਢੁਕਦੀ ਨਹੀਂ;

“ਚੰਦਰਾ ਗੁਆਂਢ ਨਾ ਹੋਵੇ
ਲਾਈਲੱਗ ਨਾ ਹੋਵੇ ਘਰਵਾਲਾ...”

ਸਾਡੇ ਕਈ ਭਾਰਤੀ ਲੋਕ ਕਹਿ ਦਿੰਦੇ ਹਨ ਕਿ ਅਸੀਂ ਭਾਰਤੀ ਲੋਕਾਂ ਦੇ ਗੁਆਂਢ ’ਚ ਘਰ ਨਹੀਂ ਲੈਣਾ। ਇਸ ਦੇ ਬਹੁਤ ਸਾਰੇ ਕਾਰਨ ਹਨ। ਸਾਡੇ ਲੋਕ ਗੋਰਿਆਂ ’ਚ ਰਹਿੰਦੇ ਜ਼ਰੂਰ ਨੇ ਪਰ ਇਹਨਾਂ ਵਰਗੇ ਬਣੇ ਨਹੀਂ ਹਨ। ਸ਼ਾਇਦ ਕਦੇ ਬਣ ਵੀ ਨਹੀਂ ਸਕਣੇ। ਸਾਡੇ ਲੋਕਾਂ ਨੂੰ ਅੱਖਾਂ ਪਾੜ ਪਾੜ ਕੇ ਝਾਕਣ ਦੀ ਪੁੱਠੀ ਰਵਿੱਦ ਹੈ, ਜਿਵੇਂ ਕਦੇ ਤੀਵੀਂਆਂ ਜਾਂ ਬੰਦੇ ਨਾ ਦੇਖੇ ਹੋਣ, ਇਸ ਤਰ੍ਹਾਂ ਦੇਖਦੇ ਹੁੰਦੇ ਨੇ। ਬਹੁਤ ਸਾਰੀ ਤਹਿਜ਼ੀਬ ਸਾਡੇ ਲੋਕਾਂ ਕੋਲ ਨਹੀਂ ਹੈ। ਜਿੱਥੇ ਭਾਰਤੀ ਰਹਿਣ ਲੱਗ ਜਾਣ ਉੱਥੋਂ ਗੋਰੇ ਘਰ ਵੇਚ ਕੇ ਹੋਰਾਂ ਥਾਵਾਂ ’ਤੇ ਜਾਣ ਲੱਗ ਜਾਂਦੇ ਹਨ।

ਉਦੇਸ਼ ਨੇ ਵੀ ਘਰ ਗੋਰਿਆਂ ’ਚ ਲਿਆ ਸੀ, ਪਰ ਛੇ- ਸੱਤ ਸਾਲਾਂ ’ਚ ਭਾਰਤੀ ਲੋਕਾਂ ਦੀ ਗਿਣਤੀ ਵਧ ਗਈ ਤੇ ਗੋਰਿਆਂ ਦੀ ਘਟ ਗਈ। ਉਸ ਦਾ ਇੱਕ ਪੁਰਾਣਾ ਗੁਆਂਢੀ ਗੋਰਾ ਪਰਿਵਾਰ ਹੈ। ਉਹ ਜੋੜੀ ਵਧੀਆ ਨੌਕਰੀਆਂ ਕਰਦੀ ਹੈ। ਉਦੇਸ਼ ਤੇ ਦੀਪ ਉਨ੍ਹਾਂ ਨਾਲ ਬਹਿਕੇ ਬਹੁਤ ਵਾਰ ਖਾਣਾ ਖਾ ਲੈਂਦੇ ਹਨ। ਬੱਚੇ ਵੀ ਇਕੱਠੇ ਖੇਡ ਲੈਂਦੇ ਹਨ। ਗੋਰੇ ਪਰਿਵਾਰ ਨੂੰ ਉਨ੍ਹਾਂ ਨੇ ਪੰਜਾਬੀ ਸਟਾਈਲ ਸਭ ਕੁਝ ਖਾਣ ਪੀਣ ਸਿਖਾ ਦਿੱਤਾ ਹੈ। ਉਹ ਖੁਸ਼ ਹੋਕੇ ਪਰਾਉਂਠੇ ਖਾਂਦੇ ਹਨ। ਖੀਰ, ਕੜਾਹ, ਸੇਵੀਆਂ ਵਗੈਰਾ ਸਭ ਸਮੇਟ ਦਿੰਦੇ ਹਨ। ਸਾਰੀਆਂ ਦਾਲ਼ਾਂ, ਸਬਜੀਆਂ ਖਾ ਲੈਂਦੇ ਹਨ। ਰੋਟੀਆਂ ਵੀ ਖਾ ਲੈਂਦੇ ਹਨ। ਗੋਰਾ ਪੰਜਾਬੀ ਮਠਿਆਈਆਂ ਦਾ ਸ਼ੌਕੀਨ ਹੋ ਗਿਆ ਹੈ। ਲੱਡੂ, ਜਲੇਬੀਆਂ ਵੀ ਛਕਦਾ ਹੈ। ਜਲੇਬੀ ਨੂੰ ਤਾਂ ਕਹਿ ਦਿੰਦਾ ਹੈ, “ਆਈ ਲਾਈਕ ਜਲਲੇਬੀ...।”

ਉਦੇਸ਼ ਦੇ ਇੱਕ ਹੋਰ ਗੁਆਂਢੀ ਗੋਰਾ ਤੇ ਗੋਰੀ ਹਨ। ਉਨ੍ਹਾਂ ਕੋਲ ਦੋ ਬਿੱਲੀਆਂ ਹਨ। ਜਦ ਕਦੇ ਉਨ੍ਹਾਂ ਨੇ ਸ਼ਹਿਰ ਤੋਂ ਬਾਹਰ ਜਾਣਾ ਹੋਵੇ ਤਾਂ ਉਦੇਸ਼ ਤੇ ਦੀਪ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੀਆਂ ਬਿੱਲੀਆਂ ਨੂੰ ਖਾਣਾ ਦਾਣਾ ਪਾ ਦਿੰਦੇ ਹਨ।

ਸਾਡੇ ਲੋਕ ਜਿੱਥੇ ਵੀ ਦੁਨੀਆ ’ਚ ਗਏ ਹਨ, ਉੱਥੇ ਹੀ ਭਾਰਤ ਵਾਲੇ ਜਰਾਸੀਮ ਨਾਲ ਲੈ ਗਏ ਹਨ। ਉਦੇਸ਼ ਇੱਕ ਦਿਨ ਇੱਕ ਜਾਣ ਪਹਿਚਾਣ ਵਾਲੇ ਪੰਜਾਬੀ ਦੇ ਘਰ ਗਿਆ। ਉਹ ਪੰਜਾਬੀ ਹਰ ਸਮੇਂ ਸੁਰਮਾ ਪਾਕੇ ਰੱਖਦਾ ਸੀ। ਲੋਕ ਉਸ ਨੂੰ ‘ਸੁਰਮੇ ਵਾਲਾ’ ਹੀ ਕਹਿੰਦੇ ਸਨ। ਉੱਥੇ ਗੁਆਂਢੀਆਂ ਵਾਰੇ ਗੱਲਾਂ ਚੱਲ ਪਈਆਂ। ਸੁਰਮੇ ਵਾਲਾ ਕਹਿਣ ਲੱਗਾ, “ਮੇਰੇ ਸੱਜੇ ਪਾਸੇ ਆਲ਼ੇ ਗੁਆਂਢੀ ਤਾਂ ਹੱਦੋਂ ਵੱਧ ਚੰਗੇ ਨੇ।” ਉਦੇਸ਼ ਗੱਲਾਂ ਬਾਤਾਂ ਕਰਕੇ ਮੁੜ ਆਇਆ। ਕਾਫ਼ੀ ਦਿਨਾਂ ਮਗਰੋਂ ਪਤਾ ਲੱਗਿਆ ਕਿ ਸੱਜੇ ਪਾਸੇ ਵਾਲੇ ਗੁਆਂਢੀ ਨੇ ਸੁਰਮੇ ਵਾਲਾ ਹੱਦੋਂ ਵੱਧ ਕੁੱਟਿਆ। ਅਸਲ ’ਚ ਗੱਲ ਇਹ ਸੀ ਕਿ ਸੱਜੇ ਪਾਸੇ ਵਾਲੇ ਗੁਆਂਢੀ ਦੇ ਘਰ ‘ਵੇਲ’ ਉੱਗੀ ਹੋਈ ਸੀ। ਉਹ ‘ਵੇਲ’ ਸੁਰਮੇ ਵਾਲੇ ਦੇ ਗੇਟ ਉੱਤੋਂ ਦੀ ਲੰਘ ਕੇ ਸੁਰਮੇ ਵਾਲੇ ਦੇ ਘਰ ਪਹੁੰਚ ਗਈ। ‘ਵੇਲ’ ਨੂੰ ਪਾਣੀ ਗੁਆਂਢੀ ਦਿੰਦਾ ਸੀ ਤੇ ਸਬਜੀ ਸੁਰਮੇ ਵਾਲਾ ਖਾਂਦਾ ਸੀ...।

ਫ਼ੋਨ: 001-604-825-8053
gurmailbiroke@gmail.com

# ਹਰ ਸਾਲ 13 ਲੱਖ ਬੱਚੀਆਂ ਦਾ ਕਤਲ ਕਰਨ ਵਾਲ਼ੇ ਕੌਣ ਹਨ ?

## ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਪਿੱਛੇ ਠੋਸ ਕਾਰਨ ਅਤੇ ਇਸ ਸਮੱਸਿਆ ਦਾ ਹੱਲ

ਪਾਵੇਲ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਵਰੀ, 2015 ਵਿੱਚ ਬੜੇ ਜ਼ੋਰਾਂ-ਸ਼ੋਰਾਂ ਨਾਲ਼ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਂ ਦਾ ਇੱਕ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਇਸ ਇਤਿਹਾਸਕ ਕਦਮ ਨਾਲ਼ ਸਮਾਜ ਵਿੱਚ ਔਰਤਾਂ ਬਾਰੇ ਅਪਣਾਈ ਜਾਂਦੀ ਸੋਚ ਵਿੱਚ ਬਦਲਾਅ ਆਵੇਗਾ ਅਤੇ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਵਿੱਚ ਸੁਧਾਰ ਹੋਵੇਗਾ। ਉਂਝ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਔਰਤਾਂ ਨੂੰ ਮਰਦਾਂ ਦੇ ਜੀਵਨ ਉੱਤੇ ਬੋਝ ਮੰਨਣ ਵਾਲ਼ੇ ਅਤੇ ਬ੍ਰਹਮਚਾਰੀ ਜੀਵਨ ਨੂੰ ਸਭ ਤੋਂ ਉੱਤਮ ਕਹਿਣ ਵਾਲ਼ੇ ਜੋ ਖੁਦ ਬ੍ਰਹਮਚਾਰੀ ਹੋਣ ਦਾ ਦਾਅਵਾ ਕਰਦੇ ਹਨ; ਮੋਦੀ-ਯੋਗੀ-ਖੱਟਰ-ਭਾਗਵਤ ਵਰਗੇ ਜਿਨ੍ਹਾਂ ਦੀ ਔਰਤ ਵਿਰੋਧੀ ਘਿਨੌਣੀ ਸੋਚ ਜੱਗ ਜ਼ਾਹਿਰ ਹੈ, ਉਹ ਬੇਟੀਆਂ ਬਚਾਉਣ ਅਤੇ ਪੜ੍ਹਾਉਣ ਦੀ ਗੱਲ ਕਰ ਰਹੇ ਹਨ। ਰਾਸ਼ਟਰੀ ਸਵੈਸੇਵਕ ਸੰਘ ਅਤੇ ਇਸ ਦੇ ਵਿੰਗਾਂ ਦੇ ਲੀਡਰ ਵਾਰ-ਵਾਰ ਇਹ ਦੁਹਰਾਉਂਦੇ ਆਏ ਹਨ ਕਿ ਔਰਤਾਂ ਦਾ ਕੰਮ ਸਿਰਫ ਬੱਚੇ ਜੰਮਣਾ ਹੈ, ਇਸ ਲਈ ਔਰਤ ਦਾ ਕੰਮ ਘਰ ਦੀ ਚਾਰਦਿਵਾਰੀ ਵਿੱਚ ਕੈਦ ਹੋ ਕੇ ਚੁੱਲ੍ਹੇ ਚੌਂਕੇ ਦਾ ਕੰਮ ਕਰਨਾ ਅਤੇ ਆਪਣੇ ਪਤੀ ਦੀ ਸੇਵਾ ਕਰਨਾ ਹੈ। ਇਨ੍ਹਾਂ ਅਨੁਸਾਰ ਭਾਰਤੀ ਨਾਰੀ ਉਹੀ ਹੈ ਜੋ ਆਪਣੇ ਪਤੀ ਦੀ ਕਿਸੇ ਗੱਲ ਦਾ ਬੁਰਾ ਨਾ ਮਨਾਵੇ, ਚਾਹੇ ਜਿੰਨਾ ਮਰਜ਼ੀ ਕੁੱਟੇ ਮਾਰੇ ਪਰ ਚੂੰ ਤੱਕ ਨਾ ਕਰੇ ਅਤੇ ਸਭ ਕੁੱਝ ਸਹਿੰਦੀ ਰਹੇ। ਔਰਤ ਵਿਰੋਧੀ ਮਾਨਸਿਕਤਾ ਨਾਲ਼ ਪੂਰੀ ਤਰ੍ਹਾਂ ਰੱਜ ਹੋਏ ਸੰਘੀ ਲੰਗੂਰ ਕਿੰਨੀਆਂ ਕੁ ਬੇਟੀਆਂ ਬਚਾਉਣਗੇ ਅਤੇ ਪੜ੍ਹਾਉਣਗੇ ਇਸ ਬਾਰੇ ਮਾੜੀ ਜਿਹੀ ਸੂਝ ਰੱਖਣ ਵਾਲ਼ੇ ਲੋਕ ਚੰਗੀ ਤਰ੍ਹਾਂ ਵਾਕਿਫ ਹਨ। ਪਰ ਇਹ ਅੰਦਰੋਂ ਕਿੰਨੇ ਖੋਖਲੇ ਹਨ ਇਹ ਗੱਲ ਵੀ ਹੁਣੇ ਹੁਣੇ ਜਾਰੀ ਹੋਏ ਅੰਕੜਿਆਂ ਤੋਂ ਪੂਰੀ ਤਰ੍ਹਾਂ ਜੱਗ ਜਾਹਿਰ ਹੋ ਗਈ ਹੈ।

ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਜਨਵਰੀ, 2015 ਤੋਂ ਲੈ ਕੇ ਹੁਣ ਤੱਕ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਲਈ 644 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਜਿਸ ਵਿੱਚੋਂ 361 ਕਰੋੜ ਰੁਪਏ ਯਾਨੀਕਿ ਕੁੱਲ ਰਕਮ ਦੇ 56 ਫੀਸਦੀ ਰੁਪਏ ਸਿਰਫ ਪ੍ਰਚਾਰ ਅਤੇ ਮਸ਼ਹੂਰੀਆਂ (ਮੀਡੀਆ ਸਰਗਰਮੀਆਂ) 'ਤੇ ਹੀ ਖਰਚ ਦਿੱਤੇ ਗਏ! (ਵੇਖੋ! ਸੰਘੀ ਲੰਗੂਰ ਕਿੰਨੇ ਖੋਖਲੇ ਹਨ!) ਜਾਰੀ ਕੀਤੀ ਗਈ ਕੁੱਲ ਰਕਮ ਦੀ 19 ਫੀਸਦੀ ਰਕਮ, ਯਾਨੀ ਕਿ 124 ਕਰੋੜ ਰੁਪਏ, ਕਿਸੇ ਕੰਮ ਲਈ ਖਰਚੇ ਹੀ ਨਹੀਂ ਗਏ। ਬਾਕੀ ਬਚਦੇ ਲਗਭਗ 159 ਕਰੋੜ ਰੁਪਏ ਹੀ ਇਸ ਸਕੀਮ ਲਈ ਵੱਖ ਵੱਖ ਸੂਬਿਆਂ ਅਤੇ ਜ਼ਿਲ੍ਹਿਆਂ ਨੂੰ ਭੇਜੇ ਗਏ। ਇਸ ਯੋਜਨਾ ਤਹਿਤ ਪੂਰੇ ਭਾਰਤ ਵਿੱਚੋਂ 161 ਜ਼ਿਲ੍ਹੇ ਚੁਣੇ ਗਏ ਸਨ ਜਿਨ੍ਹਾਂ ਵਿੱਚ ਕੁੜੀਆਂ ਦੀ ਜਨਮ ਦਰ ਵਧਾਉਣ ਦਾ ਟੀਚਾ ਮਿੱਥਿਆ ਗਿਆ ਸੀ ਪਰ ਹੈਰਾਨੀ ਯੋਗ ਗੱਲ ਇਹ ਹੈ ਕਿ ਇਨ੍ਹਾਂ 161 ਜ਼ਿਲ੍ਹਿਆਂ ਵਿੱਚੋਂ 53 ਜ਼ਿਲ੍ਹਿਆਂ ਵਿੱਚ ਕੁੜੀਆਂ ਦੀ ਜਨਮ ਦਰ ਵਧਣਾ ਤਾਂ ਦੂਰ ਸਗੋਂ ਬੁਰੀ ਤਰ੍ਹਾਂ ਹੋਰ ਵੀ ਘੱਟ ਗਈ ਹੈ। ਜਿਨ੍ਹਾਂ ਜ਼ਿਲ੍ਹਿਆਂ ਵਿੱਚ ਕੁੜੀਆਂ ਦੀ ਜਨਮ ਦਰ ਨਿਗੂਣੀ ਜਿਹੀ ਵਧੀ ਹੈ, ਉਹ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਕਰਕੇ ਹੀ ਵਧੀ ਹੈ ਇਸ ਦਾ ਕੋਈ ਠੋਸ ਅਧਾਰ ਨਹੀਂ ਹੈ। ਕਿਉਂਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਤਹਿਤ ਕੁੜੀਆਂ ਦੀ ਜਨਮ ਦਰ ਕਿਵੇਂ ਵਧੇਗੀ, ਕੀ ਯੋਜਨਾ ਹੋਵੇਗੀ; ਇਸ ਦਾ ਸ਼ਾਇਦ ਸਰਕਾਰ ਨੂੰ ਵੀ ਨਾ ਪਤਾ ਹੋਵੇ। ਸਰਕਾਰ ਦਾ ਅਸਲ ਮਕਸਦ ਤਾਂ ਸਿਰਫ ਸਰਕਾਰ ਦੀ ਜਾਂ ਕਹਿ ਲਵੋ ਮੋਦੀ ਦੀ ਮਸ਼ਹੂਰੀ ਕਰਨਾ ਹੀ ਸੀ। ਭਾਰਤੀ ਹਾਕਮ ਇਸ ਮਸਲੇ ਨੂੰ ਲੈ ਕੇ ਕਿੰਨੇ ਕੁ ਗੰਭੀਰ ਹਨ ਇਹ ਤਾਂ ਉੱਪਰ ਦਿੱਤੇ ਅੰਕੜਿਆਂ ਤੋਂ ਹੀ ਸਾਫ਼ ਹੋ ਜਾਂਦਾ ਹੈ, ਪਰ ਇਨਸਾਫ ਪਸੰਦ ਅਤੇ ਇੱਕ ਚੰਗੇ ਸਮਾਜ ਦਾ ਸੁਫਨਾ ਦੇਖਣ ਵਾਲ਼ੇ ਲੋਕਾਂ ਨੂੰ ਕੁੱਖਾਂ ਵਿੱਚ ਹੀ ਜਾਂ ਜੰਮਦਿਆਂ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਬੱਚੀਆਂ ਦੇ ਮਸਲੇ ਬਾਰੇ ਸੰਜੀਦਗੀ ਨਾਲ਼ ਸੋਚ ਵਿਚਾਰ ਕਰਨਾ ਪਵੇਗਾ।

ਭਾਰਤੀ ਸਮਾਜ ਵਿੱਚ ਕੁੜੀਆਂ ਨਾਲ਼ ਹੁੰਦੇ ਵਿਤਕਰੇ ਤੋਂ ਹਰ ਕੋਈ ਵਾਕਿਫ ਹੈ। ਜਦੋਂ ਕਿਸੇ ਪਰਿਵਾਰ ਵਿੱਚ ਕੁੜੀ ਦਾ ਜਨਮ ਹੁੰਦਾ ਹੈ ਤਾਂ ਹਰ ਪਾਸੇ ਮਾਤਮ ਛਾ ਜਾਂਦਾ ਹੈ, ਪਰਿਵਾਰ ਸਮੇਤ ਉਨ੍ਹਾਂ ਦੇ ਕਰੀਬੀ ਇਸ ਤਰ੍ਹਾਂ ਦਾ ਮਹਿਸੂਸ ਕਰਦੇ ਹਨ ਜਿਵੇਂ ਕੋਈ ਬਹੁਤ ਮੰਦਭਾਗਾ ਵਰਤਾਰਾ ਹੋਇਆ ਹੋਵੇ। ਕੁੜੀ ਦਾ ਜਨਮ ਨਾ ਹੀ ਹੋਵੇ ਇਸ ਗੱਲ ਨੂੰ ਪੁਖਤਾ ਕਰਨ ਲਈ ਜਨਮ ਤੋਂ ਪਹਿਲਾਂ ਹੀ ਕੁੱਖ ਵਿੱਚ ਕਤਲ ਕਰ ਦਿੱਤਾ ਜਾਂਦਾ ਹੈ ਜਾਂ ਜਨਮ ਲੈਣ ਸਾਰ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਕੁੱਖ ਵਿੱਚ ਕਤਲ ਕਰਨ ਦੀਆਂ ਇਹ ਵਾਰਦਾਤਾਂ ਕੋਈ ਇੱਕਾ ਦੁੱਕਾ ਨਹੀਂ ਸਗੋਂ ਵੱਡੇ ਪੈਮਾਨੇ 'ਤੇ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। 'ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ' ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਪਿਛਲੇ ਦੋ ਦਹਾਕਿਆਂ ਵਿਚਕਾਰ 2.55 ਕਰੋੜ ਬੱਚੀਆਂ ਦਾ ਕੁੱਖ ਵਿੱਚ ਕਤਲ ਕੀਤਾ ਗਿਆ ਹੈ। ਇਸ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ 13 ਲੱਖ ਬੱਚੀਆਂ ਦਾ ਕੁੱਖ ਵਿੱਚ ਕਤਲ ਕੀਤਾ ਜਾਂਦਾ ਹੈ। ਕਿਸੇ ਵੀ ਇਨਸਾਫ ਪਸੰਦ ਇਨਸਾਨ ਦਾ ਇਨ੍ਹਾਂ ਗੱਲਾਂ ਕਾਰਨ ਦਿਲ ਵਲੂੰਧਰਿਆ ਜਾਵੇਗਾ। ਇਸ ਲਈ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਪਿੱਛੇ ਠੋਸ ਕਾਰਨਾਂ ਨੂੰ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਆਖਰ ਅਜਿਹੇ ਗੈਰ-ਮਨੁੱਖੀ ਕਾਰੇ ਕਿਉਂ ਹੁੰਦੇ ਹਨ ਅਤੇ ਇਸ ਸਮੱਸਿਆ ਦਾ ਹੱਲ ਕੀ ਹੈ।

**ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਪਿੱਛੇ ਠੋਸ ਕਾਰਨ:** ਅੱਜ ਦੇ ਮਰਦ ਪ੍ਰਧਾਨ ਸਮਾਜ ਵਿੱਚ ਪੂਰੀ ਦੁਨੀਆ 'ਚ ਅਜਿਹਾ ਕੋਈ ਖੂੰਜਾ ਨਹੀਂ ਹੈ ਜਿੱਥੇ ਔਰਤਾਂ ਦਾਬੇ ਹੇਠ ਨਾ ਹੋਣ। ਪਰ ਕੁੜੀਆਂ ਨੂੰ ਕੁੱਖਾਂ ਵਿੱਚ ਕਤਲ ਕਰਨ ਜਾਂ ਜੰਮਦਿਆਂ ਹੀ ਮਾਰ ਦੇਣ ਜਿਹੇ ਘਿਨਾਉਣੇ ਕੰਮ ਪੂਰੀ ਦੁਨੀਆਂ ਵਿੱਚ ਆਮ ਵਰਤਾਰਾ ਨਹੀਂ ਹਨ। ਪ੍ਰਤੱਖ ਰੂਪ ਵਿੱਚ ਅਤੇ ਵੱਡੇ ਪੱਧਰ 'ਤੇ ਅਜਿਹੇ ਜ਼ਿਆਦਾਤਰ ਕਾਰੇ ਦੱਖਣੀ ਏਸ਼ੀਆ ਦੇ ਮੁਲਕਾਂ ਵਿੱਚ ਹੁੰਦੇ ਹਨ। ਦੱਖਣੀ ਏਸ਼ੀਆ ਦੇ ਮੁਲਕਾਂ ਵਿੱਚੋਂ ਵੀ ਚੀਨ ਅਤੇ ਭਾਰਤ ਵਿੱਚ ਵੱਡੇ ਪੱਧਰ ਤੇ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਹੁੰਦੀਆਂ ਹਨ। ਚੀਨ ਵਿੱਚ ਜਨਮ ਦੌਰਾਨ ਲਿੰਗ ਅਨੁਪਾਤ ਦਰ ਲਗਭਗ 1.15 ਹੈ (ਹਰੇਕ 115 ਮੁੰਡਿਆਂ ਮਗਰ 100 ਕੁੜੀਆਂ)। ਭਾਰਤ ਵਿੱਚ ਜਨਮ ਦੌਰਾਨ ਲਿੰਗ ਅਨੁਪਾਤ ਦਰ ਲਗਭਗ 1.12 ਹੈ। ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਦੀ ਜਨਮ ਦੌਰਾਨ ਲਿੰਗ ਅਨੁਪਾਤ ਦਰ 1.03 ਤੋਂ ਲੈਕੇ 1.07 ਦੇ ਵਿੱਚ ਹੈ। ਜਿਸ ਨੂੰ ਸਾਧਾਰਨ ਮੰਨਿਆ ਜਾਂਦਾ ਹੈ।

ਚੀਨ ਵਿੱਚ ਲਿੰਗ ਅਨੁਪਾਤ ਦਰ ਵਧਣ ਪਿੱਛੇ ਮੁੱਖ ਕਾਰਨ ਸੰਨ 1979 ਵਿੱਚ ਲਿਆਂਦੀ ਗਈ ਇੱਕ ਬੱਚਾ ਨੀਤੀ ਹੈ। ਚੀਨ ਵਿੱਚ ਸੰਨ 1949 ਵਿੱਚ ਸਮਾਜਵਾਦੀ ਰਾਜ ਸਥਾਪਨਾ ਹੋਣ ਤੋਂ ਲੈ ਕੇ 1976 ਤੱਕ ਲਿੰਗ ਅਨੁਪਾਤ ਦਰ 1.05 ਦੇ ਆਸ-ਪਾਸ ਰਹੀ। ਪਰ ਸੰਨ 1976 ਵਿੱਚ ਸਰਮਾਏਦਾਰੀ ਦੀ ਮੁੜ-ਬਹਾਲੀ ਹੋਣ ਤੋਂ ਬਾਅਦ ਇੱਕ ਬੱਚਾ ਨੀਤੀ ਲਿਆਂਦੀ ਜਿਸਦੇ ਤਹਿਤ ਇੱਕ ਪਰਿਵਾਰ ਸਿਰਫ ਇੱਕ ਹੀ ਬੱਚੇ ਨੂੰ ਜਨਮ ਦੇ ਸਕਦਾ ਸੀ। ਇਸ ਤੋਂ ਬਾਅਦ ਹੀ ਚੀਨ ਵਿੱਚ ਬੱਚੀਆਂ ਨੂੰ ਕੁੱਖਾਂ ਵਿੱਚ ਕਤਲ ਕਰਨ ਦੀ ਸ਼ੁਰੂਆਤ ਹੋਈ। ਚੀਨੀ ਪਰਿਵਾਰ ਇੱਕ ਹੀ ਬੱਚੇ ਨੂੰ ਜਨਮ ਦੇ ਸਕਦੇ ਸਨ ਤਾਂ ਪਹਿਲ ਦੇ ਅਧਾਰ 'ਤੇ ਉਨ੍ਹਾਂ ਵੱਲੋਂ ਜਨਮ ਲਈ ਇੱਕ ਮੁੰਡੇ ਨੂੰ ਹੀ ਚੁਣਨਾ ਸ਼ੁਰੂ ਹੋਇਆ। ਕਿਉਂਕਿ ਸਰਮਾਏਦਾਰ ਢਾਂਚੇ ਅੰਦਰ ਸਮਾਜ ਵਿੱਚ ਵਿਚਰਨ ਜਾਂ ਕੋਈ ਕਿੱਤਾ ਕਰਨ ਲਈ ਔਰਤਾਂ ਨਾਲ਼ੋਂ ਮਰਦਾਂ ਲਈ ਹਾਲਤਾਂ ਵਧੇਰੇ ਸਾਜ਼ਗਾਰ ਹੁੰਦੀਆਂ ਹਨ। ਸਿੱਟੇ ਵਜੋਂ ਜ਼ਿਆਦਾਤਰ ਚੀਨੀ ਪਰਿਵਾਰ ਜਨਮ ਲਈ ਮੁੰਡੇ ਨੂੰ ਪਹਿਲ ਦੇ ਤੌਰ 'ਤੇ ਚੁਣਨ ਲੱਗੇ। 'ਇੱਕ ਬੱਚਾ ਨੀਤੀ' ਲਾਗੂ ਹੋਣ ਦੇ ਮਹਿਜ਼ ਤਿੰਨ ਸਾਲਾਂ ਅੰਦਰ ਹੀ ਚੀਨ ਵਿੱਚ ਲਿੰਗ ਅਨੁਪਾਤ ਦਰ 1.07 ਤੋਂ ਜ਼ਿਆਦਾ ਹੋ ਗਈ। 1987 ਵਿੱਚ ਲਿੰਗ ਅਨੁਪਾਤ ਦਰ 1.11, 1992 ਵਿੱਚ 1.14 ਅਤੇ 1997 ਵਿੱਚ 1.20 'ਤੇ ਪਹੁੰਚ ਗਈ। ਇਨ੍ਹਾਂ ਅੰਕੜਿਆਂ ਤੋਂ ਸਾਫ ਹੋ ਜਾਂਦਾ ਹੈ ਕਿ 1979 ਤੋਂ ਬਾਅਦ ਹੀ ਜਨਮ ਵੇਲ਼ੇ ਮੁੰਡੇ-ਕੁੜੀਆਂ ਦੇ ਅਨੁਪਾਤ ਵਿੱਚ ਵਿਗਾੜ ਸ਼ੁਰੂ ਹੋਇਆ ਅਤੇ 1997 ਆਉਂਦੇ-ਆਉਂਦੇ ਇਹ ਵਿਗਾੜ ਬਹੁਤ ਖਤਰਨਾਕ ਪੱਧਰ 'ਤੇ ਪਹੁੰਚ ਗਿਆ।

ਭਾਰਤ ਵਿੱਚ ਮਾਦਾ ਭਰੂਣ ਹੱਤਿਆ



ਦੀਆਂ ਘਟਨਾਵਾਂ ਮੁੱਖ ਤੌਰ 'ਤੇ ਉੱਤਰੀ ਭਾਰਤ ਵਿੱਚ ਹੁੰਦੀਆਂ ਹਨ। ਖਾਸ ਤੌਰ 'ਤੇ ਹਰਿਆਣਾ (1.20), ਪੰਜਾਬ (1.18), ਰਾਜਸਥਾਨ (1.14), ਯੂਪੀ (1.11), ਜੰਮੂ-ਕਸ਼ਮੀਰ (1.28), ਹਿਮਾਚਲ ਪ੍ਰਦੇਸ਼ (1.10), ਉੱਤਰਾਖੰਡ (1.14), ਗੁਜਰਾਤ (1.13) ਆਦਿ ਸੂਬੇ ਮਾਦਾ ਭਰੂਣ ਹੱਤਿਆ ਦੀ ਸਮੱਸਿਆ ਨਾਲ ਜ਼ਿਆਦਾ ਜੂਝ ਰਹੇ ਹਨ। ਦੱਖਣ ਭਾਰਤ ਦੇ ਸੂਬਿਆਂ ਤਾਮਿਲਨਾਡੂ (1.06), ਆਂਧਰ ਪ੍ਰਦੇਸ਼ (1.06), ਕੇਰਲ (1.02), ਓਡੀਸ਼ਾ (1.06) ਜਾਂ ਪੂਰਵਾਂਚਲ ਦੇ ਸੂਬਿਆਂ ਸਿੱਕਮ (1.04), ਆਸਾਮ (1.05), ਨਾਗਾਲੈਂਡ (1.05), ਤ੍ਰਿਪੁਰਾ (1.04) ਆਦਿ ਵਿਖੇ ਲਿੰਗ ਅਨੁਪਾਤ ਦਰ ਠੀਕ ਹੈ।

ਭਾਰਤ ਵਿੱਚ ਸਰਮਾਏਦਾਰੀ ਦਾ ਵਿਕਾਸ ਯੂਰਪੀ ਮੁਲਕਾਂ ਵਾਂਗ ਇਨਕਲਾਬਾਂ ਜ਼ਰੀਏ ਨਹੀਂ ਹੋਇਆ। ਇਨ੍ਹਾਂ ਮੁਲਕਾਂ ਵਿੱਚ ਜਗੀਰੂ ਢਾਂਚੇ ਨੂੰ ਉਲਟਾਉਣ ਲਈ ਗਿਆਨ ਪ੍ਰਸਾਰ ਅਤੇ ਨਵ-ਜਾਗਰਣ ਵਰਗੀਆਂ ਲਹਿਰਾਂ ਹੋਂਦ ਵਿੱਚ ਆਈਆਂ, ਜਿਹਨਾਂ ਨੇ ਜਗੀਰੂ ਢਾਂਚੇ ਦੇ ਨਾਲ਼-ਨਾਲ਼ ਮੱਧਯੁਗੀ ਕਦਰਾਂ-ਕੀਮਤਾਂ ਦਾ ਵੀ ਭੋਗ ਪਾ ਦਿੱਤਾ। ਭਾਰਤ ਵਿੱਚ ਸਰਮਾਏਦਾਰੀ ਦਾ ਵਿਕਾਸ ਇਨਕਲਾਬ ਜ਼ਰੀਏ ਨਹੀਂ ਸਗੋਂ ਸਮਝੌਤਿਆਂ ਜ਼ਰੀਏ ਹੋਇਆ ਹੈ। ਇਸ ਲਈ ਭਾਰਤੀ ਸਮਾਜ ਗਿਆਨ ਪ੍ਰਸਾਰ ਅਤੇ ਨਵ-ਜਾਗਰਣ ਵਰਗੀਆਂ ਲਹਿਰਾਂ ਵਿੱਚੋਂ ਨਹੀਂ ਗੁਜ਼ਰਿਆ, ਜਿਸ ਕਾਰਨ ਮੱਧਯੁਗੀ ਕਦਰਾਂ-ਕੀਮਤਾਂ ਅੱਜ ਵੀ ਭਾਰਤੀ ਸਮਾਜ ਵਿੱਚ ਜੜ੍ਹਾਂ ਜਮਾਈ ਬੈਠੀਆਂ ਹਨ। ਪਹਿਲਾਂ ਬਸਤੀਵਾਦੀ ਦੌਰ ਵਿੱਚ ਅਤੇ ਫਿਰ 1947 ਤੋਂ ਬਾਅਦ ਭਾਰਤੀ ਸਰਮਾਏਦਾਰਾਂ ਦੇ ਸੱਤ੍ਹਾ 'ਤੇ ਕਾਬਜ਼ ਹੋ ਜਾਣ ਤੋਂ ਬਾਅਦ ਹਾਕਮਾਂ ਵੱਲੋਂ ਕਦੇ ਵੀ ਇਹਨਾਂ ਜਗੀਰੂ ਮੱਧਯੁਗੀ ਕਦਰਾਂ-ਕੀਮਤਾਂ 'ਤੇ ਸੱਟ ਨਹੀਂ ਮਾਰੀ ਗਈ। ਜਗੀਰੂ ਸੱਭਿਆਚਾਰ, ਔਰਤ ਵਿਰੋਧੀ ਮਾਨਸਿਕਤਾ, ਜਾਤੀ-ਪਾਤੀ ਮਾਨਸਿਕਤਾ ਆਦਿ ਵਰਗੀਆਂ ਮੱਧਯੁਗੀ ਕਦਰਾਂ-ਕੀਮਤਾਂ ਭਾਰਤੀ ਸਮਾਜ ਨੂੰ ਵਿਰਾਸਤ ਵਿੱਚ ਮਿਲ਼ੀਆਂ ਹਨ। ਪਰ ਇਕੱਲੇ ਜਗੀਰੂ ਸੱਭਿਆਚਾਰ ਕਰਕੇ ਹੀ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਹੋ ਰਹੀਆਂ ਹਨ, ਇਹ ਗੱਲ ਪੂਰੀ ਤਰ੍ਹਾਂ ਸਹੀ ਨਹੀਂ ਹੈ। ਦਰਅਸਲ ਭਾਰਤ ਵਿੱਚ ਸਰਮਾਏਦਾਰੀ ਦਾ ਵਿਕਾਸ ਹੋਣ ਤੋਂ ਬਾਅਦ ਮੱਧਯੁਗੀ ਕਦਰਾਂ-ਕੀਮਤਾਂ ਨੂੰ ਪਦਾਰਥਕ ਅਧਾਰ ਸਰਮਾਏਦਾਰੀ ਪ੍ਰਬੰਧ ਵਿੱਚੋਂ ਹੀ ਮਿਲ਼ ਰਿਹਾ ਹੈ।

ਸਰਮਾਏਦਾਰਾ ਪ੍ਰਬੰਧ ਵਿੱਚ ਕਿਸੇ ਵੀ ਚੀਜ਼ ਵਿੱਚ ਸਰਮਾਇਆ ਤਾਂ ਹੀ ਨਿਵੇਸ਼ ਕੀਤਾ ਜਾਂਦਾ ਹੈ, ਜੇਕਰ ਭਵਿੱਖ ਵਿੱਚ ਮੁਨਾਫ਼ੇ ਸਮੇਤ ਨਿਵੇਸ਼ ਕੀਤੇ ਗਏ ਸਰਮਾਏ ਦੇ ਪਰਤਣ ਦੀ ਸੰਭਾਵਨਾ ਹੋਵੇ। ਠੀਕ ਇਸੇ ਤਰ੍ਹਾਂ ਸਰਮਾਏਦਾਰਾ ਪ੍ਰਬੰਧ ਅੰਦਰ ਰਹਿ ਰਹੇ ਕਿਸੇ ਵੀ ਪਰਿਵਾਰ ਵਿੱਚ ਮਾਪਿਆਂ ਵੱਲੋਂ ਆਪਣੀ ਔਲਾਦ ਦੇ ਖਾਣ-ਪੀਣ, ਰਹਿਣ-ਸਹਿਣ, ਸਿਹਤ ਤੋਂ ਲੈ ਕੇ ਪੜ੍ਹਾਈ-ਲਿਖਾਈ ਤੱਕ ਲਈ ਪੈਸਾ ਖਰਚ ਕੇ ਸਰਮਾਇਆ ਨਿਵੇਸ਼ ਕੀਤਾ ਜਾਂਦਾ ਹੈ ਤਾਂ ਜੋ ਉਹਨਾਂ ਦੀ ਔਲਾਦ ਭਵਿੱਖ ਵਿੱਚ ਮੁਨਾਫ਼ੇ ਸਮੇਤ ਨਿਵੇਸ਼ ਕੀਤੇ ਗਏ ਸਰਮਾਏ ਨੂੰ ਵਾਪਸ ਮੋੜੇ। ਜੇਕਰ ਉਹਨਾਂ ਨੂੰ ਸਰਮਾਇਆ ਡੁੱਬਦਾ ਹੋਇਆ ਨਜ਼ਰ ਆਉਂਦਾ ਹੈ ਤਾਂ ਉਹ ਹੱਥ ਪਿੱਛੇ ਖਿੱਚ ਲੈਂਦੇ ਹਨ। ਭਾਰਤੀ ਸਮਾਜ ਵਿੱਚ ਮਾਪਿਆਂ ਨੂੰ ਆਪਣੀ ਔਲਾਦ ਇੱਕ ਮਰਦ ਦੇ ਰੂਪ ਵਿੱਚ ਹੀ ਚਾਹੀਦੀ ਹੈ, ਕਿਉਂਕਿ ਉਹਨਾਂ ਨੂੰ ਔਰਤ ਦੇ ਮੁਕਾਬਲੇ ਮਰਦ ਵਿੱਚ ਨਿਵੇਸ਼ ਕੀਤੇ ਗਏ ਸਰਮਾਏ ਦੇ ਵਾਪਸ ਪਰਤਣ ਦੀ ਜ਼ਿਆਦਾ ਸੰਭਾਵਨਾ ਨਜ਼ਰ ਆਉਂਦੀ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਮੰਦੀ ਹਾਲਤ ਸਮਾਜ ਵਿੱਚ ਵਿਚਰਨ ਬਚਾਉਣ ਦੀ ਸਮੱਸਿਆ ਆਦਿ ਕਾਰਨ ਔਰਤਾਂ ਨਾਲ਼ੋਂ ਮਰਦਾਂ ਲਈ ਕੰਮ ਕਾਰ ਕਰਨ ਦੀਆਂ ਹਾਲਤਾਂ ਜ਼ਿਆਦਾ ਸਾਜ਼ਗਾਰ ਹਨ। ਇਸ ਲਈ ਭਾਰਤੀ ਸਮਾਜ ਵਿੱਚ ਮਾਪਿਆਂ ਨੂੰ ਆਪਣੀ ਜਾਇਦਾਦ ਦੇ ਵਾਰਸ ਦੇ ਰੂਪ ਵਿੱਚ ਇੱਕ ਮਰਦ ਹੀ ਚਾਹੀਦਾ ਹੈ ਕਿਉਂਕਿ ਭਾਰਤੀ ਸਮਾਜ ਵਿੱਚ ਜਗੀਰੂ ਸੱਭਿਆਚਾਰ ਦੇ ਬੋਲਬਾਲੇ ਕਾਰਨ ਦਾਜ ਦਹੇਜ ਵਰਗੀ ਲਾਹਨਤ ਹਾਲੇ ਵੀ ਮੌਜੂਦ ਹੈ। ਜਿਸ ਕਾਰਨ ਮਾਪਿਆਂ ਨੂੰ ਆਪ ਦੀ ਕੁੜੀ ਦੇ ਵਿਆਹ ਉੱਤੇ ਭਾਰੀ ਪੈਸਾ ਖਰਚਣਾ ਪੈਂਦਾ ਹੈ ਅਤੇ ਮਾਪਿਆਂ ਨੂੰ ਇੱਕ ਔਰਤ ਵਿੱਚ ਆਪ ਦਾ ਸਰਮਾਇਆ ਡੁੱਬਦਾ ਹੋਇਆ ਨਜ਼ਰ ਆਉਂਦਾ ਹੈ। ਪਰ ਮੱਧਯੁਗੀ ਕਦਰਾਂ-ਕੀਮਤਾਂ ਦਾ ਭੋਗ ਪੈ ਜਾਣ ਕਾਰਨ ਯੂਰਪੀ ਮੁਲਕਾਂ ਵਿੱਚ ਨਿੱਜੀ ਜਾਇਦਾਦ ਦਾ ਵਾਰਿਸ ਮਰਦ ਹੋਵੇ ਜਾਂ ਔਰਤ ਉਹਨਾਂ ਨੂੰ ਬਹੁਤਾ ਫਰਕ ਨਹੀਂ ਪੈਂਦਾ। ਪਰ ਭਾਰਤ ਵਿੱਚ ਜਗੀਰੂ ਸੱਭਿਆਚਾਰ ਦੀ ਹੋਂਦ ਕਾਰਨ ਇਹ ਸੰਭਵ ਨਹੀਂ।

ਭਾਰਤੀ ਸਮਾਜ ਵਿੱਚ ਮੱਧਯੁਗੀ ਕਦਰਾਂ-ਕੀਮਤਾਂ ਕੋਈ ਅਜ਼ਾਦ ਰੂਪ ਵਿੱਚ ਹੋਂਦ ਵਿੱਚ ਨਹੀਂ ਹਨ ਸਗੋਂ ਇਹ ਕਦਰਾਂ-ਕੀਮਤਾਂ ਸਰਮਾਏਦਾਰੀ ਪ੍ਰਬੰਧ ਨਾਲ਼ ਇੱਕ-ਮਿੱਕ ਹੋ ਗਈਆਂ ਹਨ। ਜਿਸ ਦੇ ਸਿੱਟੇ ਵਜੋਂ ਮਾਦਾ ਭਰੂਣ ਹੱਤਿਆ ਜਾਂ ਜੰਮਦਿਆਂ ਹੀ ਬੱਚੀਆਂ ਨੂੰ ਮਾਰ ਦੇਣ ਜਿਹੀਆਂ ਵਾਰਦਾਤਾਂ ਹੁੰਦੀਆਂ ਹਨ। ਇਸ ਗੱਲ ਦੀ ਪੁਸ਼ਟੀ ਕਰਨ ਲਈ ਕੁੱਝ ਠੋਸ ਤੱਥਾਂ ਦੀ ਚਰਚਾ ਅੱਗੇ ਕਰਾਂਗੇ, ਜਿਹਨਾਂ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਨੂੰ ਭਾਰਤ ਦੇ ਸਮਾਜ ਦਾ ਹਰ ਤਬਕਾ ਅੰਜਾਮ ਨਹੀਂ ਦਿੰਦਾ ਸਗੋਂ ਸਿਰਫ ਇੱਕ ਅਜਿਹਾ ਤਬਕਾ ਕਰਦਾ ਹੈ, ਜਿਸ ਕੋਲ ਨਿੱਜੀ ਜਾਇਦਾਦ ਹੈ। ਆਰਥਿਕਤਾ ਦੇ ਹਿਸਾਬ ਨਾਲ਼ ਕਿਸ ਤਬਕੇ ਵਿੱਚ ਲਿੰਗ ਅਨੁਪਾਤ ਦਰ ਕੀ ਹੈ, ਇਸ ਲਈ ਸਿੱਧੇ ਅੰਕੜੇ ਨਹੀਂ ਹਨ। ਪਰ ਆਰਥਿਕਤਾ ਦੇ ਹਿਸਾਬ ਨਾਲ਼ ਸਰਕਾਰੀ ਜਾਂ ਨਿੱਜੀ ਸਕੂਲਾਂ ਵਿੱਚ ਪਹਿਲੀ ਜਮਾਤ 'ਚ ਹੋਏ ਮੁੰਡੇ-ਕੁੜੀਆਂ ਦੇ ਦਾਖਲਿਆਂ ਤੋਂ ਲਿੰਗ ਅਨੁਪਾਤ ਦਰ ਦਾ ਮੋਟਾ-ਮੋਟਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਭਾਰਤ ਦੇ ਸੂਬੇ ਹਰਿਆਣਾ ਵਿੱਚ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਸਭ ਤੋਂ ਵੱਧ ਅੰਜਾਮ ਦਿੱਤੀਆਂ ਜਾਂਦੀਆਂ ਹਨ, ਇਸ ਲਈ ਇਹ ਅੰਕੜੇ ਹਰਿਆਣਾ ਦੇ ਸਕੂਲਾਂ ਵਿੱਚੋਂ ਲਏ ਗਏ ਹਨ। ਆਮ ਤੌਰ 'ਤੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਵੱਡਾ ਹਿੱਸਾ ਮਜ਼ਦੂਰ ਪਰਿਵਾਰਾਂ ਵਿੱਚੋਂ ਹੁੰਦਾ ਹੈ, ਜਿਹਨਾਂ ਕੋਲ ਨਿੱਜੀ ਜਾਇਦਾਦ ਨਹੀਂ ਹੁੰਦੀ। ਸਾਲ 2018-19 ਵਿੱਚ ਹਰਿਆਣਾ ਦੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ 'ਚ ਕੁੱਲ 1,79,404 ਵਿਦਿਆਰਥੀਆਂ ਨੇ ਦਾਖਲਾ ਲਿਆ ਹੈ, ਜਿਸ ਵਿੱਚੋਂ 88,946 ਮੁੰਡੇ ਹਨ ਅਤੇ 90,458 ਕੁੜੀਆਂ। ਭਾਵ ਮਜ਼ਦੂਰ ਪਰਿਵਾਰਾਂ ਵਿੱਚੋਂ ਆਉਂਦੇ ਬੱਚਿਆਂ ਦੀ ਲਿੰਗ ਅਨੁਪਾਤ ਦਰ ਲਗਭਗ 1.00 ਦੇ ਆਸ-ਪਾਸ ਹੈ ਜੋ ਕਿ ਬਿਲਕੁਲ ਦਰੁਸਤ ਹੈ। ਇੱਥੋਂ ਤੱਕ ਕਿ ਹਰਿਆਣਾ ਦੇ ਜਿਸ ਹਿੱਸੇ ਵਿੱਚ ਭਰੂਣ ਹੱਤਿਆ ਦੀਆਂ ਘਟਨਾਵਾਂ ਜ਼ਿਆਦਾ ਹੁੰਦੀਆਂ ਹਨ, ਉਸ ਹਿੱਸੇ ਭਾਵ ਨੂਹ-ਮੇਵਾਤ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਵੀ ਪਹਿਲੀ ਜਮਾਤ 'ਚ 12,491 ਮੁੰਡਿਆਂ ਅਤੇ 11,588 ਕੁੜੀਆਂ ਨੇ ਦਾਖਲਾ ਲਿਆ ਹੈ। ਜੇਕਰ ਨਿੱਜੀ ਸਕੂਲਾਂ ਦੀ ਗੱਲ ਕਰੀਏ; ਜਿਹਨਾਂ ਵਿੱਚ ਠੀਕ-ਠਾਕ ਆਰਥਿਕਤਾ ਭਾਵ ਨਿੱਜੀ ਜਾਇਦਾਦ ਵਾਲ਼ੇ ਪਰਿਵਾਰਾਂ ਵਿੱਚੋਂ ਵਿਦਿਆਰਥੀ ਪੜ੍ਹਦੇ ਹਨ, ਤਾਂ ਸਾਲ 2018-19 ਵਿੱਚ ਹਰਿਆਣਾ ਦੇ ਨਿੱਜੀ ਸਕੂਲਾਂ ਵਿੱਚ ਪਹਿਲੀ ਜਮਾਤ 'ਚ ਕੁੱਲ 2,62,240 ਵਿਦਿਆਰਥੀਆਂ ਨੇ ਦਾਖਲਾ ਲਿਆ ਹੈ, ਜਿਸ ਵਿੱਚੋਂ 1,57,707 ਮੁੰਡੇ ਹਨ ਅਤੇ ਸਿਰਫ 1,04,533 ਕੁੜੀਆਂ ਹਨ। ਨਿੱਜੀ ਜਾਇਦਾਦ ਜਾਂ ਆਰਥਿਕਤਾ ਪੱਖੋਂ ਉੱਚ ਤਬਕਿਆਂ ਵਿੱਚੋਂ ਆਉਂਦੇ ਵਿਦਿਆਰਥੀਆਂ ਵਿੱਚ ਲਿੰਗ ਅਨੁਪਾਤ ਦਰ ਤਕਰੀਬਨ 1.51 ਹੈ ਭਾਵ ਕੁੜੀਆਂ ਨਾਲ਼ੋਂ ਮੁੰਡਿਆਂ ਦੀ ਗਿਣਤੀ ਡੇਢ ਗੁਣਾ ਜ਼ਿਆਦਾ ਹੈ। ਨੂਹ ਮੇਵਾਤ ਜ਼ਿਲ੍ਹੇ ਦੇ ਨਿੱਜੀ ਸਕੂਲਾਂ ਦੀ ਪਹਿਲੀ ਜਮਾਤ ਵਿੱਚ 4,820 ਮੁੰਡਿਆਂ ਅਤੇ ਸਿਰਫ 2,038 ਕੁੜੀਆਂ ਨੇ ਦਾਖਲਾ ਲਿਆ ਹੈ।

ਇਹ ਅੰਕੜੇ ਪ੍ਰਤੱਖ ਤੌਰ 'ਤੇ ਵਿਖਾਉਂਦੇ ਹਨ ਕਿ ਮਾਦਾ ਭਰੂਣ ਹੱਤਿਆਂ ਦੀਆਂ ਵਾਰਦਾਤਾਂ ਨੂੰ ਆਰਥਿਕਤਾ ਪੱਖੋਂ ਠੀਕ-ਠਾਕ ਤਬਕਾ ਹੀ ਅੰਜਾਮ ਦਿੰਦਾ ਹੈ। ਮਜ਼ਦੂਰ ਪਰਿਵਾਰਾਂ ਵਿੱਚ ਅਜਿਹਾ ਵਰਤਾਰਾ ਨਹੀਂ ਹੁੰਦਾ। ਜਾਹਿਰ ਹੈ ਮਜ਼ਦੂਰ ਪਰਿਵਾਰਾਂ ਵਿੱਚ ਅਜਿਹਾ ਨਾ ਹੋਣਾ ਪਿਛਲਾ ਕਾਰਨ ਭਰੂਣ ਦੀ ਜਾਂਚ ਕਰਨ ਲਈ ਅਤੇ ਫਿਰ ਭਰੂਣ ਹੱਤਿਆ ਕਰਨ ਲਈ ਲੋੜੀਂਦੇ ਪੈਸੇ ਨਾ ਹੋਣਾ ਨਹੀਂ ਹੈ, ਕਿਉਂਕਿ ਜੇਕਰ ਮਜ਼ਦੂਰ ਪਰਿਵਾਰਾਂ ਵਿੱਚ ਇਹ ਰੁਝਾਨ ਹੁੰਦਾ ਤਾਂ ਹਰਿਆਣਾ ਵਿੱਚ ਜਨਮ ਲੈਣ ਸਾਰ ਕੁੜੀਆਂ ਨੂੰ ਕਤਲ ਕਰਨ ਦੀਆਂ ਘਟਨਾਵਾਂ ਵੱਡੇ ਪੱਧਰ 'ਤੇ ਹੁੰਦੀਆਂ ਹਨ ਤੇ ਮਜ਼ਦੂਰ ਪਰਿਵਾਰ ਵੀ ਇਸੇ ਤਰ੍ਹਾਂ ਕਰ ਸਕਦੇ ਹਨ ਕਿਉਂਕਿ ਉਸ ਲਈ ਭਰੂਣ ਦੀ ਜਾਂਚ ਦੀ ਵੀ ਲੋੜ ਨਹੀਂ ਪੈਂਦੀ।

ਦੂਜੀ ਗੱਲ, ਭਾਰਤ ਵਿੱਚ 1961 ਵਿੱਚ 6 ਸਾਲ ਤੱਕ ਦੇ ਬੱਚਿਆਂ ਦੀ ਲਿੰਗ ਅਨੁਪਾਤ ਦਰ 1.02 ਸੀ ਜੋ ਸਰਮਾਏਦਾਰੀ ਦੇ ਧੀਮੇ ਵਿਕਾਸ ਦੇ ਨਾਲ਼-ਨਾਲ਼ 1981 ਤੱਕ ਹੌਲੀ-ਹੌਲੀ ਵਧਕੇ 1.04 ਤੇ ਪਹੁੰਚੀ। ਪਰ ਨਵਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਤੋਂ ਬਾਅਦ ਸਰਮਾਏਦਾਰਾ ਵਿਕਾਸ ਤੇਜ਼ ਹੋਇਆ ਜਿਸ ਦੇ ਨਤੀਜੇ ਵਜੋਂ ਇੱਕ ਪਾਸੇ ਵੱਡੇ ਸਰਮਾਏਦਾਰਾਂ ਕੋਲ ਜਾਇਦਾਦ ਵਧੀ ਅਤੇ ਮਾਲਕਾਂ ਦਾ ਇੱਕ ਹਿੱਸਾ ਜਿਸ ਜਾਇਦਾਦ ਤੋਂ ਬਾਹਰ ਹੋ ਗਿਆ ਅਤੇ ਬਹੁਤੇ ਹਾਲੇ ਜਾਇਦਾਦ ਦਾ ਟੁਕੜਾ ਬਚਾਈ ਬੈਠੇ ਹਨ। ਅਜਿਹੇ ਹਲਾਤਾਂ ਵਿੱਚ ਜਦੋਂ ਜਾਇਦਾਦ ਮਾਲਕ ਵੱਡੇ ਪੱਧਰ 'ਤੇ ਉੱਜੜ ਰਹੇ ਸਨ, ਉਦੋਂ ਲਿੰਗ ਅਨੁਪਾਤ ਦਰ ਵਿੱਚ ਇੱਕਦਮ ਉਛਾਲ਼ ਆਇਆ ਅਤੇ 2001 ਵਿੱਚ ਲਿੰਗ ਅਨੁਪਾਤ ਦਰ 1.08 ਅਤੇ 2011 ਆਉਂਦੇ-ਆਉਂਦੇ ਇਹ ਦਰ 1.09 'ਤੇ ਪਹੁੰਚ ਗਈ।

ਮਾਦਾ ਭਰੂਣ ਹੱਤਿਆ ਬਾਰੇ ਆਮ ਧਾਰਾ ਦਾ ਮੀਡੀਆ ਭਾਵ ਟੀਵੀ, ਸੀਰੀਅਲ, ਅਖ਼ਬਾਰ, ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਦੇ ਸਿਲੇਬਸ ਆਦਿ ਵਿੱਚ ਇਸ ਦੇ ਠੋਸ ਕਾਰਨਾਂ ਬਾਰੇ ਚਰਚਾ ਦੌਰਾਨ ਅਕਸਰ ਮਾਦਾ ਭਰੂਣ ਹੱਤਿਆ ਦਾ ਇੱਕੋ-ਇੱਕ ਮੁੱਖ ਕਾਰਨ ਸਿਰਫ ਅਨਪੜ੍ਹਤਾ ਹੀ ਦੱਸਿਆ ਜਾਂਦਾ ਹੈ, ਜੋ ਕਿ ਸੱਚ ਨਹੀਂ ਹੈ। ਜੇਕਰ ਸਿਰਫ ਅਨਪੜ੍ਹਤਾ ਹੀ ਭਰੂਣ ਹੱਤਿਆ ਦਾ ਮੁੱਖ ਕਾਰਨ ਹੁੰਦੀ ਤਾਂ ਸ਼ਹਿਰਾਂ ਵਿੱਚ ਪੜ੍ਹੇ-ਲਿਖੇ ਅਤੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਤਬਕੇ ਵਿੱਚ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਨਾ ਹੁੰਦੀਆਂ ਸਗੋਂ ਇਹ ਸਿਰਫ ਪੱਛੜੇ ਇਲਾਕਿਆਂ ਵਿੱਚ ਹੀ ਹੁੰਦੀਆਂ। ਪਰ ਸ਼ਹਿਰਾਂ ਵਿੱਚ ਵੀ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਵੱਡੇ ਪੱਧਰ 'ਤੇ ਅੰਜਾਮ ਦਿੱਤੀਆਂ ਜਾਂਦੀਆਂ ਹਨ। ਉੱਪਰ ਦਿੱਤੇ ਅੰਕੜਿਆਂ ਤੋਂ ਪੂਰੀ ਤਰ੍ਹਾਂ ਸਾਫ਼ ਹੋ ਜਾਂਦਾ ਹੈ ਕਿ ਮਾਦਾ ਭਰੂਣ ਹੱਤਿਆ ਦੀ ਸਮੱਸਿਆ ਦਾ ਕਾਰਨ ਸਰਮਾਏਦਾਰੀ ਪ੍ਰਬੰਧ ਹੀ ਹੈ ਜੋਕਿ ਉਜੜ ਰਹੇ ਮਾਲਕਾਂ ਵਿੱਚ ਅਸੁਰੱਖਿਆ ਦਾ ਕਾਰਨ ਬਣਦਾ ਹੈ ਅਤੇ ਉਹਨਾਂ ਨੂੰ ਕੁੜੀ ਦੇ ਜਨਮ ਵਿੱਚ ਦਾਜ-ਦਹੇਜ ਦਾ ਖਰਚਾ ਅਤੇ ਡੁੱਬਦਾ ਹੋਇਆ ਸਰਮਾਇਆ ਨਜ਼ਰ ਆਉਂਦਾ ਹੈ, ਜਿਸ ਕਾਰਨ ਅਜਿਹੇ ਗੈਰ-ਮਨੁੱਖੀ ਕਾਰਿਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਮਾਦਾ ਭਰੂਣ ਹੱਤਿਆ ਦੀ ਸਮੱਸਿਆ ਪੂਰੇ ਢਾਂਚੇ ਦੀ ਸਮੱਸਿਆ ਨਾਲ਼ੋਂ ਨਖੇੜ ਕੇ ਪੇਸ਼ ਕਰਨ ਦੇ ਭਟਕਾਅ

ਕਾਰਨ ਇਸ ਨੂੰ ਮਹਿਜ਼ ਕੁੱਝ ਵਿਅਕਤੀਆਂ ਦੀ ਸਨਕ ਦੇ ਰੂਪ ਵਿੱਚ ਪੇਸ਼ ਕਰ ਦਿੱਤਾ ਜਾਂਦਾ ਹੈ ਅਤੇ ਇਸ ਸਮੱਸਿਆ ਦੇ ਕਾਰਨਾਂ ਨੂੰ ਮੌਜੂਦਾ ਪ੍ਰਬੰਧ ਵਿੱਚੋਂ ਲੱਭਣ ਦੀ ਥਾਂ ਵਿਅਕਤੀਆਂ ਦੇ ਮਨਾਂ ਵਿੱਚ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਨਾਟਕਕਾਰ ਪਾਲੀ ਭੁਪਿੰਦਰ ਦਾ ਮਾਦਾ ਭਰੂਣ ਹੱਤਿਆ ਦੇ ਮਸਲੇ ਤੇ ਨਾਟਕ 'ਸਿਰਜਣਾ' ਇਸ ਦਾ ਪ੍ਰਤੱਖ ਉਦਾਹਰਣ ਹੈ।

**ਮਾਦਾ ਭਰੂਣ ਹੱਤਿਆ ਦੀ ਸਮੱਸਿਆ ਦਾ ਹੱਲ:** ਮੌਜੂਦਾ ਦੌਰ ਵਿੱਚ ਇਸ ਸਮੱਸਿਆ ਦੇ ਹੱਲ ਬਾਰੇ ਸੋਚ ਵਿਚਾਰ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਫਾਸੀਵਾਦੀ ਤਾਕਤਾਂ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਆਪ ਦੇ ਪ੍ਰਭਾਵ ਹੇਠ ਲੈਕੇ ਸਮਾਜ ਨੂੰ ਸਦੀਆਂ ਪਿੱਛੇ ਲਿਜਾ ਅਜਿਹੇ ਸਮਾਜ ਵਿੱਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ, ਜਿੱਥੇ ਔਰਤਾਂ ਮਰਦਾਂ ਦੀਆਂ ਗੁਲਾਮ ਬਣ ਕੇ ਰਹਿਣ, ਗਿਆਨ ਹਾਸਲ ਕਰਨ ਦਾ ਹੱਕ ਨਾ ਹੋਵੇ ਅਤੇ ਸਤੀ ਪ੍ਰਥਾ ਵਰਗੇ ਰਿਵਾਜ ਹੁਣ ਅਜਿਹੇ ਸਮੇਂ ਵਿੱਚ ਜਦੋਂ ਔਰਤਾਂ ਦੀ ਹਾਲਤ ਹੋਰ ਵੀ ਮੰਦੀ ਹੋਣ ਦੀ ਸੰਭਾਵਨਾ ਹੈ, ਮਾਦਾ ਭਰੂਣ ਹੱਤਿਆ ਜਿਹੇ ਮਸਲੇ ਨੂੰ ਸੰਬੋਧਿਤ ਹੋਣਾ ਲਾਜ਼ਮੀ ਹੋ ਜਾਂਦਾ ਹੈ।

ਮਾਦਾ ਭਰੂਣ ਹੱਤਿਆ ਜਾਂ ਜੰਮਦੀਆਂ ਹੀ ਬੱਚੀਆਂ ਨੂੰ ਮੌਤ ਦੇ ਘਾਟ ਉਤਾਰ ਦੇਣ ਦੀਆਂ ਵਾਰਦਾਤਾਂ ਇਕੱਲੀ ਸਿਰਫ ਸਖ਼ਤੀ ਕਰ ਦੇਣ ਨਾਲ਼ ਹੀ ਬੰਦ ਨਹੀਂ ਹੋਣੀਆਂ। ਪਿਛਲੇ ਕੁੱਝ ਵਕਫ਼ੇ ਤੋਂ ਸਖ਼ਤੀ ਵਧਣ ਦੇ ਬਾਵਜੂਦ ਮਾਦਾ ਭਰੂਣ ਹੱਤਿਆ ਦੀਆਂ ਵਾਰਦਾਤਾਂ ਲਗਾਤਾਰ ਵਧ ਰਹੀਆਂ ਹਨ। ਦਰਅਸਲ ਮਾਦਾ ਭਰੂਣ ਹੱਤਿਆ ਨੂੰ ਖ਼ਤਮ ਕਰਨ ਦਾ ਸਵਾਲ ਔਰਤ ਮੁਕਤੀ ਦੇ ਸਵਾਲ ਨਾਲ਼ ਹੀ ਜੁੜਿਆ ਹੋਇਆ ਹੈ ਅਤੇ ਔਰਤਾਂ ਦੀ ਮੁਕਤੀ ਨਿੱਜੀ ਜਾਇਦਾਦ 'ਤੇ ਅਧਾਰਿਤ ਇਸ ਸਰਮਾਏਦਾਰਾ ਢਾਂਚੇ ਨੂੰ ਖਤਮ ਕਰੇ ਬਿਨਾਂ ਨਹੀਂ ਹੋ ਸਕਦੀ। ਮਾਦਾ ਭਰੂਣ ਹੱਤਿਆ ਦੇ ਕਾਰਨਾਂ ਦੀ ਚਰਚਾ ਕਰਨ ਦੌਰਾਨ ਇਹ ਸਾਹਮਣੇ ਆਇਆ ਸੀ ਕਿ ਇਨ੍ਹਾਂ ਵਾਰਦਾਤਾਂ ਪਿੱਛੇ ਮੁੱਖ ਕਾਰਨ ਇਹ ਮਨੁੱਖਦੋਖੀ ਸਰਮਾਏਦਾਰੀ ਢਾਂਚਾ ਹੀ ਹੈ ਜੋ ਇਨ੍ਹਾਂ ਜਗੀਰੂ ਕਦਰਾਂ-ਕੀਮਤਾਂ ਨੂੰ ਖਾਦ ਮੁਹੱਈਆ ਕਰਾਉਂਦਾ ਹੈ। ਇੱਕ ਅਜਿਹਾ ਪ੍ਰਬੰਧ ਹੀ ਔਰਤਾਂ ਨੂੰ ਮਾਣ-ਸਨਮਾਨ ਨਾਲ਼ ਜਿਉਣ ਦਾ ਹੱਕ ਅਤੇ ਬਰਾਬਰੀ ਦਾ ਦਰਜਾ ਦੇ ਸਕਦਾ ਹੈ ਜੋ ਨਿੱਜੀ ਜਾਇਦਾਦ 'ਤੇ ਅਧਾਰਿਤ ਨਹੀਂ ਸਗੋਂ ਸਾਂਝੀਵਾਲਤਾ 'ਤੇ ਅਧਾਰਿਤ ਹੋਵੇ, ਜਿੱਥੇ ਲੁੱਟ ਅਤੇ ਅਸੁਰੱਖਿਆ ਨਾ ਹੋਵੇ। ਰੂਸ (1917 ਤੋਂ 1956) ਅਤੇ ਚੀਨ (1949 ਤੋਂ 1976) ਵਿੱਚ ਅਜਿਹਾ ਸਮਾਜ ਸਿਰਜੇ ਜਾਣ ਦੀਆਂ ਪ੍ਰਤੱਖ ਉਦਾਹਰਣਾਂ ਸਾਡੇ ਸਾਹਮਣੇ ਹਨ। ਅਜਿਹਾ ਸਮਾਜ ਭਾਰਤ ਵਿੱਚ ਵੀ ਸਿਰਜਕੇ ਮੱਧਯੁਗੀ ਕਦਰਾਂ-ਕੀਮਤਾਂ ਦਾ ਹਮੇਸ਼ਾਂ ਲਈ ਭੋਗ ਪਾਇਆ ਜਾ ਸਕਦਾ ਹੈ।

ਪਰ ਇਸ ਦੇ ਨਾਲ਼ ਹੀ ਸਰਮਾਏਦਾਰਾ ਢਾਂਚੇ ਅੰਦਰ ਹੀ ਔਰਤਾਂ ਦੇ ਬੁਨਿਆਦੀ ਹੱਕਾਂ, ਔਰਤਾਂ ਨਾਲ਼ ਹੁੰਦੇ ਜਬਰ ਤੇ ਬੇਇਨਸਾਫੀ ਨੂੰ ਲੈ ਕੇ ਲੜਾਈ ਨੂੰ ਹੋਰ ਮਜ਼ਬੂਤ ਬਣਾਉਣਾ ਪਵੇਗਾ। ਔਰਤ ਵਿਰੋਧੀ ਮਾਨਸਿਕਤਾ ਸਮੇਤ ਮੱਧਯੁਗੀ ਕਦਰਾਂ-ਕੀਮਤਾਂ ਵਿਰੁੱਧ ਅਤੇ ਇਹਨਾਂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ ਵਾਲ਼ੀਆਂ ਫਾਸੀਵਾਦੀ ਤਾਕਤਾਂ ਵਿਰੁੱਧ ਲਗਾਤਾਰ ਵਿਆਪਕ ਪ੍ਰਚਾਰ ਮੁਹਿੰਮਾਂ ਵਿੱਢਣੀਆਂ ਪੈਣਗੀਆਂ। ਦਾਜ ਦਹੇਜ ਵਰਗੀਆਂ ਕੁਰੀਤੀਆਂ ਵਿਰੁੱਧ ਨੌਜਵਾਨਾਂ ਵਿੱਚ ਪ੍ਰਚਾਰ ਕਰਕੇ ਇਨ੍ਹਾਂ ਕੁਰੀਤੀਆਂ ਦਾ ਫਸਤਾ ਵੱਢਣ ਲਈ ਉਤਸ਼ਾਹਿਤ ਕਰਨਾ ਪਵੇਗਾ। ਔਰਤਾਂ ਦੇ ਬੁਨਿਆਦੀ ਹੱਕਾਂ ਦੀ ਲੜਾਈ ਤੋਂ ਲੈ ਕੇ ਔਰਤ ਵਿਰੋਧੀ ਮਾਨਸਿਕਤਾ ਵਿਰੁੱਧ ਪ੍ਰਚਾਰ-ਪ੍ਰਸਾਰ ਦੀਆਂ ਕਾਰਵਾਈਆਂ ਇਸ ਸਰਮਾਏਦਾਰੀ ਢਾਂਚੇ ਨੂੰ ਢਹਿਢੇਰੀ ਕਰਨ ਦੀ ਲੜਾਈ ਦੇ ਅੰਗ ਵਜੋਂ ਹੀ ਕਾਰਗਰ ਸਿੱਧ ਹੋ ਸਕਦੀਆਂ ਹਨ। ਮੌਜੂਦਾ ਸਰਮਾਏਦਾਰੀ ਪ੍ਰਬੰਧ ਨੂੰ ਬਦਲਣ ਦੀ ਲੜਾਈ ਤੋਂ ਨਿਖੇੜ ਕੇ ਜਾਂ ਇਸ ਢਾਂਚੇ ਅੰਦਰ ਹੀ ਔਰਤਾਂ ਲਈ ਕੁੱਝ ਸਹੂਲਤਾਂ ਲੈਣ ਦੀ ਲੜਾਈ ਨਾਲ਼ ਔਰਤ ਮੁਕਤੀ ਦੇ ਮਹਾਨ ਕਾਜ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਮੁੱਕਦੀ ਗੱਲ ਇਹ ਹੈ ਕਿ ਇਸ ਗਲ਼-ਸੜ ਚੁੱਕੇ ਸਰਮਾਏਦਾਰ ਢਾਂਚੇ ਨੂੰ ਢਹਿ-ਢੇਰੀ ਕਰਕੇ ਹੀ ਅਜਿਹਾ ਸਮਾਜ ਸਿਰਜਿਆ ਜਾ ਸਕਦਾ ਹੈ ਜਿੱਥੇ ਮਾਦਾ ਭਰੂਣ ਹੱਤਿਆ ਵਰਗੇ ਗ਼ੈਰ ਮਨੁੱਖੀ ਕਾਰਿਆਂ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੋਵੇਗਾ।

ਲਲਕਾਰ 'ਚੋਂ ਧੰਨਵਾਦ ਸਹਿਤ

*27 ਫਰਵਰੀ ਲਈ ਸ਼ਹੀਦੀ ਦਿਨ 'ਤੇ ਵਿਸ਼ੇਸ਼*

# ਬੱਬਰ ਅਕਾਲੀਆਂ ਦੀ ਸ਼ਹਾਦਤ

ਚਰੰਜੀ ਲਾਲ ਕੰਗਣੀਵਾਲ

ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿੱਚ ਅੱਜ ਦਾ ਦਿਨ ਖ਼ਾਸ ਮਹੱਤਵ ਵਾਲਾ ਹੈ। ਇਸ ਦਿਨ ਬੱਬਰ ਅਕਾਲੀ ਲਹਿਰ ਦੇ ਛੇ ਦੇਸ਼ ਭਗਤਾਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਇਕੱਠਿਆਂ ਫਾਂਸੀ ਲਾਇਆ ਗਿਆ ਸੀ। ਇਹ ਵੀ ਸੰਯੋਗਵੱਸ ਹੈ ਕਿ ਇੱਕ ਸਾਲ ਪਿੱਛੋਂ ਹੀ ਇਸੇ ਦਿਨ, ਉਹੀ ਤਰੀਕ ਉਸੇ ਜੇਲ੍ਹ ਵਿੱਚ ਛੇ ਹੋਰ ਬੱਬਰ ਦੇਸ਼ ਭਗਤਾਂ ਨੂੰ ਫਾਂਸੀ ਲਾਇਆ ਗਿਆ ਸੀ।

ਬੱਬਰ ਅਕਾਲੀ ਲਹਿਰ ਪੰਜਾਬ ਵਿੱਚ ਗ਼ਦਰ ਲਹਿਰ ਤੋਂ ਬਾਅਦ ਉਭਰੀ ਇੱਕ ਸ਼ਕਤੀਸ਼ਾਲੀ ਇਨਕਲਾਬੀ ਲਹਿਰ ਸੀ, ਜਿਸ ਨੇ ਅੰਗਰੇਜ਼ੀ ਰਾਜ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। 20 ਫਰਵਰੀ 1921 ਨੂੰ ਅੰਗਰੇਜ਼ੀ ਹਕੂਮਤ ਦੀ ਸ਼ਹਿ 'ਤੇ ਮਹੰਤਾਂ ਵੱਲੋਂ ਨਨਕਾਣਾ ਸਾਹਿਬ ਵਿਖੇ ਕਰਵਾਇਆ ਗਿਆ ਦਰਦਨਾਕ ਸਾਕਾ ਅਤੇ ਗੁਰੂ ਕੇ ਬਾਗ਼ ਵਿੱਚ ਸਿੰਘਾਂ ਉਪਰ ਵਹਿਸ਼ੀ ਤਸ਼ੱਦਦ ਇਸ ਲਹਿਰ ਦੇ ਤਤਕਾਲੀ ਕਾਰਨ ਸਨ, ਜਿਸ ਨਾਲ ਅਣਖੀਲੇ ਸਿੰਘਾਂ ਵਿੱਚ ਰੋਹ ਦੀ ਜਵਾਲਾ ਭੜਕ ਉੱਠੀ ਸੀ।

ਮਾਸਟਰ ਮੋਤਾ ਸਿੰਘ ਤੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਇਸ ਲਹਿਰ ਦੇ ਬਾਨੀ ਸਨ। ਇਨ੍ਹਾਂ ਦੁਆਬੇ ਵਿੱਚ ਇਸ ਲਹਿਰ ਨੂੰ ਪ੍ਰਚੰਡ ਕੀਤਾ ਸੀ ਤੇ ਮੁਖ਼ਬਰਾਂ, ਸਫ਼ੈਦਪੋਸ਼ਾਂ ਅਤੇ ਜੈ ਦੀ ਮੌਤ ਦੀ ਘੰਟੀ ਵਜਾ ਦਿੱਤੀ ਸੀ। ਹੁਣ ਪੰਜਾਬ ਵਿੱਚ ਅਕਾਲੀ ਲਹਿਰ ਸ਼ਾਂਤਮਈ ਅਤੇ ਬਬਰ ਅਕਾਲੀ ਲਹਿਰ ਹਥਿਆਰਬੰਦ ਸੀ, ਜੋ ਬਰੋ-ਬਰਾਬਰ ਚੱਲੀਆਂ। ਅਸਲ ਵਿੱਚ ਬੱਬਰ ਅਕਾਲੀ ਲਹਿਰ ਗ਼ਦਰ ਪਾਰਟੀ ਲਹਿਰ ਦਾ ਹੀ ਬਦਲਵਾਂ ਰੂਪ ਸੀ, ਜਿਸ ਵਿੱਚ ਕਈ ਗ਼ਦਰ ਪਾਰਟੀ ਵਾਲੇ ਦੇਸ਼ ਭਗਤ ਸ਼ਾਮਲ ਸਨ। ਬੱਬਰ ਅਕਾਲੀਆਂ ਦਾ ਖਿਆਲ ਸੀ ਕਿ ਗੁਰਧਾਮਾਂ ਨੂੰ ਆਜ਼ਾਦ ਕਰਾਉਣਾ ਮਾਰਗ ਤਾਂ ਹੈ, ਪਰ ਮੰਜ਼ਲ ਨਹੀਂ। ਬੱਬਰ ਅਕਾਲੀ ਲਹਿਰ ਦੀ ਸ਼ੁਰੂਆਤ 25 ਤੋਂ 27 ਮਾਰਚ 1921 ਨੂੰ ਹੁਸ਼ਿਆਰਪੁਰ ਵਿੱਚ ਹੋਈ ਤੇਰ੍ਹਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਵੇਲੇ ਹੋਈ ਮੰਨੀ ਜਾਂਦੀ ਹੈ। 15 ਜੂਨ 1922 ਨੂੰ ਮਾਸਟਰ ਮੋਤਾ ਸਿੰਘ ਦੀ ਗ੍ਰਿਫ਼ਤਾਰੀ ਨੂੰ ਬੱਬਰ ਦੇਸ਼ ਭਗਤ ਸਹਿਣ ਨਾ ਕਰ ਸਕੇ ਤੇ ਉਨ੍ਹਾਂ ਲਹਿਰ ਨੂੰ ਹਥਿਆਰਬੰਦ ਰੂਪ ਦੇ ਦਿੱਤਾ ਸੀ।

1921 ਤੋਂ 1930 ਤੱਕ ਅਤੇ 1931 ਤੋਂ 1944 ਤੱਕ ਇਸ ਦੇ ਦੋਵਾਂ ਪੜਾਵਾਂ ਵਿੱਚ ਬੱਬਰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਕਾਰਨਾਮੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਸਨ। ਇਸ ਲਹਿਰ ਨਾਲ ਦੁਆਬੇ ਵਿੱਚ ਏਨੀ ਤਰਥੱਲੀ ਮਚੀ ਤੇ ਇਹ ਐਨੀ ਸ਼ਕਤੀਸ਼ਾਲੀ ਹੋ ਗਈ ਕਿ ਸਤੰਬਰ 1922 ਵਿੱਚ ਤਾਂ ਹਾਲਾਤ ਸਰਕਾਰ ਦੇ ਕਾਬੂ ਤੋਂ ਬਾਹਰ ਹੋ ਗਏ ਸਨ। ਇਸ ਲਹਿਰ ਨਾਲ ਅੰਗਰੇਜ਼ ਸਰਕਾਰ ਤੇ ਉਸਦੇ ਭਗਤ ਤਰਾਹ-ਤਰਾਹ ਕਰਨ ਲੱਗ ਪਏ। ਅੰਗਰੇਜ਼ੀ ਸਰਕਾਰ ਨੇ ਇਸ ਵਿਰੁੱਧ ਫ਼ੌਜ ਤੇ ਹਥਿਆਰਬੰਦ ਪੁਲਸ ਵਰਤ ਕੇ ਬੱਬਰ ਲਹਿਰ ਨੂੰ ਦਬਾਉਣ ਦਾ ਯਤਨ ਕੀਤਾ ਜਿਸ ਬਾਰੇ ਮਾਇਕਲ ਓਡਵਾਇਰ ਨੇ ਲਿਖਿਆ:

"ਕਾਨੂੰਨ ਦਾ ਡਰ ਜਿਹੜਾ ਬਹੁਤੇ ਲੋਕਾਂ ਉਪਰ ਪ੍ਰਭਾਵ ਰੱਖਣ ਲਈ ਮੁੱਖ ਸੀ। 1919 ਵਿੱਚ ਫਿਰ ਗ਼ਦਰ ਪਾਰਟੀ ਦੇ ਕੁਝ ਬਾਗ਼ੀ ਸਿਰ ਚੁੱਕਣ ਲੱਗ ਪਏ ਤਾਂ ਉਹ ਡਰ ਹਟਣ ਲੱਗ ਪਿਆ। ਇਹ ਬਹੁਤ ਖ਼ਤਰਨਾਕ ਸੀ ਕਿ ਉਨ੍ਹਾਂ ਨੇ ਅਕਾਲੀ ਸਿੱਖਾਂ ਦੇ ਕਰਾਂਤੀਕਾਰੀ ਅੰਦੋਲਨ ਨੂੰ ਕੇਂਦਰ ਬਣਾਇਆ, ਜਿਹੜਾ ਪਿਛਲੇ ਕੁਝ ਸਾਲਾਂ ਤੋਂ ਅੱਗੇ ਵੱਧ ਰਿਹਾ ਹੈ ਅਤੇ ਇਹ ਲੋਕ 'ਬੱਬਰ' (ਜ਼ਰਅ) ਅਕਾਲੀ ਗੈਂਗ ਦੇ ਮੁੱਖ ਆਗੂ ਸਨ। ਉਨ੍ਹਾਂ ਨੇ ਗ਼ਦਰ ਲਹਿਰ ਦੀਆਂ ਨੀਹਾਂ ਤੇ ਕਤਲ, ਲੁੱਟ-ਮਾਰ ਦੀ ਮੁਹਿੰਮ ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਵਿੱਚ ਸ਼ੁਰੂ ਕੀਤੀ। ਪਰ ਅੰਤ 1923 ਵਿੱਚ ਕਾਫ਼ੀ ਖ਼ੂਨ-ਖ਼ਰਾਬੇ ਤੋਂ ਬਾਅਦ ਫੌਜ ਤੇ ਪੁਲਿਸ ਦੇ ਮਿਲਵੇਂ ਹਮਲੇ ਨਾਲ ਦਬਾ ਦਿੱਤੀ ਗਈ।" (ਇੰਡੀਆ ਐਜ਼ ਆਈ ਨਿਓ ਇਟ, ਪੰਨਾ 209)

ਇਹ ਦੂਜਾ ਸਾਜ਼ਿਸ਼ ਕੇਸ ਸੀ, ਜਿਸ ਵਿੱਚ 91 ਬੱਬਰਾਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ। ਸਪੈਸ਼ਲ ਜੱਜ ਨੇ ਕੁਝ ਇੱਕ ਨੂੰ ਸੱਤ-ਸੱਤ ਸਾਲ ਸਖ਼ਤ ਕੈਦ, ਕਈਆਂ ਨੂੰ ਉਮਰ ਕੈਦ (ਕਾਲੇ ਪਾਣੀ) ਦੀ ਸਜ਼ਾ ਸੁਣਾਈ ਤੇ ਹੇਠ ਲਿਖੇ ਛੇ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਸੁਣਾ ਕੇ 27 ਫਰਵਰੀ 1926 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਾ ਦਿੱਤੀ। ਫਾਂਸੀ ਲੱਗੇ ਸ਼ਹੀਦਾਂ ਦਾ ਵੇਰਵਾ ਇਸ ਪ੍ਰਕਾਰ ਹੈ:



ਜਥੇਦਾਰ ਕਿਸ਼ਨ ਸਿੰਘ ਗੜਗੱਜ, ਦਲੀਪ ਸਿੰਘ ਧਾਮੀਆਂ, ਨੰਦ ਸਿੰਘ ਘੁੜਿਆਲ, ਕਰਮ ਸਿੰਘ ਮਾਣਕੋ, ਬਾਬੂ ਸੰਤਾ ਸਿੰਘ ਹਰੀਓ ਖੁਰਦ ਅਤੇ ਧਰਮ ਸਿੰਘ ਹਯਾਤਪੁਰ ਰੁੜਕੀ ਦੇ ਮ੍ਰਿਤਕ ਸਰੀਰ

1. ਜਥੇਦਾਰ ਕਿਸ਼ਨ ਸਿੰਘ ਗੜਗੱਜ ਦਾ ਜਨਮ ਸ. ਫਤਿਹ ਸਿੰਘ ਪਿੰਡ ਬਿਣਗਾ (ਨੇੜੇ ਜਲੰਧਰ ਛਾਉਣੀ) ਵਿਖੇ ਹੋਇਆ। ਜਿਹੜੇ ਲਹਿਰ ਦੇ ਮੋਢੀ ਆਗੂ ਸਨ।

2. ਸ਼ਹੀਦ ਨੰਦ ਸਿੰਘ ਉਮਰ 30 ਸਾਲ ਦਾ ਜਨਮ ਗੰਗਾ ਸਿੰਘ ਭਾਰਜ (ਰਾਮਗੜ੍ਹੀਆ) ਦੇ ਘਰ ਪਿੰਡ ਘੁੜਿਆਲ ਥਾਣਾ ਆਦਮਪੁਰ ਵਿੱਚ ਹੋਇਆ। ਉਹ ਵਿਗਿਆਨਕ ਸੂਝ ਵਾਲੇ ਤੇ ਜੁਝਾਰੂ ਕਵੀ ਵੀ ਸਨ। ਪਿੰਡ ਘੁੜਿਆਲ ਵਿੱਚ ਉਨ੍ਹਾਂ ਦੇ ਜਨਮ ਅਸਥਾਨ ਨੂੰ ਯਾਦਗਾਰ ਦੇ ਰੂਪ ਵਿੱਚ ਸਥਾਪਤ ਕੀਤਾ ਗਿਆ ਹੈ।

3. ਬਾਬੂ ਸੰਤਾ ਸਿੰਘ ਨੂੰ ਫਾਂਸੀ ਲਾਉਣ ਸਮੇਂ ਉਨ੍ਹਾਂ ਦੀ ਉਮਰ 30 ਸਾਲ ਸੀ। ਉਨ੍ਹਾਂ ਦਾ ਜਨਮ ਸੂਬਾ ਸਿੰਘ ਦੇ ਘਰ ਪਿੰਡ ਹਰੀਉ ਖੁਰਦ (ਲੁਧਿਆਣਾ) ਵਿੱਚ ਹੋਇਆ। ਉਹ ਦਲੇਰ ਅਤੇ ਪ੍ਰਚੰਡ ਰੁਚੀਆਂ ਦਾ ਮਾਲਕ ਸੀ। ਪੁਲਸ ਵੱਲੋਂ 27 ਫਰਵਰੀ 1926 ਨੂੰ ਫਾਂਸੀ ਲਾਏ ਜਾਣ ਤੋਂ ਪਹਿਲਾਂ ਭੇਦ ਕੱਢਣ ਲਈ ਉਸ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਸੀ, ਜਿਸ ਬਾਰੇ ਉਸ ਨੇ ਲਿਖਿਆ ਵੀ ਹੈ।

4. ਸ਼ਹੀਦ ਦਲੀਪ ਸਿੰਘ ਧਾਮੀਆਂ ਦਾ ਜਨਮ 1908 ਨੂੰ ਲਾਭ ਸਿੰਘ ਦੇ ਘਰ ਪਿੰਡ ਧਾਮੀਆਂ (ਹੁਸ਼ਿਆਰਪੁਰ) ਵਿੱਚ ਹੋਇਆ। ਛੋਟੀ ਉਮਰੇ ਹੀ ਉਹ ਸਾਰੇ ਕਾਰਨਾਮਿਆਂ ਵਿੱਚ ਸ਼ਾਮਲ ਸੀ, ਜੋ ਪਾਰਟੀ ਵੱਲੋਂ ਤਜਵੀਜ਼ ਕੀਤੇ ਗਏ ਸਨ, ਖਾਸ ਕਰਕੇ ਝੋਲੀ-ਚੁੱਕਾਂ ਨੂੰ ਖਤਮ ਕਰਨ ਲਈ। 'ਭੁਜੰਗੀ' ਕਹਿਲਾਏ ਜਾਣ ਵਾਲੇ ਦਲੀਪ ਸਿੰਘ ਦੀ ਉਮਰ 18 ਸਾਲ ਤੋਂ ਘੱਟ ਸੀ, ਜਦੋਂ ਉਹ ਸ਼ਹੀਦ ਕੀਤੇ ਗਏ।

5. ਸ਼ਹੀਦ ਧਰਮ ਸਿੰਘ ਦਾ ਜਨਮ 1876 ਨੂੰ ਸ. ਸੋਭਾ ਸਿੰਘ ਦੇ ਘਰ ਪਿੰਡ ਹਯਾਤਪੁਰ ਰੁੜਕੀ (ਹੁਸ਼ਿਆਰਪੁਰ) ਵਿੱਚ ਹੋਇਆ। ਪਿੰਡ ਦੇ ਅੰਗਰੇਜ਼ ਝੋਲੀ-ਚੁੱਕ ਦੇ ਕਤਲ ਕੇਸ ਵਿੱਚ 6 ਜੁਲਾਈ 1923 ਨੂੰ ਗ੍ਰਿਫ਼ਤਾਰ ਕਰਕੇ ਉਸ ਨੂੰ ਅਤੇ ਸਾਥੀਆਂ ਨਾਲ ਫਾਂਸੀ ਦਿੱਤੀ ਗਈ।

6. ਸ਼ਹੀਦ ਕਰਮ ਸਿੰਘ ਦਾ ਜਨਮ 1894 ਨੂੰ ਸ. ਭਗਵਾਨ ਸਿੰਘ (ਸੁਨਿਆਰ) ਦੇ ਘਰ ਪਿੰਡ ਹਰੀਪੁਰ (ਥਾਣਾ ਆਦਮਪੁਰ) ਵਿੱਚ ਹੋਇਆ। ਜੇਲ੍ਹ ਅੰਦਰਲੇ ਦੂਜੇ ਬੱਬਰਾਂ ਵੱਲੋਂ ਰਿਹਾ ਹੋਣ ਪਿੱਛੋਂ ਦੱਸਿਆ ਗਿਆ ਸੀ ਕਿ ਇਹ ਸ਼ਹੀਦ ਸਾਰੀ ਰਾਤ ਸ਼ਬਦ ਪੜ੍ਹਦਾ ਤੇ ਜੈਕਾਰੇ ਬੁਲਾਉਂਦਾ ਰਿਹਾ, ਤਾਂ ਕਿ ਜੀਵਨ ਦੀ ਇਸ ਆਖਰੀ ਰਾਤ ਨੂੰ ਲਾੜੀ ਨੂੰ ਵਰਨਾਉਣ ਦੀ ਖੁਸ਼ੀ ਵਿੱਚ ਬਿਤਾਇਆ ਜਾਵੇ।

ਇਕੋ ਸਮੇਂ ਫਾਂਸੀ ਲਾਕੇ, ਜੇਲ੍ਹ ਅਧਿਕਾਰੀ ਇਨ੍ਹਾਂ ਦੀਆਂ ਲਾਸ਼ਾਂ ਦੇਣੀਆਂ ਨਹੀਂ ਚਾਹੁੰਦੇ ਸਨ, ਪ੍ਰੰਤੂ ਜਨਤਕ ਰੋਹ ਨੇ ਉਨ੍ਹਾਂ ਦੀ ਚੱਲਣ ਨਾ ਦਿੱਤੀ। ਸਿੱਟੇ ਵਜੋਂ ਵਾਰਸਾਂ ਨੂੰ ਲਾਸ਼ਾਂ ਦਿੱਤੀਆਂ ਗਈਆਂ। ਲਾਹੌਰ ਜੇਲ੍ਹ ਤੋਂ ਛੇ-ਸੱਤ ਮੀਲ ਦੀ ਦੂਰੀ 'ਤੇ ਰਾਮੂ ਦੇ ਬਾਗ਼ ਦੇ ਸ਼ਮਸ਼ਾਨਘਾਟ, ਜੋ ਰਾਵੀ ਦੇ ਲਾਗੇ ਸੀ, ਫੁੱਲਾਂ ਨਾਲ ਸਜਾਈਆਂ ਅਰਥੀਆਂ ਵਿਸ਼ਾਲ ਜਲੂਸ ਦੀ ਸ਼ਕਲ ਵਿੱਚ ਲਿਆਂਦੀਆਂ ਗਈਆਂ। ਸ਼ਹੀਦਾਂ ਦੀ ਇੱਛਾ ਅਨੁਸਾਰ ਅੰਗੀਠੇ ਵਿੱਚ ਛੇਆਂ ਸ਼ਹੀਦਾਂ ਦਾ ਇਕੱਠਾ ਸਸਕਾਰ ਕੀਤਾ ਗਿਆ। 3 ਮਾਰਚ 1926 ਨੂੰ ਉਨ੍ਹਾਂ ਦੀਆਂ ਅਸਥੀਆਂ ਰਾਵੀ ਦਰਿਆ ਵਿੱਚ ਜਲ-ਪ੍ਰਵਾਹ ਕੀਤੀਆਂ ਗਈਆਂ ਸਨ।

12 ਦਸੰਬਰ 1923 ਨੂੰ ਪਿੰਡ ਮੰਡੇਰਾਂ ਵਿੱਚ ਬੱਬਰਾਂ ਦਾ ਮੁਕਾਬਲਾ ਪੁਲਸ ਤੇ ਫੌਜ ਨਾਲ ਹੋਇਆ, ਜਿਸ ਵਿੱਚ ਬੱਬਰ ਜੁਆਲਾ ਸਿੰਘ ਫਤਿਹਪੁਰ ਕੋਠੀ ਤੇ ਬੱਬਰ ਧੰਨਾ ਸਿੰਘ ਧਾਮੀਆਂ ਸ਼ਹਾਦਤ ਪਾ ਗਏ। ਵਰਿਆਮ ਸਿੰਘ ਧੁੱਗਾ ਸਖ਼ਤ ਜ਼ਖ਼ਮੀ ਹੋਣ ਦੇ ਬਾਵਜੂਦ ਉਥੋਂ ਬਚ ਨਿਕਲਿਆ। ਉਹ ਠੀਕ ਹੋ ਕੇ ਬਾਰ ਦੇ ਇਲਾਕੇ, ਜ਼ਿਲ੍ਹਾ ਲਾਇਲਪੁਰ ਵਿੱਚ ਚਲਾ ਗਿਆ, ਜਿੱਥੋਂ ਉਸ ਨੇ ਬੱਬਰ ਲਹਿਰ ਨੂੰ ਨਵੇਂ ਸਿਰਿਉਂ ਲਾਮਬੰਦ ਕਰਕੇ ਹਕੂਮਤ ਤੇ ਉਸ ਦੇ ਝੋਲੀ-ਚੁੱਕਾਂ ਨੂੰ ਚਿੰਤਾ 'ਚ ਪਾ ਦਿੱਤਾ ਸੀ।

ਬੱਬਰ ਵਰਿਆਮ ਸਿੰਘ, ਚੱਕ ਨੰ. 54 ਵਿੱਚ ਪੁਲਸ ਨਾਲ ਹੋਏ ਮੁਕਾਬਲੇ ਵਿੱਚ 8 ਜੂਨ 1924 ਨੂੰ ਸ਼ਹੀਦ ਹੋ ਗਿਆ ਸੀ। ਉਸ ਦੇ ਬਾਕੀ ਸਾਥੀਆਂ ਬਾਰੇ ਗੱਦਾਰ ਆਸਾ ਸਿੰਘ ਭੁਕੜੂਦੀ ਤੇ ਧੰਨਾ ਸਿੰਘ ਕੋਟਲੀ ਦੋਨਾਂ ਵੱਲੋਂ ਸਰਕਾਰ ਨੂੰ ਭੇਦ ਦੱਸਣ 'ਤੇ 37 ਬੱਬਰ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜ਼ਿਲ੍ਹਾ ਲਾਹੌਰ ਦੇ ਐਡੀਸ਼ਨਲ ਸੈਸ਼ਨ ਜੱਜ ਐੱਸ.ਐੱਸ.ਹੈਰੀਸਨ ਦੀ ਅਦਾਲਤ ਵਿੱਚ ਮੁਕੱਦਮਾ ਚੱਲਿਆ। ਜੱਜ ਨੇ ਇਨ੍ਹਾਂ ਵਿੱਚੋਂ ਛੇ ਦੇਸ਼ ਭਗਤ ਬੱਬਰਾਂ 1. ਨਿੱਕਾ ਸਿੰਘ ਪੁੱਤਰ ਧੌਕਲ ਸਿੰਘ, ਪਿੰਡ ਗਿੱਲ (ਲੁਧਿਆਣਾ), 2. ਮੁਕੰਦ ਸਿੰਘ ਪੁੱਤਰ ਸਰਮੁੱਖ ਸਿੰਘ ਜਵੱਦੀ ਕਲਾਂ (ਲੁਧਿਆਣਾ), 3. ਬੰਤਾ ਸਿੰਘ ਪੁੱਤਰ ਹਜ਼ਾਰਾ ਸਿੰਘ, ਪਿੰਡ ਗੁਰੂਸਰ, ਥਾਣਾ ਦਾਖਾ, 4. ਸੁੰਦਰ ਸਿੰਘ ਪੁੱਤਰ ਬਸਾਵਾ ਸਿੰਘ ਪਨੂੰ, ਪਿੰਡ ਲਹੁਕਾ, ਥਾਣਾ ਸਰਹਾਲੀ ਕਲਾਂ (ਅੰਮ੍ਰਿਤਸਰ), 5. ਗੁੱਜਰ ਸਿੰਘ ਪੁੱਤਰ ਕਾਬਲ ਸਿੰਘ, ਪਿੰਡ ਢੱਪਈ (ਲੁਧਿਆਣਾ) ਅਤੇ 6. ਨਿੱਕਾ ਸਿੰਘ ਦੂਜਾ ਪੁੱਤਰ ਬੂਟਾ ਸਿੰਘ ਪਿੰਡ ਆਲੋਵਾਲ (ਅੰਮ੍ਰਿਤਸਰ) ਨੂੰ ਫਾਂਸੀ ਅਤੇ ਬਾਕੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਦਾ ਹੁਕਮ ਸੁਣਾਇਆ। ਪੂਰੇ ਇੱਕ ਸਾਲ ਪਿੱਛੋਂ ਉਸੇ ਤਾਰੀਕ, ਉਸੇ ਦਿਨ 27 ਫਰਵਰੀ 1927 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਇਨ੍ਹਾਂ ਨੂੰ ਤਿੰਨਾਂ-ਤਿੰਨਾਂ ਦੇ ਜੁੱਟਾਂ ਵਿੱਚ ਫਾਂਸੀ ਦਿੱਤੀ ਗਈ। ਸ਼ਹੀਦਾਂ ਦੇ ਵਾਰਸਾਂ ਤੇ ਲੋਕਾਂ ਦੀ ਵਿਸ਼ਾਲ ਭੀੜ ਵੱਲੋਂ ਪਹਿਲਾਂ ਵਾਂਗ ਹੀ ਇਨ੍ਹਾਂ ਦੀਆਂ ਅਰਥੀਆਂ ਦਾ ਜਲੂਸ ਕੱਢ ਕੇ ਸਸਕਾਰ ਉਸੇ ਰਾਮੂ ਦੇ ਬਾਗ਼ ਵਾਲੇ ਸ਼ਮਸ਼ਾਨਘਾਟ ਵਿੱਚ ਅੰਗੀਠਾ ਸਜਾ ਕੇ ਕੀਤਾ ਗਿਆ। ਇਸ ਵਾਰ ਵੀ ਇਨ੍ਹਾਂ ਦੀਆਂ ਅਸਥੀਆਂ ਰਾਵੀ ਵਿੱਚ ਜਲ-ਪ੍ਰਵਾਹ ਕਰ ਦਿੱਤੀਆਂ ਗਈਆਂ ਸਨ। ਸ਼ਹੀਦ ਭਗਤ ਸਿੰਘ ਉਪਰ ਇਨ੍ਹਾਂ ਸ਼ਹਾਦਤਾਂ ਦਾ ਗਹਿਰਾ ਅਸਰ ਹੋਇਆ ਤੇ ਉਸ ਨੇ ਇਸ ਦਿਹਾੜੇ ਨੂੰ "ਹੋਲੀ ਕੇ ਦਿਨ ਖ਼ੂਨ ਕੇ ਛੀਂਟੇ" ਦੇ ਸਿਰਲੇਖ ਹੇਠ ਇਨ੍ਹਾਂ ਸ਼ਹੀਦਾਂ ਬਾਰੇ ਹਿਰਦੇਵੇਧਕ ਲੇਖ ਲਿਖਿਆ ਸੀ।

ਮੋ: 9780602066

# ਮੋਦੀ ਸਰਕਾਰ ਵੱਲੋਂ ਆਰ.ਬੀ.ਆਈ. ਦੀ ਖੁਦਮੁਖਤਿਆਰੀ ਦਾ ਜਨਾਜ਼ਾ

(ਸਫ਼ਾ 6 ਦੀ ਬਾਕੀ)

ਦਰੁਸਤੀ ਕਾਰਵਾਈ' ਤੋਂ ਨਿਯਾਤ ਦੁਆ ਕੇ ਬੈਂਕਾਂ ਵਿਚ ਨੂੰ ਕਰਜ਼ੇ ਦੇਣ ਦੀ ਖੁੱਲ੍ਹ ਦੇ ਕੇ ਗੈਰ-ਬੈਂਕ ਵਿਤੀ ਕੰਪਨੀਆਂ ਅਤੇ ਆਰਥਿਕਤਾ 'ਚ ਤਰਲਤਾ ਵਧਾਈ ਜਾਵੇ। ਹਾਲਾਂਕਿ ਸਤੰਬਰ 2018 ਤੱਕ ਐਨਪੀਏ ਕਾਰਨ ਨਿਗਰਾਨੀ ਵਿਚ ਰੱਖੀਆਂ 11 ਬੈਂਕਾਂ ਦੇ ਅਜੇ ਵੀ 16 ਪ੍ਰਤੀਸ਼ਤ ਤੋਂ 32 ਪ੍ਰਤੀਸ਼ਤ ਤੱਕ ਐਨਪੀਏ ਹਨ। ਇਨ੍ਹਾਂ ਵਿਚੋਂ 8 ਬੈਂਕਾਂ 416 ਕਰੋੜ ਰੁਪਏ ਤੋਂ ਲੈ ਕੇ 3600 ਕਰੋੜ ਰੁਪਏ ਘਾਟੇ ਵਿਚ ਹਨ ਅਤੇ ਕੇਵਲ ਤਿੰਨ ਬੈਂਕਾਂ, ਬੈਂਕ ਆਫ ਮਹਾਰਾਸ਼ਟਰ 27 ਕਰੋੜ ਰੁਪਏ, ਕਾਰਪੋਰੇਸ਼ਨ ਬੈਂਕ 103 ਕਰੋੜ ਅਤੇ ਓਰੀਐਂਟਲ ਬੈਂਕ ਆਫ ਕਾਮਰਸ 101 ਕਰੋੜ ਰੁਪਏ ਦੇ ਨਿਗੂਣੇ ਮੁਨਾਫ਼ੇ 'ਚ ਹਨ। ਪਰ ਇਸ ਦੇ ਬਾਵਜੂਦ ਆਰਬੀਆਈ ਨੇ ਮੋਦੀ ਸਰਕਾਰ ਦੇ ਦਬਾਅ ਕਾਰਨ ਇਨ੍ਹਾਂ 11 ਬੈਂਕਾਂ ਨੂੰ 'ਫੌਰੀ ਦਰੁਸਤੀ ਕਾਰਵਾਈ' ਤੋਂ ਨਿਯਾਤ ਦੇਣ ਦੀ ਹਾਮੀ ਭਰ ਕੇ ਕਾਰਪੋਰੇਟ ਘਰਾਣਿਆਂ ਨੂੰ ਕਰਜ਼ੇ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਤੋਂ ਇਲਾਵਾ ਮੋਦੀ ਸਰਕਾਰ ਲੋਕ ਸਭਾ ਦੀਆਂ ਚੋਣਾਂ ਜਿੱਤਣ ਵਾਸਤੇ ਲੋਕ ਲਭਾਊ ਨਾਅਰੇ ਦੇਣ ਲਈ ਨੋਟਬੰਦੀ ਅਤੇ ਜੀਐਸਟੀ ਕਾਰਨ ਘਾਟੇ ਵਿਚ ਫਸੇ ਹੋਏ ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਰਾਹਤ ਦੇਣ ਲਈ ਲਗਾਤਾਰ ਆਰਬੀਆਈ 'ਤੇ ਦਬਾਅ ਪਾ ਕੇ ਆਰਬੀਆਈ ਗਵਨਰਾਂ ਨੂੰ ਝੁਕਾ ਲਿਆ ਹੈ ਅਤੇ ਇਸ ਨੇ ਇਨ੍ਹਾਂ ਸਨਅਤਾਂ ਦੇ 25 ਕਰੋੜ ਰੁਪਏ ਤੱਕ ਦੇ ਐਨਪੀਏ ਨੂੰ ਨਜਿੱਠਣ ਲਈ ਆਰਬੀਆਈ ਦੀ ਇਕ ਅਲੱਗ ਸਕੀਮ ਬਣਾ ਕੇ ਇਨ੍ਹਾਂ ਉਦਯੋਗਾਂ ਨੂੰ ਰਾਹਤ ਦੇਣ ਦੀ ਹਾਮੀ ਭਰਾ ਲਈ ਹੈ। ਪਰ ਆਰਬੀਆਈ ਗਵਰਨਰਾਂ ਮੁਤਾਬਿਕ ਮੋਦੀ ਸਰਕਾਰ ਉਨ੍ਹਾਂ ਉਪਰ ਦਬਾਅ ਪਾ ਕੇ ਆਪਣੀ ਪੁਗਾਉਣ ਦੇ ਇਨ੍ਹਾਂ ਕਦਮਾਂ ਨਾਲ ਭਵਿੱਖ ਵਿਚ ਇਕ ਵੱਡਾ ਵਿਤੀ ਸੰਕਟ ਪੈਦਾ ਹੋ ਸਕਦਾ ਹੈ। ਇਸੇ ਕਰਕੇ ਆਰਬੀਆਈ ਦਾ ਗਵਰਨਰ ਉਰਜਿੱਤ ਪਟੇਲ ਅਤੇ ਹੋਰ ਗਵਰਨਰ ਮੋਦੀ ਸਰਕਾਰ ਦੀਆਂ ਮੰਗਾਂ ਦਾ ਵਿਰੋਧ ਕਰ ਰਹੇ ਸਨ ਪਰ ਮੋਦੀ ਸਰਕਾਰ ਨੇ ਆਰਬੀਆਈ ਦੇ ਗਵਰਨਰਾਂ ਨੂੰ ਲਗਾਤਾਰ ਚਾਰੇ ਪਾਸਿਆਂ ਤੋਂ ਘੇਰ ਕੇ ਆਰਬੀਆਈ ਦੀ 'ਖੁਦਮੁਖਤਿਆਰੀ' ਦਾ ਜਨਾਜ਼ਾ ਕੱਢ ਦਿੱਤਾ ਹੈ।

ਇਹ ਹਾਲਤ ਭਾਰਤ ਅੰਦਰ ਵਧ ਰਹੇ ਆਰਥਿਕ—ਸਿਆਸੀ ਸੰਕਟ ਨੂੰ ਦਰਸਾਉਂਦੀ ਹੈ। ਸਾਮਰਾਜੀ ਪ੍ਰਬੰਧ ਦਾ ਅੰਗ ਹੋਣ ਕਰਕੇ ਭਾਰਤ ਅੰਦਰ ਆਰਥਿਕ—ਸਿਆਸੀ ਸੰਕਟ ਲਗਾਤਾਰ ਗਹਿਰਾ ਹੁੰਦਾ ਜਾ ਰਿਹਾ ਹੈ। ਇਸ ਵਿੱਚੋਂ ਨਿਕਲਣ ਲਈ ਹਾਕਮ ਜਮਾਤਾਂ ਦੀ ਇਹ ਜ਼ਰੂਰਤ ਬਣ ਗਈ ਹੈ ਕਿ ਤਾਕਤਾਂ ਦਾ ਵੱਧ ਤੋਂ ਵੱਧ ਕੇਂਦਰੀਕਰਨ ਕੀਤਾ ਜਾਵੇ। ਕੇਂਦਰ ਸਰਕਾਰ ਦੀ ਇਸ ਲੋੜ ਦੀ ਪੂਰਤੀ ਲਈ ਰਿਜਰਵ ਬੈਂਕ ਵਰਗੀਆਂ ਸੰਸਥਾਵਾਂ ਨੂੰ ਆਪਣੀ ਮਰਜੀ ਅਨੁਸਾਰ ਚਲਾਉਣਾ ਚਾਹੁੰਦੀਆਂ ਹਨ। ਭਾਵੇਂ ਕਿ ਇਹ ਸੰਸਥਾਵਾਂ ਮੌਜੂਦਾ ਆਰਥਿਕ—ਸਿਆਸੀ ਢਾਂਚੇ ਦਾ ਅੰਗ ਹੋਣ ਕਰਕੇ ਸਾਮਰਾਜੀ ਪ੍ਰਬੰਧ ਇਜਾਰੇਦਾਰ ਘਰਾਣਿਆਂ ਦੇ ਹਿੱਤਾਂ ਦੀ ਹੀ ਪੂਰਤੀ ਕਰਦੀਆਂ ਹਨ। ਇਸ ਕਰਕੇ ਇਹ ਸੰਸਥਾਵਾਂ ਇਸ ਪ੍ਰਬੰਧ ਦੇ ਅਧੀਨ ਹੀ ਹਨ ਓਤੇ ਇਸ ਅੰਦਰ ਖੁਦਮੁਖਤਿਆਰੀ ਦਾ ਮਸਲਾ ਸਾਪੇਖਕ ਖੁਦਮੁਖਤਿਆਰੀ ਦਾ ਮਾਮਲਾ ਹੀ ਹੈ। ਸਰਕਾਰ ਅਤੇ ਅਫਸਰਸ਼ਾਹੀ ਦਰਮਿਆਨ ਮੱਤਭੇਦਾਂ ਦਾ ਮਸਲਾ ਇਸ ਲੋਕ ਵਿਰੋਧੀ ਢਾਂਚੇ ਦੀ ਉਮਰ ਲੰਬੀ ਕਰਨ ਦਾ ਮਾਮਲਾ ਹੈ। ਜਦੋਂ ਕਿ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਇਨ੍ਹਾਂ ਹਾਕਮ ਜਮਾਤਾਂ ਦੇ ਕੋਈ ਮੱਤਭੇਦ ਨਹੀਂ ਹਨ। ਇਨ੍ਹਾਂ ਲੋਕ ਵਿਰੋਧੀ ਨੀਤੀਆਂ ਕਰਕੇ ਜੋ ਸੰਕਟ ਪੈਦਾ ਹੋ ਰਿਹਾ ਹੈ ਉਹ ਲੋਕਾਂ ਦੇ ਨਾਲ—ਨਾਲ ਹਾਕਮ ਜਮਾਤਾਂ ਦੇ ਆਪਸੀ ਵਿਰੋਧ ਨੂੰ ਵੀ ਤਿੱਖਾ ਕਰ ਰਿਹਾ ਹੈ।

# ਸੁਰੱਖਿਆ ਜਵਾਨਾਂ ਦੀਆਂ ਦੁਖਦਾਈ ਮੌਤਾਂ ਲਈ ਹੁਕਮਰਾਨਾਂ ਦੀਆਂ ਨੀਤੀਆਂ ਜ਼ਿੰਮੇਵਾਰ : ਜਮਹੂਰੀ ਅਧਿਕਾਰ ਸਭਾ

- ਬੂਟਾ ਸਿੰਘ -

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ. ਮਲੇਰੀ ਅਤੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਕਸ਼ਮੀਰ ਵਿਚ ਸੁਰੱਖਿਆ ਬਲਾਂ ਦੇ 49 ਜਵਾਨਾਂ ਦੇ ਆਤਮਘਾਤੀ ਹਮਲੇ ਵਿਚ ਮਾਰੇ ਜਾਣ ਉੱਪਰ ਡੂੰਘਾ ਦੁੱਖ ਪ੍ਰਗਟਾਇਆ ਹੈ। ਸਭਾ ਇਸ ਡੂੰਘੇ ਦੁੱਖ ਦੀ ਘੜੀ ਇਹਨਾਂ ਸਮੂਹ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੁੰਦੀ ਹੈ ਅਤੇ ਇਸ ਕਾਂਡ ਦੀ ਆੜ ਵਿਚ ਦੰਗੇਬਾਜ਼ ਹਿੰਦੂਤਵਵਾਦੀ ਅਤੇ ਹੋਰ ਭੜਕਾਊ ਤਾਕਤਾਂ ਵੱਲੋਂ ਹਮਲਿਆਂ, ਅੱਗਜ਼ਨੀ ਅਤੇ ਹਿੰਸਾ ਫੈਲਾਕੇ ਆਮ ਕਸ਼ਮੀਰੀਆਂ ਨੂੰ ਦਹਿਸ਼ਤਜ਼ਦਾ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਜੋ ਸੁਰੱਖਿਆ ਜਵਾਨਾਂ ਦੇ ਜਾਨੀ ਨੁਕਸਾਨ ਨੂੰ ਆਪਣੇ ਰਾਸ਼ਟਰਵਾਦੀ ਏਜੰਡੇ ਅਤੇ ਸੌੜੇ ਰਾਜਨੀਤਕ ਮੁਫ਼ਾਦਾਂ ਲਈ ਵਰਤਣ ਦੀ ਘਿਣਾਉਣੀ ਸਿਆਸਤ ਖੇਡ ਰਹੀਆਂ ਹਨ।


ਉਹਨਾਂ ਕਿਹਾ ਕਿ ਇਸ ਨੁਕਸਾਨ ਲਈ ਭਾਰਤੀ ਹੁਕਮਰਾਨ ਜਮਾਤਾਂ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਦੂਜੇ ਪਾਸੇ, ਪਾਕਿਸਤਾਨ ਦੇ ਹੁਕਮਰਾਨ ਵੀ ਘੱਟ ਦੋਸ਼ੀ ਨਹੀਂ ਜੋ ਕਸ਼ਮੀਰੀ ਲੋਕਾਂ ਦਾ ਜਜ਼ਬਾਤੀ ਸ਼ੋਸ਼ਣ ਕਰਕੇ ਧਾਰਮਿਕ ਮੂਲਵਾਦ ਅਤੇ ਦਹਿਸ਼ਤਪਸੰਦੀ ਨੂੰ ਉਕਸਾ ਰਹੇ ਹਨ ਅਤੇ ਕਸ਼ਮੀਰੀਅਤ ਦੇ ਮੂਲ ਤੱਤ ਫਿਰਕੂ ਸਦਭਾਵਨਾ ਨੂੰ ਢਾਹ ਲਾ ਰਹੇ ਹਨ। ਸੱਤ ਦਹਾਕਿਆਂ ਤੋਂ ਬੇਹੱਲ ਪਏ ਕਸ਼ਮੀਰ ਮਸਲੇ ਦਾ ਸਿਆਸੀ ਹੱਲ ਕਰਨ ਦੀ ਬਜਾਏ ਭਾਰਤ ਦੀਆਂ ਸਰਕਾਰਾਂ ਵੱਲੋਂ ਅੰਧਰਾਸ਼ਟਰਵਾਦੀ ਅਤੇ ਜੰਗਬਾਜ਼ ਸਿਆਸਤ ਖੇਡ ਜਾ ਰਹੀ ਹੈ। ਇਸ ਲਈ, ਇਸ ਬਹੁਤ ਹੀ ਦੁਖਦਾਈ ਕਾਂਡ ਨੂੰ ਕਸ਼ਮੀਰੀਆਂ ਦੇ ਜਮਹੂਰੀ ਹੱਕਾਂ ਤੋਂ ਇਨਕਾਰੀ ਹੋਣ ਅਤੇ ਉਹਨਾਂ ਨਾਲ ਕੀਤੀਆਂ ਲਗਾਤਾਰ ਵਾਅਦਾ ਖ਼ਿਲਾਫ਼ੀਆਂ ਦੇ ਇਤਿਹਾਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਗੱਲਬਾਤ ਰਾਹੀਂ ਮਸਲੇ ਦਾ ਸਿਆਸੀ ਹੱਲ ਕਰਨ ਦੀ ਬਜਾਏ ਜਮਹੂਰੀ ਰੀਝਾਂ ਦਾ ਘਾਣ ਕਰਨ ਅਤੇ ਜੰਮੂ-ਕਸ਼ਮੀਰ ਦੀ ਸਰਜ਼ਮੀਨ ਉੱਪਰ ਲੱਖਾਂ ਦੀ ਗਿਣਤੀ ਵਿਚ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਦੀ ਲਗਾਤਾਰ ਤਾਇਨਾਤੀ ਅਤੇ ਰੋਜ਼ਮਰਾ ਹਿੰਸਾ ਦਾ ਨਤੀਜਾ ਇਸ ਤਰ੍ਹਾਂ ਦੇ ਇੰਤਹਾਪਸੰਦ ਪ੍ਰਤੀਕਰਮ ਨੂੰ ਜਨਮ ਦਿੰਦਾ ਹੈ। ਕਸ਼ਮੀਰੀ ਲੋਕਾਂ ਨੇ ਹਮੇਸ਼ਾ ਗੱਲਬਾਤ ਰਾਹੀਂ ਮਸਲੇ ਦੇ ਹੱਲ ਦੀ ਉਮੀਦ ਰੱਖੀ ਹੈ ਜਦ ਕਿ ਇਹ ਭਾਰਤੀ ਹੁਕਮਰਾਨ ਹਨ ਜੋ ਹਮੇਸ਼ਾ ਆਨੇ-ਬਹਾਨੇ ਗੱਲਬਾਤ ਦੇ ਜਮਹੂਰੀ ਅਮਲ ਨੂੰ ਭੰਗ ਕਰਦੇ ਰਹੇ ਹਨ ਅਤੇ ਫ਼ੌਜੀ ਤਾਕਤ ਦੇ ਗ਼ਰੂਰ ਅਤੇ ਰਾਜਕੀ ਦਹਿਸ਼ਤਵਾਦ ਦੀ ਨੀਤੀ ਉੱਪਰ ਚੱਲਦੇ ਆ ਰਹੇ ਹਨ। ਸਿਆਸੀ ਹੱਲ ਦਾ ਜਮਹੂਰੀ ਤਰੀਕਾ ਅਖ਼ਤਿਆਰ ਕਰਨ ਤੇ ਨੌਜਵਾਨਾਂ ਲਈ ਰਚਨਾਤਮਿਕਤਾ ਦੇ ਮੌਕੇ ਪੈਦਾ ਕਰਨ ਦੀ ਬਜਾਏ ਦੇਸ਼ ਦੇ ਨਾਗਰਿਕਾਂ ਦਾ ਟੈਕਸਾਂ ਦਾ ਪੈਸਾ ਕਸ਼ਮੀਰ ਉਪਰ ਫ਼ੌਜੀ ਗ਼ਲਬੇ ਨੂੰ ਬਣਾਈ ਰੱਖਣ ਉੱਪਰ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ। ਜਿੱਥੇ ਦਹਾਕਿਆਂ ਤੋਂ ਪੰਜ ਲੱਖ ਤੋਂ ਵੱਧ ਫ਼ੌਜ ਅਤੇ ਨੀਮ ਫ਼ੌਜੀ ਤਾਕਤਾਂ ਤਾਇਨਾਤ ਹਨ। ਇਹ ਨੀਤੀ ਨਾ ਸਿਰਫ਼ ਕਸ਼ਮੀਰੀ ਲੋਕਾਂ ਦਾ ਬੇਤਹਾਸ਼ਾ ਘਾਣ ਕਰ ਰਹੀ ਹੈ ਸਗੋਂ ਦੇਸ਼ ਦੀ ਏਕਤਾ-ਅਖੰਡਤਾ ਦੀ ਰਾਖੀ ਦੇ ਨਾਂ 'ਤੇ ਫ਼ੌਜੀ ਅਤੇ




ਨੀਮ-ਫ਼ੌਜੀ ਜਵਾਨਾਂ ਨੂੰ ਬਲਦੀ ਦੇ ਮੂੰਹ ਧੱਕ ਕੇ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਵੀ ਖਿਲਵਾੜ ਕਰ ਰਹੀ ਹੈ। ਇਕ ਨੋਟ ਕਰਨ ਵਾਲਾ ਪਹਿਲੂ ਕਸ਼ਮੀਰ ਵਿਚ ਰਾਜ ਦੇ ਸੂਚਨਾ ਤੰਤਰ ਦੀ ਨਹਾਇਤ ਅਸਫ਼ਲਤਾ ਵੀ ਹੈ ਜੋ ਹੁਕਮਰਾਨਾਂ ਦੀਆਂ ਨੀਤੀਆਂ ਤੋਂ ਬੇਚੈਨ ਕਸ਼ਮੀਰੀਆਂ ਨੂੰ ਤਾਂ ਫੜ ਫੜ ਜੇਲ੍ਹਾਂ, ਤਸੀਹਾ ਕੇਂਦਰਾਂ ਵਿਚ ਜ਼ਿਬਾਹ ਕਰ ਰਿਹਾ ਹੈ ਅਤੇ ਮੁਕਾਬਲਿਆਂ ਵਿਚ ਮਾਰ ਰਿਹਾ ਹੈ ਪਰ ਐਨੀ ਵੱਡੀ ਮਾਤਰਾ ਵਿਚ ਬਾਰੂਦ ਦੀ ਮੌਜੂਦਗੀ ਦੀ ਇਸ ਨੂੰ ਬਿਲਕੁਲ ਖ਼ਬਰ ਨਹੀਂ ਸੀ।

ਭਾਜਪਾ ਦੀ ਕੇਂਦਰ ਸਰਕਾਰ ਇਸ ਲਈ ਖ਼ਾਸ ਤੌਰ 'ਤੇ ਜ਼ਿੰਮੇਵਾਰ ਹੈ ਜੋ ਕਸ਼ਮੀਰੀਅਤ ਦੀ ਭਾਵਨਾ ਨੂੰ ਸੱਟ ਮਾਰਨ, ਫਿਰਕੂ ਪਾਟਕ ਪਾਕੇ ਕਸ਼ਮੀਰੀ ਸਮਾਜ ਨੂੰ ਹੋਰ ਜ਼ਿਆਦਾ ਹਿੰਸਾ ਵੱਲ ਧੱਕਣ ਦੀ ਸੋਚੀ-ਸਮਝੀ ਸਿਆਸਤ ਖੇਡ ਰਹੀ ਹੈ। ਸੰਘ ਪਰਿਵਾਰ ਦੀ ਬਦਲਾ ਲਊ ਬਿਆਨਬਾਜ਼ੀ ਅਤੇ ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਅੰਜਾਮ ਦੇਣ ਲਈ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਨੇ ਕਸ਼ਮੀਰੀਆਂ ਅਤੇ ਹੋਰ ਘੱਟਗਿਣਤੀਆਂ ਵਿਚ ਪਹਿਲਾਂ ਤੋਂ ਵੀ ਜ਼ਿਆਦਾ ਬੇਗਾਨਗੀ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਰੋਜ਼ ਮਰਾ ਬੇਤਹਾਸ਼ਾ ਜਬਰ, ਝੂਠੇ ਕੇਸਾਂ ਵਿਚ ਗ੍ਰਿਫ਼ਤਾਰੀਆਂ ਅਤੇ ਜੇਲ੍ਹਾਂ ਵਿਚ ਸਾਲਾਂ ਬੱਧੀ ਖੱਜਲ ਖੁਆਰੀ, ਸੱਚੇ-ਝੂਠੇ ਮੁਕਾਬਲਿਆਂ ਅਤੇ ਹੋਰ ਕਿਸਮਾਂ ਦੇ ਜਬਰ ਵਿਰੁੱਧ ਰੋਸ ਪ੍ਰਗਟਾ ਰਹੇ ਕਸ਼ਮੀਰੀ ਲੋਕਾਂ ਉੱਪਰ ਪੈਲੇਟ ਗੰਨਾਂ ਦੀਆਂ ਬੇਤਹਾਸ਼ਾ ਬੌਛਾੜਾਂ ਅਤੇ ਔਰਤਾਂ ਉੱਪਰ ਜਿਨਸੀ ਹਿੰਸਾ ਕਸ਼ਮੀਰੀਆਂ ਦਾ ਰੋਜ਼ਮਰਾ ਸੰਤਾਪ ਹੈ। ਕਸ਼ਮੀਰ ਵਿਚ ਡੁੱਲ੍ਹ ਰਹੇ ਲਹੂ ਉਤੇ ਅੰਧਰਾਸ਼ਟਰਵਾਦੀ ਮੀਡੀਆ ਵੱਲੋਂ ਮਨਾਏ ਜਾਂਦੇ ਜਸ਼ਨ ਵੀ ਬੇਚੈਨ ਕਸ਼ਮੀਰੀ ਨੌਜਵਾਨਾਂ ਨੂੰ ਅੱਤਵਾਦੀ ਢੰਗਾਂ ਵੱਲ ਧੱਕ ਰਹੇ ਹਨ ਜਿਹਨਾਂ ਦਾ ਨਾ ਸਿਰਫ਼ ਆਪਣਾ ਨਿੱਜੀ ਭਵਿੱਖ ਹਨੇਰਾ ਹੈ ਸਗੋਂ ਕਸ਼ਮੀਰ ਦਾ ਵੀ ਉਹਨਾਂ ਨੂੰ ਕੋਈ ਸਿਆਸੀ ਭਵਿੱਖ ਨਜ਼ਰ ਨਹੀਂ ਆ ਰਿਹਾ। ਸਭਾ ਸਮਝਦੀ ਹੈ ਕਿ ਇਸ ਡੂੰਘੇ ਦੁੱਖ ਦੀ ਘੜੀ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਦੁਖਾਂਤਕ ਕਾਂਡ ਦੀ ਮਹਿਜ਼ ਨਿਖੇਧੀ ਕਰਨ ਤਕ ਸੀਮਤ ਰਹਿਣ ਦੀ ਬਜਾਏ ਭਾਰਤੀ ਹੁਕਮਰਾਨਾਂ ਦੀ ਬਦਲਾਲਊ ਨੀਤੀ ਦਾ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਹ ਮੰਗ ਕਰਨੀ ਚਾਹੀਦੀ ਹੈ ਕਿ ਕਸ਼ਮੀਰੀ ਲੋਕਾਂ ਦੇ ਖ਼ਿਲਾਫ਼ ਫ਼ੌਜੀ ਘੁਮੰਡ ਦੀ ਜੰਗਬਾਜ਼ ਨੀਤੀ ਅਤੇ ਦੇਸ਼ ਦੀ ਏਕਤਾ-ਅਖੰਡਤਾ ਦੇ ਨਾਂ ਹੇਠ ਭਾਰਤੀ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣ ਦੀ ਘਿਣਾਉਣੀ ਖੇਡ ਬੰਦ ਕੀਤੀ ਜਾਵੇ, ਕਸ਼ਮੀਰੀ ਵਿੱਚੋਂ ਫ਼ੌਜੀ ਅਤੇ ਨੀਮ-ਫ਼ੌਜੀ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਅਫਸਪਾ ਅਤੇ ਪਬਲਿਕ ਸਕਿਊਰਿਟੀ ਐਕਟ ਵਰਗੇ ਜ਼ਾਲਮ ਕਾਨੂੰਨ ਵਾਪਸ ਲਏ ਜਾਣ, ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਤਸਲੀਮ ਕਰਦੇ ਹੋਏ ਗੱਲਬਾਤ ਰਾਹੀਂ ਮਸਲੇ ਦੇ ਹੱਲ ਦਾ ਜਮਹੂਰੀ ਅਮਲ ਸ਼ੁਰੂ ਕੀਤਾ ਜਾਵੇ।


Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com




BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8
604-635-0155
Jaswinder S Bains, Ph.D., OD.





HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph.: 403-719-4947




IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ

ਵਲੋਂ

## 10ਵਾਂ ਸਲਾਨਾ ਸਮਾਗਮ

ਮਿਤੀ 6 ਜੁਲਾਈ 2019, ਦਿਨੀ ਸ਼ਨੀਵਾਰ ਨੂੰ
ਦੁਪਹਿਰ, **ਜੇਣ ਕਾਲਜ ਆਰਫੀਅਸ ਥੀਏਟਰ, ਕੈਲਗਰੀ**
ਵਿਖੇ ਕਰਵਾਇਆ ਜਾ ਰਿਹਾ ਹੈ।
*ਲੋਕਲ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਹਰਮੇਸ਼ ਚੌਧਰੀ ਵਿਸ਼ੇਸ਼ ਰੂਪ ਵਿਚ ਤਿਆਰੀ ਲਈ ਪੁੱਜ ਜਾਣਗੇ।*

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**

## ਸੂਚਨਾ

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ 'ਤੇ ਮਾਰਚ ਦੇ ਪਹਿਲੇ ਹਫ਼ਤੇ ਵੱਡੀ ਪੱਧਰ 'ਤੇ ਪਾਠਕਾਂ ਦੀ ਮੰਗ ਅਨੁਸਾਰ ਕਿਤਾਬਾਂ ਪਹੁੰਚ ਰਹੀਆਂ ਹਨ। ਕੈਲਗਰੀ ਅਤੇ ਨੇੜਲਿਆਂ ਨੂੰ ਬੇਨਤੀ ਹੈ ਕਿ ਕਿਤਾਬਾਂ ਮੰਗਵਾਉਣ ਲਈ ਸੰਪਰਕ ਕਰੋ
ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੌਸਮ ਠੀਕ ਹੋਣ 'ਤੇ ਪਹਿਲਾਂ ਦੀ ਤਰ੍ਹਾਂ ਦੋ ਦਿਨਾ ਪੁਸਤਕ ਮੇਲਾ ਪਹਿਲੀ ਥਾਂ 'ਤੇ ਹੀ ਲੱਗਣ ਬਾਰੇ ਤੁਹਾਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇਗਾ।


SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220



### ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220




ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਸੁਖਵੀਰ ਗਰੇਵਾਲ (ਕੈਲਗਰੀ) 403 402 0770


PUNJABI SWEETS
House & Restaurant



All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9



BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo



Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

CARE Inc. Home Health Solutions
403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ਼, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ਼ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca
Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

Jagwant Gill
Sales Representive
- Home
- Investment
- Business
For Free Consultation



Jagwant Gill
Realtor
Rai Realty Ltd.
4656-Westwinds & Calgary AB T3J 2Z5
Contact : 403-875-2392

# ਮੈਲਾ ਢੋਣ ਅਤੇ ਸੀਵਰੇਜ ਕਾਮਿਆਂ ਨੂੰ ਬਦਤਰ ਜ਼ਿੰਦਗੀ ਤੋਂ ਨਿਜ਼ਾਤ ਕਦੋਂ?

ਨਰਭਿੰਦਰ
93544-30211

ਇਸ ਦੇਸ਼ ਵਿਚ ਮਜ਼ਦੂਰੀ ਵਿਚੋਂ ਵੀ ਇਕ ਉਹ ਮਜ਼ਦੂਰ ਵਰਗ ਹੈ ਜਿਸ ਨੂੰ ਵਿਕਾਸ ਦੀ ਉਚ ਤਕਨੀਕੀ ਸਦੀ ਵਿਚ ਵੀ ਅਜਿਹੀ ਮਜ਼ਦੂਰੀ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ, ਜਿਸਨੂੰ ਅੱਤ ਹੇਠਲੇ ਦਰਜੇ ਦਾ ਸਮਝਿਆ ਜਾਂਦਾ ਹੈ-ਸਾਡੀ ਸਭਿਅਕ ਭਾਸ਼ਾ 'ਚ ਅਸੀਂ ਉਹਨੂੰ ਮੈਲਾ ਢੋਣ ਦਾ ਕੰਮ ਕਹਿੰਦੇ ਹਾਂ। ਜਿਹਨੂੰ ਸਮਾਜ ਤ੍ਰਿਸਕਰ ਦੇ ਰੂਪ ਵੇਖਦਾ ਹੈ। ਮੈਲਾ ਢੋਣ ਵਾਲਾ ਇਹ ਮਜ਼ਦੂਰ ਵਰਗ ਜਾਤੀ ਆਧਾਰ ਉਤੇ ਦਲਿਤਾਂ ਵਿਚ ਉਨ੍ਹਾਂ ਉਪ ਹੇਠਲੀਆਂ ਜਾਤਾਂ 'ਚੋਂ ਹੈ ਅਤੇ ਸਭ ਤੋਂ ਹੇਠਲੀ ਸਮਾਜਿਕ ਬਣਤਰ ਵਿਚ ਗਿਣਿਆ ਜਾਂਦਾ ਹੈ। ਇਹ ਵਰਗ ਸੁੱਕੀਆਂ ਲੈਟਰੀਨਾਂ (ਭਾਵ ਹੱਥ ਨਾਲ ਟੱਟੀ ਚੁੱਕਣ) ਤੋਂ ਲੈ ਕੇ ਸੀਵਰੇਜ ਵਿਚ ਸਫ਼ਾਈ ਕਰਨ ਤੱਕ ਦੇ ਕੰਮ ਕਰਦਾ ਹੈ। ਸੁੱਕੀਆਂ ਲੈਟਰੀਨਾਂ ਅੱਜ ਤੋਂ 40 ਕੁ ਸਾਲ ਪਹਿਲਾਂ ਹਰ ਸ਼ਹਿਰ 'ਚ ਸਨ ਜਦੋਂ ਸੀਵਰੇਜ ਦੀ ਵਿਵਸਥਾ ਨਹੀਂ ਸੀ। ਅਜੇ ਵੀ ਉਨ੍ਹਾਂ ਕਸਬਿਆਂ 'ਚ ਹਨ ਜਿਥੇ ਸੀਵਰੇਜ ਦਾ ਪ੍ਰਬੰਧ ਨਹੀਂ। ਇਹ ਲੈਟਰੀਨ ਆਮ ਤੌਰ 'ਤੇ ਮਕਾਨ ਦੀ ਉਪਰਲੀ ਛੱਤ ਉਤੇ ਹੁੰਦੀ ਸੀ ਤੇ ਹੈ ਅਤੇ ਜਿਥੋਂ ਸਫ਼ਾਈ ਕਾਮਾ (ਔਰਤ ਜਾਂ ਮਰਦ) ਬੱਠਲ 'ਚ ਪਾ ਕੇ ਸਿਰ 'ਤੇ ਚੁੱਕ ਕੇ ਇਹਨੂੰ ਗੰਦ ਦੇ ਢੇਰ ਤੱਕ ਲੈ ਕੇ ਜਾਂਦਾ ਹੈ। ਦੇਸ਼ ਦੀ ਕਈ ਹਿੱਸਿਆਂ 'ਚ ਰੇਲ ਅਤੇ ਸਰਕਾਰੀ ਦਫ਼ਤਰਾਂ ਵਿਚ ਇਸ ਦੇ ਅੰਸ਼ ਅਜੇ ਵੀ ਮਿਲਦੇ ਹਨ। ਘਰ ਵਿਚ ਇਹ ਲੈਟਰੀਨ (ਟੱਟੀ ਦੀ ਵਿਵਸਥਾ ਅੰਗਰੇਜ਼ ਹੀ ਦੇ ਕੇ ਗਏ ਸਨ)। ਪਹਿਲਾਂ ਹਰ ਭਾਰਤੀ ਜੰਗਲ ਪਾਣੀ ਲਈ ਪਿੰਡੋਂ ਦੂਰ ਜਾਂ ਸ਼ਹਿਰ ਤੋਂ ਬਾਹਰ ਜਾਂਦਾ ਸੀ। 100-150 ਸਾਲ ਪਹਿਲਾਂ ਦੀ ਸ਼ਹਿਰੀ ਵਿਵਸਥਾ ਵੀ ਅਜਿਹੀ ਸੀ। ਸੀਵਰੇਜ ਦੇ ਪ੍ਰਬੰਧ ਨੇ ਬੇਸ਼ੱਕ ਇਸ ਨੂੰ ਸੁਖਾਲਾ ਕਰ ਦਿੱਤਾ ਅਤੇ ਘਰ ਤੋਂ ਚੌਗਿਰਦਾ ਪ੍ਰਦੂਸ਼ਨ ਮੁਕਤ ਹੋ ਗਿਆ ਪਰ ਸੀਵਰੇਜ ਦੀ ਸਫ਼ਾਈ ਦਾ ਕੰਮ ਵੀ ਉਸੇ ਵਰਗ ਦੇ ਜ਼ਿੰਮੇ ਆਇਆ ਜਿਹੜਾ ਪਹਿਲਾਂ ਮੈਲਾ ਢੋਣ ਦਾ ਕੰਮ ਕਰਦਾ ਸੀ। ਇਹ ਆਧੁਨਿਕ ਸ਼ਹਿਰਾਂ ਦੀ ਤਸਵੀਰ ਹੈ। ਇਹ ਕਾਮੇ ਕਈ ਫੁੱਟ ਡੂੰਘੇ ਸੀਵਰੇਜ ਵਿਚ ਕੱਪੜੇ ਉਤਾਰ ਕੇ ਹੇਠਾਂ ਉਤਰਦੇ ਹਨ ਅਤੇ ਸੀਵਰੇਜ ਦੇ ਗੰਦੇ ਟੱਟੀ ਪਿਸ਼ਾਬ ਅਤੇ ਜ਼ਹਿਰੀਲੇ ਕੈਮੀਕਲਾਂ ਵਾਲੇ ਗੰਦੇ ਪਾਣੀ ਵਿਚੋਂ ਗਾਰ ਜਾਂ ਹੋਰ ਗੰਦਾ ਕੂੜਾ ਕਰਕਟ ਬਾਹਰ ਕੱਢਦੇ ਹਨ। ਸ਼ਹਿਰਾਂ ਦੇ ਗੰਦੇ ਨਾਲਿਆਂ ਦੀ ਸਫ਼ਾਈ ਕਰਨ ਵਾਲੇ ਕਾਮੇ ਵੀ ਇਸੇ ਵਿਚ ਆਉਂਦੇ ਹਨ। ਅਸੀਂ ਘਰਾਂ ਦੀਆਂ ਆਧੁਨਿਕ ਟੱਟੀਆਂ ਦੀ ਸਫ਼ਾਈ ਕਰਨ ਵਾਲੀਆਂ ਔਰਤਾ ਨੂੰ ਵੀ ਇਨ੍ਹਾਂ ਕਾਮਿਆਂ ਵਿਚ ਹੀ ਗਿਣ ਸਕਦੇ ਹਾਂ। ਪੂਰੇ ਭਾਰਤ ਵਿਚ ਇਨ੍ਹਾਂ ਮੈਲਾ ਸਾਫ਼ ਕਰਨ ਵਾਲੇ ਕਾਮਿਆਂ ਦੀ ਇਕ ਬਹੁਤ ਵੱਡੀ ਗਿਣਤੀ ਹੈ ਅਤੇ ਜੇ ਇਉਂ ਕਹੀਏ ਕਿ ਭਾਰਤ ਨੂੰ ਸਾਫ਼ ਸੁਥਰਾ ਬਣਾਉਣ ਵਿਚ ਇਨ੍ਹਾਂ ਦੀ ਬਹੁਤ ਅਹਿਮ ਭੂਮਿਕਾ ਹੈ।

ਮੈਲਾ ਢੋਣ ਦੀ ਇਸ ਪ੍ਰਥਾ ਨੂੰ ਅੱਜ ਤੋਂ 20 ਕੁ ਸਾਲ ਪਹਿਲਾਂ ਸੰਵਿਧਾਨਕ ਤੌਰ 'ਤੇ ਪ੍ਰਤੀਬੱਧਤ ਕਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਵੀ ਦੇਸ਼ ਭਰ ਵਿਚ ਵੱਡੀ ਗਿਣਤੀ 'ਚ ਇਸ ਕੰਮ 'ਚ ਕਾਮੇ ਲੱਗੇ ਹੋਏ ਹਨ। ਮਾਰਚ 2014 ਵਿਚ ਸਫ਼ਾਈ ਕਰਮਚਾਰੀ ਅੰਦੋਲਨ ਬਨਾਮ ਭਾਰਤ ਸੰਘ (ਸਰਕਾਰ) ਦੇ ਕੇਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਭਾਰਤ ਵਿਚ 96 ਲੱਖ ਸੁੱਕੀਆਂ ਲੈਟਰੀਨਾਂ ਹਨ। ਜਿਸ ਤੋਂ ਇਹ ਸਾਫ਼ ਹੁੰਦਾ ਹੈ ਕਿ ਇਨ੍ਹਾਂ ਦੀ ਸਫ਼ਾਈ ਵਿਚ ਵੀ ਲੱਖਾਂ ਮਜ਼ਦੂਰ ਕੰਮ ਕਰਦੇ ਹੋਣਗੇ। ਦਰਅਸਲ ਇਨ੍ਹਾਂ ਮਜ਼ਦੂਰਾਂ ਦੀ ਗਿਣਤੀ ਕਰਵਾਉਣ ਤੋਂ ਹੀ ਭਾਰਤ ਸਰਕਾਰ ਤੇ ਰਾਜ ਸਰਕਾਰਾਂ ਟਾਲਾ ਵੱਟਦੀਆਂ ਹਨ। ਦੂਸਰਾ ਇਸ ਕੰਮ 'ਚ ਲੱਗੇ ਸਾਰੇ ਲੋਕ ਜਿਥੇ ਦਲਿਤ ਹਨ, ਉਥੇ ਹੋਰ ਵੀ ਚਿੰਤਾਜਨਕ ਕਿ ਇਨ੍ਹਾਂ 'ਚ 98 ਫੀਸਦੀ ਔਰਤਾਂ ਹੀ ਹਨ। 1993 ਵਿਚ ਪਾਸ ਕੀਤੇ ਗਏ ਹੱਥ ਨਾਲ ਸਫ਼ਾਈ ਕਰਨ ਵਾਲੇ ਸਫ਼ਾਈ ਕਾਮਿਆਂ ਦੇ ਰੁਜ਼ਗਾਰ ਅਤੇ ਸੁੱਕੇ ਸੋਚਾਲਿਆਂ (ਪ੍ਰਤੀਸੋਧ) ਅਧਿਨਿਯਮ ਮੁਤਾਬਕ ਮੈਲਾ ਢੋਣ ਦੀ ਪ੍ਰਥਾ ਭਾਵ ਸੁੱਕੀਆਂ ਲੈਟਰੀਨਾਂ ਨੂੰ ਸਪਸ਼ਟ ਰੂਪ ਵਿਚ ਪ੍ਰਤੀਬੰਧ ਕਰ ਦਿੱਤਾ ਗਿਆ ਸੀ। ਇਸ ਕਾਨੂੰਨ ਵਿਚ ਕਈ ਕਮੀਆਂ ਸਨ ਜਿਨ੍ਹਾਂ 'ਚੋਂ ਇਕ ਸੀ ਕਿ ਇਹ ਸਿਰਫ਼ ਛੇ ਰਾਜਾਂ ਵਿਚ ਹੀ ਲਾਗੂ ਹੋਇਆ ਸੀ। 2003 ਵਿਚ ਸੰਸਦ ਨੇ ਇਕ ਹੋਰ ਕਾਨੂੰਨ ਪਾਸ ਕੀਤਾ-ਹੱਥ ਨਾਲ ਸਫ਼ਾਈ ਕਾਮਿਆਂ ਦੇ ਕੰਮ ਦੀ ਮਨਾਹੀ ਅਤੇ ਉਨ੍ਹਾਂ ਦੇ ਪੁਨਰਵਾਸ ਸਬੰਧੀ ਕਾਨੂੰਨ 2013 । ਇਹ ਦੀ ਪਹਿਲੇ ਨਾਲੋਂ ਭਿੰਨਤਾ ਇਹ ਸੀ ਕਿ ਇਸ ਵਿਚ ਅਜਿਹੇ ਕਾਮਿਆਂ ਜਿਹੜੇ ਇਸ ਕੰਮ ਵਿਚ ਲੱਗੇ ਹਨ, ਦੀ ਪਹਿਚਾਨ ਕਰਨ ਦੀ ਕਾਨੂੰਨੀ ਲੋੜ ਉਤੇ ਅਤੇ ਉਨ੍ਹਾਂ ਨੂੰ ਬਦਲਵਾਂ ਰੁਜ਼ਗਾਰ ਦੇਣ ਉਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿਚ ਪਹਿਲੀ ਵੇਰ ਉਨ੍ਹਾਂ ਕਾਮਿਆਂ ਨੂੰ ਵੀ ਇਸ ਸ਼੍ਰੇਣੀ 'ਚ ਰੱਖਿਆ ਗਿਆ ਜਿਹੜੇ, ਸੀਵਰੇਜ ਦੀ ਸਫ਼ਾਈ, ਗੰਦੇ ਨਾਲਿਆਂ ਜਾਂ ਰੇਲਵੇ ਦੀਆਂ ਪਟੜੀਆਂ ਉਤੇ ਟੱਟੀਆਂ ਦੀ ਸਫ਼ਾਈ ਜਾਂ ਅਜਿਹੇ ਮੈਲੇ ਵਾਲੇ ਟੈਂਕਾਂ ਦੀ ਸਫ਼ਾਈ ਵਿਚ ਲੱਗੇ ਹੋਏ ਹਨ। ਮਾਰਚ 2014 ਵਿਚ ਸੁਪਰੀਮ ਕੋਰਟ ਨੇ ਸਫ਼ਾਈ ਕਰਮਚਾਰੀ ਅੰਦੋਲਨ ਅਤੇ ਹੋਰ ਬਨਾਮ ਭਾਰਤ ਸੰਘ ਦੇ ਕੇਸ ਵਿਚ ਦਿੱਤੇ ਆਪਣੇ ਫੈਸਲੇ ਵਿਚ ਮੈਲਾ ਢੋਣ ਦੀ ਅਜਿਹੀ ਪ੍ਰਥਾ ਨੂੰ ਸੰਵਿਧਾਨ ਦੀ ਧਾਰਾ 14, 17, 21 ਅਤੇ 23 ਦੇ ਵਿਰੁੱਧ ਦੱਸਦਿਆਂ 1993 ਅਤੇ 2013 ਦੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਦੀ ਵੀ ਹਦਾਇਤ ਕੀਤੀ ਹੈ। ਉਪਰੋਕਤ ਤੱਥਾਂ ਤੋਂ ਸਾਫ਼ ਹੈ ਕਿ ਦੇਸ਼ ਵਿਚ ਅਜਿਹੀ ਪ੍ਰਥਾ ਗੈਰ ਕਾਨੂੰਨੀ ਹੈ।

ਸਵਾਲ ਇਹ ਹੈ ਕਿ ਜੇ ਦੇਸ਼ ਵਿਚ 96 ਲੱਖ ਸੁੱਕੀਆਂ ਲੈਟਰੀਨਾਂ ਹਨ ਅਤੇ ਦੇਸ਼ ਦੇ ਹਜ਼ਾਰਾਂ ਵੱਡੇ ਛੋਟੇ ਸ਼ਹਿਰਾਂ ਕਸਬਿਆਂ ਵਿਚ ਸੀਵਰੇਜ ਪ੍ਰਬੰਧ ਜਾਂ ਗੰਦੇ ਨਾਲੇ ਵਰਗੇ ਗੰਦੇ ਪਾਣੀ ਦੇ ਨਿਕਾਸੀ ਪ੍ਰਬੰਧ ਹਨ, ਉਤੇ ਕੰਮ ਕਰਦੇ ਕਾਮਿਆਂ ਪ੍ਰਤੀ ਸਰਕਾਰਾਂ (ਕੇਂਦਰ ਅਤੇ ਰਾਜ) ਦਾ ਅਣਗੌਲਿਆ ਰਵੱਈਆ ਕਿਉਂ ਹੈ? ਮਿਸਾਲ ਵਜੋਂ ਪਿਛਲੇਰੇ ਸਾਲ ਜਦੋਂ ਸਾਫ਼ ਸੁਥਰੇ ਭਾਰਤ ਦੀ ਮੁਹਿੰਮ ਦੀ ਡਰਾਮੇਬਾਜ਼ੀ ਕੀਤੀ ਤਾਂ ਇਸ ਘਿਣਾਉਣੀ ਪ੍ਰਥਾ ਪ੍ਰਤੀ ਨਾ ਸਿਰਫ਼ ਚੁੱਪ ਹੀ ਧਾਰੀ ਸਗੋਂ ਇਸ ਦਾ ਖੰਡ ਲਪੇਟੇ ਮਜ਼ਾਕ ਵੀ ਉਡਾਇਆ ਜਿਸ 'ਚ ਕਿਹਾ ਕਿ, "ਪ੍ਰਮਾਤਮਾ ਨੇ ਉਨ੍ਹਾਂ ਨੂੰ ਅਜਿਹੀ ਸੇਵਾ ਦਾ ਕੰਮ ਦਿੱਤਾ ਹੈ।" ਇਥੇ ਹੀ ਬੱਸ ਨਹੀਂ ਪ੍ਰਧਾਨ ਮੰਤਰੀ ਵਲੋਂ ਪ੍ਰਚਾਰੇ ਗਏ ਰਾਸ਼ਟਰੀ ਕੌਸ਼ਲ ਵਿਕਾਸ ਮਿਸ਼ਨ ਦੇ ਹੇਠ ਦਿੱਤੀ ਗਈ 'ਸੰਭਾਵਿਤ ਰੋਜ਼ਗਾਰਾਂ' ਦੀ ਸੂਚੀ ਵਿਚ ਮੈਲਾ ਢੋਣਾ ਵੀ ਸ਼ਾਮਲ ਸੀ। ਮੈਲਾ ਢੋਣ ਵਾਲੇ ਇਨ੍ਹਾਂ ਕਾਮਿਆਂ ਪ੍ਰਤੀ ਬੇਰੁਖ਼ੀ ਦਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਇਨ੍ਹਾਂ ਕਾਮਿਆਂ ਦੇ ਪੁਨਰਵਾਸ ਸਬੰਧੀ ਬਜਟ 'ਚ ਰੱਖੀ ਗਈ ਰਾਸ਼ੀ ਪਿਛਲੇਰੇ ਸਾਲਾਂ ਨਾਲੋਂ ਬਹੁਤ ਹੀ ਘਟਾ ਦਿੱਤੀ ਗਈ ਹੈ। ਜਿਹੜੀ 4656 ਕਰੋੜ ਰੁਪਈਆਂ ਤੋਂ ਘਟ ਕੇ ਮਹਿਜ਼ 10 ਕਰੋੜ ਰੁਪਏ ਹੀ ਰਹਿ ਗਈ ਹੈ।

ਇਥੇ ਹੀ ਬੱਸ ਨਹੀਂ ਸਰਕਾਰ ਇਨ੍ਹਾਂ ਮਜ਼ਦੂਰਾਂ ਦੇ ਜਿਹੜੇ ਅੰਕੜੇ ਦਿਖਾਉਂਦੀ ਹੈ ਉਹ ਅਸਲ ਨਾਲੋਂ ਕਿਤੇ ਘੱਟ ਹਨ। ਸਰਕਾਰ ਮੁਤਾਬਕ ਦੇਸ਼ 'ਚ 6 ਲੱਖ ਕਾਮੇ ਇਸ ਕਿਰਤ ਨਾਲ ਜੁੜੇ ਹਨ ਜਦੋਂ ਕਿ ਅਜ਼ਾਦ ਨਾਗਰਿਕ ਸਮਾਜ ਦੇ ਸੰਗਠਨ ਜਿਵੇਂ ਸਫ਼ਾਈ ਕਰਮਚਾਰੀ ਅੰਦੋਲਨ ਦੇ ਮੁਤਾਬਕ ਇਹ ਗਿਣਤੀ ਸਰਕਾਰੀ ਦਾਅਵਿਆਂ ਨਾਲੋਂ ਦੁਗਣੀ ਹੈ। ਇਵੇਂ ਹੀ 2011 'ਚ ਹੋਈ ਜਨਗਣਨਾ ਅਤੇ 2014 'ਚ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਸੁੱਕੀਆਂ ਲੈਟਰੀਨਾਂ (ਹੱਥ ਨਾਲ ਚੁੱਕੀਆਂ ਜਾਣ ਵਾਲੀਆਂ) ਦੀ ਗਿਣਤੀ ਵਿਚ ਵੀ ਕਾਫ਼ੀ ਅੰਤਰ ਹੈ। ਦੋਵੇਂ ਅੰਕੜਿਆਂ ਵਿਚ ਵੱਡਾ ਫਰਕ ਹੈ। ਸਰਕਾਰ ਇਸ ਕੰਮ ਵਿਚ ਲੱਗੇ ਲੋਕਾਂ ਦੀ ਪਹਿਚਾਨ ਕਰਨ ਅਤੇ ਉਨ੍ਹਾਂ ਨੂੰ ਰਿਕਾਰਡ ਵਿਚ ਦਰਜ ਕਰਨ ਤੋਂ ਹੀ ਟਾਲਾ ਵੱਟ ਰਹੀ ਹੈ। ਇਸ ਕਰਕੇ ਵੀ ਕਿ ਇਹ ਗੈਰ ਜਥੇਬੰਦ ਕਾਮੇ ਹਨ। ਸਭ ਤੋਂ ਵੱਧ ਆਰਥਿਕ ਤੌਰ 'ਤੇ ਨਪੀੜੇ ਹਨ, ਸਭ ਤੋਂ ਵੱਡੀ ਗੱਲ ਦਲਿਤਾਂ ਵਿਚ ਵੀ ਪਛੜੇ ਹਨ ਅਤੇ ਉਸ ਤੋਂ ਅੱਗੇ ਕਿ ਉਨ੍ਹਾਂ ਵਿਚ ਵੱਧ ਔਰਤਾਂ ਹਨ। ਜਿਥੋਂ ਤੱਕ ਸੀਵਰੇਜ ਜਾਂ ਗੰਦੇ ਨਾਲਿਆਂ ਦੀ ਸਫ਼ਾਈ ਵਿਚ ਲੱਗੇ ਕਾਮਿਆਂ ਦੀ ਗਿਣਤੀ ਤੇ ਰਿਕਾਰਡ ਦਾ ਸਬੰਧ ਹੈ ਕਿਉਂਕਿ ਇਹ ਸਾਰਾ ਕੰਮ ਹੀ ਠੇਕੇ ਉਤੇ ਹੈ। ਸੋ ਮਜ਼ਦੂਰਾਂ ਦਾ ਰਿਕਾਰਡ ਠੇਕੇਦਾਰਾਂ ਪਾਸ ਵੀ ਨਹੀਂ। ਇਹ ਇਸ ਕਰਕੇ ਵੀ ਕਿ ਇਹ ਕਾਮੇ ਅਸਥਾਈ ਹੀ ਨਹੀਂ ਰੋਜ਼ਾਨਾ ਦਿਹਾੜੀਦਾਰ ਹੁੰਦੇ ਹਨ ਜਾਂ ਗੁੰਮਨਾਮ ਦਿਹਾੜੀਦਾਰ ਦਿਖਾਏ ਜਾਂਦੇ ਹਨ।

ਦੇਸ਼ ਵਿਚ ਮੈਲਾ ਢੋਣ ਦੀ ਪ੍ਰਥਾ ਕਾਨੂੰਨੀ ਤੌਰ 'ਤੇ ਵਰਜਿਤ ਹੋਵੇ ਅਤੇ ਸਖ਼ਤ ਕਾਨੂੰਨ ਵੀ ਹੋਣ ਫਿਰ ਵੀ ਲੱਖਾਂ ਦੀ ਗਿਣਤੀ 'ਚ ਕਾਮੇ



ਇਸ ਖੇਤਰ ਵਿਚ ਕਾਰਜਸ਼ੀਲ ਹੋਣ ਅਤੇ 1993 ਤੋਂ ਲੈ ਕੇ ਅੱਜ ਤੱਕ ਇਕ ਵੀ ਵਿਅਕਤੀ ਦੇ ਵਿਰੁੱਧ ਕੋਈ ਕਾਰਵਾਈ ਨਾ ਹੋਈ ਹੋਵੇ-ਇਹ ਚਿੰਤਾ ਦਾ ਵਿਸ਼ਾ ਹੈ। ਇਸ ਦੇਸ਼ ਦੇ ਕਾਨੂੰਨ ਤੇ ਰਾਜਕੀ ਮਸ਼ੀਨਰੀ ਦੇ ਪ੍ਰਬੰਧ ਹੀ ਨਹੀਂ ਸਗੋਂ ਦੇਸ਼ ਦੇ ਸਰਕਾਰ ਤੇ ਸੰਵਿਧਾਨਕ ਕਾਰਗੁਜ਼ਾਰੀ ਉਤੇ ਹੀ ਸਵਾਲ ਖੜ੍ਹੇ ਕਰਦਾ ਹੈ। ਉਸ ਸਮੇਂ ਜਦੋਂ ਸਰਕਾਰ ਦੇ ਕਈ ਅਦਾਰੇ ਇਸ ਕੰਮ ਲਈ ਮਜ਼ਦੂਰਾਂ ਨੂੰ ਨਿਯੁਕਤ ਕਰਦੀ ਹੈ ਬੇਸ਼ੱਕ ਉਹ ਕੰਮ ਠੇਕੇ 'ਤੇ ਹੀ ਕਿਉਂ ਨਾ ਦਿੱਤੇ ਜਾਂਦੇ ਹੋਣ। ਮਿਸਾਲ ਭਾਰਤ ਰੇਲਵੇ ਦੀ ਤਾਂ ਪ੍ਰਤੱਖ ਹੈ ਜਿਥੇ ਹਜ਼ਾਰਾਂ ਦੀ ਗਿਣਤੀ 'ਚ ਮੈਲਾ ਚੁੱਕਣ ਦਾ ਕੰਮ ਕਾਮੇ ਕਰਦੇ ਹਨ। ਬਹੁਤ ਸਾਰੇ ਹੋਰ ਅਦਾਰਿਆਂ ਜਿਨ੍ਹਾਂ 'ਚ ਜੇਲ੍ਹਾਂ ਤੇ ਪੁਲਿਸ ਥਾਣੇ ਵੀ ਆਉਂਦੇ ਹਨ ਅਤੇ ਜਿਹੜੇ ਪਛੜੇ ਰਾਜਾਂ ਵਿਚ ਸਥਿਤ ਹਨ-ਵਿਚ ਵੀ ਹੱਥੀਂ ਮੈਲਾ ਚੁੱਕਣ ਦੀ ਪ੍ਰੰਪਰਾ ਵੀ ਜਾਰੀ ਹੈ ਅਤੇ ਮਜ਼ਦੂਰ ਵੀ ਇਸ ਮੰਤਵ ਲਈ ਰੱਖੇ ਜਾਂਦੇ ਹਨ।

ਜਿਥੋਂ ਤੱਕ ਸੀਵਰੇਜ, ਗੰਦੇ ਨਾਲਿਆਂ, ਸੀਵਰੇਜ ਟੈਂਕਾਂ ਜਾਂ ਪਲਾਟਾਂ ਆਦਿ ਵਿਚ ਕੰਮ ਕਰਦੇ ਮਜ਼ਦੂਰਾਂ ਦਾ ਸਬੰਧ ਹੈ। ਦੇਸ਼ ਭਰ ਵਿਚ ਫੈਲੇ ਪੁਰਾਣੇ ਅਤੇ ਆਧੁਨਿਕ ਸ਼ਹਿਰਾਂ ਦੇ ਕਸਬਿਆਂ ਦੇ ਜ਼ਾਲ ਜੰਜਾਲ ਵਿਚ ਸੀਵਰੇਜ, ਸੀਵਰੇਜ ਟਰੀਟਮੈਂਟ ਪਲਾਂਟਾਂ ਤੇ ਗੰਦੇ ਪਾਣੀ ਦੇ ਨਿਕਾਸੀ ਨਾਲਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਤਰਸਦਾਇਕ ਜਿਉਣ ਤੇ ਕੰਮ ਹਾਲਤਾਂ ਦਾ ਸਬੰਧ ਹੈ, ਇਹ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਸੀਵਰੇਜ ਦੀ ਸਫ਼ਾਈ ਦੌਰਾਨ ਮਜ਼ਦੂਰਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੇ ਕਿਸੇ ਕੋਨੇ ਵਿਚ ਹਰ ਰੋਜ਼ ਛਪੀਆਂ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਾਮਿਆਂ ਨੂੰ ਨਗਰ ਨਿਗਮ ਕਦੇ ਸਥਾਈ ਨੌਕਰੀ ਨਹੀਂ ਦਿੰਦਾ ਸਗੋਂ ਨਗਰ ਨਿਗਮ ਜਾਂ ਮਹਾਂਨਗਰ ਨਿਗਮਾਂ ਜਾਂ ਸਥਾਨਕ ਪੰਚਾਇਤਾਂ ਜਾਂ ਮਿਊਂਸਪਲ ਕਮੇਟੀਆਂ ਆਦਿ ਨੇ ਇਹ ਕੰਮ ਠੇਕੇ ਉਤੇ ਦੇ ਰੱਖੇ ਹਨ ਜਿਨ੍ਹਾਂ ਵਿਚੋਂ ਦੇਸ਼ ਦੇ ਕਈ ਵੱਡੇ ਸ਼ਹਿਰਾਂ ਦੀ ਅਜਿਹੀ ਸਫ਼ਾਈ ਦਾ ਕੰਮ ਮਲਟੀਨੈਸ਼ਨਲ ਕੰਪਨੀਆਂ ਨੇ ਹੀ ਠੇਕੇ ਉਤੇ ਲੈ ਰੱਖਿਆ ਹੈ। ਮਿਸਾਲ ਵਜੋਂ ਦਿੱਲੀ ਦੇ ਕੇਸ਼ੋਪੁਰ ਤੇ ਕੋਡਲੀ ਵੇਸ਼ਟ ਵਾਟਰ ਪਲਾਂਟ ਦਾ ਕੰਮ ਅਜਿਹੀ ਕੰਪਨੀ ਕੋਲ ਹੈ ਜਿਹਦੇ 35 ਦੇਸ਼ਾਂ ਵਿਚ ਅਜਿਹੇ ਕੰਮ ਦੇ ਠੇਕੇ ਹਨ। ਭਾਰਤ ਵਿਚ ਇਹਦਾ ਦਫ਼ਤਰ ਚੇਨਈ ਵਿਚ ਹੈ। ਮਾਂ ਕੰਪਨੀ ਜਿਹੜਾ ਮੁੱਖ ਠੇਕਾ ਲੈਂਦੀ ਹੈ, ਨੇ ਅੱਗੇ ਵੱਖ ਵੱਖ ਸ਼ਹਿਰਾਂ ਵਿਚ ਕੰਮ ਠੇਕੇ ਉਤੇ ਦਿੱਤੇ ਹੋਏ ਹਨ ਅਤੇ ਅੱਗੇ ਤੋਂ ਅੱਗੇ ਕਈ ਠੇਕੇਦਾਰਾਂ ਵਿਚ ਇਹ ਕੰਮ ਵੰਡਿਆ ਹੋਇਆ ਹੈ। ਮਿਸਾਲ ਲਈ ਇਕ ਮੁਹੱਲੇ ਦੀ ਸੀਵਰੇਜ ਸਫ਼ਾਈ ਦਾ ਕੰਮ ਜਿਸ ਸਭ ਤੋਂ ਛੋਟੇ ਠੇਕੇਦਾਰ ਕੋਲ ਹੈ ਸੀਵਰੇਜ ਸਾਫ਼ ਕਰਨ ਦਾ ਕੰਮ ਉਹਨੇ ਹੀ ਦਿਹਾੜੀਦਾਰ ਕਾਮਿਆਂ ਤੋਂ ਕਰਵਾਉਣਾ ਹੈ ਜਿਹਦਾ ਕੰਪਨੀ ਪਾਸ ਕੋਈ ਰਿਕਾਰਡ ਨਹੀਂ। ਇਹੀ ਕਾਰਨ ਹੈ ਕਿ ਕੰਮ ਲਈ ਉਨ੍ਹਾਂ ਨੂੰ ਸਥਾਈ ਮਜ਼ਦੂਰਾਂ ਦੀ ਲੋੜ ਵੀ ਨਹੀਂ ਹੁੰਦੀ ਮਹੀਨੇ ਜਾਂ ਮਹੀਨੇ ਤੋਂ ਵੱਧ ਸਮੇਂ ਵਿਚ ਇਕ ਦਿਨ ਜਾਂ ਫਿਰ ਜਦੋਂ ਮੁਹੱਲਾ ਸ਼ਿਕਾਇਤ ਕਰੇ ਤਾਂ ਇਹ ਕੰਮ ਕਰਨਾ ਹੁੰਦਾ ਹੈ। ਇਹ ਕੰਮ ਅੱਗੋਂ ਦੋ ਤਿੰਨ ਤਰ੍ਹਾਂ ਦਾ ਹੈ। ਮਿਸਾਲ ਵਜੋਂ ਇਕ ਅਜਿਹਾ ਹੈ ਕਿ ਇਕ ਇੰਜਣ ਵਾਲੀ ਮਸ਼ੀਨ ਰਾਹੀਂ ਸੀਵਰੇਜ ਦੀ ਸਫ਼ਾਈ ਦਾ ਕੰਮ ਜਿਸ ਵਿਚ ਮੇਨ ਹੋਲ ਨੂੰ ਫਿਰ ਮਨੁੱਖੀ ਸ਼ਕਤੀ ਭਾਵ ਕਾਮੇ ਤੋਂ ਸਾਫ਼ ਕਰਵਾਇਆ ਜਾਂਦਾ ਹੈ ਜਾਂ ਫਿਰ ਛੋਟੇ ਸੀਵਰੇਜ ਵਿਚ ਇਹ ਸਾਰਾ ਕੰਮ ਮਜ਼ਦੂਰ ਹੀ ਕਰਦੇ ਹਨ। ਹਾੜ ਹੋਵੇ ਸਿਆਲ ਮੀਂਹ ਹੋਵੇ ਹਨ੍ਹੇਰੀ ਇਹ ਕਾਮੇ ਠੇਕੇਦਾਰ ਦੇ ਆਦੇਸ਼ ਉਤੇ 20-25 ਫੁੱਟ ਹੇਠਾਂ ਸੀਵਰ ਵਿਚ ਨੰਗੇ ਬਦਨ ਉਤਰਦੇ ਹਨ ਅਤੇ ਸੀਵਰ ਅੰਦਰਲੀਆਂ ਜ਼ਹਿਰੀਲੀ ਗੈਸਾਂ ਦਾ ਸ਼ਿਕਾਰ ਹੁੰਦੇ ਹਨ। ਇਹਦੇ ਕਈ ਰੂਪ ਹਨ-ਕੁਝ ਤਾਂ ਸੀਵਰੇਜ ਦੇ ਅੰਦਰ ਹੀ ਮਰ ਜਾਂਦੇ ਹਨ ਅਤੇ ਕੁਝ ਅਜਿਹੇ ਕੇਸ ਵੀ ਸਾਹਮਣੇ ਆਉਂਦੇ ਹਨ ਕਿ ਇਹ ਹਾਨੀਕਾਰਕ ਗੈਸਾਂ ਉਨ੍ਹਾਂ ਨੂੰ ਅਪੰਗ ਜਾਂ ਦਿਮਾਗੀ ਤੌਰ 'ਤੇ ਨਾਕਾਰਾ ਤੱਕ ਕਰ ਦਿੰਦੀਆਂ ਹਨ।

ਮਾਰਚ 2014 ਤੋਂ 2016 ਦਰਮਿਆਨ ਦਿੱਲੀ ਵਿਚ ਹੀ 1268 ਸੀਵਰ ਸਫ਼ਾਈ ਕਾਮਿਆਂ ਦੀ ਮੌਤ ਹੋਣ ਦੇ ਅਨੁਮਾਨ ਹੈ। ਜੇ ਦੇਸ਼ ਭਰ ਦੇ ਵੱਡੇ ਛੋਟੇ ਸ਼ਹਿਰਾਂ ਦੀ ਗਿਣਤੀ ਕੀਤੀ ਜਾਵੇ ਤਾ ਹਜ਼ਾਰਾਂ 'ਚ ਬਣਦੀ ਹੈ ਜਿਹੜੀ ਸਾਲ ਵਿਚ ਲੱਖਾਂ ਤੱਕ ਪਹੁੰਚਦੀ ਹੈ। ਇਹ ਮਜ਼ਦੂਰ ਇਸੇ ਦੇਸ਼ ਨੂੰ 'ਸਵੱਛ

ਭਾਰਤ' ਬਣਾਉਣ ਲਈ ਕੁਰਬਾਨੀਆਂ ਦੇ ਰਹੇ ਹਨ ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਦੀ ਟਿੱਪਣੀ ਹੈ ਕਿ "ਇਨ੍ਹਾਂ ਨੂੰ ਇਹ ਕੰਮ ਪ੍ਰਮਾਤਮਾ ਨੇ ਦਿੱਤਾ ਹੈ, ਦੂਸਰਿਆਂ ਦੀ ਸੇਵਾ ਕਰਨ ਦਾ"। ਪ੍ਰਮਾਤਮਾ ਨੇ ਇਹ ਕੰਮ ਬ੍ਰਾਹਮਣਾਂ ਨੂੰ ਕਿਉਂ ਨਹੀਂ ਦਿੱਤਾ? ਯਾਦ ਰਹੇ ਇਹ ਸੀਵਰ ਸਫ਼ਾਈ ਕਰਮਚਾਰੀਆਂ ਵਿਚ ਲਗਭਗ 70 ਫੀ ਸਦੀ ਬਾਲਮੀਕੀ ਸਮੁਦਾਏ 'ਚੋਂ ਹਨ, 30 ਫੀਸਦੀ ਹੋਰ ਹੇਠਲੀਆਂ ਜਾਤਾਂ 'ਚੋਂ। ਉਂਝ ਵੱਡੇ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਨਗਰ ਨਿਗਮਾਂ ਵਿਚ ਵੀ ਕੰਮ ਕਰਦੇ ਕਰਮਚਾਰੀਆਂ ਦੀ ਕੰਮ ਵੰਡ ਲਗਭਗ ਇਹੋ ਜਿਹੀ ਹੀ ਹੈ। ਉਚ ਤੇ ਨੀਮ ਉਚ ਜਾਤੀਆਂ 'ਚੋਂ ਆਏ ਕਰਮਚਾਰੀ ਦਫ਼ਤਰੀ ਕੰਮਾਂ ਅਤੇ ਹੇਠਲੀਆਂ ਜਾਤਾਂ 'ਚੋਂ ਆਏ ਸਫ਼ਾਈ ਕੰਮਾਂ ਵਿਚ ਲੱਗੇ ਹੋਏ ਹਨ। ਭਾਰਤੀ ਸਮਾਜਿਕ ਵਰਣ ਵੀਰ ਦੀ ਵੀ ਇਥੇ ਹੀ ਸਪਸ਼ਟ ਤਸਵੀਰ ਵੇਖੀ ਜਾ ਸਕਦੀ ਹੈ। ਇਸ ਖੇਤਰ ਵਿਚ ਕੰਮ ਕਰਨ ਵਾਲੇ ਮਜ਼ਦੂਰ 60 ਸਾਲ ਤੋਂ ਪਹਿਲਾਂ ਹੀ ਮੌਤ ਦੀ ਬੁੱਕਲ 'ਚ ਚਲੇ ਜਾਂਦੇ ਹਨ। ਵੈਸੇ ਇਨ੍ਹਾਂ ਮਜ਼ਦੂਰਾਂ ਦੀ ਔਸਤਨ ਉਮਰ 50 ਕੁ ਸਾਲ ਹੈ। ਇਨ੍ਹਾਂ 'ਚੋਂ 49 ਫੀਸਦੀ ਖੰਘ ਅਤੇ ਸਾਹ ਦੀ ਬੀਮਾਰੀ ਦੇ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਦੇ ਫੇਫੜੇ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। 11 ਫੀਸਦੀ ਐਗਜੀਮਾ ਅਤੇ ਚਮੜੀ ਰੋਗ ਦਾ ਸ਼ਿਕਾਰ, 32 ਫੀਸਦੀ ਕੰਨਾਂ ਤੋਂ ਬਹਿਰੇ ਜਾਂ ਕੰਨਾਂ ਦੀਆਂ ਬੀਮਾਰੀਆਂ ਅਤੇ ਅੱਖਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਭੁੱਖ ਨਾ ਲੱਗਣ ਦੀ ਸ਼ਿਕਾਇਤ ਇਨ੍ਹਾਂ ਵਿਚ ਆਮ ਕਰਕੇ ਹੀ ਪਾਈ ਜਾਂਦੀ ਹੈ। ਇਨ੍ਹਾਂ 'ਚੋਂ ਬਹੁਤੇਰੇ ਸਥਾਈ ਘਰਾਂ ਵਿਚ ਵੀ ਨਹੀਂ ਰਹਿੰਦੇ। ਸਲਮ ਏਰੀਏ ਵਿਚ ਇਨ੍ਹਾਂ ਦੀਆਂ ਕਲੋਨੀਆਂ ਦੀ ਹਾਲਤ ਅਤਿ ਤਰਸਯੋਗ ਹੈ। ਜਿਥੇ ਸਮੇਂ ਸਿਰ ਪਾਣੀ ਵੀ ਨਹੀਂ ਪਹੁੰਚਦਾ ਅਤੇ ਇਨ੍ਹਾਂ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਵੀ ਕੋਈ ਪ੍ਰਬੰਧ ਨਹੀਂ। ਇਨ੍ਹਾਂ ਕਲੋਨੀਆਂ ਦੇ ਵਿਚ ਸਕੂਲਾਂ ਜਾਂ ਸਿਹਤ ਸਹੂਲਤਾਂ ਦੀ ਵਿਵਸਥਾ ਖੁਦ ਬੀਮਾਰ ਚਲੀ ਆ ਰਹੀ ਹੈ ਜਿਹਦੇ ਵੱਲ ਸਰਕਾਰਾਂ ਨੇ ਕਦੇ ਧਿਆਨ ਹੀ ਨਹੀਂ ਦਿੱਤਾ। ਸਾਰੇ ਸਮਾਜ ਦਾ ਗੰਦ ਚੁੱਕਣ ਵਾਲਿਆਂ ਪ੍ਰਤੀ ਸਮਾਜ ਦੀ ਦ੍ਰਿਸ਼ਟੀ ਵੀ ਤ੍ਰਿਸਕਾਰ ਵਾਲੀ ਹੈ। ਹਾਕਮਾਂ ਲਈ ਇਹ ਮਹਿਜ ਵੋਟ ਹਨ ਅਤੇ ਵੋਟਾਂ ਵੇਲੇ ਉਨ੍ਹਾਂ ਨਾਲ ਵਾਅਦੇ ਕਰਕੇ ਅਤੇ ਦੋ ਛਿਲੜ ਦੇ ਕੇ ਭਰਮਾਉਣ ਦਾ ਗੁਰ ਹਾਕਮਾਂ ਨੂੰ ਆਉਂਦਾ ਹੈ।

ਮੈਲਾ ਚੁੱਕਣ ਵਾਲੇ ਅਤੇ ਸੀਵਰ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਇਸ ਤਰਸਯੋਗ ਹਾਲਤ ਪ੍ਰਤੀ ਨਾ ਕਦੇ ਕੋਈ ਰਾਜਸੀ ਪਾਰਟੀ ਗੰਭੀਰ ਰਹੀ ਹੈ ਤੇ ਨਾ ਹੈ। ਸੰਵਿਧਾਨ ਜਿਥੇ ਸਭ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ ਤਾਂ ਅਜਿਹੇ ਕਾਮਿਆਂ ਪ੍ਰਤੀ ਸੰਵਿਧਾਨ ਅਤੇ ਕਾਨੂੰਨ ਸ਼ਹਿਰਦ ਕਿਉਂ ਨਹੀਂ। ਮੈਲਾ ਢੋਣ ਦੀ ਪ੍ਰਥਾ ਜਿਥੇ ਬਿਲਕੁਲ ਬੰਦ ਹੋਣੀ ਚਾਹੀਦੀ ਹੈ, ਉਥੇ ਸੀਵਰ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਸਥਾਈ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਟ੍ਰੇਨਿੰਗ ਤੋਂ ਲੈ ਕੇ ਸਿਹਤ ਤੰਦਰੁਸਤੀ ਪ੍ਰਤੀ ਸਰਕਾਰ ਨੂੰ ਹਰ ਮਹੀਨੇ ਉਨ੍ਹਾਂ ਦੀ ਚੈਕਅਪ ਕਰਨ ਦੀ ਸਹੂਲਤ ਵੀ ਹੋਣੀ ਚਾਹੀਦੀ ਹੈ। ਹਾਈਕੋਰਟ ਸੁਪਰੀਮ ਕੋਰਟ ਅਤੇ ਸੰਵਿਧਾਨ ਤੇ ਕਾਨੂੰਨਾਂ ਦੀ ਪਾਲਣਾ ਅਨੁਸਾਰ ਉਨ੍ਹਾਂ ਦੀ ਸੁਰੱਖਿਆ ਲਈ ਕੰਮ ਦੀਆਂ ਹਾਲਤਾਂ ਉਤੇ ਲੋੜੀਂਦਾ ਸਾਜੋ ਸਮਾਜ ਯਕੀਨੀ ਬਣਾਉਣ ਦੀ ਲੋੜ ਹੈ ਤਾ ਕਿ ਹਾਦਸਿਆਂ ਉਤੇ ਰੋਕ ਲਾਈ ਜਾ ਸਕੇ। ਇਨ੍ਹਾਂ ਦੋਹਾਂ ਤਰ੍ਹਾਂ ਦੇ ਸਫ਼ਾਈ ਕਾਮਿਆਂ ਦੇ ਢੁਕਵੇਂ ਪੁਨਰ ਨਿਵਾਸ, ਬੱਚਿਆਂ ਲਈ ਬਰਾਬਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੁਫ਼ਤ ਗਰੰਟੀ ਦੀ ਲੋੜ ਹੈ ਅਤੇ ਇਨ੍ਹਾਂ ਕਾਮਿਆਂ ਦੇ ਬੱਚਿਆਂ ਨੂੰ ਚੰਗੇਰੇ ਰੋਜ਼ਗਾਰ ਦੀ ਗਰੰਟੀ ਹੋਣੀ ਚਾਹੀਦੀ ਹੈ। ਸਮਾਜ ਦੇ ਸਭ ਤੋਂ ਵੱਧ ਪੀੜਤ ਇਨ੍ਹਾਂ ਕਾਮਿਆਂ ਦੀ ਬਦਤਰ ਜ਼ਿੰਦਗੀ ਤੋਂ ਨਿਜ਼ਾਤ ਦਿਵਾਉਣੀ ਸਮਾਜ, ਸੰਵਿਧਾਨ ਤੇ ਦੇਸ਼ ਦੀ ਪਹਿਲੀ ਜ਼ਿੰਮੇਵਾਰੀ ਹੈ। ਪਰ ਪੂੰਜੀ ਦੀ ਦੌੜ ਵਿਚ ਅਤੇ ਜਾਤ ਹੰਕਾਰੀ ਵਰਣ ਪ੍ਰਬੰਧ ਵਿਚ ਇਕ ਲੰਮੀ ਲੜਾਈ ਬਿਨਾਂ ਇਹ ਸੰਭਵ ਨਹੀਂ। ਜਿਥੇ ਉਨ੍ਹਾਂ ਨੂੰ ਬਰਾਬਰ ਦੇ ਇਨਸਾਨ ਦਾ ਦਰਜਾ ਹਾਸਲ ਹੋਵੇ।



# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਇਕੱਤਰਤਾ ਵਿੱਚ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ

**- ਜੋਰਾਵਰ ਬਾਂਸਲ -**

## ਪੰਜਾਬੀ ਲਿਖਾਰੀ ਸਭਾ ਨੇ ਮਾਂ ਬੋਲੀ ਦੀ ਸੇਵਾ ਦੇ 20 ਸਾਲ ਪੂਰੇ ਕੀਤੇ



ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ ਜ਼ੋਰਦਾਰ ਸਰਦੀ ਦੇ ਬਾਵਜੂਦ ਦਰਸ਼ਕਾਂ ਦੀ ਭਰਪੂਰ ਹਾਜ਼ਰੀ ਵਿੱਚ ਬਾਅਦ ਦੁਪਿਹਰ ਦੋ ਵਜੇ ਕੋਸੋ ਦੇ ਹਾਲ ਵਿੱਚ ਸ਼ੁਰੂ ਹੋਈ। ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਲਈ ਪ੍ਰਧਾਨ ਬਲਜਿੰਦਰ ਸੰਘਾ, ਸਰਬਜੀਤ ਕੌਰ ਉਪਲ ਤੇ ਮੰਗਲ ਚੱਠਾ ਨੂੰ ਸੱਦਾ ਦਿੱਤਾ। ਸ਼ੋਕ ਸਮਾਚਾਰ ਸਾਂਝੇ ਕਰਦਿਆ ਉਹਨਾਂ ਕ੍ਰਿਸ਼ਨਾ ਸੋਬਤੀ (ਅਣਗਿਣਤ ਕਿਤਾਬਾਂ ਲਈ ਸਾਹਿਤ ਅਕੈਡਮੀ ਪੁਰਸਕਾਰ ਸਮੇਤ ਹੋਰ ਕਈ ਸਨਮਾਨ ਹਾਸਿਲ ਕੀਤੇ) ਦਾ ਜਿਕਰ ਕੀਤਾ ਤੇ ਚਮਨ ਲਾਲ ਚਮਨ ਤੇ ਗੁਲਸ਼ਨ ਖੰਨਾ ਦੇ ਸਦੀਵੀ ਵਿਛੋੜੇ ਤੇ ਦੁੱਖ ਸਾਂਝਾ ਕੀਤਾ।

ਪੁਲਵਾਮਾ ਵਿੱਚ ਸ਼ਹੀਦ ਫੌਜੀ ਵੀਰਾਂ ਉੱਤੇ ਹੋਏ ਹਮਲੇ ਦੀ ਨਿੰਦਾ ਕੀਤੀ ਤੇ ਭਾਵੁਕ ਸ਼ਬਦਾਂ ਨਾਲ ਉਹਨਾਂ ਦੇ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੋਣ ਦਾ ਸਭਾ ਵਲੋਂ ਪ੍ਰਗਟਾਵਾ ਕੀਤਾ ਗਿਆ। ਮਹਿੰਦਰ ਪਾਲ ਐਸ ਪਾਲ ਨੇ ਚਮਨ ਲਾਲ ਚਮਨ ਦੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਉਹਨਾਂ ਨਾਲ ਬਿਤਾਏ ਪਲਾਂ ਦਾ ਜ਼ਿਕਰ ਕੀਤਾ ਤੇ ਆਪਣੀ ਇੱਕ ਗਜ਼ਲ ਸਾਂਝੀ ਕੀਤੀ। ਅੱਜ ਦੀ ਇੱਕਤਰਤਾ ਮਾਂ-ਬੋਲੀ ਨੂੰ ਸਮਰਪਿਤ ਰਹੀ। ਅੰਤਰਰਾਸ਼ਟਰੀ ਭਾਸ਼ਾ ਦਿਨ ਬੰਗਲਾ ਦੇਸ਼ ਢਾਕਾ ਤੋਂ ਸ਼ੁਰੂ ਹੋ ਕੇ ਸੰਨ 2000 ਤੋਂ ਸੰਸਾਰ ਪੱਧਰ ਤੇ ਮਨਾਇਆ ਜਾ ਰਿਹਾ ਹੈ। ਹਰੀਪਾਲ ਨੇ ਇਸੇ ਸੰਬੰਧ ਵਿੱਚ 'ਪੰਜਾਬੀ ਬੋਲੀ ਦਾ ਭਵਿੱਖ ਤੇ ਦਰਪੇਸ਼ ਮੁਸ਼ਕਲਾਂ?' ਲੇਖ ਰਾਹੀਂ ਭਾਸ਼ਾ ਬਾਰੇ ਬਹੁਤ ਖਾਸ ਤੇ ਜਾਣਕਾਰੀ ਭਰਪੂਰ ਤੱਥ ਪੇਸ਼ ਕੀਤੇ। ਬਲਬੀਰ ਗੋਰਾ ਨੇ ਆਪਣੀ ਪੰਜਾਬ ਫੇਰੀ ਦੀ ਜਾਣਕਾਰੀ ਦਿੱਤੀ ਤੇ ਉੱਥੋ ਦੇ ਮਾਹੌਲ ਬਾਰੇ ਵਿਚਾਰ ਪੇਸ਼ ਕੀਤੇ।

ਇਸ ਉਪਰੰਤ ਇੱਕ ਗੀਤ ਨਾਲ ਸਾਂਝ ਪਾਈ। ਪ੍ਰਧਾਨ ਬਲਜਿੰਦਰ ਸੰਘਾ ਨੇ ਸਭਾ ਦੇ ਵੀਹ ਸਾਲਾਂ ਦੇ ਸਫਰ ਤੇ ਗਤੀਵਿਧੀਆਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਪੂਰੇ ਨੌਰਥ ਅਮਰੀਕਾ ਵਿੱਚ ਪੰਜਾਬੀ ਲਿਖਾਰੀ ਸਭਾ ਪਹਿਲੇ ਨੰਬਰ ਦੇ ਗਿਣੀ ਜਾ ਰਹੀ ਹੈ। ਸਾਲ ਦੀਆਂ ਦਸ ਮੀਟਿੰਗਾਂ ਤੇ ਦੋ ਸਾਲਾਨਾ ਸਮਾਗਮ ਜਿਨ੍ਹਾਂ ਵਿੱਚ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾਂਦਾਂ ਹੈ ਤੇ ਸਮੇਂ ਸਮੇਂ ਤੇ ਲੇਖਕਾਂ ਦੀਆਂ ਕਿਤਾਬਾਂ ਰਿਲੀਜ਼ ਤੇ ਹੋਰ ਉਸਾਰੂ ਉਪਰਾਲੇ ਵੀ ਕੀਤੇ ਜਾਂਦੇ ਹਨ। ਸਭਾ ਦੀ ਕਾਰਜਕਾਰੀ ਕਮੇਟੀ ਹਰ ਦੋ ਸਾਲ ਬਾਅਦ ਨਵੇਂ ਅਹੁਦੇਦਾਰਾ ਨਾਲ ਚੁਣੀ ਜਾਂਦੀ ਹੈ। ਇਸ ਤੋਂ ਅੱਗੇ ਜਿਕਰ ਕਰਦਿਆਂ ਉਹਨਾਂ ਕਿਹਾ, ਅਗਲੇ ਮਹੀਨੇ 23 ਮਾਰਚ ਦਿਨ ਸ਼ਨੀਵਾਰ ਨੂੰ, ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ, ਅੱਠਵਾਂ ਸਮਾਗਮ ਜਿਸ ਵਿੱਚ 2 ਤੋਂ 10 ਗਰੇਡ ਦੇ ਬੱਚੇ ਭਾਗ ਲੈਣਗੇ। ਇੱਕ ਤੋਂ ਚਾਰ ਵਜੇ ਤੱਕ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਸਮਾਗਮ ਲਈ ਬੱਚਿਆਂ ਦੇ ਨਾਮ ਦਰਜ ਕਰਵਾਉਣ ਲਈ ਦਾਖਲੇ ਸ਼ੁਰੂ ਹਨ। ਪ੍ਰੋਗਰਾਮ ਵਿੱਚ ਦੋ ਬੱਚਿਆ ਦਾ ਸਨਮਾਨ ਤੇ ਇੱਕ ਬਾਲ ਲੇਖਕਾਂ ਦੀ ਕਿਤਾਬ ਰਿਲੀਜ਼ ਕੀਤੀ ਜਾਵੇਗੀ। ਇਸ ਮੌਕੇ ਸਭਾ ਦੇ ਵੀਹ ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਕੇਕ ਵੀ ਕੱਟਿਆ ਗਿਆ। ਦਵਿੰਦਰ ਮਲਹਾਂਸ ਨੇ ਪੰਜਾਬੀ ਦੇ ਇਤਿਹਾਸ, ਵਰਤਮਾਨ ਤੇ ਭਵਿੱਖ ਬਾਰੇ ਸਿੱਖਿਆ ਭਰਪੂਰ ਲੇਖ ਪੜ੍ਹਿਆ। ਨਛੱਤਰ ਸਿੰਘ ਪੁਰਬਾ ਨੇ ਲੇਖ, 'ਸਰਕਾਰ' ਵਿੱਚ ਸਰਕਾਰਾਂ ਦਾ ਇਤਿਹਾਸ ਕਦੋਂ ਤੇ ਕਿਵੇਂ ਸ਼ੁਰੂ ਹੋਇਆ ਤੇ ਵਰਤਮਾਨ ਸਰਕਾਰ ਦੀਆਂ ਨੀਤੀਆਂ ਦੀ ਗੱਲ ਕੀਤੀ। ਕਵਿਤਾਵਾਂ ਦੇ ਦੌਰ ਵਿੱਚ ਰਣਜੀਤ ਸਿੰਘ ਨੇ ਪਰਮਿੰਦਰ ਰਮਨ ਦੀ ਪੰਜਾਬੀ ਮਾਂ- ਬੋਲੀ ਬਾਰੇ ਕਵਿਤਾ, ਗੁਰਦੀਸ਼ ਕੌਰ ਗਰੇਵਾਲ ਨੇ ਮਾਂ-ਬੋਲੀ ਤੇ ਬੋਲੀਆ ਸੁਣਾਈਆਂ, ਮੰਗਲ ਚੱਠਾ ਨੇ ਵਿਅੰਗਮਈ ਕਵਿਤਾ, ਹਰਮਿੰਦਰ ਕੌਰ ਚੁੱਘ ਨੇ ਕਸ਼ਮੀਰ ਬਾਰੇ, ਸਰਬਜੀਤ ਕੌਰ ਉੱਪਲ ਨੇ ਪੰਜਾਬੀ ਬਾਰੇ ਕਵਿਤਾ, ਸੁਖਵਿੰਦਰ ਸਿੰਘ ਤੂਰ ਨੇ ਸਰਿੰਦਰ ਗੀਤ ਦਾ ਲਿਖਿਆ ਗੀਤ 'ਅਸੀਂ ਪੰਜਾਬੀ' ਸਤਵਿੰਦਰ ਸਿੰਘ (ਜੱਗ ਪੰਜਾਬੀ ਟੀ ਵੀ) ਨੇ 'ਸਰਕਾਰ ਬਦਲ ਗਈ' ਖ਼ੂਬਸੂਰਤ ਕਵਿਤਾ ਸੁਣਾਈ। ਗੁਰਚਰਨ ਸਿੰਘ ਹੇਅਰ, ਹਰਕੀਰਤ ਧਾਲੀਵਾਲ, ਲਖਵਿੰਦਰ ਸਿੰਘ ਜੌਹਲ, ਗੁਰਲਾਲ ਰੂਪਾਲੋ ਨੇ ਵੀ ਪੰਜਾਬੀ ਨਾਲ ਸੰਬੰਧਿਤ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਨਾਲ ਸਟੇਜ ਤੋਂ ਹਾਜ਼ਰੀ ਲਵਾਈ। ਇਸ ਮੌਕੇ ਸਰਵਣ ਸਿੰਘ ਤੇ ਸੁਰਿੰਦਰ ਕੌਰ ਵੀ ਹਾਜ਼ਰ ਸਨ।

ਕਰਨਵੀਰ ਸਿੰਘ ਨੇ ਅਖੀਰ ਵਿੱਚ ਬਹੁਤ ਹੀ ਖ਼ੂਬਸੂਰਤ ਗੀਤ ਸੁਣਾਇਆ ਜਿਸ ਉਪਰੰਤ ਪ੍ਰਧਾਨ ਬਲਜਿੰਦਰ ਸੰਘਾ ਨੇ ਇਸ ਕੜਾਕੇ ਦੀ ਸਰਦੀ ਵਿੱਚ ਸਾਹਿਤ ਪ੍ਰੇਮੀਆ ਦਾ ਸਭਾ ਦੀ ਅੱਜ ਦੀ ਮੀਟਿੰਗ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਤੇ ਅਗਲੀ ਮਿਲਣੀ ਜੋ ਕੋਸੋ ਦੇ ਹਾਲ ਵਿੱਚ ਨਹੀਂ ਸਗੋਂ 23 ਮਾਰਚ ਦਿਨ ਸ਼ਨੀਵਾਰ ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਇੱਕ ਵਜੇ ਤੋਂ ਚਾਰ ਵਜੇ ਤੱਕ ਹੋਏਗੀ ਵਿੱਚ ਪਹੁੰਚਣ ਲਈ ਸੱਦਾ ਦਿੱਤਾ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਅਤੇ ਬੱਚਿਆਂ ਦੇ ਨਾਮ ਦਰਜ ਕਰਾਉਣ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 403 680 3212 ਅਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403 714 6848 ਤੇ ਸੰਪਰਕ ਕੀਤਾ ਜਾ ਸਕਦਾ ਹੈ।


















ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਸਿਹਤ ਸਬੰਧੀ ਜ਼ਰੂਰੀ ਜਾਣਕਾਰੀ

**ਸਿਹਤ ਦੇ ਮਸਲੇ ਸਬੰਧੀ ਜਰੂਰੀ ਜਾਣਕਾਰੀ** : ਦੇਸ਼ ਦੇ ਹਰ ਸ਼ਹਿਰੀ ਨੂੰ ਸਰੀਰਕ ਤੇ ਮਾਨਸਿਕ ਸਿਹਤ ਦੇ ਸਭ ਤੋਂ ਉੱਚੇ ਮਿਆਰ ਹਾਸਲ ਕਰਨ ਦਾ ਜਮਹੂਰੀ ਅਧਿਕਾਰ ਹੈ ਜਿਸ ਚ ਮੈਡੀਕਲ ਸੇਵਾ, ਸਫ਼ਾਈ, ਲੋੜੀਂਦਾ ਭੋਜਨ, ਸ਼ਾਨਦਾਰ ਘਰ, ਸਿਹਤਮੰਦ ਕੰਮ ਦੀਆਂ ਹਾਲਤਾਂ, ਸਾਫ਼ ਸੁਥਰਾ ਵਾਤਾਵਰਨ ਤੇ ਪੀਣ ਵਾਲਾ ਪਾਣੀ ਸ਼ਾਮਲ ਹਨ। ਹਰ ਇੱਕ ਨੂੰ ਸਿਹਤ ਸੰਭਾਲ ਦੇ ਹੱਕ ਲਈ ਚੰਗੀਆਂ ਰਹਿਣਯੋਗ ਹਾਲਤਾਂ (ਜਿਸ ਵਿੱਚ ਸਿਹਤਮੰਦ ਤੇ ਜ਼ਰੂਰੀ ਖਾਣਾ ਰਿਹਾਇਸ਼ ਤੇ ਸਿਹਤਮੰਦ ਆਲਾ ਦੁਆਲਾ ਸ਼ਾਮਲ ਹਨ) ਚਾਹੀਦੀਆਂ ਹਨ।

**ਸਿਹਤ ਸੰਭਾਲ ਦੇ ਮਨੁੱਖੀ ਹੱਕ ਤੋਂ ਸਾਡਾ ਭਾਵ ਹੈ**: ਹਸਪਤਾਲ ਦਵਾਈਆਂ ਤੇ ਡਾਕਟਰੀ ਸੇਵਾਵਾਂ ਲਾਜਮੀ ਲੋਕਾਂ ਦੀ ਪਹੁੰਚ ਵਿੱਚ ਹੋਣ ਅਤੇ ਚੰਗੀ ਗੁਣਵੱਤਾ ਵਾਲੀਆਂ ਸਿਹਤ ਸਹੂਲਤਾਂ ਸਭ ਨੂੰ ਹਾਸਲ ਹੋਣ। ਇਹ ਸਭ ਸਹੂਲਤਾਂ ਉਥੇ ਹੋਣ ਜਿਥੇ ਇਹਨਾਂ ਦੀ ਲੋੜ ਹੋਵੇ। ਹੇਠ ਲਿਖੇ ਮਿਆਰਾ ਮੁਤਾਬਕ ਸਭ ਨੂੰ ਸਿਹਤ ਸਹੂਲਤਾਂ ਮਿਲਣ। ਸਭ ਨੂੰ ਬਰਾਬਰ ਗਰੰਟੀ ਵਾਲੀ ਸਿਹਤ ਸੇਵਾ ਸਸਤੀ ਤੇ ਲੋਕਾਂ ਦੀ ਪਹੁੰਚ ਵਿੱਚ ਅਤੇ ਘਰ ਦੇ ਨੇੜੇ ਹੋਵੇ। ਇਨ੍ਹਾਂ ਵਿੱਚ ਪਾਇਆ ਜਾਣ ਵਾਲਾ ਸਾਜੋ ਸਮਾਨ ਮਿਆਰੀ ਅਤੇ ਅਮਲਾ ਸਿੱਖਿਅਤ ਹੋਵੇ। ਲਿੰਗ, ਉਮਰ, ਸੱਭਿਆਚਾਰ ਮੁਤਾਬਕ ਸਭ ਸੇਵਾ ਸੰਸਥਾਵਾਂ ਲੋਕਾਂ ਦੀ ਰਾਖੀ ਕਰਨ। ਉੱਥੇ ਆਚਰਨ (Ethics) ਮੁਤਾਬਕ ਕੰਮ ਕਰਨਾ ਯਕੀਨੀ ਹੋਵੇ। ਮਾਨਸਿਕ ਸਿਹਤ ਦਾ ਵੀ ਖਿਆਲ ਰੱਖਿਆ ਜਾਵੇ। ਚੰਗੇ ਮਿਆਰਾਂ ਰਾਹੀਂ ਨਿਰਦੇਸ਼ਿਤ ਚੰਗੀ ਗੁਣਵੰਣਤਾ ਵਾਲੀ ਸਿਹਤ ਸੇਵਾ ਸਭ ਨੂੰ ਮਿਲੇ। ਸਿਹਤ ਦਾ ਮਨੁੱਖੀ ਅਧਿਕਾਰ ਇਹ ਵੀ ਕਹਿੰਦਾ ਹੈ ਕਿ ਇਲਾਜ ਚ ਵਿਤਕਰਾ ਨਾ ਹੋਵੇ (ਨਸਲ ਉਮਰ ਲਿੰਗ ਅਪੰਗਤਾ ਧਰਮ ਜਾਤ ਕੌਮ ਆਮਦਨ ਤੇ ਸਮਾਜਿਕ ਰੁਤਬੇ ਤੋਂ ਉੱਪਰ ਉੱਠ ਕੇ ਸਿਹਤ ਸੇਵਾ ਦਿੱਤੀ ਜਾਵੇ)। ਸਭ ਦੀ ਸਿਹਤ ਦੀ ਰਾਖੀ ਲਈ ਜੋ ਵੀ ਸੇਵਾ ਦਿੱਤੀ ਜਾਵੇ ਉਸ ਵਿੱਚ ਪਾਰਦਰਸ਼ਤਾ ਹੋਵੇ ਅਤੇ ਸਭ ਨੂੰ ਇਹ ਜਾਨਣ ਦਾ ਅਧਿਕਾਰ ਹੋਵੇ ਕਿ ਕੋਈ ਸੰਸਥਾ ਕਿਹੜੀ ਸੇਵਾ ਦੇ ਰਹੀ ਹੈ ? ਜੋ ਫੈਸਲੇ ਲੋਕਾਂ ਦੀ ਸਿਹਤ ਨੂੰ ਅਸਰਅੰਦਾਜ਼ ਕਰਦੇ ਹੋਣ ਉਨ੍ਹਾਂ ਬਾਰੇ ਲਏ ਜਾਂਦੇ ਫੈਸਲਿਆਂ 'ਚ ਵਿਅਕਤੀਆਂ ਅਤੇ ਫਿਰਕਿਆਂ ਦਾ ਸਰਗਰਮ ਰੋਲ ਹੋਵੇ। ਨਿੱਜੀ ਕੰਪਨੀਆਂ ਤੇ ਜਨਤਕ ਏਜੰਸੀਆਂ ਸਿਹਤ ਦੇ ਅਧਿਕਾਰ ਦੀ ਰਾਖੀ ਲਈ ਜਵਾਬਦੇਹ ਹੋਣ। ਉਹ ਇਹ ਵੀ ਜਵਾਬ ਦੇਣ ਕਿ ਜੋ ਸੇਵਾ ਦਿੱਤੀ ਜਾ ਰਹੀ ਹੈ ਉਸ ਦਾ ਪੱਧਰ ਕਾਇਦੇ ਕਨੂੰਨ ਤੇ ਆਜ਼ਾਦ ਤੌਰ ਤੇ ਲਾਗੂ ਹੋਣ ਦਾ ਸਿਸਟਮ ਕੀ ਹੈ ? ਸਿਹਤ ਦੇ ਮਨੁੱਖੀ ਅਧਿਕਾਰ ਦੀ ਰਾਖੀ ਕਰਨ ਲਈ ਕਈ ਕੌਮਾਂਤਰੀ ਅਤੇ ਕੌਮੀ ਕਾਨੂੰਨ ਬਣੇ ਹੋਏ ਹਨ:-



-ਯੂਨੀਵਰਸਲ ਡੈਕਲੇਰੇਸ਼ਨ ਆਫ਼ ਹਿਉਮਨ ਰਾਇਟਸ ਦੀ ਧਾਰਾ-25

-International convention on economic and cultural rights section-12

-Convention on the elimination of racial discrimination section-5

-Convention on elimination of discrimination against women section(article)-12 and 14

-ਸੰਨ 2000 ਵਿੱਚ ਯੂਐਨ ਕਮੇਟੀ ਨੇ ਆਰਥਿਕ ਸਮਾਜਿਕ ਤੇ ਸੱਭਿਆਚਾਰ ਹੱਕ ਬਾਰੇ ਕੁਝ ਦਿਸ਼ਾ ਕਰਦੇ ਨਿਰਧਾਰਤ ਕੀਤੇ ਸਨ ਜੋ ਸਰਕਾਰੀ ਰਿਪੋਰਟਾਂ ਅਤੇ ਸੰਧੀਆਂ ਸਮਝੌਤਿਆਂ ਦਾ ਵੀ ਰਵਿਊ ਕਰਦੀ ਹੈ

-American declaration of rights and duties of man article-11

-- Convention on rights of personnel disabilities article-25

ਜੂਨ 2017 ਵਿੱਚ ਜਮਹੂਰੀ ਹੱਕਾਂ ਸਬੰਧੀ ਇੱਕ ਸੈਨੇਟ ਹੈਲਥ ਕੇਅਰ ਬਿੱਲ ਲਿਆਂਦਾ ਗਿਆ। ਜਿਸ ਦਾ ਮਤਲਬ ਸੀ ਕਿ ਸਿਹਤ ਸੰਬੰਧੀ ਅਮੀਰਾਂ ਤੇ ਕਾਰਪੋਰੇਸ਼ਨਾਂ ਉੱਪਰ ਲੱਗਦਾ ਟੈਕਸ ਘਟਾਇਆ ਜਾਵੇ। ਇਹ ਪੈਸਾ ਮਜ਼ਦੂਰ ਜਮਾਤ ਗਰੀਬਾਂ ਤੇ ਮੱਧ ਵਰਗੀ ਲੋਕਾਂ ਦੇ ਜਨਤਕ ਖਰਚੇ ਵਿੱਚ ਕਟੌਤੀ ਕਰਕੇ ਬਚਾਇਆ ਜਾਵੇਗਾ। ਇਸ ਨਾਲ 22 ਕਰੋੜ ਲੋਕਾਂ ਦਾ ਸਿਹਤ ਬੀਮਾ ਖਤਮ ਹੋਵੇਗਾ ਅਤੇ ਲੱਖਾਂ ਹੀ ਲੋਕਾਂ ਦੀ ਹਰ ਸਾਲ ਮੌਤ ਯਕੀਨੀ ਹੋਵੇਗੀ। ਅੱਜ ਕੱਲ੍ਹ ਸਿਹਤ ਨੂੰ ਨਿੱਜੀ ਜ਼ਿੰਮੇਵਾਰੀ ਵਜੋਂ ਲਿਆ ਜਾ ਰਿਹਾ ਹੈ ਨਾ ਕਿ ਇਸ ਨੂੰ ਜਮਹੂਰੀ ਹੱਕ ਮੰਨਿਆ ਜਾ ਰਿਹਾ ਹੈ। ਇਸ ਪ੍ਰਬੰਧ ਨੂੰ ਬਰਕਰਾਰ ਰੱਖਣ ਦੇ ਕਾਰਪੋਰੇਟ ਹਿੱਤ ਜਬਰਦਸਤ ਹਨ। ਸਿਹਤ ਹੁਣ ਇੱਕ ਮੰਡੀ ਦਾ ਮਾਲ ਬਣ ਗਈ ਹੈ। ਜਦੋਂ ਕਿ ਸਿਹਤ ਇੱਕ ਜਨਤਕ ਚੀਜ਼ ਵੱਲੋਂ ਸਾਰਿਆਂ ਨੂੰ ਮੁਹੱਈਆ ਹੋਣੀ ਚਾਹੀਦੀ ਹੈ ਅਤੇ ਇਸ ਤੇ ਖਰਚਾ ਵੀ ਸਰਕਾਰੀ ਭਾਵ ਜਨਤਕ ਹੋਣਾ ਚਾਹੀਦਾ ਹੈ। ਸਿਹਤ ਦੇ ਜਮਹੂਰੀ ਹੱਕ ਦਾ ਮਤਲਬ ਹੈ ਸਭ ਲਈ ਸਿਹਤ ਦੀ ਰਾਖੀ ਦੇ ਇੱਕ ਪ੍ਰਬੰਧ ਦੀ ਗਰੰਟੀ ਹੋਣਾ। ਮੁਫ਼ਤ ਸਿਹਤ ਸਵਾਵਾਂ ਜ਼ਰੂਰੀ ਕਿਉਂ ਹਨ ? ਸਾਡੇ ਦੇਸ਼ ਵਿੱਚ ਮੁਫ਼ਤ ਤਾਂ ਕੀ ਸਭ ਦੀ ਪਹੁੰਚ ਵਾਲੀਆਂ ਸਸਤੀਆਂ ਸਿਹਤ ਸਹੂਲਤਾਂ ਵੀ ਮੌਜੂਦ ਨਹੀਂ ਹਨ। ਕੁੱਝ ਕੋਲ ਸਿਹਤ ਬੀਮਾ ਹੈ ਪਰ ਕਿਸੇ ਕੋਲ ਇਹ ਵੀ ਨਹੀਂ ਹੈ। ਜਦੋਂ ਬੱਚੇ ਜਾਂ ਵੱਡੇ ਬਿਮਾਰ ਹੁੰਦੇ ਹਨ ਤਾਂ ਸਿਹਤ ਸਹੂਲਤਾਂ ਤੋਂ ਉਹ ਇਸ ਕਰਕੇ ਵਾਂਝੇ ਰਹਿ ਜਾਂਦੇ ਹਨ ਕਿ ਸਿਹਤ ਸਹੂਲਤਾਂ ਮਹਿੰਗੀਆਂ ਹਨ। ਹਰ ਬੰਦੇ ਦਾ ਬੁਨਿਆਦੀ ਹੱਕ ਹੈ ਕਿ ਉਸ ਨੂੰ ਉੱਚ ਪੱਧਰੀ ਸਿਹਤ ਸੰਭਾਲ ਮਿਲੇ। 1946 ਵਿੱਚ ਸੰਸਾਰ ਸਿਹਤ ਸੰਸਥਾ ਨੇ ਕਿਹਾ "ਸਿਹਤ ਸਹੂਲਤਾਂ ਬਿਨਾਂ ਕਿਸੇ ਵਿਤਕਰੇ ਤੋਂ ਮਿਲਣ।" ਫਿਰ 1948 ਵਿਚ universal declaration of human rights and in 1966 International convention on economic social and cultural rights (ICESCR)? ਸਿਹਤ ਦਾ ਅਧਿਕਾਰ ਹੈ ਕੀ ? "ਸਰਕਾਰ ਸਿਹਤ ਲਈ ਉਹ ਸਭ ਕੁਝ ਕਰੇ ਜੋ ਦੇਸ਼ ਦੇ ਮੌਜੂਦਾ ਸਰੋਤਾਂ ਵਿੱਚ ਸੰਭਵ ਹੋਵੇ" UN High Commssion on Human Rights and WHO says "right to health is a fundamental part of our human rights and our understanding of life in dignity" "ਸਿਹਤ ਦਾ ਮਤਲਬ ਮਨੁੱਖ ਦਾ ਸਰੀਰਕ ਮਾਨਸਿਕ ਤੇ ਸਮਾਜਿਕ ਤੌਰ ਤੇ ਤੰਦਰੁਸਤ ਹੋਣਾ ਹੈ ਨਾ ਕਿ ਸਿਰਫ ਬੀਮਾਰੀਆਂ ਦੀ ਗੈਰ ਮੌਜੂਦਗੀ"- ਸੰਸਾਰ ਸਿਹਤ ਸੰਸਥਾ (WHO)

**ਚੰਗੀ ਸਿਹਤ ਲਈ ਜ਼ਰੂਰੀ ਹੈ**:- ਪੀਣ ਵਾਲਾ ਸਾਫ ਪਾਣੀ ਚੰਗਾ ਸੀਵਰੇਜ਼ ਪ੍ਰਬੰਧ ਚੰਗਾ ਵਾਤਾਵਰਨ ਚੰਗੀ ਰਿਹਾਇਸ਼ ਜਿਉਣ ਜੋਗੀ ਆਮਦਨ ਸਭ ਲਈ ਸਿੱਖਿਆ ਪਰਹੇਜ਼ ਸਭ ਲਈ ਇਲਾਜ ਕੰਮ ਦੇ ਅੱਠ ਘੰਟੇ ਨਿੱਜੀ ਸਾਫ ਸਫਾਈ ਸੰਸਾਰ ਅਮਨ ਸਰਕਾਰ ਦੀ ਵਧੀਆ ਸਿਹਤ ਨੀਤੀ ਗਰੀਬੀ ਦਾ ਖਾਤਮਾ ਤੇ ਬੇਰੁਜ਼ਗਾਰੀ ਦਾ ਖਾਤਮਾ। ਸਿਹਤ ਦਾ ਖੇਤਰ ਕਦੇ ਸੇਵਾ ਦਾ ਖੇਤਰ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਵਪਾਰ ਬਣ ਚੁੱਕਿਆ ਹੈ। ਇਸ ਕਰਕੇ ਆਮ ਆਦਮੀ ਦੀ ਲੁੱਟ ਲਈ ਬਹੁਕੌਮੀ ਕਾਰਪੋਰੇਸ਼ਨ ਰਾਹੀਂ ਠੇਕੇਦਾਰ ਸਿਆਸਤਦਾਨ ਸਾਮਰਾਜੀ ਸਰਮਾਏਦਾਰ ਸਿਹਤ ਉਦਯੋਗ ਵਿੱਚ ਆ ਗਏ ਹਨ। ਸਰਮਾਏਦਾਰਾ ਅਰਥਚਾਰੇ ਵਿੱਚ ਮੰਗ ਅਤੇ ਸਪਲਾਈ ਦਾ ਕਾਨੂੰਨ ਲਾਗੂ ਹੁੰਦਾ ਹੈ। ਸਿਹਤ ਅੰਦਰ ਮੰਗ ਬੇਹੱਦ ਅਸੀਮਤ ਹੈ ਜਦ ਕਿ ਸਪਲਾਈ ਸੀਮਤ ਹੈ। ਇਸ ਲਈ ਹਰ ਕੋਈ ਸਿਹਤ ਸਨਅਤ 'ਚ ਪੂੰਜੀ ਨਿਵੇਸ਼ ਕਰਨਾ ਚਾਹੁੰਦਾ ਹੈ। ਬਿਮਾਰੀਆਂ ਤੋਂ ਬਚਾਅ ਅਤੇ ਚੰਗੀ ਸਿਹਤ ਲਈ ਚੰਗੀ ਪੌਸ਼ਟਿਕ ਖ਼ੁਰਾਕ ਅਤੇ ਮਨੁੱਖ ਦੀ ਚੰਗੀ ਰੋਗ ਪ੍ਰਤੀਰੋਧਕ ਸ਼ਕਤੀ ਬਹੁਤ ਜ਼ਰੂਰੀ ਹੈ। ਮੌਜੂਦਾ ਸਥਿਤੀ ਹੈ ਕੀ ? 30 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ, 52 ਫੀਸਦੀ ਔਰਤਾਂ ਤੇ 60 ਫੀਸਦੀ ਬੱਚਿਆਂ ਨੂੰ ਅਨੀਮੀਆ (ਖ਼ੂਨ ਦੀ ਘਾਟ) ਹੈ, ਬੇਰੁਜ਼ਗਾਰੀ ਵੱਧ ਰਹੀ ਹੈ, ਜ਼ਰੂਰੀ ਵਸਤਾਂ ਦੀ ਮਹਿੰਗਾਈ ਅਤੇ ਖੇਤੀ ਸੰਕਟ ਕਾਰਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ। ਸਿੱਕੇ ਦਾ ਫਲਾਅ ਦੇ ਹੋਰ ਕਾਰਨ ਕਰਕੇ ਲੋਕਾਂ ਦੀ ਆਮਦਨ ਘਟੀ ਹੈ। 30 ਫੀਸਦੀ ਪੇਂਡੂ ਆਬਾਦੀ ਵੀ ਬੇਜ਼ਮੀਨੀ ਹੈ। 50 ਫੀਸਦੀ ਅਬਾਦੀ ਬੇਘਰ ਹੈ। 50 ਫੀਸਦੀ ਘਰਾਂ ਵਿੱਚ ਪਖਾਨੇ ਨਹੀਂ ਹਨ। ਇਨ੍ਹਾਂ ਕਾਰਨ ਕਰਕੇ ਲੋਕ ਪੌਸ਼ਟਿਕ ਖੁਰਾਕ ਖਾ ਹੀ ਸਕਦੇ। ਦੂਜੇ ਪਾਸੇ 1990 ਤੋਂ ਪਿੱਛੋਂ 18 ਫ਼ੀਸਦੀ ਅਮੀਰ ਲੋਕ ਮੋਟਾਪੇ ਦੇ ਸ਼ਿਕਾਰ ਹੋਏ ਹਨ ਜਿਹਨਾਂ ਨੂੰ ਬਲੱਡ ਪ੍ਰੈਸ਼ਰ ਸ਼ੂਗਰ ਦਿਲ ਫੇਫੜਿਆਂ ਦੀਆਂ ਬੀਮਾਰੀਆਂ ਅਤੇ ਜੋੜਾਂ ਦੇ ਦਰਦ ਪਾਏ ਜਾ ਰਹੇ ਹਨ। ਪਰ ਸਰਕਾਰ ਅੱਸੀ ਫੀਸਦੀ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਵੀ ਸਪਲਾਈ ਨਹੀਂ ਕਰ ਸਕੀ। ਜਿਸ ਕਾਰਨ ਟੱਟੀਆਂ ਉਲਟੀਆਂ ਪੀਲੀਆ ਹੈਜ਼ਾ ਟਾਈਫਾਈਡ ਮਲੇਰੀਆ ਵਰਗੀਆਂ ਬਿਮਾਰੀਆਂ ਆਮ ਪਾਈਆਂ ਜਾਂਦੀਆਂ ਹਨ ।ਲੋਕਾਂ ਨੂੰ ਮਜਬੂਰੀ ਵੱਸ ਬੋਤਲਾਂ ਵਾਲਾ ਪਾਣੀ ਖਰੀਦਣਾ ਪੈ ਰਿਹਾ ਹੈ। ਬਹੁਕੌਮੀ ਕਾਰਪੋਰੇਸ਼ਨਾਂ (ਕੋਕ, ਪੈਪਸੀ ਆਦਿ) ਪਾਣੀ ਦਾ ਵਪਾਰ ਕਰਦੀਆਂ ਹਨ। ਦਿੱਲੀ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀਆਂ ਬੋਤਲਾਂ ਵਿੱਚੋਂ 60 ਫੀਸਦੀ ਦੂਸ਼ਿਤ ਪਾਈਆਂ ਗਈਆਂ ਹਨ। ਆਜ਼ਾਦੀ ਦੇ ਸੱਤ ਦਹਾਕੇ ਬੀਤ ਜਾਣ ਪਿੱਛੋਂ ਵੀ ਮਨੁੱਖੀ ਮੱਲ ਦਾ ਸਹੀ ਡਿਸਪੋਜ਼ਲ ਨਹੀਂ ਹੋ ਰਿਹਾ। ਇਕ ਆਦਮੀ ਇੱਕ ਸਾਲ ਚ ਇੱਕ ਟਨ ਮਲ ਪੈਦਾ ਕਰ ਦਿੰਦਾ ਹੈ ਜਿਸ ਲਈ ਲੋੜੀਂਦਾ ਸੀਵਰੇਜ ਪ੍ਰਬੰਧ ਕਿਤੇ ਨਹੀਂ ਮਿਲਦਾ। ਹਸਪਤਾਲਾਂ ਦਾ ਵੇਸਟ ਬਹੁਤ ਹੀ ਖਤਰਨਾਕ ਹੈ। ਇਸ ਦਾ ਡਿਸਪੋਜ਼ਲ ਵੀ ਇੱਕ ਉਦਯੋਗ ਬਣ ਗਿਆ ਹੈ। ਸਨਅਤੀ ਵੇਸਟ (ਪਾਣੀ ਤੇ ਹੋਰ ਗੰਦਮੰਦ) ਦਾ ਟਰੀਟਮੈਂਟ ਕੀਤੇ ਬਗੈਰ ਹੀ ਉਸ ਨੂੰ ਨਦੀਆਂ ਨਾਲਿਆਂ ਨਹਿਰਾਂ ਦਰਿਆਵਾਂ ਤੇ ਸਮੁੰਦਰ ਵਿੱਚ ਸੁੱਟਿਆ ਜਾ ਰਿਹਾ ਹੈ ਕੋਲਾ ਸਨਅਤ ਤੇ ਸਟੋਨ ਕ੍ਰਾਸ਼ਿੰਗ ਉਦਯੋਗ ਕਰਕੇ 60 ਫੀ ਦੀ ਲੋਕਾਂ ਨੂੰ ਉਸ ਇਲਾਕੇ ਚ ਸਾਹ ਬੀਮਾਰੀ ਹੈ। ਇਲੈਕਟ੍ਰੋਨਿਕ ਵੇਸਟ ਮਟੀਰੀਅਲ ਤੇ ਨਿਊਕਲੀਅਰ ਪਾਵਰ ਪਲਾਂਟ ਸਿਹਤ ਲਈ ਹਾਨੀਕਾਰਨ ਹਨ। ਭਾਰਤ ਵਿੱਚ ਸਿਰਫ 60 ਆਬਾਦੀ ਦਾ ਹੀ ਟੀਕਾਕਰਨ ਹੋਇਆ ਹੈ। 50 ਫੀਸਦੀ ਆਬਾਦੀ ਬੇਘਰ ਹੈ। ਵੀਹ-ਪੱਚੀ ਫ਼ੀਸਦੀ ਲੋਕ ਮਾਨਸਕ ਰੋਗੀ ਹਨ। ਸਿਹਤ ਲਈ ਅੱਠ ਘੰਟੇ, ਨੀਂਦ ਲਈ ਅੱਠ ਘੰਟੇ ਤੇ 8 ਘੰਟੇ ਪਰਿਵਾਰ ਲਈ ਚਾਹੀਦੇ ਹਨ।



**ਮੈਡੀਕਲ ਸਿੱਖਿਆ ਦੀ ਸਥਿਤੀ**:- 1975 ਵਿੱਚ ਸਾਰੇ ਮੈਡੀਕਲ ਕਾਲਜ ਡੈਂਟਲ ਅਤੇ ਫਾਰਮੇਸੀ ਕਾਲਜ ਸਰਕਾਰ ਚਲਾਉਂਦੀ ਸੀ ਪਰ ਹੁਣ 90 ਫੀਸਦੀ ਨਿੱਜੀ ਮਾਲਕੀ ਵਾਲੇ ਹੋ ਗਏ ਹਨ। ਸਾਰੇ ਵਪਾਰੀ ਤੇ ਪ੍ਰਵਾਸੀ ਭਾਰਤੀ ਸਿਹਤ ਵਿੱਚ ਪੂੰਜੀ ਨਿਵੇਸ਼ ਕਰਨ ਲੱਗੇ ਹਨ। ਇੱਕ ਸਰਵੇ ਮੁਤਾਬਕ ਇਕੱਲੇ ਆਂਧਰਾ ਵਿੱਚ 40 ਹਜ਼ਾਰ ਕਰੋੜ ਰੁਪਏ ਦਾ ਵਪਾਰ ਡੋਨੇਸ਼ਨਾ ਅਤੇ ਕਾਲਜਾਂ ਦੀਆਂ ਫੀਸਾਂ ਬਦਲੇ ਹੁੰਦਾ ਹੈ।

ਇਲਾਜ ਲਈ ਜ਼ਰੂਰੀ ਦਵਾਈਆਂ ਬਹੁ ਕੌਮੀ ਕਾਰਪੋਰੇਟ ਘਰਾਣਿਆਂ (ਮਿਸਾਲ ਵਜੋਂ ਫਾਈਜ਼ਰ ਰੋਸ ਐਬਿਟ ਨੌਵਾਰਟਿਸ ਇਵੈਂਟਸ ਜੀਐਸਕੇ ਤੇ ਜੋਹਨਸਨ ਐਂਡ ਜੋਹਨਸਨ ਆਦਿ) ਕੋਲ ਸੱਠ ਫੀਸਦੀ ਫਾਰਮਾ ਪ੍ਰਯੋਗ ਦੀ ਮਾਲਕੀ ਹੈ। ਮਨਮਰਜ਼ੀ ਦੀਆਂ ਕੀਮਤਾਂ ਲੈ ਕੇ ਇਹ ਦਵਾਈਆਂ ਵੇਚਦੇ ਹਨ। ਭਾਰਤ ਵਿੱਚ 1950 'ਚ ਡਰੱਗ ਕੰਟਰੋਲ ਐਕਟ ਚ 343 ਜ਼ਰੂਰੀ ਦਵਾਈਆਂ ਸਨ ਪਰ ਹੁਣ ਸਰਕਾਰ ਸੌ ਫੀਸਦੀ ਨਿਵੇਸ਼ ਵੱਡੀ ਬਹੁਕੌਮੀ ਕਾਰਪੋਰੇਸ਼ਨਾਂ ਤੋਂ ਕਰਵਾ ਰਹੀ ਹੈ। ਸਰਕਾਰੀ ਦਵਾਈ ਉਦਯੋਗ (ਆਈ ਡੀ ਪੀ ਐੱਲ, ਹਿੰਦੋਸਤਾਨੀ ਐਂਟੀਬਾਟਿਕ ਅਤੇ ਪਿੰਪਰੀ ਤੋਂ ਸਰਕਾਰੀ ਅਦਾਰੇ ਵੀ ਦਵਾਈਆਂ ਨਹੀਂ ਖਰੀਦਦੇ। ਹਰ ਸਾਲ ਦਵਾਈਆਂ ਤੇ ਸਾਜ਼ੋ ਸਾਮਾਨ ਦੀ ਕੀਮਤ 10 ਤੋਂ 20 ਫੀਸਦੀ ਵਧ ਜਾਂਦੀ ਹੈ। 1975 ਅਸੀ ਫੀ ਸਦੀ ਹਸਪਤਾਲ ਸਰਕਾਰੀ ਸਨ ਪਰ ਗੇਟ ਸਮਝੌਤੇ ਪਿਛੋਂ ਇਸ ਖੇਤਰ ਵਿੱਚ ਬਹੁਕੌਮੀ ਕਾਰਪੋਰੇਸ਼ਨਾਂ ਮੁਨਾਫ਼ਾ ਕਮਾਉਣ ਲਈ ਪ੍ਰਵੇਸ਼ ਕਰ ਚੁੱਕੀਆਂ ਹਨ।

ਕੁਲ ਘਰੇਲੂ ਪੈਦਾਵਾਰ (ਜੀਡੀਪੀ) ਦਾ ਸਿਰਫ਼ ਇੱਕ 1.1 ਫੀ ਸਦੀ ਬਜਟ ਹੀ ਕੇਂਦਰੀ ਸਰਕਾਰ ਸਿਹਤ ਲਈ ਰੱਖਦੀ ਹੈ, ਜੋ ਤਨਖਾਹ ਤੇ ਸਾਜੋ ਸਾਮਾਨ ਉੱਪਰ ਹੀ ਖਰਚ ਹੋ ਜਾਂਦਾ ਹੈ। ਬਹੁਕੌਮੀ ਕਾਰਪੋਰੇਸ਼ਨਾਂ ਨੂੰ ਸਰਕਾਰ ਟੈਕਸਾਂ ਵਿੱਚ ਛੋਟਾ ਦਿੰਦੀ ਤੇ ਜ਼ਮੀਨ ਸਸਤੇ ਭਾਅ ਐਕਵਾਇਰ ਕਰਦੀ ਹੈ। ਦਰਾਮਦ ਤੇ ਕੋਈ ਟੈਕਸ ਨਹੀਂ ਪਰ ਸਰਵਿਸ ਟੈਕਸ ਯੂਜ਼ਰ ਚਾਰਜਿਜ਼ ਵਜੋਂ ਸਿਹਤ ਖੇਤਰ ਤੇ ਲਾਗੂ ਹੈ। ਸਰਕਾਰ ਵੱਲੋਂ ਲਾਗੂ ਕੀਤੀ ਕੈਸ਼ਲੈੱਸ ਬੀਮਾ ਸਕੀਮ ਦਾ ਵੱਡਾ ਹਿੱਸਾ ਕਾਰਪੋਰੇਟ ਹਸਪਤਾਲਾ ਨੂੰ ਚਲਾ ਜਾਂਦਾ ਹੈ ਮਿਸਾਲ ਵਜੋਂ ਆਂਧਰਾ ਪ੍ਰਦੇਸ਼ ਦੇ ਵਾਰੰਗਲ ਜ਼ਿਲੇ ਚ ਦੋ ਸੌ ਚਾਲੀ ਕਰੋੜਾਂ ਤੋਂ ਉੱਨੀ ਕਰੋੜ ਹੀ ਸਰਕਾਰੀ ਹਸਪਤਾਲਾ ਨੂੰ ਮਿਲਿਆ ਬਾਕੀ ਦਾ ਉੱਨੀ ਸਾਰਾ ਪੈਸਾ ਕਾਰਪੋਰੇਟ ਹਸਪਤਾਲਾ ਨੂੰ ਚਲਾ ਗਿਆ।

**ਐਂਬੂਲੈਂਸ ਸੇਵਾ**:- ਸਰਕਾਰ ਨੇ ਤੇ 137 ਕਰੋੜ ਹਰ ਸਾਲ ਸੱਤਿਅਮ ਕੰਪਿਊਟਰ ਵਾਲ਼ਿਆਂ ਨੂੰ ਐਂਬੂਲੈਂਸ ਲਈ ਦਿੱਤਾ ਪਰ ਇਹ ਐਂਬੂਲੈਂਸਾਂ ਸਾਰੇ ਮਰੀਜ਼ ਚੁੱਕ ਕੇ ਕਾਰਪੋਰੇਟ ਹਸਪਤਾਲਾ ਵਿੱਚ ਲੈ ਜਾਂਦੀਆਂ ਹਨ। ਸਰਕਾਰ ਦੀ ਇੱਕ 104 ਨੰਬਰ ਐਂਬੂਲੈਂਸ ਸੇਵਾ ਵੀ ਮਰੀਜ਼ਾਂ ਨੂੰ ਨਿੱਜੀ ਹਸਪਤਾਲਾ ਵਿੱਚ ਲੈ ਜਾਂਦੀ ਹੈ।

**ਸਰਕਾਰ ਦਾ ਟੀਚਾ**:- ਵੱਧ ਤੋਂ ਵੱਧ ਯੂਜ਼ਰ ਚਾਰਜ ਰਾਹੀਂ ਪੈਸੇ ਇਕੱਠੇ ਕਰਨਾ, ਨਿੱਜੀ ਸਿਹਤ ਬੀਮੇ ਕਰਨੇ, ਨਿੱਜੀ ਜਨਤਕ ਭਾਈਵਾਲੀ (ਪੀਪੀਪੀ ਸਕੀਮ) ਲਾਗੂ ਕਰਨੀ, ਜਦਕਿ ਸਰਕਾਰੀ ਸੇਵਾ ਨਾਂਹ ਦੇ ਬਰਾਬਰ ਹੋ ਗਈ ਹੈ। 1990 ਤੋਂ ਪਿਛੋਂ (ਜਦੋਂ ਤੋਂ ਡਬਲਯੂਟੀਓ ਬਣੀ ਹੈ) ਉਦੋਂ ਤੋਂ ਹੀ ਲਾਜ਼ਮੀ ਹੋ ਗਿਆ ਹੈ ਕਿ ਸਿਹਤ ਦਾ ਨਿਜ਼ੀਕਰਨ ਕੀਤਾ ਜਾਵੇ ,ਵਿਦੇਸ਼ੀ ਪੂੰਜੀ ਨਿਵੇਸ਼ ਸੌ ਫੀਸਦੀ ਕੀਤਾ ਜਾਵੇ ਅਤੇ ਜਨਤਕ ਖੇਤਰ ਦਾ ਮੌਜੂਦਾ ਢਾਂਚਾ ਹੌਲੀ ਹੌਲੀ ਤੋੜ ਭੰਨ ਦਿੱਤਾ ਜਾਵੇ। ਨਿੱਜੀਕਰਨ ਦੇ ਰਾਹ ਚ ਰੋੜਾ ਬਣਨ ਵਾਲੀਆਂ ਸਰਕਾਰਾਂ ਨੂੰ ਤੋੜਨਾ ਅਤੇ ਚੋਟੀ ਦੇ ਲੀਡਰਾਂ ਦੇ ਕਤਲ ਕਰਵਾਉਣੇ ਸੀ ਆਈ ਏ ਦਾ ਟੀਚਾ ਹੈ। ਪੱਛਮ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਅਮਰੀਕਾ ਵਿੱਚ ਨਿੱਜੀ ਸਿਹਤ ਬੀਮੇ ਰਾਹੀਂ ਸਭ ਲਈ ਸਿਹਤ ਦਾ ਪ੍ਰਬੰਧ ਲਾਗੂ ਹੈ ਜਦ ਕਿ ਭਾਰਤ ਲਈ ਨਿਜੀ-ਜਨਤਕ ਭਾਈਵਾਲੀ (ਪੀਪੀਪੀ) ਦਾ ਮਾਡਲ ਲਿਆਂਦਾ ਗਿਆ ਹੈ। ਇੰਗਲੈਂਡ ਡੈਨਮਾਰਕ ਤੇ ਕਿਊਬਾ ਚ ਇਲਾਜ ਕੌਮੀ ਸਿਹਤ ਸੇਵਾ ਰਾਹੀਂ ਹੁੰਦਾ ਹੈ ਸਰਕਾਰ ਮਰੀਜ਼ ਤੇ ਨੌਕਰੀ ਦਾਤਾ ਸਿਹਤ ਲਈ ਪੈਸੇ ਦਿੰਦੇ ਹਨ ਤੇ ਪਹਿਲੇ ਤੇ ਤੀਜੇ ਪੜਾਅ ਦੀ ਸਿਹਤ ਉੱਥੇ ਮੁਫ਼ਤ ਹੈ। ਮੈਡੀਕਲ ਸਿੱਖਿਆ ਮੁਫਤ ਹੈ। ਦਵਾ ਸਨਅਤ ਸਰਕਾਰੀ ਹੈ। ਕੁੱਲ ਮਿਲਾਕੇ ਪ੍ਰਹੇਜ਼ ਤੇ ਇਲਾਜ ਖਰਚ ਸਰਕਾਰ ਕਰਦੀ ਹੈ। ਦੋ ਹਜ਼ਾਰ ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ। ਨਵੇਂ ਫੀਸਦੀ ਅਬਾਦੀ ਨੂੰ ਇਲਾਜ ਸਰਕਾਰੀ ਹੈ। ਅਮਰੀਕਾ ਚ ਇਲਾਜ ਬੀਮਾ ਕੰਪਨੀਆਂ ਰਾਹੀਂ ਹੁੰਦਾ ਹੈ ਜਿਸ ਕਰਕੇ ਉਨ੍ਹਾਂ ਦੀ ਚਾਂਦੀ ਹੈ। ਇਸ ਤੋਂ ਬਿਨਾਂ ਇਲਾਜ ਪਹੁੰਚ ਤੋਂ ਬਾਹਰ ਹੈ ਭਾਰਤ ਵਿੱਚ ਗਿਆਰਾਂ ਹਜ਼ਾਰ ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ ਜਦ ਕਿ ਕਿਊਬਾ ਵਿੱਚ ਇੱਕ ਸੌ ਸੱਤਰ ਬੰਦਿਆ ਪਿੱਛੇ ਇੱਕ ਡਾਕਟਰ ਹੈ ਕੁੱਲ 72 ਹਜ਼ਾਰ ਡਾਕਟਰ ਹਨ ਬਜਟ ਅੱਠ ਤੋਂ ਗਿਆਰਾਂ ਫ਼ੀਸਦੀ ਹੈ। ਪਰ ਭਾਰਤ ਵਿੱਚ ਨਾ ਤਾਂ ਹਕੂਮਤ ਕੋਲ ਤੇ ਨਾ ਹੀ ਕਿਸੇ ਸਿਆਸੀ ਪਾਰਟੀ ਕੋਲ ਕੋਈ ਠੋਸ ਸਿਹਤ ਪਾਲਸੀ ਹੈ। ਸਰਕਾਰ ਇਥੇ ਬਹੁਕੌਮੀ ਕਾਰਪੋਰੇਸ਼ਨਾਂ, ਸੰਸਾਰ ਸਿਹਤ ਸੰਸਥਾ, ਸੰਸਾਰ ਬੈਂਕ ਤੇ ਸੰਸਾਰ ਵਪਾਰ ਸੰਸਥਾ ਮੁਤਾਬਿਕ ਚਲਦੀ ਹੈ। ਸਾਡੇ ਦੇਸ਼ ਦਾ ਸੰਵਿਧਾਨ ਵੀ





ਸੰਵਿਧਾਨਕ ਹੱਕ ਵਜੋਂ ਵੀ ਸਿਹਤ ਦੀ ਗਾਰੰਟੀ ਨਹੀਂ ਦਿੰਦਾ। ਧਾਰਾ-47 ਕਹਿੰਦੀ ਹੈ "ਪਬਲਿਕ ਹੈਲਥ ਦੇ ਸੁਧਾਰ ਲਈ ਖੁਰਾਕ ਦਾ ਪੱਧਰ ਉੱਚਾ ਚੁੱਕਣਾ, ਰਹਿਣ ਦਾ ਪੱਧਰ ਉਚਾ ਚੁਕਣਾ ਸਰਕਾਰ ਦਾ ਫਰਜ਼ ਹੈ।" ਇਨ੍ਹਾਂ ਖਾਤਰ ਸਰਕਾਰ ਦਾ ਫਰਜ਼ ਹੈ ਕਿ ਉਹ ਨਸ਼ੀਲੇ ਪਦਾਰਥਾਂ ਦੀ ਵਰਤੋਂ ਬੰਦ ਕਰੇ ਪਰ ਸਰਕਾਰ ਸ਼ਰਾਬ ਤੇ ਤੰਬਾਕੂ ਦੀ ਵਰਤੋਂ ਨੂੰ ਹੱਲਾਸ਼ੇਰੀ ਦਿੰਦੀ ਹੈ। 1980 ਦੇ ਅੰਕੜਿਆਂ ਮਤਾਬਕ 70 ਫ਼ੀਸਦੀ ਸਰਕਾਰੀ ਹਸਪਤਾਲ। 20 ਫੀਸਦੀ ਨਿੱਜੀ ਹਸਪਤਾਲ ਤੇ 10 ਫੀਸਦੀ ਐੱਨਜੀਓ ਦੇ ਹਸਪਤਾਲ ਸਨ ਪਰ 1990 ਚ 80 ਫੀਸਦੀ ਹਸਪਤਾਲ ਪ੍ਰਾਈਵੇਟ ਹੋ ਗਏ। ਅੱਜ ਸਰਕਾਰ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ (ਆਈ ਐਮ ਐਫ), ਡਬਲਯੂ ਟੀ ਓ (ਸੰਸਾਰ ਵਪਾਰ ਸੰਸਥਾ) ਮੁਤਾਬਕ ਕੰਮ ਕਰਦੀ ਹੈ ਹੈ। ਜਿਸ ਕਰਕੇ ਹਰ ਸਾਲ 6.60 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਧੱਕੇ ਜਾਂਦੇ ਹਨ। ਬੱਚਿਆਂ ਦੀ ਮੌਤ ਦਰ ਇੱਕ ਹਜ਼ਾਰ ਪਿੱਛੇ 47 ਅਤੇ ਇੱਕ ਹਜ਼ਾਰ ਜਣੇਪਿਆ ਪਿੱਛੇ 50 ਔਰਤਾਂ ਦੀ ਮੌਤ ਹੋ ਜਾਂਦੀ ਹੈ। 60 ਫੀ ਸਦੀ ਔਰਤਾਂ ਅਤੇ ਬੱਚੇ ਖੂਨ ਦੀ ਕਮੀ ਦਾ ਸ਼ਿਕਾਰ ਹਨ। ਜਾਂ ਛੂਤ ਦੀਆਂ ਬਿਮਾਰੀਆਂ ਦਾ ਸ਼ਿਕਾਰ ਹਨ। ਬਲੱਡ ਪ੍ਰੇਸ਼ਰ ਸ਼ੂਗਰ ਜਾਂ ਦਿਲ ਦੀ ਬਿਮਾਰੀਆਂ ਨਾਲੋਂ ਵੱਧ ਮੌਤਾਂ ਤਪਦਿਕ ਮਲੇਰੀਆ ਹੈਜ਼ਾ ਪੀਲੀਆ ਤੇ ਟੱਟੀਆਂ-ਉਲਟੀਆ ਰਾਹੀਂ ਹੁੰਦੀਆਂ ਹਨ; ਸੜਕ ਹਾਦਸੇ ਵੀ ਲੋਕਾਂ ਨੂੰ ਅਪਾਹਜ ਕਰ ਦਿੰਦੇ ਹਨ।

ਸਰਕਾਰੀ ਹਸਪਤਾਲਾਂ ਵਿੱਚ ਹੁਣ ਸਟਾਫ ਤੇ ਡਾਕਟਰ ਠੇਕੇ ਤੇ ਭਰਤੀ ਕੀਤੇ ਜਾਂਦੇ ਹਨ, ਖਾਣਾ ਤੇ ਦਵਾਈਆਂ ਦੀ ਸਪਲਾਈ ਠੇਕੇਦਾਰਾਂ ਕੋਲੋਂ ਕਰਵਾਈ ਜਾਂਦੀ ਹੈ ਅਤੇ ਸੁਰੱਖਿਆ ਤੇ ਸਫ਼ਾਈ ਕਾਮੇ ਦਿਹਾੜੀ ਤੇ ਰੱਖੇ ਜਾਂਦੇ ਹਨ। ਮੁਲਾਜ਼ਮਾਂ ਅਤੇ ਡਾਕਟਰਾਂ ਨੂੰ ਹੁਣ ਪੈਨਸ਼ਨ ਨਹੀਂ ਤੇ ਨਾ ਹੀ ਰੁਜ਼ਗਾਰ ਦੀ ਗਰੰਟੀ ਹੈ। ਸਿਹਤ ਕਮੇਟੀਆਂ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਅਤੇ ਵਿਧਾਇਕ ਹੁੰਦੇ ਹਨ। ਲੈਬਾਰਟਰੀਆਂ ਦੇ ਟੈਸਟਾਂ ਦਾ ਠੇਕਾ, ਐਮਰਜੰਸੀ, ਸੀ ਟੀ ਸਕੈਨ, ਐਕਸਰੇ ਤੇ ਡਾਇਲਸਿਜ਼ ਹੁਣ ਨਿੱਜੀ ਏਜੰਸੀਆਂ ਕਰਦੀਆਂ ਹਨ। ਸਿਹਤ ਅਤੇ ਸਿੱਖਿਆ ਨੂੰ ਬੁਨਿਆਦੀ ਹੱਕ ਵਜੋਂ ਸੰਵਿਧਾਨ ਵਿੱਚ ਦਰਜ ਕਰਵਾਉਣਾ ਅਜੇ ਬਾਕੀ ਹੈ। ਭਾਰਤ ਵਿੱਚ ਸਿਹਤ ਦੇ ਸਰਕਾਰੀ ਖਰਚ ਸਿਰਫ ਅਠਾਰਾਂ ਫੀਸਦੀ ਤੇ ਨਿੱਜੀ 82 ਫੀਸਦੀ ਹੈ।

ਸਰਕਾਰੀ ਸਿਹਤ ਨੀਤੀ-2015 ਕੀ ਕਹਿੰਦੀ ਹੈ ? ਸਿਹਤ ਸੇਵਾਵਾਂ ਨੂੰ ਸਨਅਤ ਕਰਾਰ ਦੇਣਾ, ਪ੍ਰਾਈਵੇਟ ਸੈਕਟਰ ਨੂੰ ਸਿਹਤ ਖੇਤਰ ਵਿਚ ਲਿਆਉਣਾ, ਸਿਹਤ ਸੇਵਾਵਾਂ ਨੂੰ ਮੁਫ਼ਤ ਦੀ ਬਜਾਏ ਪ੍ਰੀ-ਪੇਡ (ਪੈਸੇ ਦੇ ਕੇ ਇਲਾਜ ਕਰਵਾਉਣਾ) ਕਰਨਾ, ਮੈਡੀਕਲ ਸਿੱਖਿਆ ਨੂੰ ਆਪਣੇ ਖਰਚੇ ਤੇ ਹਾਸਲ ਕਰਨ ਯੋਗ ਬਣਾਉਣਾ, ਪ੍ਰਾਇਮਰੀ ਹੈਲਥ ਸੈਂਟਰਾ ਨੂੰ ਐੱਨ ਜੀ ਓਜ਼ ਦੇ ਹਵਾਲੇ ਕਰਨ ਲਈ ਸਕੀਮ ਬਣਾਉਣੀ (ਪੀਪੀਪੀ ਮਾਡਲ ਆਦਿ ਲਿਆਉਣੇ), ਸਿਹਤ ਖੇਤਰ ਵਿੱਚ ਵੱਧ ਤੋਂ ਵੱਧ ਵਿਦੇਸ਼ੀ ਪੂੰਜੀ ਨਿਵੇਸ਼ ਕਰਾਉਣਾ, ਐਂਬੂਲੈਂਸ ਸੇਵਾ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓ) ਦੇ ਹਵਾਲੇ ਕਰਨਾ, ਐਕਸਰੇ ਸਿਟੀ ਸਕੈਨ ਆਦਿ ਟੈਸਟ ਨਿੱਜੀ ਖੇਤਰ ਨੂੰ ਦੇਣੇ, ਸੁਪਰਵਿਜ਼ਨ ਦਾ ਕੰਮ ਵੀ ਗੈਰ ਸਰਕਾਰੀ ਸੰਸਥਾ ਤੋਂ ਕਰਵਾਉਣਾ। ਸਰਕਾਰ ਨੇ ਅਮਰੀਕਾ ਦੇ ਮਾਡਲ ਦੀ ਸੌ ਫੀਸਦੀ ਨਕਲ ਕੀਤੀ ਹੈ। ਕੁਲ ਮਿਲਾ ਕੇ ਸਾਰੇ ਪਾਸੇ ਨਿੱਜੀਕਰਨ, ਸਿਹਤ ਬੀਮਾ ਸਕੀਮ, ਮੈਡੀਕਲ ਸਿਖਿਆ-ਪ੍ਰਾਈਵੇਟ, ਮੌਜੂਦਾ ਜਨਤਕ ਖੇਤਰ ਤੋੜ ਕੇ ਨਿੱਜੀਕਰਨ। ਹਰ ਸਾਲ ਛੇ ਮਿਲੀਅਨ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਧੱਕੇ ਜਾਦੇ ਹਨ। ਯੂਐਸਏ ਜੀ ਡੀ ਪੀ ਦਾ 17 ਫੀਸਦੀ ਖਰਚ ਕਰਕੇ ਵੀ ਫੇਲ ਹੈ। ਸਾਡੇ ਇੱਥੇ 30 ਫੀਸਦੀ ਪੇਂਡੂ ਆਬਾਦੀ ਕੋਲ ਜ਼ਮੀਨ ਨਹੀਂ ਹੈ। 30 ਫੀਸਦੀ ਆਬਾਦੀ ਦੀ ਮਾਸਕ ਆਮਦਨ ਪੰਜ ਹਜ਼ਾਰ ਹੈ। 99 ਫੀਸਦੀ ਦੀ ਮਾਸਕ ਆਮਦਨ ਦਸ ਹਜ਼ਾਰ ਤੋਂ ਘੱਟ ਹੈ।ਫਿਰ ਵੀ ਸਾਡੀ ਸਰਕਾਰ ਸਿਹਤ ਨੂੰ ਨਿੱਜੀ ਜ਼ਿੰਮੇਵਾਰੀ ਸਮਝ ਕੇ ਸਿਹਤ ਬੀਮਾ ਪਾਲਿਸੀਆਂ ਰਾਹੀਂ ਇਲਾਜ ਕਰਵਾਉਣ ਦੀ ਸਲਾਹ ਦੇ ਰਹੀ ਹੈ ਅਤੇ ਇਸੇ ਨੂੰ ਹੀ "ਸਿਹਤ ਦਾ ਹੱਕ" ਦੱਸ ਰਹੀ ਹੈ। ਪੂੰਜੀਪਤੀ ਵੱਡੀ ਕੀਮਤ ਦੇ ਕੇ ਡਾਕਟਰਾਂ ਨੂੰ ਖਰੀਦ ਲੈਂਦੇ ਹਨ ਇਸੇ ਕਰਕੇ ਸਰਕਾਰੀ ਖੇਤਰ ਦੇ ਹਸਪਤਾਲ ਤਜਰਬੇਕਾਰ ਡਾਕਟਰਾਂ ਤੋਂ ਸੱਖਣੇ ਹੋ ਜਾਂਦੇ ਹਨ ਕਿਉਂਕਿ ਉੱਥੇ ਡਾਕਟਰਾਂ ਦੀਆਂ ਤਨਖ਼ਾਹਾਂ ਮੁਕਾਬਲਤਨ ਬਹੁਤ ਹੀ ਜ਼ਿਆਦਾ ਘੱਟ ਹਨ। ਲੋਕਾਂ ਦੀ ਕਮਾਈ ਚੋਂ ਟੈਕਸ ਰਾਹੀਂ ਉਸਰੇ ਜਨਤੱਕ ਖੇਤਰ ਦੇ ਮੈਡੀਕਲ ਕਾਲਜ ਤੇ ਹਸਪਤਾਲ ਮਿਆਰੀ ਇਲਾਜ ਸਹੂਲਤਾਂ ਦੇਣ ਤੋਂ ਅਸਮਰਥ ਹਨ। ਸਾਰੇ ਕਾਲਜਾਂ ਵਿੱਚ ਇੱਕੋ ਜਿਹਾ ਸਿਲੇਬਸ ਤੇ ਪੜ੍ਹਾਈ ਹੋਵੇ ਸਰਕਾਰੀ ਤੇ ਨਿੱਜੀ ਇਲਾਜ ਦੀਆਂ ਵਿਵਸਥਾਵਾ ਨੂੰ ਇਕੱਠਿਆਂ ਚਲਾ ਕੇ ਡਾਕਟਰੀ ਪੇਸ਼ੇ ਤੇ ਇਲਾਜ ਪ੍ਰਣਾਲੀ ਚ ਗੱਠਜੋੜ ਖਤਮ ਹੋ ਹੀ ਨਹੀਂ ਸਕਦਾ।ਡਾਕਟਰੀ ਸੇਵਾ ਦੀ ਥਾ ਮੁਨਾਫੇ ਦਾ ਜ਼ਰੀਆ ਬਣਾਈ ਰੱਖਦਾ ਕੋਈ ਵੀ ਕਾਨੂੰਨ ਜਾਂ ਨਿਯਮਾਂਵਲੀ ਭਾਵੀ ਡਾਕਟਰਾਂ ਅੰਦਰ ਲੋਭ ਲਾਲਚ ਦੀ ਮਾਨਸਕਤਾ ਨੂੰ ਬਦਲ ਨਹੀਂ ਸਕਦੇ। ਮੈਡੀਕਲ ਕਾਲਜ ਖੋਲ੍ਹੇ ਹੀ ਅਮੀਰਾਂ ਦੇ ਇਲਾਕੇ ਵਿੱਚ ਜਾ ਰਹੇ ਹਨ। ਜਿਥੋਂ ਵੱਧ ਫੀਸਾਂ ਦੇਣ ਵਾਲੇ ਵਿਦਿਆਰਥੀ ਮਿਲਦੇ ਹਨ। ਉੱਥੇ ਗੰਭੀਰ ਤੇ ਗ਼ਰੀਬ ਮਰੀਜ਼ ਹੁੰਦੇ ਹਨ ਅਤੇ ਵਿਦਿਆਰਥੀ ਸਿੱਖਣ ਕਿੱਥੋਂ ?ਗ਼ਰੀਬ ਇਲਾਕਿਆਂ ਦੇ ਲੋਕ ਇਸੇ ਕਰਕੇ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ। ਬੇਹਤਰ ਡਾਕਟਰੀ ਸਿੱਖਿਆ ਦਾ ਮਕਸਦ ਬਹੁਗਿਣਤੀ ਆਬਾਦੀ ਲਈ ਉੱਚ ਪੱਧਰ ਦਾ ਇਲਾਜ ਮੁਹੱਈਆ ਕਰਾਉਣ ਵਾਲੇ ਡਾਕਟਰ ਤਿਆਰ ਕਰਨਾ ਹੁੰਦਾ ਹੈ ਪਰ ਇੱਥੇ ਹਰ ਚੀਜ਼ ਦੀ ਤਰ੍ਹਾਂ ਮੈਡੀਕਲ ਸਿੱਖਿਆ ਤੇ ਇਲਾਜ ਖਰੀਦਣ ਵੇਚਣ ਯੋਗ ਵਸਤੂ ਬਣ ਗਏ ਹਨ। ਸਭ ਲਈ ਬਰਾਬਰ ਦੀ ਗੁਣਵੱਤਾ ਵਾਲਾ ਇਲਾਜ ਮੁਫਤ ਜਾਂ ਸਸਤਾ ਮੁਹੱਈਆ ਕਰਾਉਣਾ ਸਰਕਾਰ ਦਾ ਫਰਜ਼ ਹੈ। ਆਮ ਧਾਰਨਾ ਕਿ ਸਭ ਲਈ ਇਲਾਜ ਤੇ ਸਿਹਤ ਅਸੰਭਵ ਹੈ ਪਰ ਕਿਊਬਾ ਨੇ ਬਹੁਜਨ ਹਿਤਕਾਰੀ ਮਾਡਲ ਅਪਣਾ ਕੇ ਦੇਸ਼ ਦੇ ਲੋਕਾਂ ਤੇ ਗੁਆਂਢੀ ਦੇਸ਼ਾਂ ਨੂੰ ਵਧੀਆ ਤੇ ਮੁਫਤ ਇਲਾਜ ਦਿੱਤਾ ਜਾ ਰਿਹਾ ਹੈ। ਸਭ ਤੋਂ ਮਾੜੀ ਹਾਲਤ ਤੋਂ ਸਤੀਸ਼ਗੜ ਦੀ ਹੈ। ਸਵੈਸਹਾਇਤਾ ਪ੍ਰੋਗਰਾਮਾਂ ਦੀ ਯੂਨੀਵਰਸਿਟੀਆਂ ਵਿੱਚ ਦੌੜ ਲੱਗੀ ਹੋਈ ਹੈ। ਕੁਝ ਨੇ ਆਪਣੀਆਂ ਲਬਾਟਰੀਆ ਕਾਰਪੋਰੇਟਰ ਨੂੰ ਵੇਚ ਦਿੱਤੀਆਂ ਹਨ। ਬੈਂਕਾ ਨੇ ਸਟੱਡੀ ਲੋਨ ਸ਼ੁਰੂ ਕਰ ਦਿੱਤੇ ਹਨ। ਸਰਕਾਰ ਭਾਵੀ ਪੀੜੀ ਨੂੰ ਸਿੱਖਿਆ ਤੇ ਸਿਹਤ ਦੇਣ ਦੀ ਜਿੰਮੇਵਾਰੀ ਤੋਂ ਭੱਜ ਚੁੱਕੀ ਹੈ। ਗਿਆਨ ਹੁਣ ਜਨਤਕ ਦੌਲਤ ਨਾ ਰਹਿ ਕੇ ਨਿੱਜੀ ਖਪਤ ਦੀ ਵਸਤੂ ਬਣ ਗਿਆ ਹੈ। ਲੋਨ ਕਾਰਨ ਵਿਦਿਆਰਥੀ ਆਤਮ ਹੱਤਿਆ ਕਰਦੇ ਵੇਖੇ ਗਏ ਹਨ। ਸਵੈਸਹਾਇਤਾ ਸਿਲੇਬਸਾਂ ਦੇ ਨਾਂ ਤੇ ਜਦ ਸਰਕਾਰੀ ਵਿੱਦਿਅਕ ਸੰਸਥਾਵਾਂ ਨੇ ਹੀ ਦੁਕਾਨਾਂ ਖੋਲ੍ਹੀਆਂ ਤਾਂ ਮੁਨਾਫਾਖੋਰੀ ਕਰਨ ਵਾਲਿਆਂ ਨੂੰ ਨੈਤਿਕ ਅਧਾਰ ਮਿਲ ਗਿਆ।

# ਬਹੁਤ ਪ੍ਰੇਰਨਾਦਾਇਕ ਹੈ ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ ਦੀ 'ਜੀਵਨੀ'

'ਹਿੰਦੁਸਤਾਨ' ਨੂੰ ਆਜ਼ਾਦ ਕਰਵਾਉਣ ਲਈ ਕਈ ਇਨਕਲਾਬੀ ਲਹਿਰਾਂ ਚੱਲੀਆਂ। ਜਿਨ੍ਹਾਂ ਨੇ ਸਮੇਂ-ਸਮੇਂ ਆਪਣਾ ਬਣਦਾ ਰੋਲ ਅਦਾ ਕੀਤਾ। ਆਜ਼ਾਦੀ ਦੇ ਅੰਦੋਲਨ ਵਿੱਚ ਗ਼ਦਰ ਲਹਿਰ ਦੀ ਵਿਲੱਖਣ ਭੂਮਿਕਾ ਨੂੰ ਕਦੇ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਗ਼ਦਰੀ ਸੂਰਬੀਰਾਂ ਨੇ ਅਣਗਿਣਤ ਕੁਰਬਾਨੀਆਂ ਦੇ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਹਨਾਂ ਯੋਧਿਆਂ ਵਿਚੋਂ ਇੱਕ ਸਨ ਬਾਬਾ ਰੂੜ ਸਿੰਘ, ਜਿਨ੍ਹਾਂ ਦਾ ਜਨਮ 1879 ਨੂੰ ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਵਿਖੇ ਹੋਇਆ। ਉਹਨਾਂ ਜਗਰਾਓਂ ਤੋਂ ਮੈਟ੍ਰਿਕ ਕੀਤੀ ਅਤੇ ਅਗਲੇਰੀ ਪੜ੍ਹਾਈ ਲਈ ਐਫ਼.ਸੀ ਕਾਲਜ ਲਾਹੌਰ ਵਿਚ ਦਾਖਲਾ ਲੈ ਲਿਆ। ਪਰ ਘਰ ਦੀ ਲੋੜ ਅਨੁਸਾਰ ਉਹਨਾਂ ਨੂੰ ਕਾਲਜ਼ ਛੱਡ ਕੇ ਅਸਟਰੇਲੀਆ ਅਤੇ ਫਿਰ ਅਮਰੀਕਾ ਜਾਣਾ ਪਿਆ। ਉਥੇ ਹਿੰਦੁਸਤਾਨੀਆਂ ਨਾਲ ਹੁੰਦਾ ਨਸਲੀ ਵਿਤਕਰਾ ਵੇਖਣਾ ਅਤੇ ' ਗੁਲਾਮ ਹਿੰਦੀ ਭੇਡਾਂ' ਵਰਗੇ ਤਾਅਨੇ ਵੀ ਸੁਣਨੇ ਪੈਂਦੇ। ਗੁਲਾਮੀ ਦਾ ਅਹਿਸਾਸ ਹੋਣ ਦੇ ਨਾਲ ਨਾਲ, ਅਮਰੀਕਾ ਦੀ ਜਮਹੂਰੀਅਤ ਅਤੇ ਤਰੱਕੀ ਦਾ ਵੀ ਭਾਰਤੀਆਂ ਉਤੇ ਗਹਿਰਾ ਅਸਰ ਹੋਇਆ। ਉਧਰ ਅਮਰੀਕਾ ਦੇ ਨਾਲ ਲੱਗਦੇ ਦੇਸ਼ ਕਨੇਡਾ ਵਿੱਚ ਵੀ ਸਥਿਤੀ ਕੋਈ ਵੱਖਰੀ ਨਹੀਂ ਸੀ। ਇਹਨਾਂ ਹਾਲਾਤਾਂ ਨੇ ਭਾਰਤੀਆਂ ਨੂੰ ਇਹ ਅਹਿਸਾਸ ਕਰਵਾਇਆ ਕਿ ਦੇਸ਼ ਦੀ ਅਜ਼ਾਦੀ ਤੋਂ ਬਗੈਰ ਮਾਣ ਸਨਮਾਨ ਦਾ ਜੀਵਨ ਅਸੰਭਵ ਹੈ ਅਤੇ ਅਜਿਹੀ ਭਾਵਨਾ ਨੇ ਹੀ ਹਿੰਦੁਸਤਾਨੀਆਂ ਨੂੰ 1913 ਵਿੱਚ 'ਗ਼ਦਰ ਪਾਰਟੀ' ਦੇ ਝੰਡੇ ਹੇਠ ਜੱਥੇਬੰਦ ਹੋਣ ਲਈ ਮਜਬੂਰ ਕਰ ਦਿੱਤਾ।

ਬਾਬਾ ਰੂੜ ਸਿੰਘ ਜੀ ਪਾਰਟੀ ਦੇ ਮੋਹਰਲੀ ਕਤਾਰ ਵਾਲੇ ਆਗੂਆਂ ਵਿੱਚ ਸ਼ਾਮਲ ਸਨ। ਭਾਰਤ ਵਿੱਚ ਗ਼ਦਰ ਕਰਨ ਲਈ ਜੱਥੇ ਵੱਖ-ਵੱਖ ਜਹਾਜ਼ਾਂ ਰਾਹੀਂ ਹਾਂਗਕਾਂਗ ਇਕੱਠੇ ਹੋਏ। ਇਹਨਾਂ ਗ਼ਦਰੀਆਂ ਨੇ ਇੱਕ ਕਮੇਟੀ ਸਥਾਪਿਤ ਕੀਤੀ, ਜਿਸ ਦੇ ਬਾਬਾ ਰੂੜ ਸਿੰਘ ਅਹਿਮ ਆਗੂ ਸਨ। ਗ਼ਦਰੀਆਂ ਵੱਲੋਂ ਬਾਬਾ ਰੂੜ ਸਿੰਘ ਅਤੇ ਨਵਾਬ ਖਾਂ 'ਕਿਸੇ ਨਿਰਪੱਖ ਦੇਸ਼ ਦਾ ਜਹਾਜ਼ ਲੈਣ ਜਾਂ ਚੀਨ ਰਾਹੀਂ ਹਿੰਦੁਸਤਾਨ ਪੁੱਜਣ' ਲਈ ਜਰਮਨ ਕੌਂਸਲ ਤੋਂ ਮਦਦ ਲੈਣ ਲਈ ਜਰਮਨ ਕੌਂਸਲਰ ਨੂੰ ਮਿਲੇ ਪਰ ਉਸਨੇ ਕਿਸੇ ਵੀ ਮਦਦ ਲਈ ਆਪਣੀ ਅਸਮਰੱਥਾ ਜ਼ਾਹਿਰ ਕਰ ਦਿੱਤੀ। ਪਰ ਸਭ ਔਕੜਾਂ ਦੇ ਬਾਵਜੂਦ 1913- 14 'ਚ ਅੱਠ ਹਜ਼ਾਰ ਦੇ ਕਰੀਬ ਗ਼ਦਰੀ, ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਿੰਦੋਸਤਾਨ ਪਹੁੰਚ ਗਏ। ਕਲਕੱਤੇ ਜਹਾਜ਼ ਤੋਂ ਉਤਰਦੇ ਹੀ ਬਾਬਾ ਰੂੜ ਸਿੰਘ ਨੂੰ ਗਿਰਫ਼ਤਾਰ ਕਰ ਲਿਆ ਗਿਆ ਪਰ ਪੜਤਾਲ ਉਪਰੰਤ ਪੁਲਿਸ ਦੇ ਹੱਥ ਪੱਲੇ ਕੁੱਝ ਵੀ ਨਾ ਪੈਣ ਕਾਰਨ, ਬਾਬਾ ਗੁਰਮੁੱਖ ਸਿੰਘ ਤੇ ਬਾਬਾ ਰੂੜ ਸਿੰਘ ਨੂੰ ਲਾਹੌਰ ਲਿਜਾਅ ਕੇ ਰਿਹਾਅ ਕਰ ਦਿੱਤਾ ਗਿਆ। ਬੇਸ਼ੱਕ ਬਾਅਦ ਵਿੱਚ ਇਹਨਾਂ ਬਾਬਿਆਂ ਦੇ ਕਾਰਨਾਮਿਆਂ ਕਾਰਨ ਪੁਲਿਸ ਅਤੇ ਸਰਕਾਰ ਨੂੰ ਨਮੋਸ਼ੀ ਵੀ ਝੱਲਣੀ ਪਈ। ਬਾਬਾ ਜੀ ਨੇ ਸੁਚੇਤ ਢੰਗ ਨਾਲ ਖੁਫੀਆ ਰਹਿ ਕੇ ਪਿੰਡਾਂ ਵਿੱਚ ਨਜ਼ਰਬੰਦ ਗ਼ਦਰੀਆਂ ਨਾਲ ਸੰਪਰਕ ਕੀਤਾ। ਕੁੱਝ ਮਹੀਨਿਆਂ ਬਾਅਦ ਪੁਲਿਸ ਨੂੰ ਇਸ ਦੀ ਸੂਹ ਮਿਲ ਗਈ ਅਤੇ ਬਾਬਾ ਜੀ ਨੂੰ ਫੜਨ ਲਈ ਪੁਲਿਸ ਨੇ ਛਾਪਾ ਮਾਰਿਆ, ਪਰ ਉਹ ਪੁਲਿਸ ਦੇ ਹੱਥ ਨਾ ਆਏ। ਬਾਬਾ ਜੀ ਕੁੱਝ ਸਮਾਂ ਪੁਲਿਸ ਦੀ ਚੌਕਸੀ ਦੇ ਬਾਵਜੂਦ ਵੀ ਕੰਮ ਕਰਦੇ ਰਹੇ, ਅਖੀਰ ਅਪ੍ਰੈਲ 1915 ਵਿੱਚ ਕਮਾਲਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਬਾਬਾ ਨਿਧਾਨ ਸਿੰਘ ਨਾਲ ਗਿਰਫ਼ਤਾਰ ਕਰ ਲ ? ਗ ?। ਉਹਨਾਂ ਨੂੰ ਬੇਤਹਾਸ਼ਾ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਬਰਤਾਨਵੀ ਸਰਕਾਰ ਦਾ ਤਖਤਾ ਉਲਟਾਉਣ ਦੀ ਸਾਜ਼ਿਸ਼ ਦੇ ਦੋਸ਼ ਅਧੀਨ ਸਤੰਬਰ ਵਿੱਚ ਬਾਬਾ ਜੀ ਨੂੰ ਫਾਂਸੀ ਦੀ ਸਜ਼ਾ ਹੋਈ, ਜੋ ਬਾਅਦ ਵਿਚ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਗਈ। ਬਾਬਾ ਜੀ ਨੇ ਲਗਭਗ 14 ਸਾਲ ਜੇਲ੍ਹ ਵਿੱਚ ਗੁਜ਼ਾਰੇ, ਜਿਸ ਵਿਚੋਂ ਬਹੁਤਾ ਸਮਾਂ ਉਹ ਅੰਡੇਮਾਨ ( ਕਾਲਾ ਪਾਣੀ ) ਜੇਲ੍ਹ ਵਿੱਚ ਰਹੇ। ਜੇਲ੍ਹ ਵਿੱਚ ਗ਼ਦਰੀਆਂ ਨੂੰ ਬਹੁਤ ਸਖ਼ਤ ਸਜ਼ਾਵਾਂ ਝੱਲਣੀਆਂ ਪੈਂਦੀਆਂ ਸਨ। ਕ ?ੀ ਕੈਦੀਆਂ ਦੀ ਤਾਂ ਸਜ਼ਾ ਦੌਰਾਨ ਹੀ ਮੌਤ ਹੋ ਜਾਂਦੀ। ਇਸੇ ਤਰ੍ਹਾਂ ਭਾਈ ਭਾਨ ਸਿੰਘ ਸੁਨੇਤ ਦੀ ਜੇਲ੍ਹ ਵਿੱਚ ਮੌਤ ਹੋ ਗਈ। ਇਸਦੇ ਵਿਰੋਧ ਵਿੱਚ 29 ਗ਼ਦਰੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਜਿਸ ਕਾਰਨ ਹੜਤਾਲੀਆਂ ਨੂੰ 6 ਮਹੀਨੇ ਲਈ 'ਡੰਡਾ ਬੇੜੀ' ਅਤੇ 'ਕੋਠੀ ਬੰਦ' ਦੀ ਸਜ਼ਾ ਹੋਈ। ਬਾਬਾ ਰੂੜ ਸਿੰਘ ਅਤੇ ਕਾਲਾ ਸਿੰਘ ਨੂੰ 6 ਮਹੀਨੇ 'ਖੜੀ ਹੱਥਕੜੀ' ਲਾਈ ਗਈ।

ਅਖੀਰ 1929 ਵਿੱਚ ਬਾਬਾ ਜੀ ਜੇਲ੍ਹ ਚੋਂ ਰਿਹਾਅ ਹੋ ਗ ? ਪਰ ਇਸ ਉਪਰੰਤ ਵੀ ਉਹ ਆਰਾਮ ਨਾਲ ਘਰ ਨਹੀਂ ਬੈਠੇ। ਉਹਨਾਂ ਨਵੀਆਂ ਹਾਲਤਾਂ ਅਨੁਸਾਰ ਬਰਤਾਨਵੀ ਸਾਮਰਾਜ ਵਿਰੁੱਧ ਲੋਕ ਲਹਿਰ ਉਸਾਰਨ ਦਾ ਕਾਰਜ਼ ਆਰੰਭ ਦਿੱਤਾ। ਪਿੰਡਾਂ ਵਿੱਚ ਕਾਂਗਰਸ ਕਮੇਟੀਆਂ ਬਣਾਉਣ ਦੇ ਨਾਲ-ਨਾਲ, ਉਹਨਾਂ ਸੋਸ਼ਲਿਜਮ ਵਿਚਾਰਾਂ ਦਾ ਸੰਚਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜਦੋਂ 1936 ਵਿੱਚ ਕਿਸਾਨ ਸਭਾ ਕਾਇਮ ਹੋਈ ਤਾਂ ਬਾਬਾ ਜੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਬਣੇ। ਸੂਬਾਈ ਕਿਸਾਨ ਸਭਾ ਦੇ ਮੁੱਖੀ ਆਗੂਆਂ ਵਿੱਚ ਵੀ ਬਾਬਾ ਜੀ ਸਥਾਂਨ ਗ੍ਰਹਿਣ ਕਰਦੇ ਰਹੇ। ਉਹ ਸਤਲੁੱਜ ਦਰਿਆ ਦੇ ਦੱਖਣੀ ਇਲਾਕੇ ਦੇ ਸਿਰਮੌਰ ਆਗੂ ਸਨ। ਬਾਬਾ ਜੀ 1937 ਦੀਆਂ ਆਮ ਚੋਣਾਂ ਵਿੱਚ ਬਿਨਾਂ ਮੁਕਾਬਲਾ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। ਬਾਬਾ ਜੀ ਨੇ ਗੜੇਮਾਰ ਪੀੜਤਾਂ ਨੂੰ ਰਾਹਤ ਦੁਆਉਣ, ਨਹਿਰੀ ਪ੍ਰਬੰਧ ਨੂੰ ਠੀਕ ਕਰਨ ਆਦਿ ਤੋਂ ਲੈਕੇ ਚੜਿੱਕ, ਕਲਸੀਆਂ ਅਤੇ ਲਾਹੌਰ ਕਿਸਾਨ ਮੋਰਚਿਆਂ ਦੀ ਵੀ ਸ਼ਾਨਦਾਰ ਅਗਵਾਈ ਕੀਤੀ। 1940 ਵਿੱਚ ਬਾਬਾ ਜੀ ਨੂੰ ਡੀਫੈਂਸ ਆਫ ਇੰਡੀਆ ਰੂਲਜ ਅਧੀਨ ਗ੍ਰਿਫਤਾਰ ਕਰਕੇ ਦਿਓਲੀ ਕੈਂਪ ਅਤੇ ਫਿਰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ 6 ਸਾਲ ਨਜ਼ਰਬੰਦ ਰੱਖਿਆ ਗਿਆ।

ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲੱਗਣ ਉਪਰੰਤ ਬਾਬਾ ਜੀ ਦੇ ਵਾਰੰਟ ਨਿਕਲ ਗਏ। ਇਸ ਦੌਰਾਨ ਉਹ ਗੁਪਤਵਾਸ ਹੋ ਗ ?। ਜਿਸ ਕਾਰਨ ਬਾਬਾ ਜੀ ਦਾ ਘਰ ਅਤੇ ਹੋਰ ਸਮਾਨ ਕੁਰਕ ਕਰ ਲਿਆ ਗਿਆ। ਕੰਮ ਦਾ ਭਾਰ, ਲੰਬੀ ਬਿਮਾਰੀ ਅਤੇ ਇਲਾਜ ਦੀ ਘਾਟ ਕਾਰਨ ਬਾਬਾ ਜੀ ਦੀ 15 ਫਰਵਰੀ 1950 ਵਿੱਚ ਮੌਤ ਹੋ ਗਈ। ਜੋ ਗ਼ਦਰੀ ਸੂਰਬੀਰ ਜਿਉਂਦੇ ਬਚੇ ਸਨ, ਉਨ੍ਹਾਂ ਵਿਚੋਂ ਬਾਬਾ ਰੂੜ ਸਿੰਘ ਜੀ ਸਭ ਤੋਂ ਵੱਧ ਪੜ੍ਹੇ ਹੋਏ ਸਨ। ਬਾਬਾ ਜੀ ਨੇ ਸਦਾ ਆਮ ਲੋਕਾਂ ਨਾਲ ਜੁੜ ਕੇ ਕੰਮ ਕਰਨ ਨੂੰ ਤਰਜੀਹ ਦਿੱਤੀ, ਇਸੇ ਕਰਕੇ ਕਮਿਊਨਿਸਟ ਅਸੂਲਾਂ ਉਤੇ ਪਰਪੱਕ ਰਹਿਣ ਦੇ ਬਾਵਜੂਦ, ਸਾਰੀਆਂ ਪਾਰਟੀਆਂ ਵਾਲੇ ਉਨ੍ਹਾਂ ਦਾ ਪੂਰਾ ਮਾਣ ਸਨਮਾਨ ਕਰਦੇ ਸਨ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਹਰ ਸਾਲ ਦੀ ਤਰ੍ਹਾਂ 15 ਫਰਵਰੀ ਨੂੰ ਬਾਬਾ ਰੂੜ ਸਿੰਘ ਦੀ 68ਵੀਂ ਬਰਸੀ ਚੂਹੜਚੱਕ ਵਿਖੇ ਮਨਾਈ ਜਾ ਰਹੀ ਹੈ। ਅਜੋਕੀਆਂ ਹਾਲਤਾਂ ਵਿੱਚ ਜਦੋਂ ਇਤਿਹਾਸ ਨੂੰ ਤੋੜਿਆ,ਮਰੋੜਿਆ ਜਾ ਰਿਹਾ ਅਤੇ ਫਿਰਕੂ ਵੰਡੀਆਂ ਪਾਉਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਤਾਂ ਅਜਿਹੇ ਸਮੇਂ ਗ਼ਦਰੀ ਬਾਬਿਆਂ ਨੂੰ ਯਾਦ ਕਰਨ ਅਤੇ ਉਹਨਾਂ ਤੋਂ ਪ੍ਰੇਰਨਾ ਲੈਣ ਦੀ ਬਹੁਤ ਵੱਡੀ ਲੋੜ ਹੈ। ਜਿਨ੍ਹਾ ਗ਼ਦਰੀਆਂ ਨੇ ਜਾਤ-ਪਾਤ ਅਤੇ ਨਸਲੀ ਭੇਦ-ਭਾਵ ਤੋਂ ਉੱਪਰ ਉੱਠ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਸਨ। ਅੱਜ ਉਹਨਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਦੀ ਬਜਾਏ, ਮਜ਼ਾਕ ਉਡਾਇਆ ਜਾ ਰਿਹਾ ਹੈ। ਆਓ ਗ਼ਦਰੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਅਤੇ ਪ੍ਰੇਰਨਾ ਲੈਂਦਿਆਂ ਦੇਸ਼ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਆਪਣਾ ਬਣਦਾ ਰੋਲ ਅਦਾ ਕਰੀਏ।

**- ਨਰਿੰਦਰ ਕੌਰ ਸੋਹਲ**

# ਕਸ਼ਮੀਰ 'ਚ ਪੁਲਵਾਮਾ ਹਮਲੇ ਰਾਹੀਂ ਮੋਦੀ ਸਰਕਾਰ ਨੇ ਜਿਥੇ ਕਈ ਸ਼ਿਕਾਰ ਫੁੰਡੇ, ਉਥੇ 2019 ਦੀਆਂ ਚੋਣਾਂ ਵਿੱਚ ਭਾਰੀ ਬਹੁਮਤ ਲਈ ਰਾਹ ਪੱਧਰਾ ਕੀਤਾ ?

**(ਸਫ਼ਾ 38 ਦੀ ਬਾਕੀ)**

ਜਿਹੜੇ ਪੈਸੇ ਲਈ ਭਗਵਾਂ ਬ੍ਰਿਗੇਡ ਲਈ ਕੁਝ ਵੀ ਕਰਨ ਨੂੰ ਤਿਆਰ ਸਨ। ਪੁਲਵਾਮਾ ਹਮਲੇ ਤੋਂ ਬਾਅਦ ਮਾਰੇ ਗਏ ਫੌਜੀਆਂ ਦੇ ਪਰਿਵਾਰਾਂ ਨੂੰ ਲੱਖਾਂ ਕਰੋੜਾਂ ਦਾ ਫੰਡ ਦੇਣ ਦੇ ਐਲਾਨ ਕਰਨ ਵਾਲੇ ਸਭ ਹਿੰਦੂਤਵੀਆਂ ਦੇ ਹੱਥਠੋਕੇ ਬਣ ਕੇ ਵਿਚਰ ਰਹੇ ਹਨ। ਮੀਡੀਏ ਦਾ ਰੋਲ ਸਪੱਸ਼ਟ ਹੈ ਕਿ ਉਹ ਕਿਸ ਲਈ ਕੰਮ ਕਰ ਰਿਹਾ ਹੈ?

ਪਿਛਲ਼ੇ ਸਾਲ ਜਦੋਂ ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਫੇਰੀ ਤੇ ਗਿਆ ਸੀ ਤਾਂ ਉਸ ਸਮੇਂ ਸਾਰੇ ਹਿੰਦੂਤਵੀ ਮੀਡੀਆ ਵਲੋਂ ਦੇਸ਼ ਅੰਦਰ ਹੀ ਨਹੀਂ ਵਿਦੇਸ਼ਾਂ ਤੇ ਖਾਸਕਰ ਕੈਨੇਡਾ ਵਿੱਚ ਆਪਣੇ ਪੇਡ ਪੱਤਰਕਾਰਾਂ (ਅਸਲ ਵਿੱਚ ਖੁਫੀਆ ਏਜੰਸੀਆਂ ਦੇ ਬੰਦੇ ਜੋ ਕਿ ਪੱਤਰਕਾਰ ਬਣ ਕੇ ਵਿਦੇਸ਼ਾਂ ਵਿੱਚ ਜਸੂਸੀ ਕਰਦੇ ਹਨ) ਵਲੋਂ ਸਿੱਖਾਂ ਖਿਲਾਫ ਨਫਰਤ ਭਰਿਆ ਭੰਡੀ ਪ੍ਰਚਾਰ ਸ਼ੁਰੂ ਕੀਤਾ ਹੋਇਆ ਸੀ, ਉਸ ਵਕਤ ਅਸੀਂ ਆਪਣੀ ਇੱਕ ਲਿਖਤ ਵਿੱਚ ਕਿਹਾ ਸੀ ਕਿ ਅਜਿਹਾ ਨਫਰਤ ਵਾਲਾ ਭੰਡੀ ਪ੍ਰਚਾਰ 2019 ਦੀਆਂ ਚੋਣਾਂ ਜਿੱਤਣ ਲਈ ਸਿੱਖਾਂ ਨੂੰ ਬਲੀ ਬੱਕਰਾ ਬਣਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਲੋੜ ਪੈਣ ਤੇ ਨਵੰਬਰ 1984 ਵਾਂਗ ਸਿੱਖਾਂ ਨੂੰ ਸਬਕ ਸਿਖਾ ਕੇ ਬਹੁ ਗਿਣਤੀ ਦੀਆਂ ਵੋਟਾਂ ਲਈਆਂ ਜਾਣ। ਮੌਜੂਦਾ ਹਾਲਾਤਾਂ ਵਿੱਚ ਤੇ ਖਾਸਕਰ ਪੁਲਵਾਮਾ ਹਮਲੇ ਤੋਂ ਬਾਅਦ ਜਦੋਂ ਸਾਰਾ ਭਾਰਤੀ ਤੰਤਰ ਤੇ ਕਾਰਪੋਰੇਟ ਮੀਡੀਆ ਸਿੱਖਾਂ ਤੇ ਪਾਕਿਸਤਾਨ ਖਿਲਾਫ ਨਫਰਤ ਉੱਗਲ ਰਿਹਾ ਹੈ ਤਾਂ ਸਿੱਖਾਂ ਵਰਗੀ ਛੋਟੀ ਜਿਹੀ ਘੱਟ ਗਿਣਤੀ ਵਲੋਂ ਆਪਣੀ ਸਰਬੱਤ ਦੇ ਭਲੇ ਅਤੇ ਮਜ਼ਲੂਮ ਦਾ ਸਾਥ ਦੇਣ ਦੀ ਪ੍ਰੰਪਰਾ ਤੇ ਪਹਿਰਾ ਦਿੰਦਿਆਂ, ਦੇਸ਼ ਭਰ ਵਿੱਚ ਕਸ਼ਮੀਰੀਆਂ ਤੇ ਹੋ ਰਹੇ ਹਮਲਿਆਂ ਮੌਕੇ ਉਨ੍ਹਾਂ ਨੂੰ ਬਚਾਇਆ ਜਾ ਰਿਹਾ ਹੈ, ਗੁਰਦੁਆਰਿਆਂ ਵਿੱਚ ਲੰਗਰ ਦੇ ਨਾਲ-ਨਾਲ ਸ਼ਰਨ ਦਿੱਤੀ ਜਾ ਰਹੀ ਹੈ, ਇਸੇ ਤਰ੍ਹਾਂ ਪਾਕਿਸਤਾਨ ਸਰਕਾਰ ਵਲੋਂ ਕਰਤਾਰਪੁਰ ਲਾਂਘੇ ਨੂੰ ਖੋਲਣ ਦੀ ਫਰਾਖਦਿਲੀ ਕਰਕੇ ਪਾਕਿਸਤਾਨ ਪ੍ਰਤੀ ਨਰਮ ਰਵੱਈਆ ਰੱਖਿਆ ਜਾ ਰਿਹਾ ਹੈ, ਜੋ ਕਿ ਹਿੰਦੂਤਵੀਆਂ ਨੂੰ ਹਜ਼ਮ ਨਹੀਂ ਹੋ ਰਿਹਾ। ਇਸ ਲਈ ਅਗਲੇ ਮਹੀਨਿਆਂ ਵਿੱਚ ਆਪਣੀ ਜਿੱਤ ਪੱਕਾ ਕਰਨ ਲਈ ਹਿੰਦੂਤਵੀ ਭਗਵਾਂ ਬ੍ਰਿਗੇਡ, ਜਿਥੇ ਮੁਸਲਮਾਨਾਂ, ਦਲਿਤਾਂ, ਆਦਿ ਵਾਸੀਆਂ ਆਦਿ ਦੇ ਨਾਲ-ਨਾਲ ਸਿੱਖਾਂ ਨੂੰ ਵੀ ਆਪਣੇ ਨਿਸ਼ਾਨੇ ਤੇ ਲਿਆ ਸਕਦਾ ਹੈ, ਜਿਸ ਲਈ ਸਭ ਨੂੰ ਚੁਕੰਨੇ ਹੋ ਕੇ ਤਿਅਰ ਰਹਿਣਾ ਚਾਹੀਦਾ ਹੈ ਤਾਂ ਕਿ '84 ਵਾਂਗ ਅਚਨਚੇਤ ਹਮਲਿਆਂ ਦਾ ਸ਼ਿਕਾਰ ਨਾ ਹੋਣ, ਉਥੇ ਦੂਜੇ ਪਾਸੇ ਅਖੌਤੀ ਦੇਸ਼ ਭਗਤ ਸਿੱਖਾਂ ਤੇ ਸੁਰੱਖਿਆ ਫੋਰਸਾਂ ਤੇ ਫੌਜ, ਵਿਚਲੇ ਸਿੱਖਾਂ ਨੂੰ ਮੋਹਰੀ ਕਰਕੇ ਕਸ਼ਮੀਰ ਅਤੇ ਇੰਡੋ-ਪਾਕਿ ਬਾਰਡਰ ਤੇ ਕਤਲੇਆਮ ਕਰਵਾ ਸਕਦਾ ਹੈ। ਅਗਲੇ 3 ਮਹੀਨੇ ਸਾਊਥ ਏਸ਼ੀਆ ਦੇ ਹਿੱਸੇ ਲਈ ਮਹੱਤਵਪੂਰਨ ਤੇ ਇਤਿਹਾਸਕ ਹੋਣਗੇ। ਇਹ ਸਮਾਂ ਘੱਟ ਗਿਣਤੀਆਂ ਦੇ ਨਾਲ ਨਾਲ ਸੈਕੂਲਰ, ਕਮਿਉਨਿਸਟ ਤੇ ਸਮਾਜਵਾਦੀ ਧਿਰਾਂ ਲਈ ਵੀ ਕੁਝ ਕਰਨ ਦਾ ਹੋਵੇਗਾ, ਜੇ ਇਹ ਧਿਰਾਂ ਇਸ ਨਾਜ਼ੁਕ ਮੋੜ ਤੇ ਆਪਣਾ ਇਤਿਹਾਸਕ ਰੋਲ ਨਾ ਅਦਾ ਕਰ ਸਕੀਆਂ ਤਾਂ ਸਮਾਂ ਕਦੇ ਉਨ੍ਹਾਂ ਨੂੰ ਮੁਆਫ ਨਹੀਂ ਕਰੇਗਾ। ਇਸ ਲਈ ਹਿੰਦੂਤਵੀ ਅੱਥਰੇ ਘੋੜੇ ਨੂੰ ਰੋਕਣ ਲਈ ਇਕੱਠੇ ਹੋ ਕੇ ਯੋਜਨਾਬੱਧ ਢੰਗ ਨਾਲ ਕੰਮ ਕਰਨ ਦੀ ਲੋੜ ਹੈ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਕਸ਼ਮੀਰ 'ਚ ਪੁਲਵਾਮਾ ਹਮਲੇ ਰਾਹੀਂ ਮੋਦੀ ਸਰਕਾਰ ਨੇ ਜਿਥੇ ਕਈ ਸ਼ਿਕਾਰ ਫੁੰਡੇ, ਉਥੇ 2019 ਦੀਆਂ ਚੋਣਾਂ ਵਿੱਚ ਭਾਰੀ ਬਹੁਮਤ ਲਈ ਰਾਹ ਪੱਧਰਾ ਕੀਤਾ?



ਪਿਛਲੇ ਦਿਨੀਂ ਇੰਡੀਅਨ ਸਟੇਟ ਕਸ਼ਮੀਰ ਵਿੱਚ 14 ਫਰਵਰੀ ਨੂੰ ਜੰਮੂ ਸ੍ਰੀਨਗਰ ਨੈਸ਼ਨਲ ਹਾਈਵੇਅ ਤੇ ਸੀ ਆਰ ਪੀ ਐਫ ਦੀ 76ਵੀਂ ਬਟਾਲੀਅਨ ਦੀਆਂ ਗੱਡੀਆਂ ਦੇ ਕਾਫਲੇ 'ਤੇ ਕਸ਼ਮੀਰ ਦੇ ਹੀ 22 ਸਾਲਾ ਨੌਜਵਾਨ ਅਦੀਲ ਅਹਿਮਦ ਦਾਰ ਵਲੋਂ ਕੀਤੇ ਆਤਮਘਾਤੀ ਹਮਲੇ ਵਿੱਚ 40 ਜਵਾਨ ਮਾਰੇ ਗਏ ਸਨ ਅਤੇ 50 ਤੋਂ ਵੱਧ ਜ਼ਖਮੀ ਹੋਏ ਸਨ। ਇਸ ਘਟਨਾ ਦੇ ਕੁਝ ਘੰਟਿਆਂ ਵਿੱਚ ਹੀ ਇੰਡੀਅਨ ਸਰਕਾਰੀ ਏਜੰਸੀਆਂ ਵਲੋਂ ਇਹ ਦਾਅਵਾ ਕੀਤਾ ਗਿਆ ਕਿ ਇਸ ਹਮਲੇ ਦੀ ਜ਼ਿੰਮੇਵਾਰੀ ਪਾਕਿਸਤਾਨ ਸਥਿਤ ਅੱਤਵਾਦੀ ਜਥੇਬੰਦੀ 'ਜੈਸ਼ੇ ਮੁਹੰਮਦ' ਵਲੋਂ ਲਈ ਗਈ ਹੈ ਤੇ ਇੱਕ ਵੀਡੀਓ ਵੀ ਜਾਰੀ ਕੀਤੀ ਗਈ ਕਿ ਆਤਮਘਾਤੀ ਹਮਲਾਵਰ ਅਦੀਲ ਵਲੋਂ ਇਹ ਵੀਡੀਓ ਮਰਨ ਤੋਂ ਪਹਿਲਾਂ ਬਣਾਈ ਸੀ। ਇਸ ਹਮਲੇ ਪਿਛੇ ਕਿਸਦਾ ਕੀ ਮਕਸਦ ਸੀ, ਬਾਰੇ ਗੱਲਬਾਤ ਕਰਨ ਤੋਂ ਪਹਿਲਾਂ ਅਸੀਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਤੇ ਦੁੱਖ ਦਾ ਇਜ਼ਹਾਰ ਕਰਦੇ ਹਾਂ। ਅਜਿਹੇ ਮਨੁੱਖਤਾ ਵਿਰੋਧੀ ਅੱਤਵਾਦੀ ਕਾਰਿਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਮਰਨ ਵਾਲੇ ਕੋਈ ਵੀ ਹੋਣ, ਪਰ ਉਹ ਤਾਂ ਘਰੋਂ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਰੋਜ਼ੀ ਰੋਟੀ ਕਮਾਉਣ ਗਏ ਹੋਏ ਆਮ ਵਿਅਕਤੀ ਸਨ। ਪਿਛਲੇ 70 ਸਾਲਾਂ ਤੋਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਕਰਕੇ ਵੱਖ-ਵੱਖ ਸੁਰੱਖਿਆ ਫੋਰਸਾਂ ਤੇ ਫੌਜਾਂ ਦੇ ਜਵਾਨ ਹਜ਼ਾਰਾਂ ਦੀ ਗਿਣਤੀ ਵਿੱਚ ਸਿਆਸਤ ਦੀ ਭੇਟ ਚੜ੍ਹ ਚੁੱਕੇ ਹਨ ਤੇ ਬਾਅਦ ਵਿੱਚ ਦੇਸ਼ ਭਗਤੀ ਦੇ ਨਾਮ ਤੇ ਇਹੀ ਸਿਆਸੀ ਲੀਡਰ ਆਪਣੀ ਆਪਣੀ ਸਿਆਸਤ ਗਰਮਾਉਂਦੇ ਤੇ ਸ਼ਹੀਦਾਂ ਦੇ ਸਿਵਿਆਂ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਦੁਨੀਆਂ ਵਿੱਚ ਜਦੋਂ ਵੀ ਕੋਈ ਅਜਿਹੀ ਵੱਡੀ ਘਟਨਾ ਵਾਪਰਦੀ ਹੈ ਤਾਂ ਇਸ ਪਿਛੇ ਕੌਣ ਹੋ ਸਕਦਾ ਹੈ, ਜਾਨਣ ਤੋਂ ਪਹਿਲਾਂ ਇਹ ਜਾਨਣਾ ਬੜਾ ਜ਼ਰੂਰੀ ਹੁੰਦਾ ਹੈ ਕਿ ਇਸਦਾ ਸਭ ਤੋਂ ਵੱਧ ਲਾਭ ਕਿਸਨੂੰ ਹੋਇਆ ਹੈ ਜਾਂ ਹੋਵੇਗਾ? ਬਾਹਰੋਂ ਦੇਖਣ ਨੂੰ ਭਾਵੇਂ ਇਹ ਘਟਨਾ ਇੱਕ ਕਸ਼ਮੀਰੀ ਮੁਸਲਮਾਨ ਨੌਜਵਾਨ ਵਲੋਂ ਕੀਤੀ ਗਈ ਤੇ ਇਹ ਵੀ ਹੋ ਸਕਦਾ ਹੈ ਕਿ ਉਸਦੇ ਸਬੰਧ ਜੈਸ਼ੇ ਮੁਹੰਮਦ ਵਰਗੀ ਕੱਟੜ ਤੇ ਟੈਰੋਰਿਸਟ ਜਥੇਬੰਦੀ ਨਾਲ ਵੀ ਹੋਣ, ਪਰ ਇਸਦਾ ਮਤਲਬ ਇਹ ਕਦੇ ਨਹੀਂ ਹੋ ਸਕਦਾ ਕਿ ਹਮਲੇ ਨੂੰ ਕਰਾਉਣ ਪਿਛੇ ਹੱਥ ਤੇ ਮਕਸਦ ਕਿਸੇ ਹੋਰ ਦਾ ਨਾ ਹੋਵੇ? ਦੁਨੀਆਂ ਵਿੱਚ ਵਾਪਰਦੀਆਂ ਅਜਿਹੀਆਂ ਸਿਆਸੀ ਹਿੰਸਕ ਘਟਨਾਵਾਂ ਦਿਸਦੀਆਂ ਜਾਂ ਦਿਖਾਈਆਂ ਅਕਸਰ ਕੁਝ ਹੋਰ ਜਾਂਦੀਆਂ ਹਨ, ਪਰ ਉਨ੍ਹਾਂ ਪਿਛੇ ਮਕਸਦ ਕੁਝ ਹੋਰ ਹੁੰਦੇ ਹਨ। ਅਸੀਂ ਦੇਖਿਆ ਹੈ ਕਿ 34 ਸਾਲਾਂ ਪਹਿਲਾਂ ਏਅਰ ਇੰਡੀਆ ਜਹਾਜ਼ ਹਮਲੇ ਪਿਛੇ ਹੱਥ ਕਿਨ੍ਹਾਂ ਸਰਕਾਰੀ ਏਜੰਸੀਆਂ ਦਾ ਸੀ, ਪਰ ਬਾਹਰੋਂ ਅੱਜ ਵੀ ਇਵੇਂ ਹੀ ਦਿਸਦਾ ਹੈ ਅਤੇ ਸਰਕਾਰਾਂ ਤੇ ਮੀਡੀਆ ਵਲੋਂ ਦਿਖਾਇਆ ਇਹੀ ਜਾਂਦਾ ਹੈ ਕਿ ਇਹ ਘਿਨਾਉਣਾ ਕਾਰਾ ਸਿੱਖ ਖਾੜਕੂਆਂ ਨੇ ਕੀਤਾ ਸੀ। ਜਿਵੇਂ ਸਤੰਬਰ 11, 2001 ਦਾ ਨਿਊਯਾਰਕ ਤੇ ਵੱਡਾ ਅੱਤਵਾਦੀ ਹਮਲਾ ਦਿਖਣ ਨੂੰ ਇਸਲਾਮਿਕ ਅੱਤਵਾਦੀਆਂ ਦੀ ਕਾਰਵਾਈ ਹੀ ਕਹੀ ਜਾਂਦੀ ਰਹੇਗੀ, ਪਰ ਇਸਦਾ ਲਾਭ ਕਿਸਨੂੰ ਹੋਇਆ ਜਾਂ ਕਿਸਨੇ ਲਿਆ, ਇਹ ਹੁਣ 17 ਸਾਲਾਂ ਬਾਅਦ ਜੱਗ ਜਾਹਰ ਹੈ?

ਪਿਛਲੇ ਸਮੇਂ ਵਿੱਚ ਅਸੀਂ ਇੰਡੀਆ ਵਿੱਚ ਮੋਦੀ ਸਰਕਾਰ ਬਣਨ ਤੋਂ ਬਾਅਦ 2 ਐਡੀਟੋਰੀਅਲ ਲਿਖੇ ਸਨ ਕਿ ਕਿਵੇਂ ਮੋਦੀ ਸਰਕਾਰ ਆਪਣੇ ਭਗਵੇਂ ਬ੍ਰਿਗੇਡ ਤੇ ਵਿਕਾਊ ਮੀਡੀਆ ਰਾਹੀਂ ਝੂਠੀ ਦੇਸ਼ ਭਗਤੀ ਦਾ ਰਾਗ ਅਲਾਪ ਕੇ ਆਪਣੇ 'ਹਿੰਦੂ ਰਾਸ਼ਟਰ' ਦੇ ਏਜੰਡੇ ਨੂੰ ਪੂਰਾ ਕਰਨ ਲਈ ਨਾ ਸਿਰਫ ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡ ਰਹੀ ਹੈ, ਸਗੋਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਤੇ ਖਾਸਕਰ ਮੁਸਲਮਾਨਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰਕੇ ਨਾਜ਼ੀਵਾਦ ਤੇ ਫਾਸ਼ੀਵਾਦ ਦੀਆਂ ਰਾਹਾਂ ਤੇ ਤੁਰ ਰਹੀ ਹੈ, ਜਿਸਦਾ ਖਮਿਆਜਾ ਇੰਡੀਆ ਨੂੰ ਹੀ ਨਹੀਂ, ਸਗੋਂ ਸਮੁੱਚੇ ਸਾਊਥ ਏਸ਼ੀਆ ਨੂੰ ਭੁਗਤਣਾ ਪਵੇਗਾ। ਅਸੀਂ ਉਨ੍ਹਾਂ ਲਿਖਤਾਂ ਵਿੱਚ ਇਹ ਖਦਸ਼ਾ ਵੀ ਜਾਹਰ ਕੀਤਾ ਸੀ ਕਿ ਆਰ ਐਸ ਐਸ ਦੀ ਅਗਵਾਈ ਵਾਲਾ ਹਿੰਦੂਤਵੀ ਭਗਵਾਂ ਬ੍ਰਿਗੇਡ ਆਪਣੇ 'ਹਿੰਦੂ ਰਾਸ਼ਟਰ' ਦੇ ਏਜੰਡੇ ਦੇ ਜਨੂੰਨ ਵਿੱਚ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਉਨ੍ਹਾਂ ਲਈ 2019 ਦੀਆਂ ਚੋਣਾਂ ਜਿੱਤਣਾ ਜੀਵਨ ਮੌਤ ਦਾ ਸਵਾਲ ਹੈ ਤਾਂ ਹੀ ਉਹ 2024 ਤੋਂ ਪਹਿਲਾਂ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਸਕਣਗੇ ਕਿਉਂਕਿ ਇਸ ਟਰਮ ਵਿੱਚ ਤਾਂ ਉਨ੍ਹਾਂ ਨੇ ਇਸ ਮਕਸਦ ਲਈ ਆਪਣੇ ਪੈਰ ਹੀ ਜਮਾਏ ਹਨ ਤੇ ਮਾਹੌਲ ਹੀ ਪੈਦਾ ਕੀਤਾ ਹੈ। ਸਾਡੀ ਸਮਝ ਅਨੁਸਾਰ 14 ਫਰਵਰੀ ਨੂੰ ਕਸ਼ਮੀਰ ਵਿੱਚ ਹਮਲੇ ਰਾਹੀਂ ਜਿਥੇ ਭਗਵਾਂ ਬ੍ਰਿਗੇਡ ਨੇ ਮੋਦੀ ਸਰਕਾਰ ਦੀ ਮਈ 2019 ਦੀਆਂ ਚੋਣਾਂ ਵਿੱਚ ਜਿੱਤ ਯਕੀਨੀ ਕਰ ਲਈ ਹੈ, ਉਥੇ ਇਸ ਇੱਕੋ ਬ੍ਰਹਮ ਅਸਤਰ ਨਾਲ ਕਈ ਹੋਰ ਨਿਸ਼ਾਨੇ ਵੀ ਫੁੰਡੇ ਹਨ। ਪਾਰਲੀਮਾਨੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਇਹ ਹਮਲਾ ਹੋਣਾ, ਜਿਥੇ ਮੋਦੀ ਸਰਕਾਰ ਨੰ ਸ਼ੱਕ ਦੇ ਘੇਰੇ ਵਿੱਚ ਲਿਆਉਂਦਾ ਹੈ, ਉਥੇ ਇਹ ਹਮਲਾ ਹੋਰ ਵੀ ਸ਼ੱਕੀ ਬਣ ਜਾਂਦਾ ਹੈ, ਜਦੋਂ ਇਹ ਹਮਲਾ ਬਾਬਰੀ ਮਸਜਿਦ-ਰਾਮ ਮੰਦਰ ਵਿਵਾਦ ਦੇ ਸੁਪਰੀਮ ਕੋਰਟ ਦੇ 5 ਜੱਜਾਂ ਵਲੋਂ 26 ਫਰਵਰੀ ਨੂੰ ਹੋ ਰਹੀ ਸੁਣਵਾਈ ਤੋਂ ਸਿਰਫ ਦੋ ਹਫਤੇ ਪਹਿਲਾਂ ਹੋਇਆ ਹੈ। ਇਹ ਹਮਲਾ ਉਸ ਵੇਲੇ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ, ਜਦੋਂ ਪਾਕਿਸਤਾਨ ਵਲੋਂ ਸੌਦੀ ਅਰਬ ਦੇ ਪਰਿੰਸ ਨਾਲ ਬਹੁਤ ਵੱਡੇ ਆਰਥਿਕ ਸਮਝੌਤੇ ਕੀਤੇ ਜਾ ਰਹੇ ਸਨ, ਜਿਸ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਵੀ ਆਪਣੇ ਬਿਆਨ ਵਿੱਚ ਜ਼ਿਕਰ ਕੀਤਾ ਸੀ ਕਿ ਉਸ ਸਮੇਂ ਜਦੋਂ ਅਸੀਂ ਬਹੁਤ ਵੱਡੀਆਂ ਆਰਥਿਕ ਸੰਧੀਆਂ ਕਰ ਰਹੇ ਸੀ, ਸਾਡੇ ਵਲੋਂ ਅਜਿਹੀ ਕਾਰਵਾਈ, ਆਪਣੇ ਪੈਰ ਆਪ ਕੁਹਾੜਾ ਮਾਰਨ ਵਾਲੀ ਸੀ। ਇਹ ਹਮਲਾ ਇਸ ਪੱਖ ਤੋਂ ਵੀ ਅਹਿਮ ਹੈ ਕਿ ਪਾਕਿਸਤਾਨ ਤੇ ਚੀਨ ਦੇ ਵਧਦੇ ਆਰਥਿਕ ਤੇ ਰਾਜਨੀਤਕ ਸਬੰਧ ਭਾਰਤ ਨੂੰ ਖਤਰੇ ਦੀ ਘੰਟੀ ਲਗਦੇ ਹਨ, ਖਾਸਕਰ ਚੀਨ-ਪਾਕਿਸਤਾਨ ਵਲੋਂ ਬਣਾਇਆ ਜਾ ਰਿਹਾ ਆਰਥਿਕ ਕੌਰੀਡੋਰ, ਜੋ ਕਿ 46 ਅਰਬ ਡਾਲਰ ਦਾ ਪ੍ਰੋਜੈਕਟ ਹੈ, ਜਿਸ ਨਾਲ ਪਾਕਿਸਤਾਨ ਵਿੱਚ 30 ਲੱਖ ਦੇ ਕਰੀਬ ਜੌਬਾਂ ਪੈਦਾ ਹੋਣ ਦੀ ਸੰਭਾਵਨਾ ਹੈ, ਜੋ ਕਿ ਪਾਕਿਸਤਾਨ ਦੀ ਤਰੱਕੀ ਵਿੱਚ ਇੱਕ ਮੀਲ ਸਾਬਿਤ ਹੋਵੇਗਾ। ਇਸ ਹਮਲੇ ਰਾਹੀਂ ਬਿਨਾਂ ਕਿਸੇ ਸਬੂਤ ਦੇ ਸਿੱਧਾ ਪਾਕਿਸਤਾਨ ਨੂੰ ਦੋਸ਼ੀ ਦੱਸਣਾ ਤੇ ਸਰਜੀਕਲ ਸਟਰਾਈਕ ਜਾਂ ਫੌਜੀ ਹਮਲੇ ਦੀਆਂ ਧਮਕੀਆਂ ਦੇਣਾ ਸਾਬਿਤ ਕਰਦਾ ਹੈ ਕਿ ਭਾਰਤ ਬਾਰਡਰਾਂ ਤੇ ਜੰਗ ਵਰਗੇ ਹਾਲਾਤ ਬਣਾ ਕੇ ਚੀਨ-ਪਾਕਿਸਤਾਨ ਆਰਥਿਕ ਕੌਰੀਡੋਰ ਨੂੰ ਬੰਦ ਕਰਨ ਦੇ ਯਤਨ ਵਿੱਚ ਹੈ। ਇਸ ਸਬੰਧੀ ਪਿਛਲੇ ਸਾਲ ਜ਼ੀ-20 ਦੇਸ਼ਾਂ ਦੇ ਸੰਮੇਲਨ ਤੇ ਹੋਰ ਅੰਤਰ ਰਾਸ਼ਟਰੀ ਸੰਮੇਲਨਾਂ ਵਿੱਚ ਭਾਰਤ ਨੇ ਇਸ ਆਰਥਿਕ ਕੌਰੀਡੋਰ ਦਾ ਡਟਵਾਂ ਵਿਰੋਧ ਕੀਤਾ ਸੀ। ਭਾਵੇਂ ਕਿ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਪਿਛਲੇ ਸਮੇਂ ਵਿੱਚ ਪਾਕਿਸਤਾਨ ਦੀਆਂ ਫੌਜੀ ਸਰਕਾਰਾਂ ਵਲੋਂ ਆਪਣੇ ਰਾਜਸੀ ਮੁਫਾਦਾਂ ਲਈ ਧਰਮ ਦੀ ਵਰਤੋਂ ਕਰਕੇ ਕੱਟੜ ਟੈਰੋਰਿਸਟ ਜਥੇਬੰਦੀਆਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਸੀ, ਜਿਸ ਨਾਲ ਭਾਰਤ ਜਾਂ ਕਿਸੇ ਹੋਰ ਦੇਸ਼ ਦੀ ਥਾਂ ਪਾਕਿਸਤਾਨ ਨੂੰ ਹੀ ਵੱਧ ਨੁਕਸਾਨ ਹੋਇਆ ਹੈ। ਪਰ ਪਿਛਲੇ ਸਮੇਂ ਵਿੱਚ ਇਮਾਰਨ ਖਾਨ ਦੇ ਪ੍ਰਧਾਨ ਮੰਤੀ ਬਣਨ ਨਾਲ ਨਾਲ ਹਾਲਾਤ ਬਦਲ ਰਹੇ ਹਨ ਤੇ ਪਾਕਿਸਤਾਨ ਆਪਣਾ ਅਕਸ ਸੁਧਾਰਨ ਵਿੱਚ ਲੱਗਾ ਹੋਇਆ ਹੈ, ਅਜਿਹੇ ਵਿੱਚ ਅੱਤਵਾਦ ਨਾਲ ਜੂਝ ਰਹੇ ਪਾਕਿਸਤਾਨ ਲਈ ਪੁਲਵਾਮਾ ਵਰਗੀ ਘਟਨਾ ਕਰਨੀ ਜਾਂ ਕਰਵਾਉਣੀ, ਆ ਬੈਲ ਮੁਝੇ ਮਾਰ ਵਾਲੀ ਗੱਲ ਹੀ ਹੋ ਸਕਦੀ ਸੀ, ਜੋ ਕਿ ਸੰਭਵ ਨਹੀਂ ਲੱਗਦੀ। ਇਸ ਹਮਲੇ ਦਾ ਸਮਾਂ ਇਸ ਪੱਖ ਤੋਂ ਵੀ ਬੜਾ ਅਹਿਮ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਇਸ ਖਿੱਤੇ ਵਿੱਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਸਦਕਾ ਅਮਰੀਕਾ, ਅਫਗਾਨਿਸਤਾਨ ਵਿੱਚ ਪਿਛਲੇ 40 ਸਾਲਾਂ ਤੋਂ ਲੜ ਰਹੇ ਤਾਲਿਬਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੋ ਗਿਆ ਸੀ। ਜੋ ਕਿ ਭਾਰਤ ਨੂੰ ਕਦੇ ਵੀ ਰਾਸ ਨਹੀਂ ਆਉਂਦਾ ਕਿਉਂਕਿ ਉਹ ਭਾਰਤ ਵਾਸੀਆਂ ਨੂੰ ਇਸਲਾਮਿਕ ਅੱਤਵਾਦ ਦੇ ਖਤਰੇ ਦੇ ਨਾਮ ਤੇ ਆਪਣਾ ਸਿਆਸੀ ਸੌਦਾ ਵੇਚਣਾ ਚਾਹੁੰਦਾ ਹੈ। ਦੂਜਾ ਪੱਖ ਇਹ ਵੀ ਹੈ ਕਿ ਭਾਰਤ ਕਦੇ ਨਹੀਂ ਚਾਹੁੰਦਾ ਕਿ ਪਾਕਿਸਤਾਨ ਦਾ ਅਕਸ ਇੱਕ ਸ਼ਾਂਤੀ ਦੇ ਦੂਤ ਵਾਲਾ ਬਣੇ ਤੇ ਉਹ ਵੀ ਇਸਲਾਮਿਕ ਅੱਤਵਾਦ ਵਿਚੋਂ ਨਿਕਲ ਕੇ ਤਰੱਕੀ ਕਰ ਸਕਣ, ਇਸ ਲਈ ਉਹ ਤਾਂ ਹਰ ਹਾਲਤ ਵਿੱਚ ਪਾਕਿਸਤਾਨ ਨੂੰ ਅੱਤਵਾਦੀ ਦੇਸ਼ ਐਲਾਨ ਹੁੰਦਾ ਦੇਖਣਾ ਚਾਹੁੰਦਾ ਹੈ। ਜੇ 14 ਫਰਵਰੀ ਦੇ ਅੱਤਵਾਦੀ ਹਮਲੇ ਤੋਂ ਇੱਕਦਮ ਬਾਅਦ ਗੋਦੀ (ਮੋਦੀ) ਮੀਡੀਆ ਵਲੋਂ ਜਿਸ ਤਰ੍ਹਾਂ ਦੀ ਘਟੀਆ ਲੈਵਲ ਦੀ ਇੱਕ ਪ੍ਰੋਪੋਗੰਡਾ ਵਾਰ ਪਾਕਿਸਤਾਨ ਖਿਲਾਫ ਸ਼ੁਰੂ ਕੀਤੀ ਗਈ ਹੈ, ਉਹ ਸਭ ਕੁਝ ਰਾਤੋ ਰਾਤ ਨਹੀਂ ਹੋਇਆ, ਸਭ ਕੁਝ ਪਹਿਲਾਂ ਤੋਂ ਪਲਾਨ ਦੇ ਤਹਿਤ ਹੋ ਰਿਹਾ ਹੈ। ਇਸੇ ਤਰ੍ਹਾਂ ਪਿਛਲੇ ਸਾਲ ਗੁਰੂ ਨਾਨਕ ਸਾਹਿਬ ਦੇ ਜਨਮ ਦਿਵਸ ਦੀ 550ਵੀਂ ਸ਼ਤਾਬਦੀ ਨੂੰ ਮੁੱਖ ਰੱਖ ਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਵਲੋਂ ਸ਼ਾਂਤੀ ਤੇ ਸਾਂਝ ਨੂੰ ਵਧਾਉਂਦੇ ਹੋਏ ਕਰਤਾਰਪੁਰ ਲਾਂਘਾ ਖੋਲਣ ਦਾ ਐਲਾਨ ਕੀਤਾ ਗਿਆ ਸੀ, ਜਿਹੜਾ ਕਿ ਹਿੰਦੂਤਵੀ ਹਾਕਮਾਂ ਨੂੰ ਰਾਸ ਨਹੀਂ ਆਉਂਦਾ ਸੀ, ਪਰ ਮਜਬੂਰੀ ਵੱਸ ਉਨ੍ਹਾਂ ਨੂੰ ਹਾਂ ਵਿੱਚ ਹਾਂ ਮਿਲਾਉਣੀ ਪਈ ਸੀ, ਕਿਉਂਕਿ ਉਹ ਸਿੱਖਾਂ ਨੂੰ ਕਿਸੇ ਵੀ ਹਾਲਤ ਵਿੱਚ ਨਰਾਜ਼ ਨਹੀ ਕਰਨਾ ਚਾਹੁੰਦੇ ਸਨ, ਤਾਂ ਕਿ ਲੜਾਈ ਦੇ ਹਾਲਤਾਂ ਵਿੱਚ ਉਨ੍ਹਾਂ ਨੂੰ ਮੁਸਲਮਾਨਾਂ ਖਿਲਾਫ ਵਰਤਿਆ ਜਾ ਸਕੇ? ਇਸ ਹਮਲੇ ਨਾਲ ਜੰਮੂ-ਕਸ਼ਮੀਰ ਤੇ ਪੰਜਾਬ ਦੇ ਬਾਰਡਰਾਂ ਤੇ ਜੰਗ ਵਰਗੇ ਹਾਲਾਤ ਬਣਾ ਕੇ ਇਸ ਕਰਤਾਰਪੁਰ ਦੇ ਲਾਂਘੇ ਦੇ ਪ੍ਰੋਜੈਕਟ ਨੂੰ ਵੀ ਉਨ੍ਹਾਂ ਖੂਹ ਖਾਤੇ ਪਾ ਦਿੱਤਾ ਹੈ। ਸਾਡੀ ਸਿਆਸੀ ਸੂਝ ਅਨੁਸਾਰ ਹੁਣ ਸ਼ਾਇਦ ਹੀ ਕਦੇ ਉਹ ਖੁੱਲ੍ਹ ਸਕੇ? ਸਿੱਖਾਂ ਨੂੰ ਜੰਗ ਲਈ ਮੁਸਲਮਾਨਾਂ ਖਿਲਾਫ ਵਰਤਣ ਦੇ ਉਨ੍ਹਾਂ ਦੇ ਮਨਸੂਬੇ ਇਥੋਂ ਸਪੱਸ਼ਟ ਹੋ ਰਹੇ ਹਨ, ਜਦੋਂ ਮੋਦੀ ਨੇ ਇਸ ਹਮਲੇ ਦੇ ਦੂਜੇ ਦਿਨ ਜਿਥੇ ਇਹ ਐਲਾਨ ਕੀਤਾ ਕਿ ਅਸੀਂ ਫੌਜ ਤੇ ਸੁਰੱਖਿਆ ਫੋਰਸਾਂ ਨੂੰ ਕਾਰਵਾਈ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ, ਉਥੇ ਨਾਲ ਹੀ ਇੱਕ ਸਿੱਖ ਫੌਜੀ ਅਫਸਰ ਰਣਵੀਰ ਸਿੰਘ ਨੂੰ ਪਾਕਿਸਤਾਨ ਖਿਲਾਫ ਹਮਲੇ ਦੀ ਕਮਾਂਡ ਵੀ ਸੰਭਾਲ ਦਿੱਤੀ ਸੀ ਅਤੇ ਮੋਦੀ ਮੀਡੀਆ ਇਹ ਵੀ ਪ੍ਰਚਾਰ ਕਰਨ ਲੱਗਾ ਸੀ ਕਿ ਸਿੱਖ ਰੈਜਮੈਂਟਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਜਾਵੇ ਤਾਂ ਉਹ ਦੋ ਘੰਟਿਆਂ ਵਿੱਚ ਪਾਕਿਸਤਾਨ ਦਾ ਨਾਮੋ ਨਿਸ਼ਾਨ ਮਿਟਾ ਸਕਦੇ ਹਨ? ਅਸਲ ਵਿੱਚ ਜਦੋਂ ਮੋਦੀ ਨੇ ਸੁਰੱਖਿਆ ਫੋਰਸਾਂ ਨੂੰ ਖੁੱਲ੍ਹੀ ਛੁੱਟੀ ਦੀ ਗੱਲ ਕੀਤੀ ਸੀ ਤਾਂ ਉਸਦਾ ਇਸ਼ਾਰਾ ਸਰਕਾਰੀ ਸੁਰੱਖਿਆ ਫੋਰਸਾਂ ਦੇ ਨਾਲ-ਨਾਲ ਹਿੰਦੂਤਵੀ ਭਗਵਾਂ ਬ੍ਰਿਗੇਡ ਵੱਲ ਸੀ ਕਿ ਹੁਣ ਤੁਹਾਨੂੰ ਮੁਸਲਮਾਨਾਂ ਨੂੰ ਲੁੱਟਣ-ਕੁੱਟਣ ਦੀ ਪੂਰੀ ਖੁੱਲ੍ਹ ਹੈ, ਇਹ ਖੁੱਲ੍ਹ ਠੀਕ ਉਸੇ ਤਰ੍ਹਾਂ ਸੀ, ਜਿਵੇਂ ਰਾਜੀਵ ਗਾਂਧੀ ਨੇ ਨਵੰਬਰ 1984 ਵਿੱਚ ਕਾਂਗਰਸੀ ਗੁੰਡਾ ਬ੍ਰਿਗੇਡ ਨੂੰ ਆਪਣੀ ਮਾਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਨੂੰ ਮਾਰਨ ਦੀ ਦਿੱਤੀ ਸੀ। ਮੋਦੀ ਦੇ ਬਿਆਨ ਦੇ ਕੁਝ ਘੰਟਿਆਂ ਬਾਅਦ ਹੀ ਮੁਸਲਮਾਨਾਂ ਤੇ ਖਾਸਕਰ ਕਸ਼ਮੀਰੀ ਮੁਸਲਮਾਨਾਂ ਦੇ ਖਿਲਾਫ ਲੁੱਟ-ਮਾਰ-ਅਗਜ਼ਨੀ ਦੀਆਂ ਘਟਨਾਵਾਂ ਪੂਰੇ ਦੇਸ਼ ਵਿੱਚ ਹੋਣੀਆਂ ਸ਼ੁਰੂ ਹੋ ਗਈਆਂ ਤੇ ਖਾਸਕਰ ਭਾਜਪਾ ਦੇ ਅਧੀਨ ਰਾਜਾਂ ਵਿੱਚ। ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਕਸ਼ਮੀਰ ਤੋਂ ਬਾਹਰ ਬਹੁਤ ਘੱਟ ਕਸ਼ਮੀਰੀ ਹਨ, ਪਰ ਜਿਸ ਤਰ੍ਹਾਂ ਹਿੰਦਤਵੀਆਂ ਕੋਲ ਪਹਿਲਾਂ ਹੀ 84 ਵਾਂਗ ਲਿਸਟਾਂ ਹੋਣ, ਉਨ੍ਹਾਂ ਨੇ ਕੁਝ ਘੰਟਿਆਂ ਵਿੱਚ ਹੀ ਸਭ ਪਾਸੇ ਕਸ਼ਮੀਰੀਆਂ ਤੇ ਉਨ੍ਹਾਂ ਦੀਆਂ ਦੁਕਾਨਾਂ ਜਾਂ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾਣਾ ਸ਼ੁਰੂ ਕਰ ਦਿੱਤਾ ਸੀ, ਇਥੋਂ ਤੱਕ ਕਿ ਵੱਖ-ਵੱਖ ਕਾਲਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਤੇ ਹਮਲੇ ਸ਼ੁਰੂ ਹੋ ਗਏ ਸਨ, ਉਸ ਤੋਂ ਵੀ ਸਪੱਸ਼ਟ ਹੈ ਕਿ ਕਸ਼ਮੀਰ ਵਿਚਲਾ ਅੱਤਵਾਦੀ ਹਮਲਾ ਪਾਕਿਸਤਾਨੀ ਅੱਤਵਾਦੀ ਜਥੇਬੰਦੀਆਂ ਜਾਂ ਪਾਕਿਸਤਾਨੀ ਏਜੰਸੀਆਂ ਨੇ ਨਹੀਂ ਸਗੋਂ ਘਰ ਦੇ ਭੇਤੀਆਂ ਦੀ ਹੀ ਕਾਰਵਾਈ ਹੈ, ਜੋ ਕਿ ਬੜੇ ਢੁਕਵੇਂ ਸਮੇਂ ਤੇ ਵੱਖ-ਵੱਖ ਨਿਸ਼ਾਨਿਆਂ ਨੂੰ ਫੁੰਡਣ ਲਈ ਕੀਤਾ ਗਿਆ ਸੀ। ਹਿੰਦੂਤਵੀ ਹਾਕਮਾਂ ਦਾ ਏਜੰਡਾ, ਜਿਥੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਹੈ, ਉਥੇ ਪਾਕਿਸਤਾਨ ਨੂੰ ਦਹਿਸ਼ਤਗਰਦ ਦੇਸ਼ ਐਲਾਨ ਕਰਾਉਣ ਦਾ ਵੀ ਉਤਨਾ ਹੀ ਪ੍ਰਮੁੱਖ ਹੈ। ਪਿਛਲੇ 10 ਦਿਨਾਂ ਤੋਂ ਜਿਸ ਤਰ੍ਹਾਂ ਪੂਰਾ ਭਾਰਤੀ ਮੀਡੀਆ ਮੁਸਲਮਾਨਾਂ ਤੇ ਪਾਕਿਸਤਾਨ ਖਿਲਾਫ ਜ਼ਹਿਰ ਉਘਲ ਰਿਹਾ ਹੈ, ਨਫਰਤ ਫੈਲਾ ਰਿਹਾ ਹੈ, ਘੱਟ ਗਿਣਤੀਆਂ ਵਿੱਚ ਸਹਿਮ ਪੈਦਾ ਕਰ ਰਿਹਾ ਹੈ, ਉਹ ਕੋਈ ਅਚਾਨਕ ਵਾਪਰੀ ਘਟਨਾ ਦੇ ਗੁੱਸੇ ਦਾ ਪ੍ਰਤੀਕਰਮ ਨਹੀਂ, ਸਗੋਂ ਪੂਰੀ ਵੱਡੀ ਪਲਾਨ ਦਾ ਹਿੱਸਾ ਹੈ। ਜਿਹੜੀ ਕਾਫੀ ਸਮਾਂ ਪਹਿਲਾਂ ਦੀ ਘੜੀ ਹੋਈ ਸੀ। ਹੈਰਾਨੀ ਦੀ ਗੱਲ ਹੈ ਕਿ ਸਾਰੇ ਦੇਸ਼ ਵਿੱਚ ਕਸ਼ਮੀਰੀ ਮੁਸਲਮਾਨਾਂ ਤੇ ਹਮਲੇ ਹੋ ਰਹੇ ਹਨ, ਉਨ੍ਹਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਜਲਾਈਆਂ ਜਾ ਰਹੀਆਂ ਹਨ, ਔਰਤਾਂ ਦੇ ਰੇਪ ਹੋ ਰਹੇ ਹਨ, ਪਰ ਕਿਸੇ ਵੀ ਮੀਡੀਆ ਤੇ ਇਸ ਬਾਰੇ ਕੋਈ ਖਬਰ ਨਹੀਂ ਆ ਰਹੀ। ਸਾਰੀ ਕਸ਼ਮੀਰ ਵਾਦੀ ਵਿੱਚ ਇੰਟਰਨੈਟ ਸੇਵਾਵਾਂ ਬੰਦ ਹਨ, ਮੀਡੀਆ ਹਰ ਪਾਸੇ ਨਫਰਤ ਦਾ ਪ੍ਰਚਾਰ ਕਰ ਰਿਹਾ ਹੈ ਤੇ ਸੁਰੱਖਿਆਂ ਦਸਤੇ ਅਤੇ ਭਗਵਾਂ ਬ੍ਰਿਗੇਡ ਪੂਰੀ ਖੁੱਲ੍ਹ ਖੇਡ ਰਿਹਾ ਹੈ। ਇਸ ਹਮਲੇ ਦੀ ਅਹਿਮੀਅਤ ਇਸ ਮੌਕੇ ਇਸ ਕਰਕੇ ਵੀ ਹੈ ਕਿ ਪਿਛਲੇ ਸਾਲ ਕੁਝ ਰਾਜਾਂ ਵਿੱਚ ਕਾਂਗਰਸ ਦੀਆਂ ਜਿੱਤਾਂ ਨਾਲ ਇਹ ਪ੍ਰਭਾਵ ਬਣਦਾ ਜਾ ਰਿਹਾ ਸੀ ਕਿ ਸ਼ਾਇਦ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ 2014 ਵਾਂਗ ਬਹੁਮਤ ਨਾ ਲਿਜਾ ਸਕੇ ਅਤੇ ਵੈਸੇ ਵੀ ਭਾਜਪਾ ਦੇ 'ਅੱਛੇ ਦਿਨਾਂ ਦੇ' ਵਾਅਦੇ, ਜੁਮਲੇ ਹੀ ਸਾਬਿਤ ਹੋਏ ਸਨ, ਪਰ ਇਸ ਹਮਲੇ ਨੇ ਲੋਕਾਂ ਨੂੰ ਸਭ ਕੁਝ ਭੁਲਾ ਕੇ ਦੇਸ਼ ਭਗਤੀ ਦਾ ਅਜਿਹਾ ਰੰਗ ਚੜ੍ਹਾਇਆ ਹੈ ਕਿ ਕਿਸੇ ਹੋਰ ਮੁੱਦੇ ਤੇ ਗੱਲ ਕਰਨੀ ਗੁਨਾਹ ਹੋ ਗਈ ਹੈ। ਇਸ ਹਮਲੇ ਦੀ ਆੜ ਵਿੱਚ ਪਾਕਿਸਤਾਨ ਨੂੰ ਸਬਕ ਸਿਖਾ ਕੇ ਮੋਦੀ ਹਿੰਦੂਤਵ ਦਾ ਨਵਾਂ 'ਸ਼ੰਕਰਾਚਾਰੀਆ' ਬਣਨ ਦਾ ਸੁਪਨਾ ਦੇਖ ਰਿਹਾ ਹੈ, ਜਿਵੇਂ ਬੰਗਲਾ ਦੇਸ਼ ਬਣਾ ਕੇ, ਇੰਦਰਾ ਗਾਂਧੀ ਹਿੰਦੂਆਂ ਲਈ ਦੁਰਗਾ ਮਾਤਾ ਦਾ ਅਵਤਾਰ ਬਣ ਗਈ ਸੀ। ਇਸ ਹਮਲੇ ਨੇ ਹਰ ਤਰ੍ਹਾਂ ਦੀਆਂ ਵਿਰੋਧੀ ਪਾਰਟੀਆਂ ਦੇ ਦੰਦਲਾਂ ਪਾ ਦਿੱਤੀਆਂ ਹਨ, ਉਨ੍ਹਾਂ ਦੀ ਹੋਂਦ ਹੀ ਖਤਮ ਹੋ ਗਈ ਹੈ, ਉਨ੍ਹਾਂ ਕੋਲ ਭਗਵੇਂ ਬ੍ਰਿਗੇਡ ਦੀ ਹਾਂ ਵਿੱਚ ਹਾਂ ਮਿਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ। ਭਾਜਪਾ ਨੇ ਆਪਣੀ ਜਿੱਤ ਯਕੀਨੀ ਬਣਾ ਲਈ ਹੈ।

ਪਿਛੇ ਜਿਹੇ 'ਕੋਬਰਾ ਪੋਸਟ' ਨਾਮ ਦੇ ਆਜ਼ਾਦ ਮੀਡੀਆ ਗਰੁੱਪ ਵਲੋਂ ਕੀਤੇ ਗਏ ਗੁਪਤ ਸਟਿੰਗ ਅਪਰੇਸ਼ਨਾਂ ਰਾਹੀਂ ਜਿਥੇ ਅਖੌਤੀ ਸੈਕੂਲਰ ਭਾਰਤੀ ਮੀਡੀਏ ਦਾ ਪਰਦਾਫਾਸ਼ ਕੀਤਾ ਗਿਆ ਸੀ, ਉਥੇ ਵੱਡੇ ਵੱਡੇ ਵਾਲੀਵੁੱਡ ਦੇ ਸਟਾਰਾਂ ਅਤੇ ਗਾਇਕਾਂ ਨੂੰ ਵੀ ਲੋਕ ਕਚਹਿਰੀ ਵਿੱਚ ਖੜਾ ਕੀਤਾ ਗਿਆ ਸੀ,

(ਬਾਕੀ ਸਫ਼ਾ 37 'ਤੇ)




ਮੋਟਾਪੇ ਅਤੇ ਹਿਰਦੇ ਰੋਗਾਂ ਸਬੰਧੀ ਨਵੇਂ ਤੱਥਾਂ ਦੀ ਰੌਸ਼ਨੀ 'ਚ ਹੁਣ ਸਾਨੂੰ ਆਪਣਾ ਧਿਆਨ ਕਾਰਬੋਹਾਈਡਰੇਟ ਉਪਰ ਕੇਂਦਰਿਤ ਕਰਨਾ ਚਾਹੀਦਾ ਹੈ, ਸੰਤ੍ਰਿਪਤ ਫੈਟ ਨੂੰ ਕੇਂਦਰਬਿੰਦੂ ਬਣਾਉਣ ਦਾ ਦਰਅਸਲ ਹੁਣ ਕੋਈ ਫਾਇਦਾ ਨਹੀਂ ਹੋਵੇਗਾ। ਹਜ਼ਾਰਾਂ ਲੋਕਾਂ ਉਪਰ ਦਹਾਕਿਆਂਬੱਧੀ ਕੀਤੇ ਗਏ ਅਧਿਐਨਾਂ ਤੋਂ ਬਾਅਦ ਵੀ ਜ਼ਿਆਦਾ ਫੈਟ ਖਾਣ ਨਾਲ ਹਿਰਦੇ ਰੋਗਾਂ ਦਾ ਸਬੰਧ ਜੋੜਨ ਵਾਲਾ ਸਬੂਤ ਬਹੁਤ ਹੀ ਸੀਮਤ ਅਤੇ ਅਸਪਸ਼ਟ ਹੈ। ਸਿਹਤ ਸਬੰਧੀ ਡਾ. ਦਰਸ਼ਨ ਖੇੜੀ ਦੀ ਕਿਤਾਬ 'ਕੀ ਖਾਣਾ ਲੋੜੀਏ?' ਖੁਰਾਕੀ ਮਿੱਥਾਂ ਨੂੰ ਤੋੜਦੇ ਵਿਗਿਆਨਕ ਖੁਲਾਸੇ ਕਰਦੀ। ਡਾ. ਦਰਸ਼ਨ ਖੇੜੀ ਦੀ ਕਿਤਾਬ 'ਸਰੋਕਾਰਾਂ ਦੀ ਆਵਾਜ਼' ਨਿਊਜ਼ਪੇਪਰ ਵਿਚ ਅਗਲੇ ਅੰਕ ਵਿਚ ਲੜੀਵਾਰ ਛਾਪਣ ਦਾ ਉਪਰਾਲਾ ਕਰ ਰਹੇ ਹਾਂ। - ਸੰਪਾਦਕ

# HOMELIFE SILVERCITY
REALTY INC.,BROKERAGE

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 450 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



## Team over 450



# ਅਮਰ ਕਰਮਾ ਦੇ ਨੌਵੇਂ ਸਾਲਾਨਾ 'ਗਿਵ ਏ ਹਾਰਟ' ਗਾਲਾ ਵਿਚ ਉੱਭਰੇ ਨਵੀਂ ਪੀੜੀ ਦੇ ਬੁਲਾਰੇ

**ਬ੍ਰੈਪਟਨ/ਸੁਰਜੀਤ ਕੌਰ**

ਅਮਰ ਕਰਮਾ ਹੈਲਥ ਐਂਡ ਵੈੱਲਨੈੱਸ ਅਵੇਅਰਨੈੱਸ ਨੈੱਟਵਰਕ ਵਲੋਂ ਨੌਂਵਾਂ ਸਾਲਾਨਾ ਗਿਵ ਏ ਹਾਰਟ ਗਾਲਾ 2 ਫਰਵਰੀ, 2019 ਨੂੰ ਵਰਸਾਇਲਜ਼ ਕਨਵੈਂਸ਼ਨ ਸੈਂਟਰ, ਮਿਸੀਸਾਗਾ ਵਿਖੇ ਮਨਾਇਆ ਗਿਆ। ਦਰਜਨਾਂ ਵਲੰਟੀਅਰਾਂ ਦੀ ਅਣਥੱਕ ਮਿਹਨਤ ਸਦਕਾ ਇਸ ਈਵੈਂਟ ਵਿਚ ਸੈਂਕੜੇ ਲੋਕ ਸ਼ਾਮਿਲ ਹੋ ਕੇ ਪਰੰਪਰਿਕ 'ਵੈਲਨਟਾਈਨ ਡੇਅ' ਨੂੰ ਇਕ ਵਿਸ਼ੇਸ਼ ਸਾਰਥਕਤਾ ਪਰਦਾਨ ਕਰਦੇ ਹਨ।



ਅਮਰ ਕਰਮਾ ਵਲੋਂ ਸਥਾਪਿਤ ਇਸ ਈਵੇਂਟ ਵਿਚ ਹਰ ਵਰ੍ਹੇ ਬਹੁਤ ਸਾਰੇ ਲੋਕਾਂ ਦੇ ਇਕੱਠ ਵਿਚਕਾਰ ਸਾਊਥ ਏਸ਼ੀਅਨ ਭਾਈਚਾਰੇ ਵਿਚ ਅੰਗ ਦਾਨ ਪ੍ਰਤੀ ਸ਼ੰਕਾਂਵਾਂ ਅਤੇ ਪ੍ਰੰਪਰਿਕ ਭੁਲੇਖਿਆਂ ਨੂੰ ਦੂਰ ਕਰਕੇ ਇਸ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾਂਦੀ ਹੈ ਤਾਂ ਕਿ ਲੋਕ ਇਹ ਅਹਿਦ ਕਰਨ ਕਿ ਉਹ ਆਪਣੇ ਨਵਜਨਮੇ ਬੱਚੇ ਦੇ ਨਾੜੂ ਦਾ ਖੂਨ, ਆਪਣੇ ਵਾਲ ਅਤੇ ਜਿੱਥੇ ਸੰਭਵ ਹੋ ਸਕੇ ਆਪਣਾ ਖੂਨ ਦਾਨ ਕਰਨਗੇ ਅਤੇ ਜਿੱਥੋਂ ਤੱਕ ਹੋ ਸਕੇ ਮਾਨਸਿਕ ਰੋਗਾਂ ਅਤੇ ਆਪਣੀ ਕਮਿਊਨਿਟੀ ਵਿਚ ਫੈਲੇ ਨਸ਼ਿਆਂ ਨੂੰ ਰੋਕਣ ਦਾ ਸੁਨੇਹਾ ਦੇ ਕੇ ਪਿਆਰ ਵਰਗੇ ਮਹਾਨ ਜਜ਼ਬੇ ਨੂੰ ਪ੍ਰਫੁਲੱਤ ਕਰਨਗੇ।

ਇਸ ਵਰ੍ਹੇ ਚਾਰ ਸਾਲਾਂ ਤੋਂ ਲੈ ਕੇ ਵੱਖ ਵੱਖ ਉਮਰ ਅਤੇ ਤਜਰਬੇ ਦੇ ਬੁਲਾਰਿਆਂ ਨੇ ਅੰਗ ਦਾਨ ਪ੍ਰਤੀ ਆਪਣਾ ਪੱਖ ਪੂਰਦਿਆਂ ਆਪਣੇ ਆਪਣੇ ਮਨਭਾਉਂਦੇ ਵਿਸ਼ੇ ਤੇ ਸਪੀਚਾਂ ਦਿੱਤੀਆਂ। ਰਾਧਿਕਾ ਗੋਇਲ ਅਤੇ ਗੁਰਵਿੰਦਰ ਹੈਰੀਪਾਬਲਾ ਨੇ ਪਰਿਵਾਰ ਉੱਤੇ ਨਸ਼ਿਆਂ ਦੇ ਪ੍ਰਭਾਵਾਂ ਬਾਰੇ ਗੱਲ ਕੀਤੀ। ਨੀਲਮ ਅਤੇ ਸੈਮ ਵਧਵਾ ਨੇ ਆਪਣੇ ਨੌਜਵਾਨ ਪੁੱਤਰ ਲਈ ਗੁਰਦਾ ਦਾਨ ਦੀ ਲੋੜ ਲਈ ਅਪੀਲ ਕੀਤੀ। ਰੀਆ ਮਲਿਕ ਅਤੇ ਸ਼ਰੇਅ ਦੂਆ ਨੇ ਡਿਸੇਬਲ ਲੋਕਾਂ ਲਈ ਅਕਸੈਸੇਬਿਲਿਟੀ ਦੇ ਮੁੱਦੇ ਨੂੰ ਉਠਾਇਆ ਜਦੋਂ ਕਿ ਅਮਨਪ੍ਰੀਤ ਨੇ ਵਧੀਆ ਮਾਨਸਿਕ ਸਿਹਤ ਦੀ ਪ੍ਰੌੜਤਾ ਕੀਤੀ। ਅਸ਼ਵੀਨ ਜੋਸ਼ਨ ਨੇ ਮਾਨਸਿਕ ਤਣਾਅ ਅਤੇ ਅਸ਼ਮਿਤ ਖੁਰਾਨਾ ਨੇ ਬੁਲਿੰਗ ਦੇ ਸਿੱਟਿਆਂ ਬਾਰੇ ਦੱਸਿਆ। ਕਾਇਆ ਗਿੱਲ ਨੇ ਨਾੜੂਦਾਨ ਦੀ ਵਕਾਲਤ ਕਰਦਿਆਂ ਇਸ ਵਿਸ਼ੇ ਤੇ ਇਕ ਸਕਿਟ ਪੇਸ਼ ਕੀਤੀ। ਅਦਿੱਤਿਆ ਗੋਇਲ ਨੇ ਖੂਨ ਦਾਨ ਅਤੇ ਗੌਰਵ ਸਿੰਘ ਮਰੋਕ ਨੇ ਅੱਖਾਂ ਦਾਨ ਦੀ ਵਿਸ਼ੇਸ਼ਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਸਮਾਗਮ ਵਿਚ ਜਗਵੀਰ ਸਰੋਇਆ ਨੂੰ 'ਵਲੰਟੀਅਰ ਆਫ ਦਾ ਈਅਰ' ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ; ਜਿਸਨੇ ਆਪਣਾ ਬਹੁਤ ਸਾਰਾ ਸਮਾਂ ਇਸ ਸੰਸਥਾ ਵਿਚ ਵਿਭਿੰਨ ਪ੍ਰਕਾਰ ਦੇ ਕੰਮਾਂ ਲਈ ਸਮਰਪਿਤ ਕੀਤਾ ਅਤੇ ਟੀਮ ਦੇ ਹਰ ਵਲੰਟੀਅਰ ਦੀ ਸਹਾਇਤਾ ਲਈ ਹਰ ਵੇਲੇ ਤਤਪਰਤਾ ਵਿਖਾਈ। ਸ਼ੀਲਾ ਸੈਮੀ, ਸ਼ੇਅ ਚੀਮਾ, ਮਨਜੋਤ ਸਿੰਘ ਅਤੇ ਕਿਰਤਪਾਲ ਸਿੰਘ ਨੂੰ ਵੀ ਅਮਰ ਕਰਮਾ ਪ੍ਰਤੀ ਉਨ੍ਹਾਂ ਦੀ ਲਗਨ ਅਤੇ ਸਦਭਾਵਨਾ ਕਰਕੇ ਸਨਮਾਨਿਆ ਗਿਆ। ਇਸ ਈਵੇਂਟ ਵਿਚ ਸਿਹਤ ਨਾਲ ਸੰਬੰਧਿਤ ਹੋਰ ਅਦਾਰਿਆਂ ਨੇ ਵੀ ਸ਼ਿਰਕਤ ਕਰਕੇ ਅਮਰ ਕਰਮਾਂ ਵਲੋਂ ਕੀਤੇ ਜਾਂਦੇ ਉੱਦਮਾਂ ਦੀ ਘੋਰ ਸ਼ਲਾਘਾ ਕੀਤੀ।

ਇਸ ਸਾਲ ਇਕ ਵਾਰ ਫੇਰ 'ਸਪੈਸ਼ਲ ਸਿਕਸਟੀਨ ਸੈਗਮੈਂਟ' ਵਿਚ ਬੱਚਿਆਂ ਨੇ ਆਪਣੇ ਸੋਲ੍ਹਵੇਂ ਜਨਮਦਿਨ ਤੇ ਅੰਗਦਾਨ ਅਤੇ ਟਿਸ਼ੂਵਾਨ ਕਰਣ ਲਈ ਰਜਿਟਰ ਕਰਨ ਅਤੇ ਭਵਿਖ ਵਿਚ ਸੋਲ੍ਹਾਂ ਸਾਲਾਂ ਦੇ ਹੋਣ ਵਾਲੇ ਨੌਜਵਾਨਾਂ ਨੂੰ ਪ੍ਰੇਰਨਾ ਦੇਣ ਦਾ ਵਾਅਦਾ ਕੀਤਾ। ਇਲੈਨਾ ਦੁਆਰਾ ਬਣਾਈਆਂ ਗਈਆਂ ਪੇਂਟਿੰਗਾਂ ਦਾ ਪ੍ਰਦਰਸ਼ਨ ਅਤੇ ਵਿਕਰੀ ਕੀਤੀ ਗਈ ਜਿਸਨੇ ਆਪਣੇ ਮੁਨਾਫੇ ਨੂੰ ਅਮਰ ਕਰਮਾ ਨੂੰ ਦਾਨ ਕਰ ਦਿੱਤਾ।

ਇਸ ਗਾਲਾ ਵਿਚ ਜੀ ਟੀ ਏ ਦੇ ਬਹੁਤ ਸਾਰੇ ਉੱਚ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਐਮ ਪੀ ਰੂਬੀ ਸਹੋਤਾ ਨੇ ਅਮਰ ਕਰਮਾ ਨੂੰ ਕੈਨੇਡਾ ਦੇ ਸਰਕਾਰੀ ਸ਼ਲਾਘਾ ਪੱਤਰ ਨਾਲ ਨਿਵਾਜਿਆ ਜਦੋਂ ਕਿ ਐਮ ਪੀ ਪੀ ਦੀਪਕ ਆਨੰਦ ਪ੍ਰੀਮੀਅਰ ਡੱਗ ਫੋਰਡ ਵਲੋਂ ਸ਼ੁਭ ਇੱਛਾਵਾਂ ਦਾ ਸੰਦੇਸ਼ ਦੇਣ ਆਏ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਇਸ ਸੰਸਥਾ ਦੀ ਫਾਊਂਡਰ ਲਵੀਨ ਗਿੱਲ ਅਤੇ ਉਸਦੀ ਟੀਮ ਵਲੋਂ ਸਮਾਜ ਲਈ ਕੀਤੇ ਜਾ ਰਹੇ ਇਨ੍ਹਾਂ ਸਾਰਥਕ ਉੱਦਮਾਂ ਦੀ ਸ਼ਲਾਘਾ ਕੀਤੀ । ਸਿਟੀ ਕਾਂਉਂਸਲਰ ਹਰਕੀਰਤ ਸਿੰਘ ਨੇ ਇਸ ਸਮਾਗਮ ਵਿਚ ਵਿਸ਼ੇਸ਼ ਹਾਜ਼ਰੀ ਲਗਵਾਈ। ਹਰਮਨ ਪਿਆਰੇ ਨੌਜਵਾਨ ਰੈਪਰ ਫਤਿਹ ਡੌ ਨੇ ਇਸ ਸਮਾਗਮ ਵਿਚ ਵਿਸ਼ੇਸ਼ ਸ਼ਿਰਕਤ ਕੀਤੀ।

ਇਸ ਗਾਲਾ ਦੌਰਾਨ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਜਿਵੇਂ ਕਿ ਸਾਲਸਾ, ਭੰਗੜਾ, ਬਾਲਰੂਮ ਡਾਂਸ ਦੇ ਨਾਲ ਨਾਲ ਹੋਰ ਬਹੁਤ ਸਾਰਾ ਮਨੋਰੰਜਨ ਸ਼ਾਮਿਲ ਕੀਤਾ ਗਿਆ, ਰੈਫ਼ਲ ਕੱਢੇ ਗਏ, ਡਿਨਰ ਤੋਂ ਉਪਰੰਤ ਲੋਕ ਰੱਜ ਕੇ ਨੱਚੇ। ਇਹ ਸੰਸਥਾ ਭਵਿੱਖ ਵਿਚ ਵੀ ਸਮਾਜ ਭਲਾਈ ਲਈ ਅਜਿਹੇ ਉੱਦਮ ਜਾਰੀ ਰੱਖਣ ਲਈ ਵਚਨਵੱਧ ਹੈ।

ਵਧੇਰੇ ਜਾਣਕਾਰੀ ਤੁਸੀਂ amarkarma.org 'ਤੇ ਵੇਖ ਸਕਦੇ ਹੋ।


## Commercial Land for sale in Calgary

Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft .
Pizza Restaurants and Subway franchises for sale in Calgary.
New sites For gas stations available.

**GURPRIT SIDHU**
Executive Vice President, B.Eng. MICP
**LIANG Commercial Real Estate**
Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email: gurpritsidhu@liangcommercial.ca | www.liangcommercial.ca

## Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in


IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

## Martindale Dental Clinic
Open 7 days a week
Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।



ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com

## FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555